ਐਤਵਾਰ, 7 ਸਤੰਬਰ, 2025
23 ਭਾਦੋਂ { ਨਾਨਕਸ਼ਾਹੀ 557
ਬਿਕਰਮੀ 2082
ਜਿਲਦ/VOL. : 74
ਅੰਕ/NO. : 97

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 7 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 8+6=14

## ਫਿਰ ਈਲੂ-ਈਲੂ

### ਮੋਦੀ ਨਾਲ ਦੋਸਤੀ ਹਮੇਸ਼ਾ ਰਹੇਗੀ : ਟਰੰਪ, ਭਾਵਨਾ ਦੀ ਕਦਰ ਕਰਦਾਂ : ਮੋਦੀ



**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ਦੇ 'ਖਾਸ ਸੰਬੰਧ' ਹਨ ਅਤੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ, ਕਿਉਂਕਿ ਦੋਹਾਂ ਦੇਸ਼ਾਂ ਦੇ ਕਦੇ-ਕਦੇ ਕੁਝ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਇਹ ਗੱਲ ਉਨ੍ਹਾ ਟੈਰਿਫ ਅਤੇ ਰੂਸੀ ਤੇਲ ਦੀ ਖਰੀਦ ਨੂੰ ਲੈ ਕੇ ਚੱਲ ਰਹੇ ਮੌਜੂਦਾ ਤਣਾਅ ਦੇ ਵਿਚਕਾਰ ਕਹੀ।

ਸ਼ੁੱਕਰਵਾਰ ਓਵਲ ਆਫਿਸ ਵਿੱਚ ਟਰੰਪ ਨੇ ਕਿਹਾ, 'ਮੈਂ ਹਮੇਸ਼ਾ (ਨਰਿੰਦਰ) ਮੋਦੀ ਦਾ ਦੋਸਤ ਰਹਾਂਗਾ, ਉਹ ਇੱਕ ਮਹਾਨ ਪ੍ਰਧਾਨ ਮੰਤਰੀ ਹਨ। ਉਹ ਮਹਾਨ ਹਨ। ਮੈਂ ਹਮੇਸ਼ਾ ਦੋਸਤ ਰਹਾਂਗਾ, ਪਰ ਮੈਨੂੰ ਇਹ ਪਸੰਦ ਨਹੀਂ ਕਿ ਉਹ ਇਸ ਖਾਸ ਪਲ ਵਿੱਚ ਕੀ ਕਰ ਰਹੇ ਹਨ।' ਟਰੰਪ ਨੇ ਮੁਸਕਰਾਉਂਦੇ ਹੋਏ ਅੱਗੇ ਕਿਹਾ, 'ਪਰ ਭਾਰਤ ਅਤੇ ਅਮਰੀਕਾ ਦੇ ਖਾਸ ਸੰਬੰਧ ਹਨ। ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਕਦੇ-ਕਦੇ ਸਾਡੇ ਕੁਝ ਮਾਮਲੇ ਹੋ ਜਾਂਦੇ ਹਨ।' ਰਾਸ਼ਟਰਪਤੀ ਇਹ ਜਵਾਬ ਉਦੋਂ ਦੇ ਰਹੇ ਸਨ, ਜਦੋਂ ਉਨ੍ਹਾ ਤੋਂ ਪੁੱਛਿਆ ਗਿਆ ਕਿ ਕੀ ਉਹ ਭਾਰਤ ਨਾਲ ਸੰਬੰਧਾਂ ਨੂੰ ਮੁੜ ਸਥਾਪਤ ਕਰਨ ਲਈ ਤਿਆਰ ਹਨ, ਕਿਉਂਕਿ ਦੋਹਾਂ ਦੇਸ਼ਾਂ ਵਿਚਾਲੇ ਸੰਬੰਧ ਪਿਛਲੇ ਦੋ ਦਹਾਕਿਆਂ ਵਿੱਚ ਸੰਭਵ ਤੌਰ 'ਤੇ ਸਭ ਤੋਂ ਮਾੜੇ ਦੌਰ ਵਿੱਚੋਂ ਗੁਜ਼ਰ ਰਹੇ ਹਨ।

ਟਰੰਪ ਨੇ ਇਹ ਵੀ ਕਿਹਾ ਕਿ ਉਹ ਬਹੁਤ ਨਿਰਾਸ਼ ਹਨ ਕਿ ਭਾਰਤ ਰੂਸ ਤੋਂ ਐਨਾ ਜ਼ਿਆਦਾ ਤੇਲ ਖਰੀਦ ਰਿਹਾ ਹੈ। ਇਸ ਤੋਂ ਪਹਿਲਾਂ ਆਪਣੀ 'ਟਰੂਥ ਸੋਸ਼ਲ' ਪੋਸਟ ਵਿੱਚ ਟਰੰਪ ਨੇ ਕਿਹਾ ਸੀ, 'ਲੱਗਦਾ ਹੈ ਕਿ ਅਸੀਂ ਭਾਰਤ ਅਤੇ ਰੂਸ ਨੂੰ ਡੂੰਘੇ ਹਨੇਰੇ, ਚੀਨ ਨੂੰ ਗੁਆ ਦਿੱਤਾ ਹੈ। ਕਾਸ਼! ਉਨ੍ਹਾਂ ਦਾ ਭਵਿੱਖ ਇਕੱਠੇ ਲੰਮਾ ਅਤੇ ਖੁਸ਼ਹਾਲ ਹੋਵੇ! ਰਾਸ਼ਟਰਪਤੀ ਡੋਨਲਡ ਜੇ ਟਰੰਪ।' ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਵਿੱਚ ਬਹੁਤ ਸਕਾਰਾਤਮਕ ਅਤੇ ਰਣਨੀਤਕ ਭਾਈਵਾਲੀ ਹੈ ਤੇ ਉਹ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹਨ। ਮੋਦੀ ਦਾ ਇਹ ਬਿਆਨ ਅਮਰੀਕੀ ਰਾਸ਼ਟਰਪਤੀ ਦੀ ਹਾਂ-ਪੱਖੀ ਟਿੱਪਣੀ ਤੋਂ ਬਾਅਦ ਆਇਆ ਹੈ।

## ਤਕੜਿਆਂ ਨੂੰ ਸਲਾਮਾਂ

**ਨਵੀਂ ਦਿੱਲੀ :** ਦੁਨੀਆ ਦੇ ਦੋ ਵੱਖ-ਵੱਖ ਹਿੱਸਿਆਂ ਵਿੱਚ ਇਸ ਹਫਤੇ ਵਾਪਰੀਆਂ ਦੋ ਘਟਨਾਵਾਂ ਨੇ ਦਿਖਾਇਆ ਹੈ ਕਿ ਧਨਾਢ ਹਮੇਸ਼ਾ 'ਤਕੜੇ ਆਗੂਆਂ' ਅੱਗੇ ਝੁਕਦੇ ਹਨ, ਭਾਵੇਂ ਉਹ ਪਹਿਲੀ ਦੁਨੀਆ ਦੇ ਹੋਣ ਜਾਂ ਤੀਜੀ ਦੁਨੀਆ ਦੇ। ਅਮਰੀਕਾ ਤੇ ਭਾਰਤ ਵਿੱਚ ਇਹ ਹੀ ਦੇਖਣ ਨੂੰ ਮਿਲ ਰਿਹਾ ਹੈ। ਇਨ੍ਹਾਂ ਦੇਸ਼ਾਂ ਦੇ ਵੱਡੇ ਕਾਰੋਬਾਰੀ ਡੋਨਾਲਡ ਟਰੰਪ ਤੇ ਨਰਿੰਦਰ ਮੋਦੀ ਦੀ ਚਾਪਲੂਸੀ ਵਿੱਚ ਲੱਗੇ ਹੋਏ ਹਨ। ਭਾਰਤ ਦੀਆਂ ਅਖਬਾਰਾਂ ਅਜਿਹੇ ਇਸ਼ਤਿਹਾਰਾਂ ਨਾਲ ਭਰੀਆਂ ਪਈਆਂ ਸਨ, ਜਿਨ੍ਹਾਂ ਵਿੱਚ ਜੀ ਐੱਸ ਟੀ ਦੀਆਂ ਦਰਾਂ ਵਿੱਚ ਸੋਧ ਲਈ ਕਾਰੋਬਾਰੀਆਂ ਵੱਲੋਂ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ ਗਿਆ ਹੈ, ਜਦਕਿ ਪਹਿਲੀਆਂ ਦਰਾਂ ਵੀ ਮੋਦੀ ਸਰਕਾਰ ਨੇ ਹੀ ਮਿੱਥੀਆਂ ਸਨ। ਡੇਅਰੀ ਦੇ ਵੱਡੇ ਕਾਰੋਬਾਰੀ 'ਅਮੁੱਲ' ਨੇ ਆਪਣੇ ਇਸ਼ਤਿਹਾਰ ਵਿੱਚ ਕਿਹਾ ਹੈ ਕਿ ਉਹ ਜੀ ਐੱਸ ਟੀ ਦਰ ਘਟਾਉਣ ਲਈ ਆਪਣੇ ਰਾਸ਼ਟਰ ਦੇ ਮੁਖੀ ਦਾ ਦਿਲ ਦੀਆਂ ਡੂੰਘਾਈਆਂ ਤੋਂ ਸ਼ੁਕਰੀਆ ਅਦਾ ਕਰਦਾ ਹੈ। ਭਾਰਤ ਤੇ ਅਮਰੀਕਾ ਵਿਚਾਲੇ ਵਪਾਰ ਸਮਝੌਤਾ ਨਾ ਹੋਣ ਦਾ ਇੱਕ ਕਾਰਨ ਭਾਰਤ ਵੱਲੋਂ ਅਮਰੀਕੀ ਡੇਅਰੀ ਉਤਪਾਦਾਂ 'ਤੇ ਟੈਕਸ ਨਾ ਘਟਾਉਣਾ ਵੀ ਹੈ।

ਅਖਬਾਰੀ ਇਸ਼ਤਿਹਾਰਾਂ ਵਿੱਚ ਸਿਰਫ ਮੋਦੀ ਦੀ ਹੀ ਤਸਵੀਰ ਛਪੀ ਹੈ। ਫਰਟੀਲਾਈਜ਼ਰਜ਼ ਐਸੋਸੀਏਸ਼ਨ ਆਫ ਇੰਡੀਆ ਨੇ 'ਥੈਂਕ ਯੂ' ਵਾਲੇ ਇਸ਼ਤਿਹਾਰ ਵਿੱਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੀ ਤਸਵੀਰ ਨਿੱਕੀ ਤੇ ਮੋਦੀ ਦੀ ਵੱਡੀ ਹੈ। ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ (ਫਿੱਕੀ) ਅਤੇ ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟ੍ਰੀਜ਼ ਨੇ ਵੀ ਮੋਦੀ ਦੀਆਂ ਸਿਫਤਾਂ ਦੇ ਪੁਲ ਬੰਨ੍ਹੇ ਹਨ।

ਉਧਰ, ਟਰੰਪ ਤੇ ਉਨ੍ਹਾ ਦੀ ਪਤਨੀ ਮੇਲਾਨੀਆ ਨੇ ਵੀਰਵਾਰ 13 ਖਰਬਪਤੀਆਂ ਨੂੰ ਰਾਤ ਦਾ ਖਾਣਾ ਖੁਆਇਆ। ਮੇਲਾਨੀਆ ਦੇ ਨਾਲ ਬੈਠੇ ਮਾਈਕਰੋਸਾਫਟ ਦੇ ਸਹਿ-ਬਾਨੀ ਬਿੱਲ ਗੇਟਸ ਨੇ ਟਰੰਪ ਦੇ ਵੈਕਸੀਨ ਯਤਨਾਂ ਦੀ ਕਾਫੀ ਸ਼ਲਾਘਾ ਕੀਤੀ। ਹਾਲਾਂਕਿ ਟਰੰਪ ਦਾ ਸਿਹਤ ਮੰਤਰੀ ਰਾਬਰਟ ਕੈਨੇਡੀ ਜੂਨੀਅਰ ਬੱਚਿਆਂ ਨੂੰ ਵੈਕਸੀਨ ਲਾਉਣ ਦੇ ਵਿਰੁੱਧ ਹੈ।

## ਕੇਂਦਰ ਸਿਆਸਤ ਕਰਨ ਦੀ ਥਾਂ ਮਦਦ ਕਰੇ : ਚੀਮਾ, ਅਰੋੜਾ

ਮੁਹਾਲੀ : ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੱਲੋਂ ਪੰਜਾਬ ਹੜ੍ਹਾਂ ਦਾ ਕਾਰਨ ਨਾਜਾਇਜ਼ ਮਾਇਨਿੰਗ ਦੱਸੇ ਜਾਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਕੇਂਦਰ ਦੱਸੇ ਕਿ ਹਿਮਾਚਲ, ਹਰਿਆਣਾ ਅਤੇ ਜੰਮੂ-ਕਸ਼ਮੀਰ ਵਿੱਚ ਵੀ ਮਾਇਨਿੰਗ ਕਾਰਨ ਹੀ ਹੜ੍ਹ ਆਏ ਹਨ। ਉਨ੍ਹਾਂ ਕਿਹਾ ਕਿ ਇਸ ਮੌਕੇ ਸਿਆਸਤ ਕਰਨ ਦੀ ਬਜਾਏ ਕੇਂਦਰ ਸਰਕਾਰ ਨੂੰ ਪੰਜਾਬ ਦੇ ਰੁਕੇ ਹੋਏ ਫੰਡ ਤੁਰੰਤ ਜਾਰੀ ਕਰਨੇ ਚਾਹੀਦੇ ਹਨ ਅਤੇ ਅਤੇ ਹੜ੍ਹ ਪੀੜਤ ਲੋਕਾਂ ਲਈ ਕੇਂਦਰ ਸਰਕਾਰ ਨੂੰ ਤੁਰੰਤ ਰਾਹਤ ਪੈਕੇਜ ਦਾ ਐਲਾਨ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਅਤੇ 'ਆਪ' ਦੀ ਸਮੁੱਚੀ ਲੀਡਰਸ਼ਿਪ ਹੜ੍ਹ ਪੀੜਤਾਂ ਦੀ ਮਦਦ ਲਈ ਦਿਨ-ਰਾਤ ਇੱਕ ਕਰ ਰਹੀ ਹੈ। ਮੁੱਖ ਮੰਤਰੀ ਵੱਲੋਂ ਠੀਕ ਹੋਣ ਤੋਂ ਬਾਅਦ ਪੰਜਾਬ ਭਰ ਦੇ ਹੜ੍ਹ ਪੀੜਤਾਂ ਦੀਆਂ ਸੂਚੀਆਂ ਤਿਆਰ ਕਰਕੇ ਉਸ ਅਨੁਸਾਰ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਐਲਾਨਿਆ ਜਾਵੇਗਾ।

## ਮੁੱਖ ਮੰਤਰੀ ਚੜ੍ਹਦੀ ਕਲਾ 'ਚ



**ਚੰਡੀਗੜ੍ਹ :** ਮੁਹਾਲੀ ਦੇ ਨਿੱਜੀ ਹਸਪਤਾਲ ਵਿੱਚ ਦਾਖਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਿਹਤ ਵਿੱਚ ਕਾਫੀ ਸੁਧਾਰ ਦੇਖਣ ਨੂੰ ਮਿਲਿਆ ਹੈ। ਅਧਿਕਾਰਤ ਸੂਤਰਾਂ ਮੁਤਾਬਕ ਉਨ੍ਹਾ ਦੀ ਪਲਸ ਰੇਟ ਵਿੱਚ ਸੁਧਾਰ ਆਇਆ ਹੈ। ਤਿੰਨ ਦਿਨਾਂ ਤੋਂ ਇਨਫੈਕਸ਼ਨ ਅਤੇ ਤੇਜ਼ ਬੁਖਾਰ ਹੋਣ ਕਾਰਨ ਮਾਨ ਨੂੰ ਸ਼ੁੱਕਰਵਾਰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਇਸ ਦੌਰਾਨ ਉਨ੍ਹਾ ਨੇ ਥਕਾਵਟ ਅਤੇ ਦਿਲ ਦੀ ਧੜਕਣ ਬਾਰੇ ਵੀ ਸ਼ਿਕਾਇਤ ਕੀਤੀ ਸੀ। ਹਾਲਚਾਲ ਪੁੱਛਣ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਉਨ੍ਹਾ ਨੂੰ ਕੁਝ ਦਿਨ ਹੋਰ ਡਾਕਟਰਾਂ ਦੀ ਨਿਗਰਾਨੀ ਹੇਠ ਰੱਖਿਆ ਜਾਵੇਗਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਨੇ ਉਨ੍ਹਾਂ ਤੋਂ ਹੜ੍ਹਾਂ ਸੰਬੰਧੀ ਜਾਣਕਾਰੀ ਹਾਸਲ ਕੀਤੀ ਅਤੇ ਉਹ ਪੂਰੀ ਤਰ੍ਹਾਂ ਨਾਲ ਹੜ੍ਹ ਪੀੜਤਾਂ ਦੀ ਤੁਰੰਤ ਮਦਦ ਲਈ ਚਿੰਤਤ ਹਨ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵੀ ਮਾਨ ਦੀ ਸਿਹਤ ਦਾ ਹਾਲ ਜਾਣਿਆ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਚੜ੍ਹਦੀ ਕਲਾ ਵਿੱਚ ਹਨ ਅਤੇ ਲਗਾਤਾਰ ਹੜ੍ਹਾਂ ਨਾਲ ਜੂਝ ਰਹੇ ਪੰਜਾਬ ਬਾਰੇ ਹਸਪਤਾਲ ਦੇ ਅੰਦਰੋਂ ਵੀ ਅਧਿਕਾਰੀਆਂ ਨਾਲ ਗੱਲਬਾਤ ਕਰ ਰਹੇ ਹਨ।

## ਪੰਜਾਬ ਸਰਕਾਰ ਹੜ੍ਹ ਪੀੜਤਾਂ ਦੀ ਹਰ ਤਰ੍ਹਾਂ ਮਦਦ ਕਰ ਰਹੀ : ਸੌਂਦ

**ਫਾਜ਼ਿਲਕਾ (ਪਰਮਜੀਤ ਢਾਬਾਂ)**-ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਪੱਧਰ 'ਤੇ ਹਰ ਪ੍ਰਕਾਰ ਦੀ ਰਾਹਤ ਪਹੁੰਚਾ ਰਹੀ ਹੈ, ਜਦਕਿ ਕੇਂਦਰ ਸਰਕਾਰ ਦਾ ਲਗਾਤਾਰ ਮਤਰੇਈ ਮਾਂ ਵਾਲਾ ਸਲੂਕ ਜਾਰੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੌਂਦ ਨੇ ਕਿਹਾ ਕਿ ਜਦ ਪੰਜਾਬ ਨੂੰ ਲੋੜ ਪਈ ਤਾਂ ਕੇਂਦਰ ਸਰਕਾਰ ਪੰਜਾਬ ਦੀ ਮਦਦ ਕਰਨ ਤੋਂ ਪੱਲਾ ਝਾੜ ਰਹੀ ਹੈ।ਉਹਨਾ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 6185 ਪਰਵਾਰ ਪ੍ਰਭਾਵਤ ਹੋਏ ਹਨ। ਹੁਣ ਤੱਕ 8599 ਰਾਸ਼ਨ ਕਿੱਟਾਂ ਲੋਕਾਂ ਨੂੰ ਤਕਸੀਮ ਕੀਤੀਆਂ ਗਈਆਂ ਹਨ, ਜਦਕਿ ਲਗਭਗ 5 ਹਜ਼ਾਰ ਥੈਲੇ ਕੈਟਲ ਫੀਡ ਲੋਕਾਂ ਨੂੰ ਉਹਨਾਂ ਦੇ ਦੁਧਾਰੂ ਜਾਨਵਰਾਂ ਲਈ ਵੰਡੀ ਗਈ ਹੈ।3715 ਤਰਪਾਲਾਂ ਵੀ ਪ੍ਰਭਾਵਤ ਖੇਤਰਾਂ ਵਿੱਚ ਪੰਜਾਬ ਸਰਕਾਰ ਵੱਲੋਂ ਵੰਡੀਆਂ ਗਈਆਂ ਹਨ। ਜ਼ਿਲ੍ਹੇ ਵਿੱਚ 38 ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ, ਇਸ ਤੋਂ ਬਿਨਾਂ ਵੈਟਰਨਰੀ ਵਿਭਾਗ ਦੀਆਂ 28 ਟੀਮਾਂ ਲੱਗੀਆਂ ਹੋਈਆਂ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 123.96 ਕਿਲੋਮੀਟਰ ਸੜਕਾਂ ਨੂੰ ਨੁਕਸਾਨ ਪੁੱਜਿਆ ਹੈ। 17 ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪੁੱਜਿਆ ਹੈ ਅਤੇ 18486 ਏਕੜ ਫਸਲਾਂ ਇਸ ਨਾਲ ਪ੍ਰਭਾਵਤ ਹੋਈਆਂ ਹਨ।ਇਸ ਮੌਕੇ ਉਨ੍ਹਾ ਨਾਲ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ, ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ, ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ, ਐੱਸ ਐੱਸ ਪੀ ਗੁਰਮੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ. ਮਨਦੀਪ ਕੌਰ ਅਤੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੁਭਾਸ਼ ਚੰਦਰ, ਐੱਸ ਡੀ ਐੱਮ ਵੀਰ ਪਾਲ ਕੌਰ ਵੀ ਸਨ।



## ਭਾਜਪਾ ਪੰਜਾਬ ਨੂੰ ਖਤਮ ਕਰਨਾ ਚਾਹੁੰਦੀ : ਧਾਲੀਵਾਲ



**ਰਮਦਾਸ :** ਰਾਵੀ ਦਰਿਆ ਦੇ ਪਾਣੀ ਕਾਰਨ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਦੀ ਮਦਦ ਕਰ ਰਹੇ ਹਲਕੇ ਦੇ ਵਿਧਾਇਕ ਤੇ ਸਾਬਕਾ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਹੜ੍ਹਾਂ ਮਾਰੇ ਲੋਕਾਂ ਦੀ ਬਾਂਹ ਤਾਂ ਕੀ ਫੜਨੀ ਸੀ, ਉਲਟਾ ਪੰਜਾਬ ਉਪਰ ਇਲਜ਼ਾਮ ਲਾਏ ਜਾ ਰਹੇ ਹਨ। ਰਾਵੀ ਦਰਿਆ ਵੱਲੋਂ ਪਿੰਡ ਘੋਨੇਵਾਲ ਨੇੜਿਓਂ ਧੁੱਸੀ ਬੰਨ੍ਹ ਵਿੱਚ ਪਾਏ ਪਾੜ ਨੂੰ ਪੂਰਨ ਦੌਰਾਨ ਗੱਲਬਾਤ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਇਸ ਤੋਂ ਵੱਡੀ ਤਰਾਸਦੀ ਹੋਰ ਕੀ ਹੋ ਸਕਦੀ ਹੈ ਕਿ ਕੇਂਦਰ ਸਰਕਾਰ ਵੱਲੋਂ ਇਸ ਦੁੱਖ ਦੀ ਘੜੀ ਵਿੱਚ ਸਾਥ ਦੇਣ ਦੀ ਬਜਾਏ ਸਾਡੇ ਉਪਰ ਹੜ੍ਹ ਲਿਆਉਣ ਦੇ ਹੀ ਇਲਜ਼ਾਮ ਲਾਏ ਜਾ ਰਹੇ ਹਨ। ਪਹਿਲਾਂ ਕਈ ਦਿਨ ਕੇਂਦਰ ਸਰਕਾਰ ਪੰਜਾਬ ਨੂੰ ਬਰਬਾਦ ਹੁੰਦਾ ਵੇਖਦੀ ਰਹੀ ਅਤੇ ਅਖੀਰ ਜਦੋਂ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਹਾਲਾਤ ਵੇਖ ਕੇ ਗਏ ਤਾਂ ਪੰਜਾਬ ਨੂੰ ਪੈਕੇਜ ਦੇਣ ਦੀ ਬਜਾਏ ਪੰਜਾਬ ਉਪਰ ਹੀ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ, ਜੋ ਬਹੁਤ ਸ਼ਰਮਨਾਕ ਗੱਲ ਹੈ। ਉਨ੍ਹਾ ਕਿਹਾ ਕਿ ਰਾਵੀ ਦਰਿਆ ਭਾਰਤ-ਪਾਕਿਸਤਾਨ ਸਰਹੱਦ ਦੇ ਨੇੜੇ ਵਹਿੰਦਾ ਹੋਣ ਕਰਕੇ ਪੰਜ ਕਿਲੋਮੀਟਰ ਖੇਤਰ ਵਿੱਚ ਭਾਰਤੀ ਫੌਜ ਅਤੇ ਬੀ ਐੱਸ ਐੱਫ ਵੱਲੋਂ ਕਿਸੇ ਤਰ੍ਹਾਂ ਦੀ ਮਾਈਨਿੰਗ ਕਰਨ 'ਤੇ ਪਾਬੰਦੀ ਲਾਗਾਈ ਗਈ ਸੀ ਅਤੇ ਇਹ ਖੇਤਰ ਇਨ੍ਹਾਂ ਅਧੀਨ ਆਉਂਦਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜੇ ਇਸ ਖੇਤਰ ਵਿੱਚ ਮਾਈਨਿੰਗ ਹੋਈ ਹੈ ਤਾਂ ਇਸ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਹੈ ਅਤੇ ਇਹ ਮਾਈਨਿੰਗ ਕੇਂਦਰ ਨੇ ਕਰਵਾਈ ਹੋਵੇਗੀ। ਧਾਲੀਵਾਲ ਨੇ ਕਿਹਾ ਕਿ ਉਨ੍ਹਾ 2 ਜੁਲਾਈ ਨੂੰ ਕੇਂਦਰੀ ਮੰਤਰੀ ਸੀ ਐੱਲ ਪਾਟਿਲ ਨਾਲ ਮੁਲਾਕਾਤ ਕਰਦਿਆਂ ਦੱਸਿਆ ਸੀ ਕਿ ਰਾਵੀ ਦਰਿਆ ਦੇ ਕੰਢੇ ਉਪਰ ਬਣੀਆਂ ਬੀ ਓ ਪੀ ਪਾਣੀ ਆਉਣ ਕਾਰਨ ਰੁੜ੍ਹ ਸਕਦੀਆਂ ਹਨ, ਜਿਸ ਦੀ ਮੁਰੰਮਤ ਲਈ 40 ਕਰੋੜ ਰੁਪਏ ਦਿੱਤੇ ਜਾਣ। ਇਹ ਪੈਸਾ ਕੇਂਦਰ ਸਰਕਾਰ ਨੇ ਦੇਣਾ ਸੀ, ਪਰ ਕੋਈ ਪੈਸਾ ਨਹੀਂ ਦਿੱਤਾ ਗਿਆ। ਉਨ੍ਹਾ ਕਿਹਾ ਕਿ ਭਾਜਪਾ ਪੰਜਾਬ ਨੂੰ ਖਤਮ ਕਰਨਾ ਚਾਹੁੰਦੀ ਹੈ, ਇਸੇ ਕਰਕੇ ਸਾਡੇ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।

## ਮੁੰਬਈ ਉਡਾਉਣ ਦੀ ਫੜ੍ਹ ਮਾਰਨ ਵਾਲਾ ਜੋਤਸ਼ੀ ਕਾਬੂ



**ਮੁੰਬਈ :** ਪੁਲਸ ਨੇ ਮੋਬਾਇਲ ਨੰਬਰ ਟਰੇਸ ਕਰਕੇ ਨੋਇਡਾ ਤੋਂ 50 ਸਾਲਾ ਅਸ਼ਵਿਨੀ ਕੁਮਾਰ ਸੁਪਰਾ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨੇ ਸੰਦੇਸ਼ ਭੇਜਿਆ ਸੀ ਕਿ 14 ਦਹਿਸ਼ਤਗਰਦ 400 ਕਿੱਲੋ ਆਰ ਡੀ ਐੱਕਸ ਨਾਲ ਮੁੰਬਈ ਵਿੱਚ ਦਾਖਲ ਹੋਏ ਹਨ, ਤਾਂ ਜੋ ਧਮਾਕੇ ਕਰ ਸਕਣ। ਨੋਇਡਾ ਦੇ ਸੈਕਟਰ 79 ਵਿੱਚ ਰਹਿਣ ਵਾਲੇ ਸੁਪਰਾ ਨੂੰ ਟਰੈਫਿਕ ਪੁਲਸ ਦੀ ਵਟਸਐਪ ਹੈਲਪਲਾਈਨ 'ਤੇ ਸੰਦੇਸ਼ ਮਿਲਣ ਦੇ 24 ਘੰਟਿਆਂ ਦੇ ਅੰਦਰ ਹੀ ਉਸ ਦੇ ਘਰ ਤੋਂ ਗ੍ਰਿਫਤਾਰ ਕਰ ਲਿਆ ਗਿਆ। ਸੁਪਰਾ ਨੇ ਦਾਅਵਾ ਕੀਤਾ ਸੀ ਕਿ ਸ਼ਹਿਰ ਨੂੰ ਉਡਾਉਣ ਲਈ 34 ਵਾਹਨਾਂ ਵਿੱਚ ਬੰਬ ਲਗਾਏ ਗਏ ਹਨ। ਸੁਪਰਾ ਪਿੱਛਿਓਂ ਬਿਹਾਰ ਦੇ ਪਾਟਲੀਪੁੱਤਰ ਦਾ ਹੈ ਤੇ ਪੰਜ ਸਾਲ ਤੋਂ ਮਾਪਿਆਂ ਨਾਲ ਨੋਇਡਾ ਵਿੱਚ ਰਹਿ ਰਿਹਾ ਹੈ। ਪਿਤਾ ਸੁਰੇਸ਼ ਕੁਮਾਰ ਸਿੱਖਿਆ ਵਿਭਾਗ ਦੇ ਰਿਟਾਇਰਡ ਅਫਸਰ ਹਨ। ਮਾਂ ਪ੍ਰਭਾਵਤੀ ਗ੍ਰਹਿਣੀ ਹੈ। ਉਹ ਪੋਸਟਗ੍ਰੈਜੂਏਟ ਹੈ ਅਤੇ ਜੋਤਿਸ਼ ਤੇ ਵਾਸਤੂ ਸ਼ਾਸਤਰ ਦਾ ਧੰਦਾ ਕਰਦਾ ਹੈ। ਉਸ ਦੀ ਪਤਨੀ ਅਰਚਨਾ ਨਾਲ ਵਿਗੜੀ ਹੋਈ ਹੈ। ਦੋ ਬੱਚੇ ਪਤਨੀ ਨਾਲ ਰਹਿੰਦੇ ਹਨ ਤੇ ਇੱਕ ਧੀ ਉਸ ਨਾਲ ਰਹਿੰਦੀ ਹੈ। ਉਸ ਦਾ ਪੈਸੇ ਦੇ ਲੈਣ-ਦੇਣ ਦੇ ਝਗੜਿਆਂ ਦਾ ਵੀ ਇਤਿਹਾਸ ਹੈ। ਬਿਹਾਰ ਦੇ ਦੋਸਤ ਫਿਰੋਜ਼ ਵੱਲੋਂ ਪਟਨਾ ਦੇ ਫੁਲਵਾੜੀ ਸ਼ਰੀਫ ਥਾਣੇ 'ਚ ਦਰਜ ਕਰਾਈ ਗਈ ਧੋਖਾਧੜੀ ਦੀ ਸ਼ਿਕਾਇਤ ਕਾਰਨ ਉਸ ਨੂੰ 2023 ਵਿੱਚ ਤਿੰਨ ਮਹੀਨੇ ਦੀ ਕੈਦ ਵੀ ਹੋਈ ਸੀ। ਪੜਤਾਲਕਾਰਾਂ ਮੁਤਾਬਕ ਉਸ ਨੇ ਧਮਕੀ ਵਾਲਾ ਸੰਦੇਸ਼ ਫਿਰੋਜ਼ ਦੇ ਨਾਂਅ 'ਤੇ ਘੱਲਿਆ ਸੀ, ਤਾਂ ਕਿ ਉਸ ਨੂੰ ਫਸਾ ਸਕੇ। ਪੁਲਸ ਨੇ ਉਸ ਕੋਲੋਂ 7 ਮੋਬਾਇਲ ਫੋਨ, ਤਿੰਨ ਸਿੰਮ ਕਾਰਡ, ਛੇ ਮੈਮਰੀ ਕਾਰਡ, ਇੱਕ ਐਕਸਟਰਨਲ ਸਿੰਮ ਸਲੌਟ, ਦੋ ਡਿਜੀਟਲ ਕਾਰਡ ਤੇ ਹੋਰ ਇਲੈਕਟ੍ਰਾਨਿਕ ਆਈਟਮਾਂ ਬਰਾਮਦ ਕੀਤੀਆਂ ਹਨ।

## ਰੋਪਵੇ ਦੀ ਤਾਰ ਟੁੱਟੀ, 6 ਮੌਤਾਂ



**ਅਹਿਮਦਾਬਾਦ :** ਗੁਜਰਾਤ ਦੇ ਪੰਚਮਹਾਲ ਜ਼ਿਲ੍ਹੇ ਦੇ ਪਾਵਾਗੜ੍ਹ ਦੇ ਮਹਾਂਕਾਲੀ ਮੰਦਰ ਸ਼ਕਤੀਪੀਠ ਵਿੱਚ ਸਨਿੱਚਰਵਾਰ ਗੁਡਜ਼ ਰੋਪਵੇ ਦੇ ਟੁੱਟਣ ਕਾਰਨ 6 ਵਿਅਕਤੀਆਂ ਦੀ ਮੌਤ ਹੋ ਗਈ ਤੇ ਕਈ ਜ਼ਖ਼ਮੀ ਹੋ ਗਏ। ਰੋਪਵੇ ਦੀ ਤਾਰ ਟੁੱਟਣ ਕਾਰਨ ਟਰਾਲੀ ਹੇਠਾਂ ਡਿੱਗ ਪਈ। ਮਰਨ ਵਾਲਿਆਂ ਵਿੱਚ ਦੋ ਲਿਫਟ ਅਪਰੇਟਰ, ਦੋ ਮਜ਼ਦੂਰ ਤੇ ਦੋ ਹੋਰ ਹਨ। ਮੰਦਰ ਜਾਣ ਲਈ ਦੋ ਰੋਪਵੇ ਹਨ। ਇੱਕ ਨਾਲ ਸ਼ਰਧਾਲੂ ਜਾਂਦੇ ਹਨ ਤੇ ਦੂਜੇ ਨਾਲ ਸਮਾਨ ਢੋਇਆ ਜਾਂਦਾ ਹੈ। 25 ਅਗਸਤ ਨੂੰ ਵੀ ਰੋਪਵੇ ਦੀ ਤਾਰ ਟੁੱਟੀ ਸੀ, ਪਰ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਸੀ। ਮੰਦਰ ਸਮੁੰਦਰ ਤਲ ਤੋਂ ਕਰੀਬ 800 ਮੀਟਰ ਉੱਤੇ ਹੈ। ਮੰਦਰ ਵਿੱਚ ਸਾਲਾਨਾ 25 ਲੱਖ ਲੋਕ ਆਉਂਦੇ ਹਨ।

## ਮਰੀਜ਼ ਸਣੇ ਤਿੰਨ ਜਣਿਆਂ ਦੀ ਮੌਤ



**ਧਰਮਸ਼ਾਲਾ :** ਸਨਿੱਚਰਵਾਰ ਤੜਕੇ ਊਨਾ ਜ਼ਿਲ੍ਹੇ ਦੇ ਗਗਰੇਟ ਨੇੜੇ ਮੰਗੂਵਾਲ ਵਿਖੇ ਨਿੱਜੀ ਐਂਬੂਲੈਂਸ ਡੂੰਘੀ ਖੱਡ ਵਿੱਚ ਡਿੱਗਣ ਕਾਰਨ ਇੱਕ ਮਰੀਜ਼ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖ਼ਮੀ ਹੋ ਗਏ। ਐਂਬੂਲੈਂਸ ਡਾ. ਰਾਜੇਂਦਰ ਪ੍ਰਸਾਦ ਮੈਡੀਕਲ ਕਾਲਜ ਤੇ ਹਸਪਤਾਲ ਟਾਂਡਾ ਤੋਂ ਲੁਧਿਆਣਾ ਦੇ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ ਜਾ ਰਹੀ ਸੀ। ਤਿੱਖੇ ਮੋੜ 'ਤੇ ਐਂਬੂਲੈਂਸ ਦੇ ਡਰਾਈਵਰ ਨੇ ਸਟੀਅਰਿੰਗ ਤੋਂ ਕੰਟਰੋਲ ਗੁਆ ਦਿੱਤਾ। ਜ਼ਖ਼ਮੀ ਰੇਣੂ ਬਾਲਾ ਅਤੇ ਐਂਬੂਲੈਂਸ ਡਰਾਈਵਰ ਬੌਬੀ ਨੂੰ ਇਲਾਜ ਲਈ ਤੁਰੰਤ ਹੁਸ਼ਿਆਰਪੁਰ ਦੇ ਹਸਪਤਾਲ ਵਿੱਚ ਲਿਜਾਇਆ ਗਿਆ। ਮ੍ਰਿਤਕਾਂ ਦੀ ਪਛਾਣ ਸੰਜੀਵ ਕੁਮਾਰ ਪਥਿਆਰ, ਓਮਕਾਰ ਚੰਦ ਅਤੇ ਰਮੇਸ਼ ਚੰਦ ਵਜੋਂ ਹੋਈ ਹੈ। ਇਹ ਸਾਰੇ ਕਾਂਗੜਾ ਜ਼ਿਲ੍ਹੇ ਦੀ ਤਹਿਸੀਲ ਨਗਰੋਟਾ ਬਗਵਾਂ ਦੇ ਪਿੰਡ ਪਠਿਆਰ ਦੇ ਵਸਨੀਕ ਸਨ।

## ਮਜੀਠੀਆ ਦੀ ਨਿਆਂਇਕ ਹਿਰਾਸਤ 20 ਤੱਕ ਵਧੀ

**ਮੁਹਾਲੀ :** ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਅਧੀਨ ਨਾਭਾ ਦੀ ਨਿਊ ਜੇਲ੍ਹ ਵਿੱਚ ਨਜ਼ਰਬੰਦ ਸਾਬਕਾ ਮੰਤਰੀ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਨਿਆਂਇਕ ਹਿਰਾਸਤ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਹਰਦੀਪ ਸਿੰਘ ਨੇ 20 ਸਤੰਬਰ ਤੱਕ ਵਧਾ ਦਿੱਤੀ ਹੈ।

## ਕਿਸ਼ਤਵਾੜ ਤੇ ਊਧਮਪੁਰ ਵਿਚਾਲੇ ਸੰਪਰਕ ਬਹਾਲ

**ਜੰਮੂ :** ਕਿਸ਼ਤਵਾੜ ਅਤੇ ਊਧਮਪੁਰ ਜ਼ਿਲ੍ਹਿਆਂ ਵਿਚਾਲੇ ਸੜਕ ਸੰਪਰਕ ਬਹਾਲ ਹੋ ਗਿਆ ਹੈ। ਕੌਮੀ ਰਾਜਮਾਰਗ-244 ਉੱਤੇ ਥੱਥਰੀ ਤੋਂ ਕਿਸ਼ਤਵਾੜ ਤੱਕ ਦੀ ਸੜਕ ਨੂੰ ਲੈਂਡ ਸਲਾਈਡ ਕਰਕੇ ਕਾਫੀ ਵੱਡੇ ਪੱਧਰ 'ਤੇ ਨੁਕਸਾਨ ਪਹੁੰਚਿਆ ਸੀ ਅਤੇ ਹੁਣ ਮਲਬੇ ਦੀ ਸਫਾਈ ਤੋਂ ਬਾਅਦ ਸੰਪਰਕ ਜੁੜ ਗਿਆ ਹੈ। ਭਾਰੀ ਚਟਾਨਾਂ ਅਤੇ ਪੱਥਰਾਂ ਨੂੰ ਹਟਾਉਣ ਦੇ ਕੰਮ ਮੁਕੰਮਲ ਹੋਣ ਤੋਂ ਬਾਅਦ ਕਿਸ਼ਤਵਾੜ-ਚਤਰੂ-ਸਿੰਥਨ ਟੌਪ ਸੜਕ ਵੀ ਜਲਦੀ ਹੀ ਖੁੱਲ੍ਹਣ ਦੀ ਉਮੀਦ ਹੈ। ਥੱਥਰੀ-ਕਠੂਆ ਸੜਕ ਨੂੰ ਇੱਕ ਹਫਤੇ ਬੰਦ ਰਹਿਣ ਤੋਂ ਬਾਅਦ ਮੁੜ ਖੋਲ੍ਹ ਦਿੱਤਾ ਗਿਆ ਹੈ, ਜਿਸ ਨਾਲ 15,000 ਤੋਂ ਵੱਧ ਲੋਕਾਂ ਦਾ ਸੰਪਰਕ ਬਹਾਲ ਹੋ ਗਿਆ।

## ਕੈਨੇਡਾ 'ਚ ਦਹਿਸ਼ਤਗਰਦ ਜਥੇਬੰਦੀਆਂ ਨੂੰ ਫੰਡ ਮਿਲਣੇ ਜਾਰੀ

ਓਟਵਾ : ਕੈਨੇਡਾ ਵਿੱਚ ਦਹਿਸ਼ਤਗਰਦ ਜਥੇਬੰਦੀਆਂ ਨੂੰ ਰਾਜਸੀ ਤੌਰ 'ਤੇ ਹਿੰਸਾ ਨਾਲ ਜੁੜੀਆਂ ਸਰਗਰਮੀਆਂ ਲਈ ਫੰਡ ਮਿਲਣੇ ਜਾਰੀ ਹਨ। ਇਹ ਖੁਲਾਸਾ ਵਿੱਤ ਵਿਭਾਗ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਹੋਇਆ ਹੈ। ਇਨ੍ਹਾਂ ਜਥੇਬੰਦੀਆਂ ਵਿੱਚ ਖਾਲਿਸਤਾਨੀ ਗਰਮਖਿਆਲੀ ਧਿਰਾਂ ਵੀ ਸ਼ਾਮਲ ਹਨ। ਮਨੀ ਲਾਂਡਰਿੰਗ ਅਤੇ ਅੱਤਵਾਦੀ ਫੰਡਿਗ ਦੇ ਖਤਰੇ ਬਾਰੇ 2025 ਦੇ ਮੁਲਾਂਕਣ ਵਿੱਚ ਕੁਝ ਖਾਲਿਸਤਾਨੀ ਸਮੂਹਾਂ, ਜਿਨ੍ਹਾਂ ਵਿੱਚ ਬੱਬਰ ਖਾਲਸਾ ਇੰਟਰਨੈਸ਼ਨਲ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਸ਼ਾਮਲ ਹਨ, ਨੂੰ ਸਿਆਸੀ ਤੌਰ 'ਤੇ ਪ੍ਰੇਰਤ ਹਿੰਸਕ ਵੱਖਵਾਦ ਦੀ ਸ਼੍ਰੇਣੀ (ਪੀ ਐੱਮ ਵੀ ਈ) ਵਿੱਚ ਰੱਖਿਆ ਗਿਆ ਹੈ। ਰਿਪੋਰਟ ਵਿੱਚ ਇਹ ਸ਼ੱਕ ਜ਼ਾਹਰ ਕੀਤਾ ਗਿਆ ਹੈ ਕਿ ਇਹ ਸਮੂਹ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਫੰਡਿੰਗ ਨੈੱਟਵਰਕ ਵਿੱਚ ਗੈਰ-ਲਾਭਕਾਰੀ ਅਤੇ ਚੈਰੀਟੇਬਲ ਸੰਸਥਾਵਾਂ ਦੀ ਦੁਰਵਰਤੋਂ ਕਰ ਰਹੇ ਹਨ।

ਮੁਲਾਂਕਣ ਵਿੱਚ ਪੀ ਐੱਮ ਵੀ ਈ ਨੂੰ 'ਨਵੀਆਂ ਸਿਆਸੀ ਪ੍ਰਣਾਲੀਆਂ ਜਾਂ ਮੌਜੂਦਾ ਪ੍ਰਣਾਲੀਆਂ ਦੇ ਅੰਦਰ ਨਵੇਂ ਢਾਂਚੇ ਅਤੇ ਨਿਯਮ ਸਥਾਪਤ ਕਰਨ ਲਈ ਹਿੰਸਾ ਦੀ ਵਰਤੋਂ' ਵਜੋਂ ਦਰਸਾਇਆ ਗਿਆ ਹੈ। ਇਨ੍ਹਾਂ ਸਮੂਹਾਂ ਨੂੰ ਕੈਨੇਡੀਅਨ ਕ੍ਰਿਮੀਨਲ ਕੋਡ ਦੇ ਤਹਿਤ ਦਹਿਸ਼ਤਗਰਦ ਸੰਗਠਨਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ, ਜਿਸ ਵਿੱਚ ਹਮਾਸ ਅਤੇ ਹਿਜ਼ਬੁਲਾ ਵੀ ਸ਼ਾਮਲ ਹਨ। ਰਿਪੋਰਟ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਭਾਵੇਂ ਅਜਿਹੇ ਵੱਖਵਾਦ ਵਿੱਚ ਧਾਰਮਕ ਤੱਤ ਸ਼ਾਮਲ ਹੋ ਸਕਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ, 'ਕੈਨੇਡਾ ਦੇ ਕ੍ਰਿਮੀਨਲ ਕੋਡ ਦੇ ਤਹਿਤ ਸੂਚੀਬੱਧ ਕਈ ਦਹਿਸ਼ਤਗਰਦ ਸੰਗਠਨਾਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਅਤੇ ਖੁਫੀਆ ਏਜੰਸੀਆਂ ਵੱਲੋਂ ਕੈਨੇਡਾ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਦੇ ਦੇਖਿਆ ਗਿਆ ਹੈ। ਇਹ ਸੰਗਠਨ ਪੀ ਐੱਮ ਵੀ ਈ ਸ਼੍ਰੇਣੀ ਵਿੱਚ ਆਉਂਦੇ ਹਨ, ਜਿਵੇਂ ਕਿ ਹਮਾਸ, ਹਿਜ਼ਬੁਲਾ ਅਤੇ ਖਾਲਿਸਤਾਨੀ ਹਿੰਸਕ ਗਰਮਖਿਆਲੀ ਸਮੂਹ ਬੱਬਰ ਖਾਲਸਾ ਇੰਟਰਨੈਸ਼ਨਲ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ।'

ਜ਼ਿਕਰਯੋਗ ਹੈ ਕਿ ਕੈਨੇਡਾ ਦੀ ਵਿੱਤੀ ਖੁਫੀਆ ਏਜੰਸੀ ਫਿਨਟਰੈਕ ਨੇ ਆਪਣੀ 2022 ਦੀ ਅਪਰੇਸ਼ਨਲ ਅਲਰਟ ਵਿੱਚ ਹਿਜ਼ਬੁਲਾ ਨੂੰ ਕੈਨੇਡਾ ਤੋਂ ਫੰਡ ਪ੍ਰਾਪਤ ਕਰਨ ਵਾਲੇ ਦੂਜੇ ਸਭ ਤੋਂ ਵੱਧ ਪਛਾਣੇ ਗਏ ਅੰਤਰਰਾਸ਼ਟਰੀ ਦਹਿਸ਼ਤਗਰਦ ਸਮੂਹ ਵਜੋਂ ਦਰਸਾਇਆ ਸੀ। ਨਵਾਂ 2025 ਦਾ ਮੁਲਾਂਕਣ ਪੀ ਐੱਮ ਵੀ ਈ ਸਮੂਹਾਂ ਵੱਲੋਂ ਵਰਤੇ ਜਾਂਦੇ ਵਿੱਤੀ ਢੰਗਾਂ ਬਾਰੇ ਵਿਸਤਾਰ ਵਿੱਚ ਦੱਸਦਾ ਹੈ। ਖਾਲਿਸਤਾਨੀ ਗਰਮਖਿਆਲੀ ਤੱਤ ਖਾਸ ਤੌਰ 'ਤੇ ਉਹ ਜੋ ਪੰਜਾਬ ਵਿੱਚ ਇੱਕ ਸੁਤੰਤਰ ਰਾਜ ਸਥਾਪਤ ਕਰਨ ਲਈ ਹਿੰਸਕ ਸਾਧਨਾਂ ਦੀ ਵਕਾਲਤ ਕਰਦੇ ਹਨ, 'ਤੇ ਵੀ ਸਮਾਨ ਚੈਨਲਾਂ ਰਾਹੀਂ ਫੰਡ ਇਕੱਠੇ ਕਰਨ ਦਾ ਸ਼ੱਕ ਹੈ।

ਇਸ ਦੌਰਾਨ ਹਮਾਸ ਅਤੇ ਹਿਜ਼ਬੁਲਾ, ਜਿਨ੍ਹਾਂ ਨੂੰ ਚੰਗੇ ਸਾਧਨਾਂ ਵਾਲੇ ਵਜੋਂ ਦਰਸਾਇਆ ਗਿਆ ਹੈ, ਨੂੰ ਕਈ ਰਸਤਿਆਂ ਦੀ ਵਰਤੋਂ ਕਰਦੇ ਹੋਏ ਜਾਣਿਆ ਜਾਂਦਾ ਹੈ, ਜਿਨ੍ਹਾਂ ਵਿੱਚ ਮਨੀ ਸਰਵਿਸ ਬਿਜ਼ਨਸ (ਐੱਮ ਐੱਸ ਬੀ), ਬੈਂਕਿੰਗ ਖੇਤਰ, ਕ੍ਰਿਪਟੋਕਰੰਸੀ, ਰਾਜ ਸਪਾਂਸਰਸ਼ਿਪ ਅਤੇ ਚੈਰਿਟੀਜ਼ ਅਤੇ ਗੈਰ-ਲਾਭਕਾਰੀ ਸੰਸਥਾਵਾਂ (ਐੱਨ ਪੀ ਓਜ਼) ਦੀ ਦੁਰਵਰਤੋਂ ਸ਼ਾਮਲ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ, 'ਇਨ੍ਹਾਂ ਸਮੂਹਾਂ ਦਾ ਪਹਿਲਾਂ ਕੈਨੇਡਾ ਵਿੱਚ ਇੱਕ ਵਿਆਪਕ ਫੰਡਰੇਜ਼ਿੰਗ ਨੈੱਟਵਰਕ ਸੀ, ਪਰ ਹੁਣ ਇਨ੍ਹਾਂ ਵਿੱਚ ਅਜਿਹੇ ਵਿਅਕਤੀਆਂ ਦੇ ਛੋਟੇ ਸਮੂਹ ਸ਼ਾਮਲ ਜਾਪਦੇ ਹਨ, ਜਿਨ੍ਹਾਂ ਦੀ ਕਾਜ਼ ਪ੍ਰਤੀ ਵਫ਼ਾਦਾਰੀ ਹੈ, ਪਰ ਕਿਸੇ ਖਾਸ ਸਮੂਹ ਨਾਲ ਕੋਈ ਖਾਸ ਸੰਬੰਧ ਨਹੀਂ।' ਰਿਪੋਰਟ ਵਿੱਚ ਲਿਆਂਦੀ ਗਈ ਇੱਕ ਮੁੱਖ ਚਿੰਤਾ ਗੈਰ-ਲਾਭਕਾਰੀ ਅਤੇ ਚੈਰੀਟੇਬਲ ਸਰਗਰਮੀਆਂ ਦੀ ਦੁਰਵਰਤੋਂ ਸੀ, ਜੋ ਕਿ ਹਮਾਸ ਅਤੇ ਹਿਜ਼ਬੁਲਾ ਦੇ ਮਾਮਲੇ ਵਿੱਚ ਵਿਆਪਕ ਤੌਰ 'ਤੇ ਦਰਜ ਕੀਤੀ ਗਈ ਇੱਕ ਵਿਧੀ ਹੈ। ਖਾਲਿਸਤਾਨੀ ਨੈੱਟਵਰਕਾਂ ਨੇ ਵੀ ਪਰਵਾਸੀ ਭਾਈਚਾਰਿਆਂ ਤੋਂ ਦਾਨ ਮੰਗਿਆ ਹੈ, ਜਿਸ ਵਿੱਚ ਐੱਨ ਪੀ ਓਜ਼ ਰਾਹੀਂ ਫੰਡ ਇਕੱਠੇ ਕਰਨ ਅਤੇ ਟਰਾਂਸਫਰ ਕਰਨ ਦੇ ਤਰੀਕੇ ਸ਼ਾਮਲ ਹਨ।

ਇਸ ਤੋਂ ਪਹਿਲਾਂ ਕੈਨੇਡਾ ਦੀ ਪ੍ਰਮੁੱਖ ਖੁਫੀਆ ਏਜੰਸੀ, ਕੈਨੇਡੀਅਨ ਸੁਰੱਖਿਆ ਖੁਫੀਆ ਸੇਵਾ (ਸੀ ਐੱਸ ਆਈ ਐੱਸ) ਨੇ ਅਧਿਕਾਰਤ ਤੌਰ 'ਤੇ ਮੰਨਿਆ ਸੀ ਕਿ ਖਾਲਿਸਤਾਨੀ ਗਰਮਖਿਆਲੀ ਭਾਰਤ ਵਿੱਚ ਹਿੰਸਾ ਨੂੰ ਉਤਸ਼ਾਹਤ ਕਰਨ, ਫੰਡ ਇਕੱਠੇ ਕਰਨ ਅਤੇ ਯੋਜਨਾ ਬਣਾਉਣ ਲਈ ਕੈਨੇਡੀਅਨ ਧਰਤੀ ਦੀ ਵਰਤੋਂ ਕਰ ਰਹੇ ਹਨ। ਜੂਨ ਵਿੱਚ ਜਾਰੀ ਕੀਤੀ ਗਈ ਆਪਣੀ ਸਾਲਾਨਾ ਰਿਪੋਰਟ ਵਿੱਚ ਉਸ ਨੇ ਕੈਨੇਡਾ ਦੀ ਕੌਮੀ ਸੁਰੱਖਿਆ ਲਈ ਕੁਝ ਮੁੱਖ ਚਿੰਤਾਵਾਂ ਅਤੇ ਖਤਰਿਆਂ ਨੂੰ ਦਰਸਾਇਆ ਸੀ।

ਕੈਨੇਡਾ ਦੀ ਆਪਣੀ ਖੁਫੀਆ ਸੁਰੱਖਿਆ ਨੇ ਭਾਰਤ ਦੇ ਇਸ ਸਟੈਂਡ ਦੀ ਪੁਸ਼ਟੀ ਕੀਤੀ ਹੈ ਕਿ ਕੈਨੇਡਾ ਭਾਰਤ ਵਿਰੋਧੀ ਤੱਤਾਂ ਲਈ ਇੱਕ ਸੁਰੱਖਿਅਤ ਪਨਾਹਗਾਹ ਬਣ ਗਿਆ ਹੈ। ਰਿਪੋਰਟ ਵਿੱਚ ਬਾਹਰੀ ਪ੍ਰਭਾਵੀ ਮੁਹਿੰਮਾਂ ਅਤੇ ਘਰੇਲੂ ਕੱਟੜਪੰਥੀ ਵਿੱਤੀ ਨੈੱਟਵਰਕਾਂ ਦੋਵਾਂ ਵਿਰੁੱਧ ਲਗਾਤਾਰ ਚੌਕਸੀ ਦੀ ਮੰਗ ਕੀਤੀ ਗਈ ਹੈ।

## ਸਤਲੁਜ 'ਚ ਪਾਣੀ ਘਟ ਰਿਹੈ, ਪਰ ਬਿਆਸ 'ਚ ਵਧ ਰਿਹੈ

**ਚੰਡੀਗੜ੍ਹ :** ਡਰੇਨੇਜ਼ ਵਿਭਾਗ ਨੇ ਸਨਿੱਚਰਵਾਰ ਦੱਸਿਆ ਕਿ ਸਤਲੁਜ ਦਰਿਆ ਦਾ ਪਾਣੀ ਘਟ ਰਿਹਾ ਹੈ, ਪਰ ਬਿਆਸ ਦਰਿਆ ਦਾ ਪਾਣੀ ਵਧ ਰਿਹਾ ਹੈ। ਬਿਆਸ ਦਰਿਆ ਦਾ ਢਿੱਲਵਾਂ ਪੁਲ ਤੋਂ ਮਾਪਿਆ ਗਿਆ ਪਾਣੀ ਸਵੇਰੇ 6 ਵਜੇ ਵਧਣਾ ਸ਼ੁਰੂ ਹੋ ਗਿਆ ਹੈ। ਰਿਪੋਰਟ ਅਨੁਸਾਰ ਸਵੇਰੇ 5 ਵਜੇ ਬਿਆਸ ਦਰਿਆ ਵਿੱਚ 1 ਲੱਖ 67 ਹਜ਼ਾਰ 998 ਕਿਊਸਿਕ ਪਾਣੀ ਵਹਿ ਰਿਹਾ ਸੀ, ਜੋ ਕਿ 6 ਵਜੇ ਵਧ ਕੇ 1 ਲੱਖ 72 ਹਜ਼ਾਰ 9 ਕਿਊਸਿਕ ਤੱਕ ਪਹੁੰਚ ਗਿਆ। ਹਾਲਾਂਕਿ ਇਹ ਵਾਧਾ ਇਥੇ ਹੀ ਟਿਕਿਆ ਹੋਇਆ ਹੈ।

ਤੜਕੇ ਚਾਰ ਵਜੇ ਸਤਲੁਜ ਦਾ ਪਾਣੀ ਗਿੱਦੜਪਿੰਡੀ ਪੁਲ ਹੇਠੋਂ 1 ਲੱਖ 22 ਹਜ਼ਾਰ ਸੀ, ਜੋ ਕਿ 8 ਵਜੇ ਘਟ ਕੇ 1 ਲੱਖ 10 ਹਜ਼ਾਰ ਕਿਊਸਿਕ 'ਤੇ ਆ ਗਿਆ। ਲੋਕਾਂ ਦੇ ਮਨਾਂ ਵਿੱਚ ਇਹ ਡਰ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਡੈਮਾਂ ਤੋਂ ਹੋਰ ਪਾਣੀ ਛੱਡਿਆ ਜਾ ਸਕਦਾ ਹੈ।

## ਪਾਕਿਸਤਾਨੀ ਪੰਜਾਬ ਦੇ ਪੰਜ ਹਿੱਸਿਆਂ 'ਚ ਰੇਲ ਸੇਵਾ ਬੰਦ

**ਲਾਹੌਰ :** ਪਾਕਿਸਤਾਨੀ ਪੰਜਾਬ 'ਚ ਰੇਲ ਵਿਭਾਗ ਵੱਲੋਂ ਪੰਜ ਹਿੱਸਿਆਂ ਵਿੱਚ ਰੇਲ ਗੱਡੀਆਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ ਕਿਉਂਕਿ ਸੂਬੇ ਵਿੱਚ ਹੜ੍ਹਾਂ ਅਤੇ ਮੀਂਹ ਕਰਕੇ ਰੇਲਵੇ ਟਰੈਕਾਂ ਤੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ ਹੈ। ਨਾਰੋਵਾਲ-ਸਿਆਲਕੋਟ ਸੈਕਸ਼ਨ 27 ਅਗਸਤ ਤੋਂ ਬੰਦ ਹੈ। ਚੱਕ ਝੁਮਰਾ-ਸ਼ਾਹੀਨਾਬਾਦ (ਸਰਗੋਧਾ) ਸੈਕਸ਼ਨ 29 ਅਗਸਤ ਨੂੰ ਰੇਲ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਸੀ, ਜਦੋਂ ਹੜ੍ਹ ਨੇ ਚਿਨੀਓਟ ਨੇੜੇ ਪੁਲ ਨੂੰ ਨੁਕਸਾਨ ਪਹੁੰਚਾਇਆ। ਵਜ਼ੀਰਾਬਾਦ-ਸਿਆਲਕੋਟ ਸੈਕਸ਼ਨ 3 ਸਤੰਬਰ ਨੂੰ ਬੰਦ ਕਰ ਦਿੱਤਾ ਗਿਆ ਸੀ। ਝੰਗ-ਸ਼ਾਹੀਨਾਬਾਦ ਸੈਕਸ਼ਨ ਵੀ 28 ਅਗਸਤ ਤੋਂ ਬੰਦ ਹੈ ਜਦੋਂ ਹੜ੍ਹ ਨੇ ਚਨਾਬ ਨਦੀ ਉੱਤੇ ਰਿਵਾਜ਼ ਰੇਲਵੇ ਪੁਲ ਨੇੜੇ ਇੱਕ ਖੇਤਰ ਨੂੰ ਨੁਕਸਾਨ ਪਹੁੰਚਾਇਆ ਸੀ।

## ਪਾਣੀ ਉੱਤਰਨ ਤੋਂ ਬਾਅਦ ਵੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ : ਦੀਪਕ ਬਾਲੀ



**ਫ਼ਿਰੋਜ਼ਪੁਰ :** ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਅਤੇ ਚੇਅਰਮੈਨ ਟੂਰਿਜ਼ਮ ਪੰਜਾਬ ਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਵਾਈਸ ਪ੍ਰਧਾਨ ਦੀਪਕ ਬਾਲੀ ਨੇ ਸ਼ਨੀਵਾਰ ਫ਼ਿਰੋਜ਼ਪੁਰ ਦੇ ਪਿੰਡ ਗੱਟੀ ਰਾਜੋ ਵਿਖੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਮਿਲ ਕੇ ਉਨ੍ਹਾਂ ਦਾ ਹਾਲ ਚਾਲ ਜਾਣਿਆ।ਉਨ੍ਹਾ ਪਿੰਡ ਦਾ ਦੌਰਾ ਕਰਦੇ ਹੋਏ ਉਥੇ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ।ਲੋਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਕੁਦਰਤੀ ਆਪਦਾ ਦਾ ਸਾਨੂੰ ਸਭ ਨੂੰ ਮਿਲ ਕੇ ਸਾਹਮਣਾ ਕਰਨਾ ਹੈ ਅਤੇ ਇਸ ਔਖੀ ਘੜੀ 'ਚ ਇੱਕ ਦੂਜੇ ਦਾ ਸਾਥ ਦੇਣਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵੀ ਲਗਾਤਾਰ ਰਾਹਤ ਕਾਰਜ ਕੀਤੇ ਜਾ ਰਹੇ ਹਨ।ਪਿੰਡ ਵਾਸੀਆਂ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਦਾ ਵੀ ਰਾਹਤ ਕਾਰਜਾਂ 'ਚ ਭਰਵਾਂ ਸਹਿਯੋਗ ਮਿਲ ਰਿਹਾ ਹੈ।ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਸਲਮਾਨ ਖਾਨ ਦੀ ਐਨ ਜੀ ਓ ਬੀਂਗ ਹਿਊਮਨ ਨਾਲ ਗੱਲਬਾਤ ਗਈ ਸੀ, ਜਿਸ ਤੋਂ ਬਾਅਦ ਸੰਸਥਾ ਵੱਲੋਂ ਪਿੰਡ ਲਈ 2 ਕਿਸ਼ਤੀਆਂ ਦੀ ਸੇਵਾ ਭੇਜੀ ਗਈ ਹੈ।ਬਾਲੀ ਨੇ ਦੋਵੇਂ ਕਿਸ਼ਤੀਆਂ ਪਿੰਡ ਵਾਸੀਆਂ ਦੇ ਸਪੁਰਦ ਕੀਤੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਸੰਸਥਾ ਵੱਲੋਂ ਕਈ ਪਿੰਡਾਂ ਨੂੰ ਗੋਦ ਲਿਆ ਜਾਵੇਗਾ ਅਤੇ ਪਾਣੀ ਉਤਰਨ ਤੋਂ ਬਾਅਦ ਵੀ ਪੂਰੀ ਸਹਾਇਤਾ ਕੀਤੀ ਜਾਵੇਗੀ।ਇਸ ਦੌਰਾਨ ਦੀਪਕ ਬਾਲੀ ਨੇ ਪਿੰਡ ਦੇ ਲੋਕਾਂ ਨੂੰ ਰਾਸ਼ਨ ਪਾਣੀ ਅਤੇ ਪਸ਼ੂਆਂ ਵਾਸਤੇ ਫੀਡ ਦੀ ਵੀ ਵੰਡ ਕੀਤੀ।ਪਿੰਡ ਦੇ ਸਰਪੰਚ ਪ੍ਰਕਾਸ਼ ਸਿੰਘ ਵੱਲੋਂ ਵੀ ਉਨ੍ਹਾਂ ਨੂੰ ਪਿੰਡ ਦੀ ਹਾਲਤ ਬਾਰੇ ਜਾਣੂ ਕਰਵਾਇਆ ਗਿਆ ਜਿਸ ਤੇ ਉਨ੍ਹਾਂ ਹਰ ਪਿੰਡ ਵਾਲੀਆਂ ਦੀ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਵਾਇਆ।

## ਅੱਜ-ਨਾਮਾ

ਹਰਿਆਣੇ ਵੱਲੋਂ ਹੀ ਫੇਰ ਹੈ ਖਬਰ ਆਈ,
ਸਾਈਬਰ ਠੱਗਾਂ ਈ ਮਾਰਿਆ ਦਾਅ ਬੇਲੀ।
ਜਿਹੜੇ ਬੈਂਕ ਦੇ ਰਾਹੀਂ ਇਹ ਜੁਰਮ ਕੀਤਾ,
ਰੱਖਿਆ ਹੈ ਉਨ੍ਹਾਂ ਵੀ ਖੂਬ ਲੁਕਾਅ ਬੇਲੀ।
ਚੱਲਦੀ ਜਾਂਚ ਹੈ ਪਹੁੰਚ ਗਈ ਜਦੋਂ ਓਧਰ,
ਵਧਿਆ ਹੈ ਬੈਂਕ 'ਤੇ ਬਹੁਤ ਦਬਾਅ ਬੇਲੀ।
ਲੁਕਾਈ ਕਰੋੜਾਂ ਦੀ ਨਹੀਂ ਸੀ ਲੁਕੀ ਠੱਗੀ,
ਜੁਰਮ ਦੀ ਖੇਡ ਗਈ ਸਾਹਮਣੇ ਆ ਬੇਲੀ।
ਪਹਿਲੀ ਵਾਰ ਤਾਂ ਹੋਇਆ ਨਾ ਜੁਰਮ ਨੰਗਾ,
ਮੁੜ-ਮੁੜ ਏਦਾਂ ਕਈ ਫੜੇ ਆ ਚੋਰ ਜਾਂਦੇ।
ਪਹਿਲੇ ਜੇਲ੍ਹਾਂ ਤੋਂ ਆਏ ਨਹੀਂ ਬਾਹਰ ਹੁੰਦੇ,
ਏਸੇ ਅਪਰਾਧ ਵਿੱਚ ਲੱਗ ਕਈ ਹੋਰ ਜਾਂਦੇ।

-ਤੀਸ ਮਾਰ ਖਾਂ

## ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਸੰਘਰਸ਼ਾਂ ਦੀ ਲਾਮਬੰਦੀ ਲਈ ਸਾਂਝੀ ਮੀਟਿੰਗ

### ਗੰਡੀਵਿੰਡ ਵੱਲੋਂ 11 ਅਕਤੂਬਰ ਦੀ ਸੰਗਰੂਰ ਰੈਲੀ ਨੂੰ ਕਾਮਯਾਬ ਕਰਨ ਦਾ ਸੱਦਾ



**ਤਰਨ ਤਾਰਨ**—ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਨੂੰ ਜਾਣਬੁੱਝ ਕੇ ਅਣਗੌਲਿਆਂ ਕਰਨ ਦੀ ਨੀਤੀ ਤਹਿਤ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਨਾਲ ਮੁੜ-ਮੁੜ ਲਿਖਤੀ ਮੀਟਿੰਗਾਂ ਤੈਅ ਕਰਕੇ ਮੁਲਤਵੀ ਕੀਤੇ ਜਾਣ ਦੇ ਮਾੜੇ ਵਤੀਰੇ ਖਿਲਾਫ਼ ਸਾਂਝੇ ਫਰੰਟ ਵੱਲੋਂ ਸੰਘਰਸ਼ਾਂ ਦੇ ਦਿੱਤੇ ਸੱਦੇ ਦੀ ਲਾਮਬੰਦੀ ਲਈ ਸਾਂਝੀਆਂ ਜ਼ਿਲ੍ਹਾ ਮੀਟਿੰਗਾਂ ਕਰਕੇ ਕੈਬਨਿਟ ਮੰਤਰੀਆਂ ਨੂੰ ਵੱਡੇ ਰੋਸ ਡੈਪੂਟੇਸ਼ਨ ਲੈ ਕੇ ਮਿਲਣ ਉਪਰੰਤ 11 ਅਕਤੂਬਰ ਦੀ ਸੰਗਰੂਰ ਰੈਲੀ ਨੂੰ ਕਾਮਯਾਬ ਕਰਨ ਲਈ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਏਟਕ ਨਾਲ ਸੰਬੰਧਤ ਦੋ ਜਥੇਬੰਦੀਆਂ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਅਤੇ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਸਬ-ਡਵੀਜ਼ਨ ਨੌਸ਼ਹਿਰਾ ਪਨੂੰਆਂ ਦੀ ਸਾਂਝੀ ਮੀਟਿੰਗ ਬਲਦੇਵ ਸਿੰਘ ਸਰਪੰਚ ਅਤੇ ਮੇਜਰ ਸਿੰਘ ਪਨੂੰ ਦੀ ਸਾਂਝੀ ਪ੍ਰਧਾਨਗੀ ਹੇਠ ਕੀਤੀ।

ਮੀਟਿੰਗ ਵਿੱਚ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਜਥੇਬੰਦੀ ਦੇ ਸੂਬਾਈ ਪ੍ਰਧਾਨ ਅਤੇ ਸਾਂਝਾ ਫਰੰਟ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਦੇ ਸਰਕਲ ਆਗੂ ਜਗੀਰ ਸਿੰਘ ਜੱਗੀ, ਅਵਤਾਰ ਕ੍ਰਿਸ਼ਨ, ਮੋਹਨ ਸਿੰਘ, ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ ਨੰਦਪੁਰ, ਦਵਿੰਦਰ ਸਿੰਘ ਜੇ ਈ ਆਦਿ ਆਗੂਆਂ ਅਤੇ ਵੱਡੀ ਗਿਣਤੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ।ਸੂਬਾਈ ਆਗੂ ਗੰਡੀਵਿੰਡ ਨੇ ਕਿਹਾ ਕਿ ਪੰਜਾਬ ਸਰਕਾਰ ਜਾਣਬੁੱਝ ਕੇ ਵਾਜਿਬ ਮਸਲਿਆਂ ਨੂੰ ਵੱਟੇ-ਖਾਤੇ ਪਾ ਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਲਿਖਤੀ ਮੀਟਿੰਗਾਂ ਤੈਅ ਕਰਕੇ ਵਾਰ-ਵਾਰ ਮੁਲਤਵੀ ਕੀਤਾ ਜਾ ਰਿਹਾ ਹੈ। ਰੋਸ ਵਜੋਂ ਸਾਂਝਾ ਫਰੰਟ ਵੱਲੋਂ ਸੂਬਾ ਭਰ ਵਿੱਚ 6 ਅਤੇ 7 ਸਤੰਬਰ ਨੂੰ ਜ਼ਿਲ੍ਹਾ ਮੀਟਿੰਗਾਂ ਕਰਨ ਉਪਰੰਤ 13 ਅਤੇ 14 ਸਤੰਬਰ ਨੂੰ ਕੈਬਨਿਟ ਮੰਤਰੀਆਂ ਨੂੰ ਵੱਡੇ ਰੋਸ ਡੈਪੂਟੇਸ਼ਨ ਰਾਹੀਂ ਆਪਣੇ ਮਸਲਿਆਂ ਦਾ ਮੰਗ ਪੱਤਰ ਪੇਸ਼ ਕਰਨ ਤੋਂ ਇਲਾਵਾ ਹੜ੍ਹਾਂ ਤੋਂ ਪ੍ਰਭਾਵਤ ਲੋਕਾਂ ਦੀ ਹਰ ਸੰਭਵ ਮਦਦ ਕਰਨ ਅਤੇ ਬਿਪਤਾ ਮਾਰੇ ਲੋਕਾਂ ਦੇ ਮੁੜ-ਵਸੇਬੇ ਲਈ ਪਾਰਦਰਸ਼ੀ ਤਰੀਕੇ ਨਾਲ ਮੁਕੰਮਲ ਯੋਜਨਾਬੰਦੀ ਕਰਨ ਦੀ ਮੰਗ ਜ਼ੋਰਦਾਰ ਤਰੀਕੇ ਨਾਲ ਉਠਾਈ ਜਾਵੇਗੀ ਉਹਨਾ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਨੂੰ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਜਾਣਬੁੱਝ ਕੇ ਅੱਖੋਂ-ਪਰੋਖੇ ਕਰਨ ਦੀ ਘਟੀਆ ਨੀਤੀ ਦੀ ਜ਼ੋਰਦਾਰ ਨਿੰਦਾ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਟਕਰਾਅ ਵਾਲਾ ਮਾਹੌਲ ਤਿਆਰ ਕਰ ਰਹੀ ਹੈ। ਗੰਡੀਵਿੰਡ ਨੇ ਹੜ੍ਹ ਪੀੜਤ ਲੋਕਾਂ ਦੀ ਮਦਦ ਲਈ ਬਿਜਲੀ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਇਕ ਦਿਨ ਦੀ ਤਨਖਾਹ ਅਤੇ ਪੈਨਸ਼ਨ ਮੁੱਖ ਮੰਤਰੀ ਰਾਹਤ ਫੰਡ ਵਿੱਚ ਭੇਜਣ ਦੇ ਫੈਸਲੇ ਬਾਰੇ ਵੀ ਹਾਜ਼ਰੀਨ ਨੂੰ ਜਾਣੂ ਕਰਵਾਇਆ । ਗੰਡੀਵਿੰਡ ਨੇ ਸਾਂਝਾ ਫਰੰਟ ਵਿੱਚ ਸ਼ਾਮਲ ਸਮੂਹ ਜਥੇਬੰਦੀਆਂ ਦੀ ਲੀਡਰਸ਼ਿਪ ਨੂੰ ਸੰਘਰਸ਼ਾਂ ਦੀ ਤਿਆਰੀ ਲਈ 7 ਸਤੰਬਰ ਨੂੰ ਸਵੇਰੇ 10-30 ਵਜੇ ਸਥਾਨਕ ਗਾਂਧੀ ਪਾਰਕ ਵਿਖੇ ਰੱਖੀ ਸਾਂਝੀ ਜ਼ਿਲ੍ਹਾ ਮੀਟਿੰਗ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

## ਕੇਂਦਰ ਨੇ ਪੰਜਾਬ ਨੂੰ ਉਸ ਦੇ ਹਾਲ 'ਤੇ ਛੱਡਿਆ : ਬਘੇਲ

**ਅੰਮ੍ਰਿਤਸਰ :** ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਪੰਜਾਬ ਵਿੱਚ ਆਏ ਹੜ੍ਹਾਂ ਲਈ ਸੂਬਾ ਅਤੇ ਕੇਂਦਰ ਸਰਕਾਰ ਦੋਵਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਇਨ੍ਹਾਂ ਦੀਆਂ ਗੈਰ-ਜ਼ਿੰਮੇਵਾਰਾਨਾ ਨੀਤੀਆਂ ਕਾਰਨ ਸਰਹੱਦੀ ਸੂਬੇ ਦੇ ਲੋਕ ਦੁਖੀ ਹਨ। ਬਘੇਲ ਪੰਜਾਬ ਦੇ ਦੋ ਦਿਨਾ ਦੌਰੇ 'ਤੇ ਆਏ ਹਨ ਅਤੇ ਛੇ ਸਰਹੱਦੀ ਜ਼ਿਲ੍ਹਿਆਂ ਦਾ ਦੌਰਾ ਕਰਕੇ ਹੜ੍ਹ ਪੀੜਤਾਂ ਨੂੰ ਮਿਲਣਗੇ। ਉਹ ਆਪਣੀ ਰਿਪੋਰਟ ਰਾਹੁਲ ਗਾਂਧੀ ਨੂੰ ਸੌਂਪਣਗੇ। ਹੜ੍ਹ ਪੀੜਤ ਲੋਕਾਂ ਵਾਸਤੇ ਰਾਹਤ ਸਮੱਗਰੀ ਦੀਆਂ ਗੱਡੀਆਂ ਨੂੰ ਹਰੀ ਝੰਡੀ ਦਿਖਾਉਂਦਿਆਂ ਬਘੇਲ ਨੇ ਕਿਹਾ ਕਿ ਇਹ ਹੋਰ ਵੀ ਮਾੜੀ ਗੱਲ ਹੈ ਕਿ ਸਰਕਾਰ ਨੇ ਹੜ੍ਹਾਂ ਵਿੱਚ ਮਾਰੇ ਗਏ ਲੋਕਾਂ, ਪ੍ਰਭਾਵਤ ਹੋਏ ਲੋਕਾਂ, ਮਾਰੇ ਗਏ ਪਸ਼ੂਆਂ, ਫਸਲਾਂ ਦੇ ਹੋਏ ਨੁਕਸਾਨ ਅਤੇ ਹੋਰ ਨੁਕਸਾਨ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ। ਉਨ੍ਹਾਂ ਸੂਬਾ ਅਤੇ ਕੇਂਦਰ ਸਰਕਾਰ ਦੋਵਾਂ ਨੂੰ ਸੰਵੇਦਨਹੀਣ ਆਖਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਵਿਚ ਹੜ੍ਹਾਂ ਕਾਰਨ ਸੂਬੇ ਵਿੱਚ ਮਾੜੀ ਸਥਿਤੀ ਅਤੇ ਲੋਕਾਂ ਦੀ ਮਾੜੀ ਸਥਿਤੀ ਬਾਰੇ ਹੁਣ ਤੱਕ ਇੱਕ ਸ਼ਬਦ ਵੀ ਨਹੀਂ ਬੋਲਿਆ। ਉਨ੍ਹਾ ਪੰਜਾਬ ਨੂੰ ਉਸ ਦੇ ਹਾਲ 'ਤੇ ਹੀ ਛੱਡ ਦਿੱਤਾ ਹੈ।

ਇਸ ਮੌਕੇ ਸਾਬਕਾ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਸਥਾਨਕ ਕਾਂਗਰਸ ਲੀਡਰਸ਼ਿਪ ਹਾਜ਼ਰ ਸੀ। ਚੰਨੀ ਨੇ ਦੋਸ਼ ਲਾਇਆ ਕਿ ਸੂਬੇ ਦੀ ਸਰਕਾਰ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਪੀੜਤਾਂ ਦੀ ਮਦਦ ਕਰਨ ਵਾਸਤੇ ਗੰਭੀਰ ਨਹੀਂ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਕੱਲੇ ਹਸਪਤਾਲ ਵਿੱਚ ਨਹੀਂ ਹਨ, ਸਗੋਂ ਸਮੁੱਚੀ ਸਰਕਾਰ ਹੀ ਹਸਪਤਾਲ ਵਿੱਚ ਹੈ। ਰਾਜਾ ਵੜਿੰਗ ਨੇ ਕਿਹਾ ਕਿ ਇਹ ਸਮਾਂ ਇਹ ਦੋਸ਼ ਲਾਉਣ ਦਾ ਨਹੀਂ ਕਿ ਹਾਦਸਾ ਕਿਵੇਂ ਵਾਪਰਿਆ ਹੈ। ਇਸ ਵੇਲੇ ਰਾਹਤ ਕਾਰਜ ਵਿੱਚ ਤੇਜ਼ੀ ਲਿਆਉਣਾ ਅਤੇ ਮਨੁੱਖਤਾ ਨੂੰ ਰਾਹਤ ਦੇਣਾ ਜ਼ਰੂਰੀ ਹੈ।

# ਸਸਰਾਲੀ ਕਲੋਨੀ 'ਚ ਅਸਥਾਈ ਰਿੰਗ ਬੰਨ੍ਹ ਦਾ ਨਿਰਮਾਣ ਜੰਗੀ ਪੱਧਰ 'ਤੇ ਜਾਰੀ

## * ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੁਧਿਆਣਾ ਨਾਲ ਲੱਗਦੇ ਪਿੰਡਾਂ 'ਚ ਹੜ੍ਹ ਦੀ ਚਿਤਾਵਨੀ



**ਲੁਧਿਆਣਾ (ਰਾਜ ਸਿੰਗਲਾ)**-ਜ਼ਿਲ੍ਹਾ ਪ੍ਰਸ਼ਾਸਨ, ਭਾਰਤੀ ਫੌਜ, ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (ਐੱਨ.ਡੀ.ਆਰ.ਐੱਫ.) ਤੇ ਸਥਾਨਕ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਸਰਾਲੀ ਕਲੋਨੀ ਵਿੱਚ ਮੌਜੂਦਾ ਧੁੱਸੀ ਬੰਨ੍ਹ ਤੋਂ ਲਗਭਗ 500 ਮੀਟਰ ਦੀ ਦੂਰੀ 'ਤੇ ਇੱਕ ਨਵਾਂ ਅਸਥਾਈ ਰਿੰਗ ਬੰਨ੍ਹ ਜੰਗੀ ਪੱਧਰ 'ਤੇ ਬਣਾਇਆ ਜਾ ਰਿਹਾ ਹੈ।ਇਸ ਸਰਗਰਮ ਉਪਾਅ ਦਾ ਉਦੇਸ਼ ਖੇਤਰ ਲਈ ਹੜ੍ਹ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ।ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਤੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਦੁਆਰਾ ਉਸਾਰੀ ਦੀ ਨੇੜਿਓਂ ਨਿਗਰਾਨੀ ਕੀਤੀ ਜਾ ਰਹੀ ਹੈ।ਡਿਪਟੀ ਕਮਿਸ਼ਨਰ ਜੈਨ ਨੇ ਪਿਛਲੇ ਦੋ ਦਿਨਾਂ ਤੋਂ ਸਸਰਾਲੀ ਵਿੱਚ ਤਾਇਨਾਤ ਅਧਿਕਾਰੀਆਂ ਦੀ ਇੱਕ ਟੀਮ ਦੇ ਨਾਲ ਪੁਸ਼ਟੀ ਕੀਤੀ ਕਿ ਮੌਜੂਦਾ ਧੁੱਸੀ ਬੰਨ੍ਹ ਬਰਕਰਾਰ ਹੈ ਅਤੇ ਕੋਈ ਵੀ ਪਾੜ ਨਹੀਂ ਪਿਆ ਹੈ।ਉਨ੍ਹਾਂ ਕਿਹਾ ਕਿ ਡੂਰ ਬਾਰਾਂ ਤੋਂ ਸਿਰਫ ਮਿੱਟੀ ਹੀ ਖੁਰੀ ਹੈ।ਜੈਨ ਨੇ ਕਿਹਾ ਕਿ ਨਵਾਂ ਅਸਥਾਈ ਰਿੰਗ ਬੰਨ੍ਹ ਨਿਵਾਸੀਆਂ ਦੀ ਸੁਰੱਖਿਆ ਨੂੰ ਸੁਰੱਖਿਆ ਨੂੰ ਹੋਰ ਯਕੀਨੀ ਬਣਾਉਣ ਲਈ ਇੱਕ ਸਾਵਧਾਨੀ ਵਾਲਾ ਕਦਮ ਹੈ।ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਤੇ ਡਰੇਨੇਜ ਵਿਭਾਗ ਭਾਰਤੀ ਫੌਜ ਦੇ ਨਾਲ ਮਿਲ ਕੇ ਉਸਾਰੀ ਵਿੱਚ ਤੇਜ਼ੀ ਲਿਆਉਣ ਲਈ ਕੰਮ ਕਰ ਰਹੇ ਹਨ, ਜਿਸ ਨਾਲ ਸੰਭਾਵੀ ਹੜ੍ਹਾਂ ਵਿਰੁੱਧ ਖੇਤਰ ਦੀ ਲਚਕਤਾ ਨੂੰ ਮਜ਼ਬੂਤੀ ਮਿਲੇਗੀ।ਏ.ਡੀ.ਸੀ. ਅਮਰਜੀਤ ਬੈਂਸ, ਐੱਸ.ਡੀ.ਐੱਮ. ਡਾ. ਬਲਜਿੰਦਰ ਸਿੰਘ ਢਿੱਲੋਂ, ਜਸਲੀਨ ਕੌਰ ਭੁੱਲਰ, ਸਕੱਤਰ ਆਰ.ਟੀ.ਏ. ਕੁਲਦੀਪ ਬਾਵਾ ਤੇ ਹੋਰ ਮੌਜੂਦ ਸਨ।

# ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਡੇਂਗੂ ਲਾਰਵਾ ਦੀ ਚੈਕਿੰਗ

## * ਬਰਸਾਤੀ ਪਾਣੀ ਕਾਰਨ ਹੋਣ ਵਾਲੀਆਂ ਬੀਮਾਰੀਆਂ ਬਾਰੇ ਕੀਤਾ ਜਾਗਰੂਕ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਦੇ ਨਿਰਦੇਸ਼ਾਂ ਤੇ ਸੀ ਐੱਚ ਸੀ ਮਹਿਲ ਕਲਾਂ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਮਹਿਲ ਕਲਾਂ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਸਿਹਤ ਟੀਮਾਂ ਵੱਲੋਂ ਡੇਂਗੂ ਲਾਰਵਾ ਦੀ ਚੈਕਿੰਗ ਕੀਤੀ ਗਈ।ਲਗਾਤਾਰ ਮੀਂਹ ਦੇ ਚੱਲਦਿਆਂ ਗੰਦੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬੀਮਾਰੀਆਂ ਜਿਵੇਂ ਕਿ ਡਾਇਰੀਆ, ਪੀਲੀਆ, ਚਮੜੀ ਦੇ ਸੰਕ੍ਰਮਣ ਆਦਿ ਬਾਰੇ ਜਾਗਰੂਕ ਕੀਤਾ ਗਿਆ।

ਇਸ ਬਾਰੇ ਐੱਸ ਆਈ ਜਸਵੀਰ ਸਿੰਘ ਨੇ ਕਿਹਾ ਕਿ ਇਸ ਬਰਸਾਤੀ ਮੌਸਮ ਵਿੱਚ ਪਾਣੀ ਉਬਾਲ ਕੇ ਜਾਂ ਕਲੋਰੀਨ ਯੁਕਤ ਕਰਕੇ ਹੀ ਪੀਣਾ ਚਾਹੀਦਾ ਹੈ।ਉਲਟੀਆਂ ਜਾਂ ਦਸਤ ਹੋਣ ਦੀ ਸੂਰਤ ਵਿੱਚ ਓ ਆਰ ਐੱਸ ਘੋਲ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ, ਜੋ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਉਪਲਬਧ ਹੈ।

ਇਸ ਮੌਕੇ ਬੀ ਈ ਈ ਸ਼ਿਵਾਨੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਇੱਕ ਹੀ ਥਾਂ 'ਤੇ ਤਿੰਨ ਤੋਂ ਵੱਧ ਬੁਖਾਰ, ਸੰਕ੍ਰਮਣ ਜਾਂ ਡਾਇਰੀਆ ਦੇ ਕੇਸ ਹੋਣ ਤਾਂ ਤੁਰੰਤ ਨੇੜੇ ਦੀ ਸਿਹਤ ਸੰਸਥਾ ਵਿਖੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ।ਇਸ ਮੌਕੇ ਹੈਲਥ ਵਰਕਰ ਬੂਟਾ ਸਿੰਘ, ਏ ਐੱਨ ਐੱਮ ਜਸਵੀਰ ਕੌਰ ਤੇ ਆਸ਼ਾ ਵਰਕਰ ਸੁਮਨ ਰਾਣੀ ਮੌਜੂਦ ਸਨ।

# ਸੀ ਪੀ ਆਈ ਦੀ ਚੰਡੀਗੜ੍ਹ ਰੈਲੀ ਹੋਵੇਗੀ ਇਤਿਹਾਸਕ : ਚੌਹਾਨ

## ਮਹਾਂ ਸੰਮੇਲਨ ਮੌਕੇ ਸੰਵਿਧਾਨ, ਲੋਕਤੰਤਰ, ਧਰਮ-ਨਿਰਪੱਖਤਾ ਦੀ ਰਾਖੀ ਤੇ ਮਜ਼ਬੂਤੀ ਲਈ ਹੋਵੇਗੀ ਚਰਚਾ



**ਮਾਨਸਾ (ਆਤਮਾ ਸਿੰਘ ਪਮਾਰ)**-ਪਿਛਲੇ ਡੇਢ ਦਹਾਕੇ ਤੋਂ ਦੇਸ਼ ਦੀ ਸੱਤਾ 'ਤੇ ਕਾਬਜ਼ ਅਮਿਤ ਸ਼ਾਹ-ਮੋਦੀ ਜੁੰਡਲੀ ਨੇ ਆਰ ਐੱਸ ਐੱਸ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਤੇ ਕਾਰਪੋਰੇਟ ਘਰਾਣਿਆਂ ਤੇ ਸਰਮਾਏਦਾਰ ਨੂੰ ਦੇਸ਼ ਦੀ ਸੰਪਤੀ ਤੋਂ ਕੁਦਰਤੀ ਸਰੋਤਾਂ ਨੂੰ ਕੌਡੀਆਂ ਦੇ ਭਾਅ ਲੁਟਾਉਣ ਲਈ ਵੱਖ ਵੱਖ ਫਿਰਕਿਆਂ ਵਿੱਚ ਜਾਤੀ ਤੇ ਧਾਰਮਿਕ ਜ਼ਹਿਰ ਫੈਲਾਅ ਕੇ ਫਿਰਕਾਪ੍ਰਸਤੀ ਦਾ ਸਹਾਰਾ ਲੈ ਕੇ ਸੰਵਿਧਾਨ, ਸੰਵਿਧਾਨਕ ਸੰਸਥਾਵਾਂ, ਲੋਕਤੰਤਰ ਤੇ ਧਰਮ-ਨਿਰਪੱਖਤਾ ਨੂੰ ਖਤਮ ਕਰ ਰਹੀ ਹੈ, ਜਿਸ ਦੀ ਮਜ਼ਬੂਤੀ ਤੇ ਬਚਾਅ ਲਈ ਚੰਡੀਗੜ੍ਹ ਮਹਾਂ ਸੰਮੇਲਨ ਮੌਕੇ ਵਿਚਾਰ ਚਰਚਾ ਕੀਤੀ ਜਾਵੇਗੀ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਸਿੰਘ ਚੌਹਾਨ ਨੇ ਸੀ ਪੀ ਆਈ ਦੀ ਇਤਿਹਾਸਕ ਚੰਡੀਗੜ੍ਹ ਰੈਲੀ ਦੀ ਤਿਆਰੀ ਸਬੰਧੀ ਮੀਟਿੰਗ ਮੌਕੇ ਨੇੜਲੇ ਪਿੰਡ ਦਲੇਲ ਸਿੰਘ ਵਾਲਾ ਵਿਖੇ ਹਾਜ਼ਰ ਸਾਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਦੇਸ਼ ਦੀ ਏਕਤਾ ਅਖੰਡਤਾ ਤੇ ਸੰਵਿਧਾਨ ਦੀ ਦੀ ਰਾਖੀ ਲਈ ਮਜ਼ਬੂਤ ਜਥੇਬੰਧਕ ਢਾਂਚੇ ਦੀ ਉਸਾਰੀ ਧਰਮ-ਨਿਰਪੱਖਤਾ ਤਾਕਤਾਂ ਦੀ ਮਜ਼ਬੂਤੀ ਲਈ ਸੀ ਪੀ ਆਈ ਦਾ ਸਾਥ ਦੇਣ ਦੀ ਅਪੀਲ ਵੀ ਕੀਤੀ। ਇਸ ਮੌਕੇ ਸੀ ਪੀ ਆਈ ਸਬ ਡਵੀਜ਼ਨ ਮਾਨਸਾ ਦੇ ਸਕੱਤਰ ਕਾਮਰੇਡ ਰੂਪ ਸਿੰਘ ਢਿੱਲੋਂ ਨੇ ਸੂਬੇ ਦੀ ਮਾਨ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬ ਦੀ ਜਨਤਾ ਨੂੰ ਕਿਸਾਨਾਂ, ਮਜ਼ਦੂਰਾਂ ਦੇ ਕਰਜ਼ਾ ਮੁਆਫ਼ੀ, ਨੌਜਵਾਨਾਂ ਲਈ ਰੁਜ਼ਗਾਰ ਤੇ ਛੋਟੇ ਕਾਰੋਬਾਰੀਆਂ ਲਈ ਰਿਆਇਤ, ਆਮ ਲੋਕਾਂ ਨੂੰ ਖੁਸ਼ਹਾਲ ਕਰਨ ਲਈ ਗੁੰਮਰਾਹ ਕਰਕੇ ਸੱਤਾ ਹਥਿਆਈ ਸੀ, ਪ੍ਰੰਤੂ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਦੂਸਰੀਆਂ ਰਿਵਾਇਤੀ ਧਿਰਾਂ ਵਾਂਗ ਧੱਕੇਸ਼ਾਹੀ ਕੀਤੀ ਜਾ ਰਹੀ ਹੈ।ਉਨ੍ਹਾਂ ਚੋਣਾਂ ਮੌਕੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਤੇ ਔਰਤਾਂ ਲਈ ਇੱਕ ਹਜ਼ਾਰ ਤੁਰੰਤ ਜਾਰੀ ਕੀਤੇ ਜਾਣ ਦੀ ਮੰਗ ਕੀਤੀ।

ਆਗੂਆਂ ਨੇ ਬਾਰਸ਼ਾਂ ਤੇ ਹੜ੍ਹ ਪ੍ਰਭਾਵਿਤ ਪਰਵਾਰਾਂ ਨੂੰ ਮੁੜ ਵਸੇਬੇ ਲਈ ਮਰੀ ਫ਼ਸਲ ਪ੍ਰਤੀ ਏਕੜ 50000 ਰੁਪਏ, ਘਰਾਂ ਤੇ ਪਸ਼ੂਆਂ ਦੇ ਸਮੇਤ ਯੋਗ ਮੁਆਵਜ਼ਾ ਦੇਣ ਸਮੇਤ ਗ਼ਰੀਬ ਮਜ਼ਦੂਰਾਂ ਖੇਤ ਮਜ਼ਦੂਰ, ਉਸਾਰੀ ਕਾਮੇਂ, ਕਾਰਪੇਂਟਰ, ਮਨਰੇਗਾ ਵਰਕਰਾਂ ਨੂੰ ਵੀਹ ਹਜ਼ਾਰ ਰੁਪੈ ਪ੍ਰਤੀ ਪਰਵਾਰ ਆਰਥਿਕ ਮਦਦ ਦੇਣ ਦੀ ਮੰਗ ਕੀਤੀ।ਇਸ ਮੌਕੇ ਪਿੰਡ ਦਲੇਲ ਸਿੰਘ ਵਾਲਾ ਤੋਂ ਵੱਡੀ ਬੱਸ ਰਾਹੀਂ ਸਾਥੀਆਂ ਵੱਲੋਂ ਰੈਲੀ 'ਚ ਸ਼ਾਮਲ ਹੋਣ ਲਈ ਪ੍ਰੋਗਰਾਮ ਵੀ ਮੌਕੇ ਉਲੀਕਿਆ ਗਿਆ।ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਗੁਰਦਿਆਲ ਸਿੰਘ, ਕ੍ਰਿਸ਼ਨ ਸ਼ਰਮਾ, ਗੁਰਦੇਵ ਸਿੰਘ, ਬਿੱਕਰ ਸਿੰਘ ਆਦਿ ਆਗੂ ਹਾਜ਼ਰ ਸਨ।

# ਬਾਬਾ ਖੇਤਰ ਪਾਲ ਮੰਦਰ ਵਿਖੇ ਲਗਾਇਆ ਹਫਤਾਵਾਰੀ ਲੰਗਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੇ ਚੰਨੂੰਵਾਲਾ ਰੋਡ ਉੱਪਰ ਮਹਿੰਦਰਾ ਪੈਲੇਸ ਦੀ ਬੈਕਸਾਈਡ ਤਿਆਰ ਹੋ ਰਹੇ ਬਾਬਾ ਖੇਤਰਪਾਲ ਜੀ ਦੇ ਮੰਦਰ ਨੂੰ ਲੈ ਕੇ ਸੰਗਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਇੱਥੇ ਨਤਮਸਤਕ ਹੋ ਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ ਅਤੇ ਹਰ ਐਤਵਾਰ ਦੀ ਐਤਵਾਰ ਸੰਗਤਾਂ ਵੱਲੋਂ ਇਸ ਜਗ੍ਹਾ 'ਤੇ ਭੰਡਾਰਾ ਲਗਾਇਆ ਜਾਂਦਾ ਹੈ, ਜਿਸ ਦੇ ਤਹਿਤ ਬਾਬਾ ਖੇਤਰਪਾਲ ਜੀ ਦੇ ਮੰਦਰ ਵਿਖੇ ਵਿਸ਼ਾਲ ਲੰਗਰ ਲਗਾਇਆ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਪੁਜਾਰੀ ਮੁਕੇਸ਼ ਸ਼ਰਮਾ, ਸਰਪ੍ਰਸਤ ਵਿਜੈ ਬਾਂਸਲ, ਪ੍ਰਧਾਨ ਸੰਜੀਵ ਗਰਗ, ਕੈਸ਼ੀਅਰ ਰਾਕੇਸ਼ ਜਿੰਦਲ ਤੋਤਾ ਨੇ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਨਾਲ ਹਰ ਹਫਤੇ ਲੰਗਰ ਲਗਾਇਆ ਜਾਂਦਾ ਹੈ ਤੇ ਬਾਬਾ ਖੇਤਰਪਾਲ ਜੀ ਦਾ ਮੰਦਰ ਪ੍ਰਤੀ ਸ਼ਰਧਾਲੂਆਂ ਦੀ ਭਾਰੀ ਆਸਥਾ ਦੇ ਹੋਣ ਦੇ ਕਾਰਨ ਵੱਡੀ ਗਿਣਤੀ ਵਿਚ ਸ਼ਰਧਾਲੂ ਹਾਜ਼ਰ ਹੁੰਦੇ ਹਨ।ਬਾਬਾ ਖੇਤਰ ਪਾਲ ਜੀ ਸੰਮਤੀ ਦੇ ਚੇਅਰਮੈਨ ਵਿਜੇ ਬਾਂਸਲ, ਪ੍ਰਧਾਨ ਸੰਜੀਵ ਗਰਗ, ਕੈਸ਼ੀਅਰ ਰਕੇਸ਼ ਜਿੰਦਲ ਤੋਤਾ ਤੇ ਹੋਰ ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਜੋ ਵੀ ਸ਼ਰਧਾਲੂ ਸੱਚੇ ਮਨ ਨਾਲ ਇੱਥੇ ਅਰਦਾਸ ਕਰਦਾ ਹੈ, ਬਾਬਾ ਖੇਤਰਪਾਲ ਜੀ ਉਸ ਦੀ ਮਨੋਕਾਮਨਾ ਪੂਰੀ ਕਰਦੇ ਹਨ।ਇਸ ਮੌਕੇ ਅਜੇ ਪੂਰੀ, ਮੁਕੇਸ਼ ਗੋਇਲ, ਨਵੀਨ ਗੋਇਲ, ਪ੍ਰਸੰਨ ਕੁਮਾਰ, ਅਜੇ, ਗਰਗ ਤੇ ਹੋਰ ਸੇਵਾਦਾਰ ਹਾਜ਼ਰ ਸਨ।

# ਭੀਮ ਸਿੰਘ ਭੁੱਲਰਹੇੜੀ ਕਾਂਗਰਸ ਐੱਸ ਸੀ ਸੈੱਲ ਦੇ ਬਲਾਕ ਚੇਅਰਮੈਨ ਨਿਯੁਕਤ

**ਧੂਰੀ, (ਮੋਹਿਤ ਗਰਗ, ਬਿੰਨੀ ਗਰਗ)**-ਕਾਂਗਰਸ ਪਾਰਟੀ ਦੇ ਐੱਸ ਸੀ ਵਿੰਗ ਵੱਲੋਂ ਜਥੇਬੰਦਕ ਢਾਂਚੇ ਦਾ ਵਿਸਥਾਰ ਕਰਦੇ ਹੋਏ ਭੀਮ ਸਿੰਘ ਭੁੱਲਰਹੇੜੀ ਨੂੰ ਬਲਾਕ-2 ਦਿਹਾਤੀ ਦਾ ਚੇਅਰਮੈਨ ਨਿਯੁਕਤ ਕੀਤਾ ਹੈ।ਪਿੰਡ ਭੁੱਲਰਹੇੜੀ ਵਿੱਚ ਕਰਵਾਏ ਸੰਖੇਪ ਸਮਾਗਮ ਦੌਰਾਨ ਐੱਸ ਸੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਜੱਸੀ, ਕਾਂਗਰਸੀ ਆਗੂ ਅੰਮ੍ਰਿਤ ਬਰਾੜ ਕਾਂਝਲਾ ਵੱਲੋਂ ਭੀਮ ਸਿੰਘ ਭੁੱਲਰਹੇੜੀ ਨੂੰ ਨਿਯੁੱਕਤੀ ਪੱਤਰ ਸੌਂਪਿਆ ਗਿਆ।ਸਮਾਗਮ ਦੌਰਾਨ ਸ੍ਰੀ ਜੱਸੀ ਨੇ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਹਰ ਵਰਗ ਦੇ ਲੋਕਾਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾ ਰਿਹਾ ਤੇ ਭਵਿੱਖ ਵਿੱਚ ਹੋਰ ਅਹਿਮ ਨਿਯੁਕਤੀਆਂ ਕੀਤੀਆਂ ਜਾਣਗੀਆਂ।ਭੀਮ ਸਿੰਘ ਭੁੱਲਰਹੇੜੀ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਦਿੱਤੀ ਇਸ ਅਹਿਮ ਜ਼ਿੰਮੇਵਾਰੀ ਨੂੰ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਉਣਗੇ।ਇਸ ਮੌਕੇ ਅੰਮ੍ਰਿਤ ਬਰਾੜ ਕਾਂਝਲਾ ਨੇ ਕਿਹਾ ਪੰਜਾਬ ਅੰਦਰ ਅਗਲੀ ਸਰਕਾਰ ਕਾਂਗਰਸ ਪਾਰਟੀ ਦੀ ਬਣੇਗੀ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਵੱਡੀ ਪੱਧਰ 'ਤੇ ਕਾਂਗਰਸ ਪਾਰਟੀ ਨਾਲ ਜੁੜ ਰਹੇ ਹਨ।



# ਰੌਲੀ ਤੋਂ ਪੁੱਜੇ ਨਗਰ ਕੀਰਤਨ ਦਾ ਮਾਛੀਵਾੜਾ 'ਚ ਨਿੱਘਾ ਸਵਾਗਤ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਦੇ ਜਰਨੈਲ ਤੇ ਰੰਗਰੇਟੇ ਗੁਰੂ ਕੇ ਬੇਟੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦੇ 364ਵੇਂ ਜਨਮ ਦਿਨ ਨੂੰ ਸਮਰਪਤ ਮੋਗਾ ਦੇ ਪਿੰਡ ਰੌਲੀ ਤੋਂ ਸਜਾਏ ਵਿਸ਼ਾਲ ਨਗਰ ਕੀਰਤਨ ਦਾ ਮਾਛੀਵਾੜਾ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਪੁੱਜਣ 'ਤੇ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਨਿਸ਼ਕਾਮ ਸੇਵਕ ਬਾਬਾ ਮੋਹਣ ਸਿੰਘ ਨੇ ਦੱਸਿਆ ਕਿ ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰਿਆਂ ਨੂੰ ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ, ਗ੍ਰੰਥੀ ਬਲਦੇਵ ਸਿੰਘ, ਕਥਾਵਾਚਕ ਇਕਨਾਮ ਸਿੰਘ, ਜਸਪਾਲ ਸਿੰਘ ਵੱਲੋਂ ਸਿਰੋਪਾਓ ਭੇਟ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਮਾਛੀਵਾੜਾ ਸਾਹਿਬ ਵਿਖੇ ਵਿਸ਼ਰਾਮ ਕਰਨ ਤੋਂ ਬਾਅਦ ਸ੍ਰੀ ਆਨੰਦਪੁਰ ਸਾਹਿਬ ਨੂੰ ਰਵਾਨਾ ਹੋ ਗਿਆ। ਇਸ ਮੌਕੇ ਬਲਜੀਤ ਸਿੰਘ ਡਰੋਲੀ ਭਾਈ, ਜਗਦੀਸ਼ ਸਿੰਘ ਡਰੋਲੀ ਭਾਈ, ਜਗਤਾਰ ਸਿੰਘ ਡਰੋਲੀ, ਮਨਜਿੰਦਰ ਸਿੰਘ ਡਰੋਲੀ, ਹੀਰਾ ਸਿੰਘ ਡਰੋਲੀ, ਪ੍ਰਿਥੀ ਸਿੰਘ ਡਰੋਲੀ, ਦਰਸ਼ਨ ਸਿੰਘ ਮੰਗਾ, ਭੋਲਾ ਸਿੰਘ ਮੰਗਾ, ਜਗਜੀਤ ਸਿੰਘ ਦੁਲੇਕੇ, ਬਲਜਿੰਦਰ ਬਿੰਘ ਥੰਮਨ, ਮੰਦਰ ਸਿੰਘ ਥੰਮਨ ਮੌਜੂਦ ਸਨ।

# ਕੋਟਕਪੂਰਾ ਲਾਇਨਜ਼ ਕਲੱਬ ਵੱਲੋਂ ਅਧਿਆਪਕ ਸਨਮਾਨਤ



**ਕੋਟਕਪੂਰਾ (ਰਛਪਾਲ ਭੁੱਲਰ)**-ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਵੱਲੋ ਨੈਸ਼ਨਲ ਅਧਿਆਪਕ ਦਿਵਸ 'ਤੇ ਪੰਜ ਅਧਿਆਪਕਾਂ ਦਾ ਸਨਮਾਨ ਕੀਤਾ ਗਿਆ। ਸਨਮਾਨਤ ਅਧਿਆਪਕਾਂ ਵਿੱਚ ਰਾਜਿੰਦਰ ਪਾਲ ਕੌਰ ਈਟੀਟੀ ਅਧਿਆਪਕ ਪ੍ਰਾ. ਸਕੂਲ ਹੀਰਾ ਸਿੰਘ ਨਗਰ, ਛਿੰਦਰਪਾਲ ਸਿੰਘ ਢਿੱਲੋਂ ਸਾਇੰਸ ਅਧਿਆਪਕ ਇੰਚਾਰਜ ਸਰਕਾਰੀ ਮਿਡਲ ਸਕੂਲ ਫਿੱਡੇ ਕਲਾਂ, ਧਰਮਿੰਦਰ ਸਿੰਘ ਲੈਕਚਰਾਰ ਸ ਸ ਸ ਰੱਤੀ ਰੋੜੀ ਡੋਗਰਾਂਵਾਲਾ, ਅਮਨਦੀਪ ਸ਼ਰਮਾ ਸਾਇੰਸ ਅਧਿਆਪਕ ਸਰਕਾਰੀ ਹਾਈ ਸਕੂਲ ਸਿਬੀਆ, ਜਸਵਿੰਦਰ ਕੌਰ ਸ ਸ ਅਧਿਆਪਕ ਸ ਸ ਸਕੂਲ ਦਬੜੀਖਾਨਾ ਸ਼ਾਮਲ ਸਨ।ਸਟੇਜ ਦਾ ਸੰਚਾਲਨ ਲਾਇਨ ਵਿਕਰਾਂਤ ਧੀਂਗੜਾ ਵੱਲੋਂ ਕੀਤਾ ਗਿਆ।ਅਧਿਆਪਕਾਂ ਦੀ ਕਾਰਗੁਜ਼ਾਰੀ ਰਿਪੋਰਟ ਤੇ ਅਧਿਆਪਕ ਦਿਵਸ ਦੀ ਵਧਾਈ ਲਾਇਨ ਰਾਜਿੰਦਰ ਸਿੰਘ ਸਰਾਂ ਤੇ ਲਾਇਨ ਲੇਡੀ ਪੁਸ਼ਪਿੰਦਰ ਕੌਰ ਵੱਲੋਂ ਪੇਸ਼ ਕੀਤੀ ਗਈ। ਅਧਿਆਪਕਾਂ ਦਾ ਸਨਮਾਨ ਲੋਈ, ਸ਼ਾਲ ਤੇ ਸਰਟੀਫਿਕੇਟ ਦੇ ਕੇ ਕੀਤਾ ਗਿਆ।ਇਸ ਸਮਾਗਮ ਵਿੱਚ ਕਲੱਬ ਦੀ ਕਾਰਗੁਜ਼ਾਰੀ ਤੋਂ ਖੁਸ਼ ਹੋ ਕਿ ਲਾਇਨ ਲੇਡੀ ਨਵਦੀਪ ਧੀਂਗੜਾ ਵੱਲੋਂ ਆਪਣੇ ਸਤਿਕਾਰਯੋਗ ਮਾਤਾ ਸੁਰਿੰਦਰ ਕੌਰ ਦੀ ਯਾਦ ਵਿੱਚ ਦਸ ਹਜ਼ਾਰ ਰੁਪਏ ਦਾਨ ਦਿੱਤੇ ਗਏ।ਸਮਾਗਮ ਦੇ ਅੰਤ ਵਿੱਚ ਐੱਮ ਜੇ ਐੱਫ ਲਾਇਨ ਗੁਰਦੀਪ ਸਿੰਘ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਲਾਇਨ ਜਗਸੀਰ ਸਿੰਘ ਸਰਪੰਚ, ਗੁਰਦੀਪ ਸਿੰਘ ਸੈਕਟਰੀ, ਗੁਰਵੀਰ ਕਰਨ ਸਿੰਘ ਢਿੱਲੋਂ, ਐਡਵੋਕੇਟ ਰਣਜੀਤ ਸਿੰਘ ਕੱਕੜ, ਸੁਖਵਿੰਦਰ ਸਿੰਘ, ਬਰਜਿੰਦਰ ਸਿੰਘ ਸਰਾਂ, ਲੈਕ. ਪਰਮਜੀਤ ਸਿੰਘ, ਮੈਡਮ ਜਸਵੀਰ ਕੌਰ, ਪ੍ਰਵੀਨ ਕੌਰ, ਨਵਦੀਪ ਧੀਂਗੜਾ ਤੇ ਬੱਚੇ ਸ਼ਾਮਲ ਸਨ।

# ਸਵਰਨਕਾਰ ਸੰਘ ਵੱਲੋਂ ਸਰਬਤ ਦੇ ਭਲੇ ਲਈ ਪ੍ਰਸ਼ਾਦ ਤੇ ਖੀਰ ਦਾ ਲੰਗਰ



**ਧੂਰੀ, (ਰਵੀ ਟਿੱਬਾ, ਬਿੰਨੀ ਗਰਗ)**-ਸਵਰਨ ਕਾਰ ਸੰਘ ਦੇ ਪ੍ਰਧਾਨ ਦਰਸ਼ਨ ਖੁਰਮੀ ਤੇ ਕਨਵੀਨਰ ਮਨਮੋਹਨ ਵਰਮਾ ਦੀ ਅਗਵਾਈ ਹੇਠ ਸੰਗ ਦੇ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਸਰਬਤ ਦੇ ਭਲੇ ਲਈ ਗਣਪਤੀ ਭਗਵਾਨ ਅੱਗੇ ਅਰਦਾਸ ਕੀਤੀ ਗਈ।ਇਸ ਮੌਕੇ ਦੱਸਿਆ ਕਿ ਪੰਜਾਬ ਸਮੇਤ ਹੋਰ ਰਾਜਾਂ ਵਿੱਚ ਹੋ ਰਹੇ ਭਾਰੀ ਮੀਂਹ ਕਾਰਨ ਜਨਜੀਵਨ ਅਰਥ ਵਿਅਸਤ ਹੋਣ 'ਤੇ ਪ੍ਰਭੂ ਅੱਗੇ ਬੇਨਤੀ ਕੀਤੀ ਕਿ ਪ੍ਰਭੂ ਮਿਹਰ ਕਰਕੇ ਲੋਕਾਂ ਦੇ ਦੁੱਖ ਦਰਦ ਦੂਰ ਕਰਨ ਤੇ ਸਾਰੇ ਦੇਸ਼ ਵਿੱਚ ਸੁੱਖ-ਸ਼ਾਂਤੀ, ਖੁਸ਼ਹਾਲੀ ਤੇ ਚੈਨ ਬਣਾਈ ਰੱਖਣ।ਇਸ ਮੌਕੇ ਸ਼ੁਭਮ ਸ਼ਰਮਾ ਸੂਬੀ ਜਨਰਲ ਸੈਕਟਰੀ ਯੂਥ ਕਾਂਗਰਸ ਪੰਜਾਬ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਦੌਰਾਨ ਬਲਵਿੰਦਰ ਹੈਪੀ, ਸਿਆਮ, ਮਨਜੀਤ ਸਿੰਘ ਬਖ਼ਸ਼ੀ, ਮਿੰਦਾ ਕੁਮਾਰ, ਪਰਮਜੀਤ ਪੰਮੀ, ਜਗਜੀਵਨ, ਪੂਰਨ ਸਿੰਘ ਤੇ ਮਿੱਠੂ ਐੱਮ. ਸੀ. ਧੂਰੀ ਮੌਜੂਦ ਸਨ।ਸਭ ਨੇ ਮਿਲ ਕੇ ਗਣੇਸ਼ ਭਗਵਾਨ ਦੀ ਅਰਾਧਨਾ ਕੀਤੀ ਤੇ ਮੱਥਾ ਟੇਕਦੇ ਹੋਏ ਲੋਕਾਂ ਦੀ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ।ਇਸ ਮੌਕੇ ਪ੍ਰਧਾਨ ਦਰਸ਼ਨ ਖੁਰਮੀ ਨੇ ਕਿਹਾ ਕਿ ਸੰਗਠਨ ਹਮੇਸ਼ਾ ਸਰਬਤ ਦੇ ਭਲੇ ਲਈ ਕੰਮ ਕਰਦਾ ਰਹੇਗਾ ਅਤੇ ਹਰ ਮੁਸ਼ਕਲ ਘੜੀ ਵਿਚ ਲੋਕਾਂ ਦੇ ਨਾਲ ਖੜ੍ਹਾ ਹੈ।

ਕਨਵੀਨਰ ਮਨਮੋਹਨ ਵਰਮਾ ਨੇ ਵੀ ਕਿਹਾ ਕਿ ਗਣੇਸ਼ ਭਗਵਾਨ ਦੀ ਕਿਰਪਾ ਨਾਲ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲੇ ਅਤੇ ਲੋਕਾਂ ਵਿਚ ਆਪਸੀ ਭਾਵਨਾ ਹੋਰ ਮਜ਼ਬੂਤ ਹੋਵੇ ਗਣੇਸ਼ ਭਗਵਾਨ ਜੀ ਦੇ ਵਿਸਰਜਨ ਦੇ ਸਮੇਂ ਪ੍ਰਸ਼ਾਦ ਅਤੇ ਖੀਰ ਦਾ ਲੰਗਰ ਵੀ ਵਰਤਾਇਆ ਗਿਆ।

# ਅਧਿਆਪਕਾਂ ਨੇ ਮੀਂਹ ਪ੍ਰਭਾਵਤ ਪਰਵਾਰਾਂ ਨੂੰ ਰਾਸ਼ਨ ਵੰਡਿਆ

**ਬੱਧਨੀ ਕਲਾਂ (ਲਵਲੀ ਕੁਮਾਰ)**-ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਿੱਥੇ ਪਾਣੀ ਨੇ ਸਿੱਧੀ ਤਬਾਹੀ ਲਿਆਂਦੀ ਹੈ, ਉਥੇ ਲਗਾਤਾਰ ਤੇ ਭਾਰੀ ਬਾਰਸ਼ ਕਾਰਨ ਮਜ਼ਦੂਰ ਪਰਵਾਰਾਂ ਦੀ ਜ਼ਿੰਦਗੀ ਵੀ ਪਟੜੀ ਤੋਂ ਉੱਤਰ ਗਈ ਹੈ।ਕਈ ਘਰਾਂ ਦੀਆਂ ਛੱਤਾਂ ਡਿੱਗ ਗਈਆਂ ਹਨ ਤੇ ਬਹੁਤੇ ਘਰਾਂ ਦੀਆਂ ਛੱਤਾਂ ਲਗਾਤਾਰ ਚੋਅ ਰਹੀਆਂ ਹਨ।ਕੰਮ ਕਾਰ ਠੱਪ ਪਿਆ ਹੈ, ਜਿਨ੍ਹਾਂ ਕਿਰਤੀਆਂ ਨੇ ਜੋ ਕਮਾਉਣਾ ਉਹੀ ਖਾਣਾ, ਉਨ੍ਹਾਂ ਦੀ ਜ਼ਿੰਦਗੀ ਭਿਆਨਕ ਸੰਕਟ 'ਚੋਂ ਗੁਜ਼ਰ ਰਹੀ ਹੈ।ਸਰਕਾਰੀ ਸਹਾਇਤਾ ਗੈਰ-ਹਾਜ਼ਰ ਹੈ।ਲੋਕ ਹੀ ਲੋਕਾਂ ਨਾਲ਼ ਖੜ੍ਹ ਰਹੇ ਹਨ।ਇਸੇ ਭਾਵਨਾ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਿੰਮਤਪੁਰਾ ਦੇ ਸਮੁੱਚੇ ਸਟਾਫ਼ ਨੇ ਆਪਣੀਆਂ ਉਜ਼ਰਤਾਂ 'ਚੋਂ ਦਸਵੰਧ ਕੱਢ ਕੇ ਪਿੰਡ ਹਿੰਮਤਪੁਰਾ ਦੇ ਕਰੀਬ 2 ਦਰਜਨ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦੀਆਂ ਕਿੱਟਾਂ ਵੰਡੀਆਂ, ਜਿਸ ਵਿੱਚ ਆਟਾ, ਦਾਲ, ਚਾਵਲ, ਤੇਲ, ਘਿਓ, ਖੰਡ, ਆਲੂ, ਪਿਆਜ਼, ਨਮਕ, ਮਿਰਚ, ਮਸਾਲਾ, ਮਾਚਿਸ ਤੇ ਮੋਮਬੱਤੀਆਂ



ਵਗੈਰਾ ਸ਼ਾਮਲ ਹਨ।

ਇਸ ਮੌਕੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਬਲਾਕ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਤੇ ਸੈਕੰਡਰੀ ਸਕੂਲ ਹਿੰਮਤਪੁਰਾ ਦੇ ਸਕੂਲ ਮੁਖੀ ਅਮਨਦੀਪ ਮਾਛੀਕੇ, ਬਲਾਕ ਕਮੇਟੀ ਮੈਂਬਰ ਨਵਦੀਪ ਧੂੜਕੋਟ ਤੇ ਸੁਨੀਲ ਕੁਮਾਰ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਦੀ ਅਣਦੇਖੀ ਦੇ ਚਲਦਿਆਂ ਇਸ ਸੰਕਟ ਦੀ ਘੜੀ ਵਿੱਚ ਲੋਕ ਪੱਖੀ ਜਥੇਬੰਦੀਆਂ, ਐੱਨ ਆਰ ਆਈ ਵੀਰ, ਮਕਬੂਲ ਹਸਤੀਆਂ ਤੇ ਸਮਾਜਿਕ ਸੰਸਥਾਵਾਂ ਹਿੱਕ ਡਾਹ ਕੇ ਮੱਦਦ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਅਧਿਆਪਕ ਜਥੇਬੰਦੀ ਡੀਟੀਐੱਫ ਵੱਲੋਂ ਵੀ ਪੰਜਾਬ ਪੱਧਰ 'ਤੇ ਲੱਖਾਂ ਰੁਪਿਆ ਫੰਡ ਇਕੱਤਰ ਕਰਕੇ ਹੜ੍ਹ ਪ੍ਰਭਾਵਿਤ ਲੋਕਾਈ ਦੀ ਮਦਦ ਕੀਤੀ ਜਾ ਰਹੀ ਹੈ।

ਸਟਾਫ਼ ਮੈਂਬਰਾਂ ਜਗਮੀਤ ਲੁਹਾਰਾ ਡੀਪੀਈ, ਸੋਮਨ ਸਿੰਘ ਤੇ ਬਿਕਰਮ ਸਿੰਘ ਕਲਰਕ ਨੇ ਕਿਹਾ ਕਿ ਇਸ ਮੁਸੀਬਤ ਦੀ ਘੜੀ ਸਾਡੇ ਸਕੂਲ ਦੇ ਬੱਚਿਆਂ ਦੇ ਪਰਿਵਾਰਾਂ ਨਾਲ਼ ਖੜਨਾ ਸਾਡੀ ਜ਼ਿੰਮੇਵਾਰੀ ਬਣਦੀ ਹੈ।ਅਸੀਂ ਸਿਰਫ਼ ਆਪਣਾ ਬਣਦਾ ਫਰਜ਼ ਅਦਾ ਕੀਤਾ ਹੈ ਤੇ ਭਵਿੱਖ ਵਿੱਚ ਵੀ ਸਮਰੱਥਾ ਮੁਤਾਬਿਕ ਯੋਗਦਾਨ ਪਾਉਂਦੇ ਰਹਾਂਗੇ।

# ਪਾਵਰਕਾਮ ਪੈਨਸ਼ਨਰਜ਼ 13,14 ਨੂੰ ਮੰਤਰੀਆਂ ਨੂੰ ਦੇਣਗੇ ਮੰਗ ਪੱਤਰ



**ਮੋਗਾ, (ਇਕਬਾਲ ਸਿੰਘ ਖਹਿਰਾ)**-ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਐਂਡ ਟਰਾਂਸਕੋ ਸਰਕਲ ਫਰੀਦਕੋਟ ਦੀ ਕਾਰਜਕਾਰੀ ਕਮੇਟੀ ਮੀਟਿੰਗ ਸਾਥੀ ਬਲੌਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਰੈਸਟ ਹਾਊਸ ਮੋਗਾ ਵਿਖੇ ਹੋਈ, ਜਿਸ ਵਿੱਚ ਸਰਕਲ ਕਮੇਟੀ ਆਗੂ ਤੇ ਕੋਟਕਪੂਰਾ, ਫਰੀਦਕੋਟ, ਬਾਘਾ ਪੁਰਾਣਾ, ਸਿਟੀ ਮੋਗਾ, ਸਬ ਅਰਬਨ ਮੋਗਾ ਦੇ ਡਵੀਜ਼ਨ ਪ੍ਰਧਾਨ/ਸਕੱਤਰ ਸ਼ਾਮਲ ਹੋਏ।ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦੇ ਹੋਏ ਸੁਰਿੰਦਰਪਾਲ ਸਿੰਘ ਸਰਕਲ ਸਕੱਤਰ ਨੇ ਦੱਸਿਆ ਕਿ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਪੰਜਾਬ ਨੂੰ ਸਾਂਝੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਵੱਲੋਂ ਵਾਰ ਵਾਰ ਮੀਟਿੰਗ ਦਾ ਸਮਾਂ ਦੇ ਕੇ ਹਰੇਕ ਵਾਰ ਮੀਟਿੰਗ ਕਰਨ ਤੋਂ ਟਾਲ ਮਟੋਲ ਕੀਤੀ ਜਾ ਰਹੀ ਹੈ ਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਵੀ ਪਾਵਰਕਾਮ ਨਾਲ ਸਬੰਧਤ ਮੰਗਾਂ ਦਾ ਹੱਲ ਕਰਨ ਲਈ ਪੈਨਸ਼ਨਰਜ਼ ਐਸੋਸੀਏਸ਼ਨ ਨੂੰ ਮੀਟਿੰਗ ਦਾ ਸਮਾਂ ਨਹੀਂ ਦਿੱਤਾ ਜਾ ਰਿਹਾ।ਇਸ ਸਬੰਧੀ ਸਾਥੀ ਬਲੌਰ ਸਿੰਘ ਪ੍ਰਧਾਨ ਨੇ ਦੱਸਿਆ ਕਿ ਸਾਂਝੇ ਫਰੰਟ ਵੱਲੋਂ ਸੰਘਰਸ਼ ਸ਼ੁਰੂ ਕਰਦੇ ਹੋਏ 13,14 ਸਤੰਬਰ ਨੂੰ ਮੰਤਰੀਆਂ ਨੂੰ ਮਾਸ ਡੈਪੂਟੇਸ਼ਨ ਰਾਹੀਂ ਮੰਗ ਪੱਤਰ ਦਿੱਤੇ ਜਾਣਗੇ ਤੇ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਪੰਜਾਬ ਪੱਧਰਾ ਰੋਸ ਧਰਨਾ ਦਿੱਤਾ ਜਾਵੇਗਾ।ਸਾਂਝੇ ਫਰੰਟ ਵੱਲੋਂ 13 ਸਤੰਬਰ ਨੂੰ ਬਲਜੀਤ ਕੌਰ ਮੰਤਰੀ ਪੰਜਾਬ ਨੂੰ ਮਲੋਟ ਵਿਖੇ ਮੰਗ ਪੱਤਰ ਦਿੱਤਾ ਜਾਵੇਗਾ, ਜਿਸ ਵਿੱਚ ਫਰੀਦਕੋਟ ਸਰਕਲ ਵੱਲੋਂ ਲੱਗੇ ਕੋਟੇ ਮੁਤਾਬਿਕ ਸ਼ਮੂਲੀਅਤ ਕੀਤੀ ਜਾਵੇਗੀ ਤੇ 17 ਸਤੰਬਰ ਨੂੰ ਫਰੀਦਕੋਟ ਸਰਕਲ ਦਫਤਰ ਸਾਹਮਣੇ ਧਰਨਾ ਦਿੱਤਾ ਜਾਵੇਗਾ।ਮੀਟਿੰਗ ਵਿੱਚ ਬੰਤ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਸਿੰਘ, ਬਲਵਿੰਦਰ ਕੁਮਾਰ, ਕੁੰਡਾ ਸਿੰਘ, ਜੰਗੀਰ ਸਿੰਘ, ਜਗਰੂਪ ਸਿੰਘ, ਜੋਗਿੰਦਰ ਸਿੰਘ, ਬਲਵੰਤ ਸਿੰਘ, ਭੋਲਾ ਰਾਮ, ਦਰਸ਼ਨ ਬਾਵਾ, ਪੂਰਨ ਸਿੰਘ, ਮਿੱਠੂ ਸਿੰਘ ਤੇ ਜਸਵੀਰ ਸਿੰਘ ਸ਼ਾਮਲ ਹੋਏ।

6ਮੋਗਾ1

ਕੈਪਸ਼ਨ--

# ਗੁੱਡ ਮੌਰਨਿੰਗ ਕਲੱਬ ਦੁਆਰਾ ਕੀਤੇ ਕਾਰਜਾਂ ਦਾ ਸੰਧਵਾਂ ਵੱਲੋਂ ਉਦਘਾਟਨ

## * ਕਲੱਬ ਵੱਲੋਂ ਸੇਵਾ ਕਾਰਜਾਂ ਬਦਲੇ ਸੁਤੰਤਰ ਜੋਸ਼ੀ ਤੇ ਸਿਮਰਨਜੀਤ ਸਿੰਘ ਦਾ ਸਨਮਾਨ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਇਸ ਸਮੇਂ ਇਲਾਕੇ ਦੀਆਂ ਮਨੁੱਖਤਾ ਦੀ ਭਲਾਈ ਦੇ ਸੇਵਾ ਕਾਰਜਾਂ ਵਿੱਚ ਯਤਨਸ਼ੀਲ ਰਹਿਣ ਵਾਲੀਆਂ ਸਿਰਮੌਰ ਸੰਸਥਾਵਾਂ ਅਤੇ ਜਥੇਬੰਦੀਆਂ ਦੀ ਕਤਾਰ ਵਿੱਚ ਸ਼ਾਮਲ ਹੋ ਚੁੱਕੀ ਹੈ।ਇਹ ਪ੍ਰਗਟਾਵਾ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਸਥਾਨਕ ਮਿਉਂਸਪਲ ਪਾਰਕ ਵਿੱਚ ਕਲੱਬ ਵੱਲੋਂ ਕਰਵਾਏ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ।

ਉਨ੍ਹਾਂ ਕਿਹਾ ਕਿ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਤੇ ਚੇਅਰਮੈਨ ਵਿਨੋਦ ਕੁਮਾਰ ਪੱਪੂ ਲਹੌਰੀਆ ਦੀ ਅਗਵਾਈ ਵਿੱਚ ਹੋਏ ਸਾਰੇ ਕਾਰਜ ਪ੍ਰਸੰਸਾਯੋਗ ਹਨ।ਇਸ ਮੌਕੇ ਸਪੀਕਰ ਸੰਧਵਾਂ ਨੇ ਆਖਿਆ ਕਿ ਵੈੱਲਫੇਅਰ ਕਲੱਬ ਨੂੰ ਸਿਰਫ 10 ਲੱਖ ਰੁਪਿਆ ਦਿੱਤਾ ਗਿਆ ਸੀ, ਪਰ ਮਰਦ-ਔਰਤਾਂ ਦੇ ਸ਼ਾਨਦਾਰ ਬਾਥਰੂਮ, ਓਪਨ ਜਿੰਮ, ਇੰਟਰਲਾਕਿੰਗ ਟਰੈਕ, 3 ਸ਼ਾਨਦਾਰ ਸ਼ੈੱਡ, ਹਰਿਆਵਲ, ਸੈਲਫੀ ਪੁਆਇੰਟ, ਸੀਸੀਟੀਵੀ ਕੈਮਰੇ ਤੇ ਪਾਰਕ ਦੀ ਸੁੰਦਰਤਾ ਵਿੱਚ ਕੀਤੇ ਵਾਧੇ ਵਾਲੇ ਕੰਮਾਂ ਨੂੰ ਦੇਖ ਕੇ ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਗੁੱਡ ਮੌਰਨਿੰਗ ਕਲੱਬ ਨੇ 20 ਤੋਂ 25 ਲੱਖ ਰੁਪਿਆ ਖਰਚ ਦਿੱਤਾ ਹੈ।ਸਪੀਕਰ ਸੰਧਵਾਂ ਨੇ 'ਗੁੱਡ ਮੌਰਨਿੰਗ ਵੈੱਲਫੇਅਰ ਕਲੱਬ' ਵੱਲੋਂ ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਸੁਤੰਤਰ ਜੋਸ਼ੀ ਤੇ ਕੌਂਸਲਰ ਸਿਮਰਨਜੀਤ ਸਿੰਘ ਦਾ ਸਨਮਾਨ ਕੀਤਾ।

ਇਸ ਮੌਕੇ ਮੁੱਖ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ, ਜਨਰਲ ਸਕੱਤਰ ਪ੍ਰੋ. ਐੱਚ ਐੱਸ ਪਦਮ, ਵਿੱਤ ਸਕੱਤਰ ਜਸਕਰਨ ਸਿੰਘ ਭੱਟੀ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਸਿੰਘ ਸਦਿਉੜਾ, ਉੱਪ ਚੇਅਰਮੈਨ ਸੁਨੀਲ ਕੁਮਾਰ ਬਿੱਟਾ ਗਰੋਵਰ, ਮੀਤ ਪ੍ਰਧਾਨ ਰਵਿੰਦਰਪਾਲ ਕੋਛੜ, ਸਲਾਹਕਾਰ ਡਾ. ਦੇਵ ਰਾਜ, ਸਕੱਤਰ ਮੁਖਤਿਆਰ ਸਿੰਘ ਮੱਤਾ, ਸਹਾਇਕ ਖਜ਼ਾਨਚੀ ਓਮ ਪ੍ਰਕਾਸ਼ ਗੁਪਤਾ, ਚੇਅਰਮੈਨ ਗੁਰਮੀਤ ਸਿੰਘ ਆਰੇਵਾਲਾ ਹਾਜ਼ਰ ਸਨ।

# ਮੁਕਤੀਸਰ ਸੰਸਥਾ ਹੜ੍ਹ ਪ੍ਰਭਾਵਿਤ ਲੋਕਾਂ ਲਈ ਰਾਸ਼ਨ ਲੈ ਕੇ ਹੋਈ ਰਵਾਨਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਭਾਰਤ ਸਰਕਾਰ ਤੋਂ ਨੈਸ਼ਨਲ ਐਵਾਰਡੀ ਸੰਸਥਾ ਮੁਕਤੀਸਰ ਵੈੱਲਫੇਅਰ ਕਲੱਬ ਵੱਲੋਂ ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਏਰੀਏ ਜਿਵੇਂ ਕਿ ਅੰਮ੍ਰਿਤਸਰ, ਅਜਨਲਾ ਤੇ ਹੋਰ ਏਰੀਆ ਵਾਸਤੇ ਰਾਹਤ ਸਮਗਰੀ ਦਵਾਈਆਂ ਮੈਡੀਕਲ ਸਹੂਲਤਾਂ ਦੀ ਟੀਮ ਤੇ ਹੋਰ ਸਮੱਗਰੀ ਲਈ ਟੀਮ ਟਰੱਕ ਲੈ ਕੇ ਰਵਾਨਾ ਹੋਈ। ਇਸ ਟੀਮ ਨੂੰ ਰਵਾਨਾ ਕਰਨ ਲਈ ਸ੍ਰ. ਜਗਦੀਪ ਸਿੰਘ ਕਾਕਾ ਬਰਾੜ ਐੱਮ.ਐੱਲ.ਏ. ਦੀ ਟੀਮ ਡਾਕਟਰ ਇਕਬਾਲ ਸਿੰਘ ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ ਮੁਕਤਸਰ ਤੇ ਨਿੱਜੀ ਸਹਾਇਕ ਵਿੱਕੀ ਕੁਮਾਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਦੌਰਾਨ ਮੁਕਤੀਸਰ ਵੈੱਲਫੇਅਰ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਛਾਬੜਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਨੇ ਕਿਹਾ ਕਿ ਇਹ ਰਾਹਤ ਸਮੱਗਰੀ ਦਾ ਭਰਿਆ ਹੋਇਆ ਟਰੱਕ ਦਲਜੀਤ ਸਿੰਘ ਬੁੱਟਰ ਦੇ ਸਹਿਯੋਗ ਨਾਲ ਲਿਜਾਇਆ ਜਾ ਰਿਹਾ। ਇਹ ਸੰਸਥਾ ਪਿਛਲੇ 20 ਸਾਲਾਂ ਤੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਸਮਾਜ ਸੇਵਾ ਦੇ ਕੰਮ ਕਰ ਰਹੀ ਹੈ।ਇਸ ਦੌਰਾਨ ਟੀਮ ਵਿੱਚ ਡਾਕਟਰ ਵਿਜੇ ਬਜਾਜ, ਅਜੇ ਕੁਮਾਰ, ਨਰੇਸ਼ ਕ੍ਰਾਂਤੀ, ਦੀ ਪਾਂਸ਼ੂ ਕੁਮਾਰ, ਪਰਮਿੰਦਰ ਸਿੰਘ, ਅਮਨਦੀਪ ਸਿੰਘ, ਸੰਦੀਪ ਸ਼ਰਮਾ, ਡਾਕਟਰ ਜਸਮੀਤ ਸਿੰਘ ਤੋਂ ਇਲਾਵਾ ਹੋਰ ਮੈਂਬਰ ਹਾਜ਼ਰ ਸਨ।

# ਗੁਰਤੇਜ ਖੋਸਾ ਦੀ ਅਗਵਾਈ 'ਚ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਤੇਜ ਸਿੰਘ ਖੋਸਾ ਦੀ ਅਗਵਾਈ ਹੇਠ ਫਰੀਦਕੋਟ ਜ਼ਿਲ੍ਹੇ ਦੀਆਂ ਸੰਗਤਾਂ ਵੱਲੋਂ ਇਕੱਤਰ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ, ਜਿਸ ਵਿੱਚ ਪਾਣੀ, ਸੁੱਕੀ ਰਸਦ, ਦਵਾਈਆਂ ਆਦਿ ਨੂੰ ਫਰੀਦਕੋਟ ਤੋਂ ਫਿਰੋਜ਼ਪੁਰ ਲਈ ਰਵਾਨਾ ਕੀਤਾ ਗਿਆ।ਇਸ ਮੌਕੇ ਚੇਅਰਮੈਨ ਖੋਸਾ ਨੇ ਦੱਸਿਆ ਕਿ ਪੰਜਾਬ ਦਾ ਵੱਡਾ ਹਿੱਸਾ ਹੜ੍ਹ ਦੀ ਮਾਰ ਹੇਠ ਹੈ ਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਖੁਰਾਕ, ਪਸ਼ੂਆਂ ਲਈ ਚਾਰੇ, ਦਵਾਈਆਂ, ਤਰਪਾਲਾਂ ਆਦਿ ਸਾਮਾਨ ਦੀ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ, ਆਮ ਆਦਮੀ ਪਾਰਟੀ ਵੱਲੋਂ ਦਿਨ ਰਾਤ ਇੱਕ ਕਰਕੇ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਰਹੀ ਹੈ, ਉਥੇ ਹੀ ਸਮੂਹ ਪੰਜਾਬੀ ਇਸ ਕਾਰਜ ਵਿੱਚ ਜੁਟੇ ਹੋਏ ਹਨ।ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਦੁੱਖ ਦੀ ਘੜੀ ਵਿੱਚ ਉਹ ਹੜ੍ਹ ਪੀੜਤਾਂ ਦੀ ਹਰ ਤਰ੍ਹਾਂ ਦੀ ਮਦਦ ਕਰਨ ਤਾਂ ਜੋ ਉਨ੍ਹਾਂ ਨੂੰ ਮੁਸ਼ਕਲ ਦੀ ਘੜੀ ਵਿੱਚੋਂ ਕੱਢਿਆ ਜਾ ਸਕੇ।ਇਸ ਮੌਕੇ ਜਗਜੀਤ ਸਿੰਘ ਜੱਗੀ, ਜ਼ਿਲ੍ਹਾ ਮੀਡੀਆ ਇੰਚਾਰਜ, ਰਵੀ ਬੁਗਰਾ ਬਲਾਕ ਪ੍ਰਧਾਨ, ਜਗਤਾਰ ਸਿੰਘ ਨੰਗਲ, ਪਰਮਵੀਰ ਸੰਧੂ ਮੈਂਬਰ, ਡਾ. ਰਜਿੰਦਰ ਅਰੋੜਾ, ਸੁਰੇਸ਼ ਅਰੋੜਾ ਆਦਿ ਹਾਜ਼ਰ ਸਨ।

# ਸਾਬਕਾ ਸਰਪੰਚ ਜਰਨੈਲ ਢਾਬਾਂ ਨਮਿੱਤ ਅੰਤਿਮ ਅਰਦਾਸ ਅੱਜ



**ਜਲਾਲਾਬਾਦ (ਜੰਗੀਰ ਕੌਰ)**-ਅਧਿਆਪਕ ਗੁਰਮੀਤ ਸਿੰਘ ਦੇ ਪਿਤਾ ਸਾਬਕਾ ਸਰਪੰਚ ਜਰਨੈਲ ਸਿੰਘ ਢਾਬਾਂ ਦਾ ਬੀਤੇ ਦਿਨ ਦੇਹਾਂਤ ਹੋ ਗਿਆ ਸੀ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਪਿੰਡ ਢਾਬ ਖੁਸ਼ਹਾਲ ਜੋਈਆ-1 ਦੇ ਗੁਰਦੁਆਰਾ ਸਾਹਿਬ ਵਿਖੇ ਅੱਜ 7 ਸਤੰਬਰ ਐਤਵਾਰ ਨੂੰ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਹੋਵੇਗੀ

# ਕਸਾਲੀ-ਅਕਾਲੀ ਹਰਬੰਸ ਸਿੰਘ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਵਿਭਾਗ ਨੇ ਸਿਹਤ ਸੇਵਾਵਾਂ ਯਕੀਨੀ ਬਣਾਈਆਂ



**ਪਟਿਆਲਾ,(ਰਾਜਿੰਦਰ ਸਿੰਘ ਥਿੰਦ)** : ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਰਹਿਨੁਮਾਈ ਹੇਠ ਸਿਹਤ ਵਿਭਾਗ ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ 24 ਘੰਟੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੰਮ ਕਰ ਰਿਹਾ ਹੈ।ਪ੍ਰਭਾਵਿਤ ਪਿੰਡਾਂ ਵਿੱਚ ਮੋਬਾਈਲ ਹੈਲਥ ਯੂਨਿਟ ਤੇ ਮੈਡੀਕਲ ਕੈਂਪ ਲਗਾਏ ਗਏ ਹਨ ਅਤੇ ਸਾਰੀਆਂ ਲਾਜ਼ਮੀ ਦਵਾਈਆਂ ਉਪਲਬਧ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਉਹ 104 ਨੰਬਰ 'ਤੇ ਸੰਪਰਕ ਕਰ ਸਕਦੇ ਹਨ।

ਡਾ. ਜਗਪਾਲ ਇੰਦਰ ਸਿੰਘ ਨੇ ਦੱਸਿਆ ਕਿ ਵਿਭਾਗ ਨੇ ਰਾਜਪੁਰਾ ਨੇੜਲੇ ਘਨੌਰ ਖੇਤਰ ਵਿੱਚ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮੋਬਾਈਲ ਹੈਲਥ ਯੂਨਿਟਾਂ ਰਾਹੀਂ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਮੈਡੀਕਲ ਟੀਮਾਂ ਜੰਡੀ ਮੰਗੌਲੀ ਤੇ ਉਟਸਰ ਪਿੰਡਾਂ ਵਿੱਚ ਗਈਆਂ, ਜਿੱਥੇ ਕੁੱਲ 233 ਮਰੀਜ਼ਾਂ ਦਾ ਇਲਾਜ ਕੀਤਾ ਗਿਆ।ਇਨ੍ਹਾਂ ਵਿੱਚੋਂ 145 ਮਰੀਜ਼ ਜੰਡੀ ਮੰਗੌਲੀ ਤੇ 88 ਮਰੀਜ਼ ਉਟਸਰ ਵਿੱਚ ਚੈੱਕ ਕੀਤੇ ਗਏ।ਇਲਾਜ ਦੇ ਨਾਲ-ਨਾਲ ਮਰੀਜ਼ਾਂ ਨੂੰ ਲਾਜ਼ਮੀ ਦਵਾਈਆਂ ਵੀ ਦਿੱਤੀਆਂ ਗਈਆਂ ਤਾਂ ਜੋ ਉਹ ਸਿਹਤਯਾਬ ਹੋ ਸਕਣ ਤੇ ਪਾਣੀ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕੇ।ਸਿਵਲ ਸਰਜਨ ਨੇ ਦੁਹਰਾਇਆ ਕਿ ਸਿਹਤ ਵਿਭਾਗ ਹਰ ਪ੍ਰਭਾਵਿਤ ਪਿੰਡ ਵਿੱਚ ਸਿਹਤ ਸੇਵਾਵਾਂ ਯਕੀਨੀ ਬਣਾਉਣ ਲਈ ਵਚਨਬੱਧ ਹੈ ਤੇ ਪ੍ਰਭਾਵਿਤ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਡਾਕਟਰ ਉਬਰਾਏ ਵੱਲੋਂ ਫਿਰੋਜ਼ਪੁਰ ਦੇ ਹੜ੍ਹ ਪ੍ਰਭਾਵਤ ਪਿੰਡਾਂ ਦਾ ਦੋ ਦਿਨਾ ਦੌਰਾ

## * ਕਿਲਚੇ ਕੇ ਪਹੁੰਚ ਕੇ 100 ਕੁਇੰਟਲ ਵੰਡਿਆ ਪਸ਼ੂਆਂ ਦਾ ਚਾਰਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਉੱਘੇ ਸਮਾਜ ਸੇਵੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ ਪੀ ਸਿੰਘ ਉਬਰਾਏ ਵੱਲੋਂ ਡੀ ਸੀ ਫ਼ਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਨਾਲ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਗੁਰਜੀਤ ਸਿੰਘ ਉਬਰਾਏ, ਡਾ. ਕਮਲ ਬਾਗੀ, ਵਿਧਾਇਕ ਨਰੇਸ਼ ਕਟਾਰੀਆ ਜ਼ੀਰਾ, ਡਾ. ਅਮਨਦੀਪ ਕੌਰ ਧਰਮਪਤਨੀ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਵੀ ਹਾਜ਼ਰ ਸਨ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਹੜ੍ਹਾਂ ਨਾਲ ਪ੍ਰਭਾਵਿਤ ਇਲਾਕੇ ਦੇ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਉਨ੍ਹਾਂ ਨਾਲ ਨਜਿੱਠਣ ਸਬੰਧੀ ਗੱਲਬਾਤ ਕੀਤੀ। ਇਸ ਮੌਕੇ ਪ੍ਰਸ਼ਾਸਨ ਨੇ ਡਾ. ਉਬਰਾਏ ਵੱਲੋਂ ਭੇਜੀਆਂ ਜਾ ਰਹੀਆਂ ਸੇਵਾਵਾਂ ਲਈ ਧੰਨਵਾਦ ਕੀਤਾ। ਇਸ ਉਪਰੰਤ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਤੇ ਡਾ. ਅਮਨਦੀਪ ਕੌਰ ਭੁੱਲਰ ਵੱਲੋਂ ਡਾ. ਓਬਰਾਏ ਤੇ ਉਨ੍ਹਾਂ ਦੀ ਟੀਮ ਨੂੰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡ ਕਿਲਚੇ ਕੇ ਦਾ ਦੌਰਾ ਕਰਵਾਇਆ ਗਿਆ, ਜਿੱਥੇ ਡਾ. ਓਬਰਾਏ ਵੱਲੋਂ 100 ਕੁਇੰਟਲ ਪਸ਼ੂਆਂ ਦਾ ਚਾਰਾ,



ਮੱਛਰਦਾਨੀਆਂ ਤੇ ਤਰਪਾਲਾਂ ਵੱਡੀ ਗਿਣਤੀ ਵਿੱਚ ਪ੍ਰਭਾਵਿਤ ਲੋਕਾਂ ਨੂੰ ਵੰਡੀਆਂ ਗਈਆਂ। ਇਸ ਮੌਕੇ ਉਨ੍ਹਾਂ ਪੀੜਤ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਸੁੱਕੇ ਰਾਸ਼ਨ ਦੇ ਨਾਲ-ਨਾਲ ਫੋਗਿੰਗ ਮਸ਼ੀਨਾਂ ਤੇ ਕਿਸ਼ਤੀਆਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਕਿ ਸਾਡੀਆਂ ਟੀਮਾਂ ਅੰਦਰ ਫਸੇ ਲੋਕਾਂ ਤੱਕ ਆਪ ਪਹੁੰਚ ਕੇ ਸਾਮਾਨ ਪਹੁੰਚਾ ਸਕਣ। ਇਸ ਮੌਕੇ ਭਰਪੂਰ ਸਿੰਘ ਪ੍ਰਧਾਨ ਫਰੀਦਕੋਟ ਤੇ ਉਨ੍ਹਾਂ ਦੀ ਟੀਮ, ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ, ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਕੈਸ਼ੀਅਰ ਵਿਜੈ ਕੁਮਾਰ ਬਹਿਲ, ਜ਼ਿਲ੍ਹਾ ਸਲਾਹਕਾਰ ਰਣਜੀਤ ਸਿੰਘ ਰਾਏ, ਜ਼ਿਲ੍ਹਾ ਸਲਾਹਕਾਰ ਬਲਵਿੰਦਰ ਕੌਰ, ਬਲਵਿੰਦਰ ਪਾਲ ਸ਼ਰਮਾ, ਤਲਵਿੰਦਰ ਕੌਰ ਇੰਚਾਰਜ ਇਸਤਰੀ ਵਿੰਗ ਸਿਟੀ ਤੇ ਛਾਉਣੀ, ਰਣਧੀਰ ਜੋਸ਼ੀ, ਕੰਵਲਜੀਤ ਸਿੰਘ, ਲੈਬ ਇੰਚਾਰਜ ਜ਼ੀਰਾ ਜਗਸੀਰ ਸਿੰਘ, ਮਹਾਂਵੀਰ ਸਿੰਘ, ਨਵਜੋਤ ਨੀਲੇਵਾਲਾ ਤੇ ਸ਼ਹਿਰ ਦੇ ਹੋਰ ਪਤਵੰਤੇ ਮੌਜੂਦ ਸਨ।

# ਸਰਬੱਤ ਦਾ ਭਲਾ ਟਰੱਸਟ ਨੇ ਪਾਣੀ 'ਚ ਘਿਰੇ ਘਰਾਂ ਤੱਕ ਕਿਸ਼ਤੀਆਂ ਰਾਹੀਂ ਪਹੁੰਚਾਇਆ ਰਾਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਪੰਜਾਬ ਵਿੱਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਸੁੱਕਾ ਰਾਸ਼ਨ, ਚਾਰਾ, ਪਸ਼ੂਆਂ ਦੀ ਫੀਡ, ਤਰਪਾਲਾਂ, ਮੱਛਰਦਾਨੀਆਂ, ਸੈਨਟਰੀ ਪੈਡ, ਦਵਾਈਆਂ ਤੇ ਹੋਰ, ਜੋ ਹੜ੍ਹ ਪੀੜਤਾਂ ਵੱਲੋਂ ਮੰਗ ਕੀਤੀ ਜਾਂਦੀ ਹੈ, ਵੱਡੀ ਮਾਤਰਾ ਵਿੱਚ ਪਹੁੰਚਾਇਆ ਜਾ ਰਿਹਾ ਹੈ।ਇਸੇ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਟਰੱਸਟ ਦੀਆਂ ਟੀਮਾਂ (ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ) ਵੱਲੋਂ ਹਿੰਦ-ਪਾਕਿ ਬਾਰਡਰ 'ਤੇ ਸਥਿਤ ਪਿੰਡਾਂ ਵਿੱਚ ਪਿੰਡਾਂ ਵਿੱਚ ਸੁੱਕਾ ਰਾਸ਼ਨ ਵੰਡਿਆ ਗਿਆ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਦਰਿਆ ਦੇ ਕੰਢੇ ਵਸੇ ਪਿੰਡਾਂ ਦੀਆਂ ਪਿੰਡ ਦੀ ਅਬਾਦੀ ਤੋਂ ਦੂਰ ਦੂਰ ਢਾਣੀਆਂ, ਜਿੱਥੇ ਲੋਕ ਕਾਫ਼ੀ ਦਿਨਾਂ ਤੋਂ ਫਸੇ ਹੋਏ ਹਨ, ਨੂੰ ਕਿਸ਼ਤੀਆਂ ਰਾਹੀਂ ਸੁੱਕਾ ਰਾਸ਼ਨ ਪਹੁੰਚਾਇਆ ਗਿਆ ਅਤੇ ਹਫਤਾ ਪਹਿਲਾਂ ਇਨ੍ਹਾਂ ਲੋਕਾਂ ਨੂੰ ਵੱਡੀ ਪੱਧਰ 'ਤੇ ਪਸ਼ੂਆਂ ਲਈ ਹਰਾ ਚਾਰਾ ਤੇ ਫੀਡ ਵੀ ਮਹੱਈਆ ਕਰਵਾਈ ਗਈ ਸੀ।ਪ੍ਰਭਾਵਿਤ ਲੋਕਾਂ ਵੱਲੋਂ ਡਾਕਟਰ ਐੱਸ ਪੀ ਸਿੰਘ ਓਬਰਾਏ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ।ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਜਸਬੀਰ ਸਿੰਘ ਰਿਟਾ ਏ ਐੱਸ ਆਈ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਜ਼ਿਲ੍ਹਾ ਫਾਜ਼ਿਲਕਾ ਵੱਲੋਂ ਪ੍ਰਧਾਨ ਮਹਿੰਦਰ ਸਿੰਘ, ਸਰਬਜੀਤ ਸਿੰਘ, ਜੰਗੀਰ ਸਿੰਘ ਬੋਗਾ, ਹਰਚਰਨ ਸਿੰਘ, ਗੁਰਵਿੰਦਰ ਸਿੰਘ, ਜੋਗਾ ਸਿੰਘ ਆਦਿ ਹਾਜ਼ਰ ਸਨ।

# ਖਾਲਸਾ ਨਮਿੱਤ ਅੰਤਿਮ ਅਰਦਾਸ ਅੱਜ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਵਿਧਾਨ ਸਭਾ ਹਲਕਾ ਮਲੋਟ ਤੋਂ ਸਾਬਕਾ ਹਲਕਾ ਇੰਚਾਰਜ ਰਹਿਣ ਤੋਂ ਇਲਾਵਾ ਦੋ ਵਾਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ ਉਮੀਦਵਾਰ ਐਲਾਨੇ ਗਏ ਸ੍ਰ. ਹਰਬੰਸ ਸਿੰਘ ਖਾਲਸਾ ਉੱਘੇ ਟਕਸਾਲੀ-ਅਕਾਲੀ ਸੰਘਰਸ਼ੀ ਯੋਧੇ ਸਨ, ਜਿਨ੍ਹਾਂ ਨੇ ਆਪਣੀ ਜਵਾਨੀ ਦੇ ਸਾਲ ਅਕਾਲੀ ਸੰਘਰਸ਼ ਦੇ ਰੂਪ ਵਿੱਚ ਵਡੇਰੇ ਪੰਥਕ ਹਿੱਤਾਂ ਨੂੰ ਸਮਰਪਤ ਕੀਤੇ।ਉੱਘੇ ਸਿਆਸੀ ਨੇਤਾਵਾਂ ਦਰਮਿਆਨ ਆਪਣੀ ਗਹਿਰੀ ਪਛਾਣ ਰੱਖਣ ਵਾਲੇ ਸ੍ਰ. ਖਾਲਸਾ ਹਰ ਪੰਥਕ ਪ੍ਰੋਗਰਾਮ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ।ਆਪਣੇ ਨਿੱਜੀ ਸਵਾਰਥਾਂ ਨੂੰ ਲਾਂਭੇ ਰੱਖ ਕੇ ਸਾਰੀ ਉਮਰ ਸ਼੍ਰੋਮਣੀ ਅਕਾਲੀ ਦਲ ਨੂੰ ਸਮਰਪਤ ਰਹੇ ਸ੍ਰ. ਹਰਬੰਸ ਸਿੰਘ ਖਾਲਸਾ ਬੀਤੀ 30 ਅਗਸਤ ਨੂੰ ਅਕਾਲ ਚਲਾਣਾ ਕਰ ਗਏ ਸਨ, ਜਿਨ੍ਹਾਂ ਦੇ ਨਮਿੱਤ ਅੰਤਮ ਅਰਦਾਸ 7 ਸਤੰਬਰ ਐਤਵਾਰ ਉਨ੍ਹਾ ਦੇ ਜੱਦੀ ਪਿੰਡ ਕੋਟ ਭਾਈ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਵਿਖੇ ਕਰੀਬ 1 ਵਜੇ ਕੀਤੀ ਜਾ ਰਹੀ ਹੈ।ਅੰਤਿਮ ਅਰਦਾਸ ਉਪਰੰਤ ਉਨ੍ਹਾਂ ਦੇ ਪਰਿਵਾਰਕ ਮੈਂਬਰ, ਰਿਸ਼ਤੇਦਾਰ, ਮਿੱਤਰ ਤੇ ਸਾਕ-ਸੰਬੰਧੀ ਸ਼ਰਧਾ ਦੇ ਫੁੱਲ ਭੇਟ ਕਰਨਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

## ਗਰੀਬ ਪਰਿਵਾਰ ਦੇ ਮਕਾਨ ਦੀ ਛੱਤ ਤੇ ਚਾਰਦਿਵਾਰੀ ਡਿੱਗੀ



**ਕਾਦੀਆਂ(ਯਾਦਵਿੰਦਰ ਸਿੰਘ ਮਲਹੋਤਰਾ)**-ਪਿੰਡ ਭਾਮ ਦੇ ਰਹਿਣ ਵਾਲੇ ਇੱਕ ਗਰੀਬ ਪਰਿਵਾਰ ਦੇ ਮਕਾਨ ਦੀ ਛੱਤ ਅਤੇ ਚਾਰਦਿਵਾਰੀ ਡਿੱਗਣ ਦਾ ਸਮਾਚਾਰ ਮਿਲਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਭਾਮ ਦੇ ਗਰੀਬ ਪਰਿਵਾਰ ਦੇ ਪਰਿਵਾਰਕ ਮੈਂਬਰ ਰਜਿੰਦਰ ਸਿੰਘ ਤੇ ਉਨਾਂ ਦੇ ਪਰਿਵਾਰ ਨੇ ਦੱਸਿਆ ਕਿ ਪਿਛਲੇ ਦਿਨੀਂ ਪਏ ਮੀਂਹ ਦੇ ਕਾਰਨ ਉਨ੍ਹਾਂ ਦੇ ਘਰ ਦੇ ਛੱਤ ਜੋ ਕਿ ਬਾਲਿਆਂ ਵਾਲੀ ਸੀ, ਡਿੱਗ ਗਈ ਅਤੇ ਇਸ ਨਾਲ ਉਨ੍ਹਾਂ ਦੇ ਘਰ ਦੀ ਚਾਰ ਦਿਆਰੀ ਵੀ ਡਿੱਗ ਗਈ।ਉਹ ਬਹੁਤ ਗਰੀਬ ਪਰਿਵਾਰ ਹੈ ਅਤੇ ਮਕਾਨ ਦੀ ਦੁਬਾਰਾ ਮੁਰੰਮਤ ਕਰਵਾਉਣ ਲਈ ਅਸਮਰੱਥ ਹੈ।ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਨਾਲ ਹੀ ਇਲਾਕੇ ਦੀਆਂ ਸਮਾਜ ਸੇਵੀ ਸੰਸਥਾਵਾਂ ਦੇ ਕੋਲੋਂ ਪੁਰਜ਼ੋਰ ਮੰਗ ਕੀਤੀ ਕਿ ਉਨ੍ਹਾਂ ਦੇ ਪਰਿਵਾਰ ਦੀ ਮਦਦ ਕੀਤੀ ਜਾਵੇ ਤਾਂ ਜੋ ਉਹ ਆਪਣੇ ਘਰ ਦੀ ਛੱਤ ਨੂੰ ਦੁਬਾਰਾ ਮੁਰੰਮਤ ਕਰਕੇ ਆਪਣੇ ਮਕਾਨ ਵਿੱਚ ਰਹਿ ਸਕਣ ।

## ਰਾਵੀ ਦਰਿਆ ਦੇ ਪਾੜ ਭਰਨ ਦਾ ਕੰਮ ਵੱਡੇ ਪੱਧਰ ਉੱਤੇ ਸ਼ੁਰੂ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਭਾਰਤ ਪਾਕਿਸਤਾਨ ਸਰਹੱਦ ਦੇ ਇਲਾਕੇ ਵਿੱਚ ਆਫਤ ਦਾ ਕਾਰਨ ਬਣੇ ਰਾਵੀ ਦਰਿਆ ਦੇ ਉਹ ਪਾੜ ਜਿਨ੍ਹਾਂ ਦੇ ਟੁੱਟਣ ਕਾਰਨ ਇਸ ਇਲਾਕੇ ਵਿੱਚ ਕੁਦਰਤੀ ਆਫਤ ਆਈ ਨੂੰ ਭਰਨ ਦਾ ਕੰਮ ਬੀਤੇ ਦਿਨ ਤੋਂ ਸ਼ੁਰੂ ਹੋ ਚੁੱਕਾ ਹੈ।ਵਿਧਾਇਕ ਧਾਲੀਵਾਲ ਅਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਆਪਣੇ ਅਧਿਕਾਰੀਆਂ ਨਾਲ ਮੌਕੇ ਉਤੇ ਪਹੁੰਚ ਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ ਅਤੇ ਐੱਸਡੀਐੱਮ ਅਜਨਾਲਾ ਰਵਿੰਦਰ ਸਿੰਘ ਸਮੇਤ ਜਲ ਸਰੋਤ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।ਧਾਲੀਵਾਲ ਨੇ ਇਸ ਮੌਕੇ ਕੰਮ ਵਿੱਚ ਲੱਗੀਆਂ ਟੀਮਾਂ ਦਾ ਧੰਨਵਾਦ ਕਰਦੇ ਕਿਹਾ ਕਿ ਦਰਿਆ ਦਾ ਬੰਨ੍ਹ ਮਾਰਨ ਵਿੱਚ ਸਾਨੂੰ ਕਾਰ ਸੇਵਾ ਵਾਲੇ ਮਹਾਂਪੁਰਖ ਅਤੇ ਸਥਾਨਕ ਲੋਕਾਂ ਦੀ ਵੀ ਵੱਡੀ ਹਮਾਇਤ ਮਿਲੀ ਹੈ, ਜਿਸ ਕਾਰਨ ਆਸ ਹੈ ਕਿ ਅਸੀਂ ਇਹ ਕੰਮ ਥੋੜ੍ਹੇ ਦਿਨਾਂ ਵਿੱਚ ਹੀ ਨਿਬੇੜ ਲਵਾਂਗੇ। ਡਿਪਟੀ ਕਮਿਸ਼ਨਰ ਨੇ ਕੰਮ ਕਰ ਰਹੀਆਂ ਟੀਮਾਂ ਦਾ ਹੌਸਲਾ ਵਧਾਉਂਦਿਆਂ ਕਿਹਾ ਕਿ ਤੁਹਾਡੇ ਵੱਲੋਂ ਕੀਤੀ ਜਾ ਰਹੀ ਇਹ ਸੇਵਾ ਲੱਖਾਂ ਲੋਕਾਂ ਦੇ ਘਰ ਵਾਪਸੀ ਦਾ ਸਾਧਨ ਬਣਨੀ ਹੈ, ਸੋ ਇਸ ਕੰਮ ਨੂੰ ਦਿਲੋਂ ਇਮਾਨਦਾਰੀ ਅਤੇ ਪੇਸ਼ੇਵਾਰ ਮਜ਼ਬੂਤੀ ਨਾਲ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਇਹ ਕਿਨਾਰੇ ਸਾਡੇ ਲੋਕਾਂ ਦੇ ਘਰ ਉਜੜਨ ਦਾ ਸਾਧਨ ਨਾ ਬਣਨ।ਇਸ ਮੌਕੇ ਐਕਸੀਅਨ ਸ: ਗੁਰਬੀਰ ਸਿੰਘ ਨੇ ਦੱਸਿਆ ਕਿ ਦਰਿਆ ਵਿੱਚ ਪਾਣੀ ਦਾ ਪੱਧਰ ਘਟਿਆ ਹੈ ਅਤੇ ਪਹਾੜਾਂ ਵਿੱਚੋਂ ਵੀ ਪਾਣੀ ਘੱਟ ਆਉਣ ਕਾਰਨ ਖੇਤਾਂ ਵਿੱਚੋਂ ਪਾਣੀ ਵਾਪਸ ਦਰਿਆ ਵਿੱਚ ਜਾਣ ਲੱਗਾ ਹੈ।ਉਨ੍ਹਾਂ ਦੱਸਿਆ ਕਿ ਅਸੀਂ ਘੋਨੇਵਾਲ, ਮਾਛੀਵਾਲ ਅਤੇ ਕੋਟ ਰਜ਼ਾਦਾ ਵਿਖੇ ਧੁੱਸੀ ਨੂੰ ਪੂਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ, ਜਦਕਿ ਬਾਕੀ 5 ਸਥਾਨ ਜਿੱਥੋਂ ਦਰਿਆ ਟੁੱਟਾ ਸੀ ਵਿਖੇ ਪਹੁੰਚ ਬਣਾਉਣ ਲਈ ਕੰਮ ਚੱਲ ਰਿਹਾ ਹੈ।ਚਾਰ ਸਥਾਨਾਂ ਉਤੇ ਅਜੇ ਮਸ਼ੀਨਰੀ, ਟਰੱਕਾਂ ਅਤੇ ਟਰੈਕਟਰਾਂ ਦੀ ਪਹੁੰਚ ਨਹੀਂ ਬਣ ਰਹੀ ਸੋ ਅਸੀਂ ਉਸਨੂੰ ਜਾਣ ਵਾਸਤੇ ਰਸਤਾ ਬਣਾ ਰਹੇ ਹਾਂ, ਜਿਉਂ ਹੀ ਰਸਤਾ ਬਣ ਗਿਆ ਉਥੇ ਵੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਏਡੀਸੀ ਰੋਹਿਤ ਗੁਪਤਾ ਨੇ ਦੱਸਿਆ ਕਿ ਹੁਣ ਤੱਕ ਪ੍ਰਾਪਤ ਹੋਈਆਂ ਰਿਪੋਰਟਾਂ ਅਨੁਸਾਰ 190 ਪਿੰਡ ਹੜ੍ਹ ਦੇ ਪਾਣੀ ਨਾਲ ਪ੍ਰਭਾਵਿਤ ਹੋਏ ਹਨ, ਜਿੰਨਾਂ ਵਿੱਚ ਵਸਦੇ ਇੱਕ ਲੱਖ 35 ਹਜ਼ਾਰ ਵਸੋਂ ਪ੍ਰਭਾਵਿਤ ਹੋਈ ਹੈ।



## ਭਿਖਾਰੀ ਹਾਰਨੀ ਵੱਲੋਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ ਗਈ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭਿਖਾਰੀ ਹਾਰਨੀ ਵੱਲੋਂ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਇਕ ਵੱਡਾ ਕਦਮ ਚੁੱਕਿਆ ਗਿਆ ਹੈ।ਪਿੰਡ ਦੇ ਨੌਜਵਾਨਾਂ, ਵੱਡੇ ਬਜ਼ੁਰਗਾਂ ਤੇ ਸਮਾਜ ਸੇਵੀਆਂ ਨੇ ਮਿਲ ਕੇ ਹੜ੍ਹ ਪੀੜਤ ਪਰਿਵਾਰਾਂ ਲਈ ਰਾਹਤ ਸਮੱਗਰੀ ਇਕੱਠੀ ਕੀਤੀ ਹੈ।ਇਸ ਵਿੱਚ ਖਾਣ-ਪੀਣ ਦਾ ਸਮਾਨ, ਕੱਪੜੇ, ਦਵਾਈਆਂ ਅਤੇ ਹੋਰ ਜ਼ਰੂਰੀ ਵਸਤਾਂ ਸ਼ਾਮਲ ਹਨ।ਪਿੰਡ ਭਿਖਾਰੀ ਹਾਰਨੀ ਦੇ ਵਸਨੀਕਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਗਿਣਤੀ ਵਿੱਚ ਅੱਗੇ ਆ ਕੇ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ।ਭਿਖਾਰੀ ਹਾਰਨੀ ਵੱਲੋਂ ਦਿੱਤਾ ਇਹ ਯੋਗਦਾਨ ਮਨੁੱਖਤਾ ਦੀ ਮਿਸਾਲ ਹੈ ਅਤੇ ਇਸ ਨਾਲ ਹੋਰ ਪਿੰਡਾਂ ਅਤੇ ਸ਼ਹਿਰਾਂ ਨੂੰ ਵੀ ਪ੍ਰੇਰਣਾ ਮਿਲੇਗੀ ਕਿ ਉਹ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਉਣ। ਅਸੀਂ ਸਾਰੇ ਮਿਲ ਕੇ ਇਸ ਸੰਕਟ 'ਚੋਂ ਬਾਹਰ ਨਿਕਲ ਆਵਾਂਗੇ।ਇਸ ਮੌਕੇ ਦਮਨਦੀਪ ਸਿੰਘ, ਗੁਰਪਾਲ ਸਿੰਘ, ਬਲਜੀਤ ਸਿੰਘ, ਰਣਜੀਤ ਸਿੰਘ, ਰਿੱਕੀ ਗੋਰਾਇਆ, ਮਲਕੀਤ ਸਿੰਘ, ਜਗਰੂਪ ਸਿੰਘ, ਸ਼ਮਸ਼ੇਰ ਸਿੰਘ, ਹਰਪਾਲ ਸਿੰਘ, ਡਾ. ਹਰਦੀਪ ਸਿੰਘ, ਬੰਟੀ ਹਾਰਨੀਆਂ ਮੌਜੂਦ ਸਨ।



## ਬ੍ਰਿਗੇਡੀਅਰ ਕੇ ਐੱਸ ਬਾਵਾ ਨੇ ਸਾਂਝੇ ਸਾਲਾਨਾ ਸਿਖਲਾਈ ਕੈਂਪ ਦਾ ਕੀਤਾ ਦੌਰਾ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਬ੍ਰਿਗੇਡੀਅਰ ਕੇ. ਐੱਸ. ਬਾਵਾ ਐੱਨ. ਸੀ. ਸੀ. ਗਰੁੱਪ ਕਮਾਂਡਰ ਅੰਮ੍ਰਿਤਸਰ ਨੇ 24 ਪੰਜਾਬ ਬਟਾਲੀਅਨ ਐੱਨਸੀਸੀ, ਅੰਮ੍ਰਿਤਸਰ ਵੱਲੋਂ ਆਈਟੀਆਈ ਰਾਮਤੀਰਥ ਵਿਖੇ ਆਯੋਜਿਤ ਸਾਂਝੇ ਸਾਲਾਨਾ ਸਿਖਲਾਈ ਕੈਂਪ-10 ਦਾ ਦੌਰਾ ਕੀਤਾ।ਕੈਡਿਟਾਂ ਵੱਲੋਂ ਗਰੁੱਪ ਕਮਾਂਡਰ ਨੂੰ ਗਾਰਡ ਆਫ਼ ਆਨਰ ਪੇਸ਼ ਕੀਤਾ ਗਿਆ ਅਤੇ ਕੈਂਪ ਵਿੱਚ ਸ਼ਾਮਲ ਕੈਡਿਟਾਂ ਦੀਆਂ ਸਿਖਲਾਈ ਗਤੀਵਿਧੀਆਂ ਅਤੇ ਗਣਤੰਤਰ ਦਿਵਸ ਦੀ ਗਰੁੱਪ ਟੀਮ ਲਈ ਚੋਣ ਪ੍ਰਕਿਰਿਆ ਦਾ ਨਿਰੀਖਣ ਕੀਤਾ।ਗਰੁੱਪ ਕਮਾਂਡਰ ਨੇ ਆਪ੍ਰੇਸ਼ਨ ਸਿੰਧੂਰ ਦੌਰਾਨ ਕੈਡਿਟਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਵੀ ਸ਼ਲਾਘਾ ਕੀਤੀ। 24 ਪੰਜਾਬ ਬਟਾਲੀਅਨ ਦੇ ਕੈਡਿਟਾਂ ਨੇ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਯੋਜਿਤ ਮੌਕ ਡ੍ਰਿਲ/ਰਿਹਰਸਲ ਅਤੇ ਫਸਟ ਏਡ ਟ੍ਰੇਨਿੰਗ ਕੈਪਸੂਲ ਵਿੱਚ ਹਿੱਸਾ ਲਿਆ ਸੀ।ਉਨ੍ਹਾਂ ਨੇ ਕੈਡਿਟਾਂ ਨੂੰ ਭਵਿੱਖ ਵਿੱਚ ਵੀ ਬਾਹਰੀ ਖਤਰਿਆਂ ਅਤੇ ਕੁਦਰਤੀ ਆਫ਼ਤਾਂ ਨਾਲ ਸਬੰਧਤ ਕਿਸੇ ਵੀ ਐਮਰਜੈਂਸੀ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ।ਇਸ ਦੌਰਾਨ ਉਨ੍ਹਾਂ ਨੇ ਜੀਐੱਨਡੀਯੂ. ਵੇਰਕਾ, 24 ਪੰਜਾਬ ਬਟਾਲੀਅਨ ਐੱਨਸੀਸੀ, ਅੰਮ੍ਰਿਤਸਰ ਦੇ ਸੀਨੀਅਰ ਅੰਡਰ ਅਫ਼ਸਰ ਜਤਿਨ ਵਰਮਾ ਨੂੰ ਐੱਨਸੀਸੀ ਗਤੀਵਿਧੀਆਂ ਵਿੱਚ ਉਨ੍ਹਾਂ ਦੇ ਵਧੀਆ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ।



## ਰਾਵੀ ਦਰਿਆ ਤੋਂ ਪਾਰ ਦੇ ਪਿੰਡਾਂ 'ਚ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੇ ਰਾਹਤ ਸਮੱਗਰੀ ਵੰਡੀ

**ਧਾਰੀਵਾਲ/ਮਕੌੜਾ ਪੱਤਣ, (ਮਨਦੀਪ ਸਿੰਘ ਵਿੱਕੀ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਦੇ ਕਾਰਜ ਲਗਾਤਾਰ ਜਾਰੀ ਹਨ।ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਅੱਜ ਕਿਸ਼ਤੀ ਰਾਹੀਂ ਸਵਾਰ ਹੋ ਕੇ ਰਾਵੀ ਦਰਿਆ ਤੋਂ ਪਾਰ ਦੇ ਪਿੰਡ ਤੂਰ, ਚੇਬੇ, ਭੂਮਰ, ਕੱਜਲਾ, ਭਰਿਆਲ, ਲੁਸਿਆਣ, ਮੰਮੀ ਚੱਕਰੰਜਾ ਤੱਕ ਪਹੁੰਚ ਕੀਤੀ ਗਈ।ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮਾਂ ਵੱਲੋਂ ਇਨ੍ਹਾਂ ਪਿੰਡਾਂ ਦੇ ਹੜ੍ਹ ਪ੍ਰਭਾਵਿਤ ਲੋਕਾਂ ਦਾ ਹਾਲ ਜਾਣਿਆ ਅਤੇ ਨਾਲ ਹੀ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਸਮਗਰੀ ਵੰਡੀ ਗਈ। ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਕਾਰਜ ਲਗਾਤਾਰ ਜਾਰੀ ਹਨ।ਉਨ੍ਹਾਂ ਕਿਹਾ ਕਿ ਹੜ੍ਹਾਂ ਦਾ ਪਾਣੀ ਘਟਣ ਤੋਂ ਬਾਅਦ ਹੁਣ ਅਗਲੇ ਦਿਨਾਂ ਦੌਰਾਨ ਹੋਰ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਖੜ੍ਹੇ ਪਾਣੀ ਕਾਰਨ ਕੋਈ ਬਿਮਾਰੀ ਨਾ ਫੈਲੇ ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਢੁੱਕਵੇਂ ਪ੍ਰਬੰਧ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵਿਸ਼ੇਸ਼ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਅਤੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਦੇ ਨਾਲ ਪਸ਼ੂ ਪਾਲਣ ਵਿਭਾਗ ਦੀਆਂ ਟੀਮਾਂ ਵੱਲੋਂ ਪਸ਼ੂਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਪਸ਼ੂਆਂ ਦੇ ਚਾਰੇ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੱਛਰ-ਮੱਖੀਆਂ ਦੇ ਖ਼ਾਤਮੇ ਲਈ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਵਿਸ਼ੇਸ਼ ਤੌਰ 'ਤੇ ਫੌਗਿੰਗ ਕੀਤੀ ਜਾ ਰਹੀ ਹੈ।



## 262 ਗ੍ਰਾਮ ਹੈਰੋਇਨ, ਡੇਢ ਲੱਖ ਡਰੱਗ ਮਨੀ ਸਣੇ 2 ਨੌਜਵਾਨ ਗ੍ਰਿਫਤਾਰ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਦੀਨਾਨਗਰ ਪੁਲਸ ਨੇ 262 ਗ੍ਰਾਮ ਹੈਰੋਇਨ, ਇਕ ਲੱਖ 50 ਹਜ਼ਾਰ ਦੀ ਡਰੱਗ ਮਨੀ ਸਣੇ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਇਸ ਸਬੰਧੀ ਦੀਨਾਨਗਰ ਥਾਣੇ ਦੇ ਡੀਐੱਸਪੀ ਰਜਿੰਦਰ ਮਿਨਹਾਸ ਨੇ ਦੱਸਿਆ ਕਿ ਪਿੰਡ ਬਰਿਆਰ ਨੇੜੇ ਨਾਕਾਬੰਦੀ ਦੌਰਾਨ ਇੱਕ ਸਵਿਫ਼ਟ ਕਾਰ ਨੰਬਰ 'ਚੋਂ ਦੋ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਕੋਲੋਂ 262 ਗ੍ਰਾਮ ਹੈਰੋਇਨ ਅਤੇ ਡੇਢ ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।ਪੁੱਛਗਿੱਛ ਜਾਰੀ ਹੈ ਅਤੇ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ।ਦੋਸ਼ੀਆਂ ਦੀ ਪਹਿਚਾਣ ਅਭੀਜੀਤ ਕੁਮਾਰ ਪੁੱਤਰ ਅਸ਼ਵਨੀ ਕੁਮਾਰ ਵਾਸੀ ਪੱਖਰੀ ਜੰਡਿਆਲ ਥਾਣਾ ਨਰੋਟ ਪਠਾਨਕੋਟ ਅਤੇ ਆਸਮਦੀਨ ਪੁੱਤਰ ਮੁਰੀਦਦੀਨ ਵਾਸੀ ਪੰਡੋਰੀ ਜ਼ਿਲ੍ਹਾ ਕਠੂਆ ਜੰਮੂ ਕਸ਼ਮੀਰ ਵਜੋਂ ਹੋਈ ਹੈ।ਉਨ੍ਹਾਂ ਦੱਸਿਆ ਕਿ ਇਹ ਕਾਰਵਾਈ ਯੁੱਧ ਨਸ਼ਿਆਂ ਵਿਰੁੱਧ ਐੱਸਐੱਸਪੀ ਗੁਰਦਾਸਪੁਰ ਅਦਿਤਿਆ ਦੀ ਅਗਵਾਈ ਵਿੱਚ ਚੱਲ ਰਹੇ ਆਪਰੇਸ਼ਨ ਦਾ ਇੱਕ ਹਿੱਸਾ ਹੈ।

## ਭਾਅ ਜੀ ਗੁਰਸ਼ਰਨ ਸਿੰਘ ਦੇ ਜਨਮ ਦਿਹਾੜੇ 'ਤੇ ਸੰਖੇਪ ਸਮਾਗਮ 13 ਨੂੰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਵਿੱਚ ਹੜ੍ਹਾਂ ਦੀ ਕੁਦਰਤੀ ਆਫ਼ਤ ਦੀ ਮਾਰ ਅਤੇ ਪੰਜਾਬ ਸਰਕਾਰ ਵੱਲੋਂ ਇਸ ਦੀ ਰੋਕਥਾਮ ਲਈ ਅਗਾਊਂ ਪ੍ਰਬੰਧਾਂ ਵਿੱਚ ਦਿਖਾਈ ਘੋਰ ਲਾਪਰਵਾਹੀ ਕਾਰਨ ਹੋਈ ਤਬਾਹੀ ਦੀ ਮਾਰ ਝੱਲ ਰਹੇ ਪੰਜਾਬ ਦੇ ਲੱਖਾਂ ਲੋਕਾਂ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹੋਏ ਗੁਰਸ਼ਰਨ ਸਿੰਘ ਯਾਦਗਾਰ ਟਰੱਸਟ ਨੇ ਲੋਕ ਪੱਖੀ ਅਤੇ ਇਨਕਲਾਬੀ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਮਿਤੀ 13 ਸਤੰਬਰ ਨੂੰ ਵਿਰਸਾ ਵਿਹਾਰ ਦੇ ਸਮਾਗਮ ਦੀ ਥਾਂ ਉਨ੍ਹਾਂ ਦੇ ਜੱਦੀ ਘਰ ਵਿਖੇ ਇੱਕ ਸੰਖੇਪ ਸਮਾਗਮ ਕਰਨ ਦਾ ਫੈਸਲਾ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਸ਼ਰਨ ਸਿੰਘ ਵਿਰਾਸਤ ਸੰਭਾਲ ਕਮੇਟੀ ਦੇ ਕਨਵੀਨਰਾਂ ਡਾ. ਪਰਮਿੰਦਰ ਅਤੇ ਸ੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਦੱਸਿਆ ਕਿ ਵਿਰਸਾ ਵਿਹਾਰ ਵਿੱਚ ਸਮਾਗਮ ਦੀ ਬਜਾਏ ਹੁਣ 13 ਸਤੰਬਰ ਨੂੰ ਗੁਰਸ਼ਰਨ ਭਾਅ ਜੀ ਦੇ ਜਨਮ ਦਿਨ ਸੰਬੰਧੀ ਉਨ੍ਹਾਂ ਦੇ ਰਣਜੀਤਪੁਰਾ ਸਥਿਤ ਜੱਦੀ ਘਰ ਗੁਰੂ ਖਾਲਸਾ ਨਿਵਾਸ, ਅੰਮ੍ਰਿਤਸਰ ਵਿਖੇ ਇਕ ਸੰਖੇਪ ਸਮਾਗਮ ਹੋਵੇਗਾ ਜਿਸ ਵਿੱਚ ਜੇਐਨਯੂ ਦੇ ਪ੍ਰੋਫੈਸਰ ਅਤੇ ਨਾਮਵਰ ਚਿੰਤਕ ਡਾ. ਅਤੁਲ ਅਤੇ ਸਮਾਜਿਕ ਕਾਰਕੁਨ ਡਾ. ਨਵਸ਼ਰਨ, ਗੁਰਸ਼ਰਨ ਭਾਅ ਜੀ ਵੱਲੋਂ ਇਨਕਲਾਬੀ ਰੰਗ ਮੰਚ ਅਤੇ ਲੋਕ ਪੱਖੀ ਜਨਤਕ ਜਮਹੂਰੀ ਲਹਿਰਾਂ ਵਿੱਚ ਪਾਏ ਅਮੁੱਲੇ ਯੋਗਦਾਨ ਬਾਰੇ ਆਪਣੇ ਵਿਚਾਰ ਸਾਂਝੇ ਕਰਨਗੇ।ਇਸ ਮੌਕੇ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਮੰਚ ਰੰਗਮੰਚ ਦੀ ਟੀਮ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਜਾਣਗੇ।ਉਨ੍ਹਾਂ ਨੇ ਸਮੂਹ ਲੋਕ ਪੱਖੀ ਜਨਤਕ ਜਮਹੂਰੀ ਅਤੇ ਰੰਗ ਮੰਚ ਜੱਥੇਬੰਦੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ।

## ਰਾਹਤ ਸਮੱਗਰੀ ਪਹੁੰਚਾਉਣ ਦਾ ਕਾਰਜ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਜੰਗੀ ਪੱਧਰ 'ਤੇ ਜਾਰੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**
ਪੰਜਾਬ ਸਰਕਾਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਯਤਨ ਲਗਾਤਾਰ ਜਾਰੀ ਹਨ।ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚ ਕਰਕੇ ਲੋਕਾਂ ਨੂੰ ਰਾਹਤ ਸਮੱਗਰੀ ਦੀ ਵੰਡ ਕਰ ਰਹੀਆਂ ਹਨ।ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਜਿੱਥੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਸ਼ਨ, ਪੀਣ ਵਾਲਾ ਪਾਣੀ, ਦਵਾਈਆਂ, ਕੱਪੜੇ ਅਤੇ ਹੋਰ ਘਰੇਲੂ ਜ਼ਰੂਰਤ ਦਾ ਸਾਮਾਨ ਦਿੱਤਾ ਜਾ ਰਿਹਾ ਹੈ ਉਥੇ ਔਰਤਾਂ ਲਈ ਵਿਸ਼ੇਸ਼ ਤੌਰ ਤੇ ਸੈਨੇਟਰੀ ਪੈਡ ਵੀ ਵੰਡੇ ਜਾ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸਡੀਐੱਮ. ਡੇਰਾ ਬਾਬਾ ਨਾਨਕ ਡਾ. ਅਦਿੱਤਯ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਨੂੰ ਰਾਹਤ ਸਮੱਗਰੀ ਪਹੁੰਚਾਉਣ ਦਾ ਕੰਮ ਲਗਾਤਾਰ ਜਾਰੀ ਹੈ। ਹੁਣ ਤੱਕ ਔਰਤਾਂ ਨੂੰ 10000 ਤੋਂ ਵੱਧ ਸੈਨੇਟਰੀ ਪੈਡ ਵੰਡੇ ਜਾ ਚੁੱਕੇ ਹਨ।ਐੱਸਡੀਐੱਮ. ਡਾ. ਅਦਿੱਤਯ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੀ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਕੀਤੀ ਜਾ ਰਹੀ ਹੈ।ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਰਾਹਤ ਸਮੱਗਰੀ ਨੂੰ ਵੰਡਣ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਾਬਤਾ ਜ਼ਰੂਰ ਕਰਨ ਤਾਂ ਜੋ ਉਨ੍ਹਾਂ ਦੀ ਸੇਵਾ ਲੋੜਵੰਦਾਂ ਤੱਕ ਪਹੁੰਚ ਸਕੇ।ਉਨ੍ਹਾਂ ਕਿਹਾ ਕਿ ਸੇਵਾ ਸੰਸਥਾਵਾਂ ਜਾਂ ਕੋਈ ਵੀ ਵਿਅਕਤੀ ਆਪਣੀ ਸੇਵਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਰਦਾਸਪੁਰ ਦੇ ਪੰਚਾਇਤ ਭਵਨ ਵਿਖੇ ਸਥਾਪਿਤ ਕੀਤੇ ਜ਼ਿਲ੍ਹਾ ਪੱਧਰੀ ਸਹਾਇਤਾ ਕੇਂਦਰ ਜਾਂ ਸਬੰਧਿਤ ਇਲਾਕੇ ਦੇ ਐੱਸਡੀਐੱਮ ਨਾਲ ਸੰਪਰਕ ਕਰਕੇ ਉਨ੍ਹਾਂ ਰਾਹੀਂ ਵੀ ਦੇ ਸਕਦਾ ਹੈ।

## ਹੜ੍ਹਾਂ ਕਾਰਨ ਡਿੱਗੇ ਮਕਾਨਾਂ ਦੀ ਮੁੜ ਉਸਾਰੀ ਲਈ ਗਰਾਂਟ ਕੇਂਦਰ ਤਰਜੀਹੀ ਪੱਧਰ 'ਤੇ ਜਾਰੀ ਕਰੇ : ਅਰੁਣਾ ਚੌਧਰੀ

**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਵਿਧਾਇਕਾ ਅਰੁਣਾ ਚੌਧਰੀ ਨੇ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਅੱਗੇ ਹਲਕਾ ਦੀਨਾਨਗਰ ਦੇ ਲੋਕਾਂ ਦੀਆਂ ਅਹਿਮ ਮੰਗਾਂ ਰੱਖਦਿਆਂ ਇਨ੍ਹਾਂ ਨੂੰ ਜਲਦ ਪੂਰਾ ਕਰਨ ਲਈ ਵਿਸ਼ੇਸ਼ ਬੇਨਤੀ ਕੀਤੀ ਹੈ।ਉਨ੍ਹਾਂ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਨ ਲਈ ਹਲਕਾ ਦੀਨਾਨਗਰ ਵਿਖੇ ਪਹੁੰਚੇ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਨੂੰ ਦੱਸਿਆ ਕਿ ਇੱਥੇ ਹੜ੍ਹ ਕਾਰਨ ਬਹੁਤ ਸਾਰੇ ਪਰਿਵਾਰਾਂ ਦੇ ਕੱਚੇ ਘਰ ਢਹਿ ਗਏ ਹਨ ਅਤੇ ਲੋਕਾਂ ਨੂੰ ਰਹਿਣ ਲਈ ਘਰ ਨਾ ਹੋਣ ਕਾਰਨ ਬਹੁਤ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ ਜਿਸ ਕਾਰਨ ਉਹ ਅਪੀਲ ਕਰਦੇ ਹਨ ਕਿ ਅਜਿਹੇ ਪਰਿਵਾਰਾਂ ਨੂੰ ਮੁਆਵਜ਼ਾ ਪਹਿਲ ਦੇ ਆਧਾਰ 'ਤੇ ਦਿੱਤਾ ਜਾਵੇ।ਉਨ੍ਹਾਂ ਮੰਤਰੀ ਅੱਗੇ ਇਹ ਸੁਝਾਅ ਵੀ ਰੱਖਿਆ ਕਿ ਜਿਨ੍ਹਾਂ ਗਰੀਬ ਪਰਿਵਾਰਾਂ ਦੇ ਕੱਚੇ ਘਰਾਂ ਦੀ ਜੀਓ ਟੈਗਿੰਗ ਦੋ ਜਾਂ ਤਿੰਨ ਮਹੀਨੇ ਪਹਿਲਾਂ ਹੋਈ ਹੈ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਤਹਿਤ ਪਹਿਲ ਦੇ ਆਧਾਰ ਉਤੇ ਤਾਂ ਤੁਰੰਤ ਗਰਾਂਟਾਂ ਜਾਰੀ ਕਰਵਾਈਆਂ ਜਾਣ ਅਤੇ ਜਿਹੜੇ ਰਹਿ ਗਏ ਹਨ ਉਨ੍ਹਾਂ ਦਾ ਤੁਰੰਤ ਸਰਵੇ ਕਰਵਾ ਕੇ ਗਰਾਂਟਾਂ ਜਲਦ ਤੋਂ ਜਲਦ ਦਿਵਾਈਆਂ ਜਾਣ ਤਾਂ ਜੋ ਘਰਾਂ ਤੋਂ ਬੇਘਰ ਹੋ ਚੁੱਕੇ ਲੋਕ ਆਪਣਾ ਘਰ ਬਣਾ ਸਕਣ।ਇਸੇ ਤਰ੍ਹਾਂ ਵਿਧਾਇਕਾ ਅਰੁਣਾ ਚੌਧਰੀ ਨੇ ਇਲਾਕੇ ਅੰਦਰ ਫ਼ਸਲਾਂ ਅਤੇ ਪਸ਼ੂਆਂ ਤੋਂ ਇਲਾਵਾ ਹੋਰ ਮਾਲੀ ਨੁਕਸਾਨ ਲਈ ਵੀ ਜਲਦ ਰਿਲੀਫ਼ ਪੈਕੇਜ ਜਾਰੀ ਕਰਨ ਦੀ ਮੰਗ ਕੀਤੀ।



## ਮਾਣ ਧੀਆਂ ਦਾ ਤੇ ਸਮਾਜ ਭਲਾਈ ਸੋਸਾਇਟੀ ਵੱਲੋਂ ਪ੍ਰਿੰ. ਰਾਜੇਸ਼ ਪ੍ਰਭਾਕਰ ਸਨਮਾਨਿਤ

**ਅੰਮ੍ਰਿਤਸਰ (ਅਰੋੜਾ)**
ਸਮਾਜ ਸੇਵੀ ਸੰਸਥਾ ਮਾਣ ਧੀਆਂ ਦਾ ਅਤੇ ਸਮਾਜ ਭਲਾਈ ਸੋਸਾਇਟੀ ਰਜਿ. ਵੱਲੋਂ ਅਧਿਆਪਕ ਦਿਵਸ ਦੇ ਮੌਕੇ ਤੇ ਇੱਕ ਸਮਾਗਮ ਦਾ ਆਯੋਜਨ ਕਰਕੇ ਭਾਰਤ ਵਿਕਾਸ ਪਰਿਸ਼ਦ ਦੇ ਆਗੂ ਪ੍ਰਭਾਕਰ ਸਕੂਲ ਦੇ ਪ੍ਰਿੰ. ਰਾਜੇਸ਼ ਪ੍ਰਭਾਕਰ ਨੂੰ ਪਿੱਛਲੇ 60 ਸਾਲਾ ਤੋਂ ਸਿੱਖਿਆ ਜਗਤ ਅਤੇ ਖੇਡ ਜਗਤ ਵਿੱਚ ਆਪਣੀ ਸ਼ਲਾਘਾਯੋਗ ਸੇਵਾਵਾਂ ਦੇ ਚੱਲਦੇ ਸੰਸਥਾ ਦੇ ਚੇਅਰਮੈਨ ਰੋਟਰੀ ਦੇ ਸਾਬਕਾ ਸਹਾਇਕ ਗਵਰਨਰ ਹਰਦੇਸ਼ ਸ਼ਰਮਾ, ਪ੍ਰਧਾਨ ਗੁਰਿੰਦਰ ਸਿੰਘ ਮੱਟੂ ਅਤੇ ਇੰਟਰਨੈਸ਼ਨਲ ਸਾਈਕਲਿੰਗ ਖਿਡਾਰੀ ਬਾਵਾ ਸਿੰਘ ਸੰਧੂ ਉਰਫ਼ ਭੋਮਾ ਵੱਲੋਂ ਪ੍ਰਿੰ. ਪ੍ਰਭਾਕਰ ਨੂੰ ਸਨਮਾਨਿਤ ਕੀਤਾ ਗਿਆ।ਉਨ੍ਹਾਂ ਨੇ ਕਿਹਾ ਕਿ ਪ੍ਰਿੰ. ਰਾਜੇਸ਼ ਪ੍ਰਭਾਕਰ ਨੇ ਆਪਣੇ 36 ਸਾਲਾਂ ਦੇ ਕਾਰਜਕਾਲ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਆਤਮ ਨਿਰਭਰ ਅਤੇ ਕਾਮਯਾਬ ਬਣਾਉਣ ਵਿੱਚ ਖਾਸ ਭੂਮਿਕਾ ਨਿਭਾਈ।ਸਮਾਗਮ ਵਿੱਚ ਪ੍ਰਧਾਨ ਗੁਰਿੰਦਰ ਮੱਟੂ ਨੇ ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਦੇ ਅਧਿਆਪਕਾਂ ਨੂੰ ਦਿੱਤੇ ਗਏ ਯੋਗਦਾਨ ਦੇ ਬਾਰੇ ਜਾਣਕਾਰੀ ਦਿੱਤੀ।ਹਰਦੇਸ ਦਵੇਸਰ ਨੇ ਕਿਹਾ ਕਿ 5 ਸਤੰਬਰ ਨੂੰ ਮਨਾਇਆ ਜਾਣ ਵਾਲਾ ਅਧਿਆਪਕ ਦਿਵਸ ਡਾ. ਰਾਧਾ ਕ੍ਰਿਸ਼ਨਨ ਦੇ ਯਤਨ ਦਾ ਹੀ ਨਤੀਜਾ ਹੈ।ਪ੍ਰਿੰ. ਪ੍ਰਭਾਕਰ ਨੇ ਸੰਸਥਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਮੁੱਖ ਟੀਚਾ ਵਿਦਿਆਰਥੀਆਂ ਨੂੰ ਇੱਕ ਚੰਗੇ ਇਨਸਾਨ ਅਤੇ ਚੰਗੇ ਨਾਗਰਿਕ ਬਣਾਉਣਾ ਹੈ।ਇਸ ਮੌਕੇ ਖੇਤਰ ਦੇ ਪੰਤਵੰਤੇ ਸਤੀਸ਼ ਬੱਲੂ, ਬਾਵਾ ਸਿੰਘ ਸੰਧੂ, ਅਨੀਤਾ ਸ਼ਰਮਾ ਅਤੇ ਕ੍ਰਿਸ਼ਨਨ ਸਹਿਤ ਕਈ ਬੁੱਧੀਜੀਵੀ ਲੋਕ ਮੌਜੂਦ ਸਨ।



## ਐੱਨ ਆਰ ਆਈ ਮਲਵਿੰਦਰ ਸਿੰਘ ਮਾਨ ਕੈਨੇਡਾ ਵੱਲੋਂ ਹੜ੍ਹ ਪੀੜਤਾਂ ਲਈ ਪੰਝੀ ਹਜ਼ਾਰ ਦੀ ਸੇਵਾ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਪੰਜਾਬ ਦੇ ਬਹੁਤੇ ਹਿੱਸਿਆਂ ਵਿਚ ਇਸ ਵੇਲੇ ਵੱਡੇ ਪੱਧਰ ਤੇ ਹੜ੍ਹ ਆਏ ਹੋਏ ਹਨ। ਫਤਹਿਗੜ੍ਹ ਚੂੜੀਆਂ ਦੇ ਨਾਲ ਲੱਗਦੇ ਇਲਾਕਿਆਂ ਅਜਨਾਲਾ ਰਮਦਾਸ ਤੇ ਡੇਰਾ ਬਾਬਾ ਨਾਨਕ ਵਿੱਚ ਰਾਵੀ ਦਰਿਆ ਵਿਚ ਆਏ ਹੜ੍ਹ ਕਾਰਨ ਫਸਲਾਂ ਘਰਾਂ ਤੇ ਕਾਰੋਬਾਰਾਂ ਦਾ ਵੱਡੀ ਪੱਧਰ ਤੇ ਨੁਕਸਾਨ ਹੋਇਆ ਹੈ। ਇਸ ਔਖੇ ਸਮੇਂ ਸਮਾਜ ਸੇਵੀ ਸੰਸਥਾਵਾਂ ਤੇ ਪੰਜਾਬ ਦੇ ਐਨ ਆਰ ਆਈ ਭੈਣ ਭਰਾ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ। ਇੰਝ ਹੀ ਪਿੰਡ ਮਾਨ ਸੈਂਡਵਾਲ ਦੇ ਪਿਛੋਕੜ ਵਾਲੇ ਮਲਵਿੰਦਰ ਸਿੰਘ ਮਾਨ ਪਟਿਆਲਾ ਜੋ ਅੱਜਕੱਲ੍ਹ ਕੈਨੇਡਾ ਰਹਿ ਰਹੇ ਨੇ, ਉਹਨਾਂ ਵੱਲੋਂ ਪਿੰਡ ਮਾਨ ਸੈਂਡਵਾਲ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਪੰਝੀ ਹਜ਼ਾਰ ਰੁਪਏ ਦੀ ਸੇਵਾ ਭੇਜੀ ਹੈ। ਇਸ ਮੌਕੇ ਗੁਰਦੁਆਰਾ ਕਮੇਟੀ ਪ੍ਰਧਾਨ ਸੁਖਜਿੰਦਰ ਸਿੰਘ, ਗ੍ਰੰਥੀ ਬਾਬਾ ਬਲਦੇਵ ਸਿੰਘ, ਮਾਸਟਰ ਨਰਿੰਦਰ ਸਿੰਘ, ਹਰਵਿੰਦਰ ਸਿੰਘ ਰਾਗੀ, ਸੁਖਬੀਰ ਸਿੰਘ ਸੰਧੂ, ਜਸਦੇਵ ਮਾਨ, ਅਜੀਤ ਸਿੰਘ, ਗੁਰਦੇਵ ਸਿੰਘ, ਜਗਤਾਰ ਸਿੰਘ, ਅਮਰਜੀਤ ਸਿੰਘ ਆਦਿ ਹਾਜ਼ਰ ਸਨ।

## ਨੂੰਹ 3 ਲੱਖ ਰੁਪਏ ਨਗਦ ਤੇ ਸੋਨੇ ਦੇ ਗਹਿਣੇ ਲੈ ਕੇ ਫਰਾਰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**
ਥਾਣਾ ਕਾਦੀਆਂ ਅਧੀਨ ਪੈਂਦੇ ਪਿੰਡ ਕਾਹਲਵਾਂ ਦੇ ਵਿੱਚ ਨੂੰਹ ਪੂਰੇ ਪਰਿਵਾਰ ਨੂੰ ਦੁੱਧ ਵਿੱਚ ਕੋਈ ਨਸ਼ੀਲੀ ਚੀਜ਼ ਪਿਆ ਕੇ ਘਰੋਂ 3 ਲੱਖ ਰੁਪਏ ਨਗਦ ਅਤੇ ਸੋਨੇ ਦੀਆਂ ਚਾਰ ਮੁੰਦਰੀਆਂ ਲੈ ਕੇ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ।ਇਸ ਸਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਯੂਸਫ ਮਸੀਹ ਪੁੱਤਰ ਮਕਬੂਲ ਮਸੀਹ ਵਾਸੀ ਪਿੰਡ ਕਾਹਲਵਾਂ ਨੇ ਦੱਸਿਆ ਕਿ ਉਸ ਦੀ ਪਤਨੀ ਬੀਤੀ 3 ਤਰੀਕ ਦੀ ਰਾਤ ਨੂੰ ਪਰਿਵਾਰ ਨੂੰ ਨਸ਼ੀਲੀਆਂ ਗੋਲੀਆਂ ਦੁੱਧ ਵਿੱਚ ਮਿਲਾ ਕੇ ਪੂਰੇ ਪਰਿਵਾਰ ਨੂੰ ਦੁੱਧ ਪਿਲਾ ਕੇ ਘਰੋਂ ਅਲਮਾਰੀ ਵਿੱਚ ਰੱਖੇ ਕਰੀਬ 2 ਲੱਖ 60 ਹਜ਼ਾਰ ਰੁਪਏ ਅਤੇ ਦੂਸਰੀ ਅਲਮਾਰੀ ਵਿੱਚ ਰੱਖੇ ਕਰੀਬ 40 ਹਜ਼ਾਰ ਰੁਪਏ ਨਗਦ ਅਤੇ ਸੋਨੇ ਦੀਆਂ ਚਾਰ ਮੁੰਦਰੀਆਂ ਲੈ ਕੇ ਫਰਾਰ ਹੋ ਗਈ ਹੈ।ਸਾਰੀ ਸੀਸੀਟੀਵੀ ਫੁਟੇਜ ਉਨ੍ਹਾਂ ਦੇ ਘਰ ਦੇ ਬਾਹਰ ਲੱਗੇ ਕੈਮਰਿਆਂ ਵਿੱਚ ਕੈਦ ਹੋਈ ਹੈ।ਮਕਬੂਲ ਮਸੀਹ ਤੇ ਸਲਾਮਤ ਮਸੀਹ ਨੇ ਸਾਂਝੇ ਤੌਰ ਤੇ ਦੱਸਿਆ ਕਿ ਉਨ੍ਹਾਂ ਦੀ ਨੂੰਹ ਘਰ ਵਿੱਚੋਂ ਗਹਿਣੇ ਅਤੇ ਨਕਦੀ ਲੈ ਕੇ ਫਰਾਰ ਹੋਈ ਹੈ।ਉਨ੍ਹਾਂ ਨੇ ਪੁਲਸ ਨੂੰ ਸੂਚਿਤ ਕੀਤਾ ਹੈ ਪਰ ਦੋ ਦਿਨ ਬੀਤਣ ਦੇ ਬਾਵਜੂਦ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।ਉਹਨਾਂ ਨੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਨੂੰਹ ਦੇ ਖਿਲਾਫ ਚੋਰੀ ਦਾ ਮਾਮਲਾ ਦਰਜ ਕਰਕੇ ਉਸ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਅਤੇ ਉਧਰ ਦੂਜੇ ਪਾਸੇ ਜਦੋਂ ਇਸ ਮਾਮਲੇ ਸਬੰਧੀ ਪੁਲਸ ਥਾਣਾ ਕਾਦੀਆਂ ਦੇ ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਦੇ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸੰਬੰਧੀ ਜਾਂਚ ਚੱਲ ਰਹੀ ਹੈ।

## ਰਾਵੀ ਦੇ ਪਾਣੀ 'ਚ ਕਈ ਮੱਝਾਂ ਤੇ ਗਾਵਾਂ ਪਾਕਿਸਤਾਨ ਵੱਲ ਰੁੜ੍ਹ ਗਈਆਂ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਜ਼ਿਲ੍ਹੇ ਅੰਦਰ ਵਗਦੇ ਰਾਵੀ ਦਰਿਆ 'ਚ ਹੜ੍ਹ ਆਉਣ ਕਾਰਨ ਨੇੜਲੇ ਪਿੰਡ ਵਾਸੀਆਂ ਦਾ ਪ੍ਰਮਾਤਮਾ ਦੀ ਕਿਰਪਾ ਨਾਲ ਜਾਨੀ ਨੁਕਸਾਨ ਘੱਟ ਜਦੋਂ ਕਿ ਮਾਲੀ ਨੁਕਸਾਨ ਬਹੁਤ ਜ਼ਿਆਦਾ ਹੋਇਆ ਹੈ। ਹੜ੍ਹਾਂ ਕਾਰਨ ਲੋਕਾਂ ਦੀ ਜ਼ਮੀਨ ਵਿਚ ਤਿਆਰ ਫਸਲ ਬਰਬਾਦ ਹੋ ਗਈ ਹੈ ਉੱਥੇ ਹੀ ਘਰ ਵੀ ਤਬਾਹ ਹੋ ਗਏ ਹਨ। ਹੜ੍ਹਾਂ ਕਾਰਨ ਨੁਕਸਾਨ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਿਲ ਹੈ। ਇਸ ਸਭ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਦਰਿਆ ਕੰਢੇ ਵਸਦੇ ਪਿੰਡਾਂ ਦੇ ਲੋਕਾਂ ਦੇ ਪਸ਼ੂ ਦਰਿਆ ਰਾਵੀ ਵਿਚ ਰੁੜ੍ਹ ਕੇ ਪਾਕਿਸਤਾਨ ਵੱਲ ਚਲੇ ਗਏ ਹਨ ਜਿਸ ਦੀ ਵਾਪਸੀ ਲਈ ਭਾਰਤ ਸਰਕਾਰ ਨੂੰ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਇਨ੍ਹਾਂ ਪਸ਼ੂਆਂ ਵਿਚ ਜ਼ਿਆਦਾਤਰ ਕਿਸਾਨਾਂ ਦੀਆਂ ਮੱਝਾਂ ਅਤੇ ਗਾਵਾਂ ਹਨ, ਜਿਨ੍ਹਾਂ ਦਾ ਕਾਫੀ ਪਰਿਵਾਰ ਦੁੱਧ ਵੇਚ ਕੇ ਗੁਜ਼ਾਰਾ ਕਰਦੇ ਸਨ। ਹੁਣ ਉਹ ਲੋਕ ਨਿਹੱਥੇ ਹੋ ਗਏ ਹਨ ਅਤੇ ਰੋਜ਼ੀ ਰੋਟੀ ਕਮਾਉਣ ਦਾ ਜ਼ਰੀਆ ਵੀ ਖਤਮ ਹੋ ਗਿਆ ਹੈ। ਹੜ੍ਹ ਦਾ ਪਾਣੀ ਲੋਕਾਂ ਦੇ ਘਰਾਂ ਅੰਦਰ ਵੜਨ ਨਾਲ ਕਈ ਲੋਕਾਂ ਦੀ ਰਸੋਈ ਵਿਚ ਪਏ ਭਾਂਡੇ, ਪਸ਼ੂਆਂ ਦਾ ਸੁੱਕਾ ਚਾਰਾ ਜਿਵੇਂ ਤੂੜੀ, ਹਰਾ ਚਾਰਾ ਅਤੇ ਹੋਰ ਬਹੁਤ ਸਾਰਾ ਘਰ ਦਾ ਜ਼ਰੂਰੀ ਸਾਮਾਨ ਪਾਣੀ ਨਾਲ ਜਿਥੇ ਰੁੜ੍ਹ ਚੁੱਕਾ ਹੈ। ਪੀੜਤ ਲੋਕਾਂ ਦੀ ਸਰਕਾਰ ਪਾਸੋਂ ਮੰਗ ਹੈ ਕਿ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੱਝਾਂ, ਗਾਵਾਂ ਵਾਪਸ ਮੰਗਵਾਈਆਂ ਜਾਣ ਜਿਸ ਨਾਲ ਉਨ੍ਹਾਂ ਨੂੰ ਥੋੜ੍ਹੀ ਬਹੁਤੀ ਰਾਹਤ ਮਿਲ ਸਕੇ।


## ਜਦੋਂ ਤੱਕ ਹਾਲਾਤ ਸੁਖਾਵੇਂ ਨਹੀਂ ਹੁੰਦੇ ਹੜ੍ਹ ਪੀੜਤਾਂ ਦਾ ਮੁਫਤ ਇਲਾਜ ਜਾਰੀ ਰਹੇਗਾ : ਗੋਇਲ



**ਪੱਟੀ (ਬਲਦੇਵ ਸਿੰਘ ਸੰਧੂ)**-ਜਿਥੇ ਪੰਜਾਬ ਅੰਦਰ ਆਏ ਹੜ੍ਹਾਂ ਕਾਰਨ ਬੀਤੇ ਕਈ ਦਿਨਾਂ ਤੋਂ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਹੜ੍ਹ ਪੀੜ੍ਹਤਾਂ ਦੇ ਇਲਾਜ ਦੀ ਫਰੀ ਸਹੂਲਤ ਦਿੱਤੀ ਜਾ ਰਹੀ ਉਥੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਵੱਲੋਂ ਜਿਲ੍ਹੇ ਅੰਦਰ ਲਗਾਏ ਕੈਂਪਾਂ ਚ ਜਾ ਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਤਰਨ ਤਾਰਨ ਵੱਲੋਂ ਹੜ੍ਹ ਪੀੜਤਾਂ ਲਈ ਚਲਾਏ ਜਾ ਰਹੇ ਮੈਡੀਕਲ ਕੈਂਪ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਵਲਟੋਹਾ ਦੀ ਅਗਵਾਈ ਹੇਠ ਲਗਾਇਆ ਗਿਆ ਜਿਸ ਵਿੱਚ ਰੋਜ਼ਾਨਾ ਦੀ ਤਰਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਫ੍ਰੀ ਦਵਾਈਆਂ ਦਿੱਤੀਆਂ ਗਈਆਂ।ਅੱਜ ਦੇ ਕੈਂਪ ਦੌਰਾਨ ਡਾ. ਅਮਰਜੀਤ ਸਿੰਘ ਕੋਟਲੀ, ਡਾ. ਪ੍ਰਭਜੀਤ ਸਿੰਘ ਬਰਵਾਲਾ, ਡਾ. ਦਵਿੰਦਰ ਸਿੰਘ, ਡਾ. ਮਲਕੀਤ ਸਿੰਘ, ਡਾ. ਪਰਗਟ ਸਿੰਘ ਅਤੇ ਡਾ. ਸਿਮਰਨਜੀਤ ਸਿੰਘ ਆਦਿ ਸਾਥੀਆਂ ਨੇ ਆਪਣੀਆਂ ਸੇਵਾਵਾਂ ਨਿਭਾਈਆਂ।

## ਖਾਲਸਾ ਕਾਲਜ ਗਵਰਨਿੰਗ ਕੌਂਸਲ ਦਾ ਸਮਾਜ ਦੀ ਤਰੱਕੀ ਤੇ ਖੁਸ਼ਹਾਲੀ ਲਈ ਅਹਿਮ ਯੋਗਦਾਨ : ਡੀ ਸੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਇਤਿਹਾਸਕ ਖ਼ਾਲਸਾ ਕਾਲਜ ਅਤੇ ਖ਼ਾਲਸਾ ਕਾਲਜ ਪਬਲਿਕ ਸਕੂਲ ਜੀ. ਟੀ. ਰੋਡ ਵੱਲੋਂ ਸੂਬੇ 'ਚ ਕੁਦਰਤੀ ਕਰੋਪੀ ਕਾਰਨ ਹੜ੍ਹ ਦੀ ਮਾਰ ਹੇਠ ਆਏ ਪਿੰਡਾਂ ਦੇ ਵਸਨੀਕਾਂ ਦੀ ਸਹਾਇਤਾ ਲਈ ਕ੍ਰਮਵਾਰ ਚੈੱਕ ਅਤੇ ਰਾਹਤ ਸਮੱਗਰੀ ਰਾਹੀਂ ਯੋਗਦਾਨ ਪਾਇਆ ਗਿਆ। ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਅਜਨਾਲਾ ਵਿਖੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੂੰ 2 ਲੱਖ 35 ਹਜ਼ਾਰ ਦੇ ਕਰੀਬ ਦਾ ਚੈੱਕ ਅਤੇ ਸਕੂਲ ਪ੍ਰਿੰ. ਅਮਰਜੀਤ ਸਿੰਘ ਗਿੱਲ ਵੱਲੋਂ ਰਾਸ਼ਨ ਤੇ ਹੋਰ ਖਾਧ ਵਸਤੂਆਂ ਸਬੰਧੀ ਬੱਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਦੌਰਾਨ ਪ੍ਰਿੰ: ਡਾ. ਰੰਧਾਵਾ ਅਤੇ ਪ੍ਰਿੰ: ਸ: ਗਿੱਲ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੌਂਸਲ ਨੇ ਹਮੇਸ਼ਾਂ ਹੀ ਪੰਜਾਬ 'ਤੇ ਜਦ ਕਦੇ ਵੀ ਕਿਸੇ ਵੀ ਤਰ੍ਹਾਂ ਕੋਈ ਕੁਦਰਤੀ ਆਫ਼ਤ, ਬਿਪਤਾ ਆਦਿ ਔਖੀ ਘੜੀ ਆਈ ਤਾਂ ਸਮੂਹ ਮੈਨੇਜਮੈਂਟ ਨੇ ਹਮੇਸ਼ਾ ਹੀ ਅਗਾਂਹ ਕਦਮ ਪੁੱਟਦੇ ਹੋਏ ਮੁਸੀਬਤ 'ਚ ਆਏ ਲੋਕਾਂ ਹੀ ਹਮੇਸ਼ਾਂ ਬਾਂਹ ਫੜ੍ਹੀ। ਉਨ੍ਹਾਂ ਕਿਹਾ ਕਿ ਸੰਨ '47 ਦੀ ਵੰਡ ਦੌਰਾਨ ਖ਼ਾਲਸਾ ਕਾਲਜ ਨੇ ਆਪਣਾ ਅਹਿਮ ਰੋਲ ਅਦਾ ਕਰਦੇ ਹੋਏ ਪਾਕਿਸਤਾਨ ਤੋਂ ਆਏ ਹਿੰਦੂ-ਸਿੱਖ ਸ਼ਰਨਾਰਥੀਆਂ ਨੂੰ ਠਹਿਰਾਉਣ ਲਈ ਜਗ੍ਹਾ ਅਤੇ ਲੰਗਰ ਦੀ ਸੇਵਾ ਨਾਲ ਮਹੱਤਵਪੂਰਨ ਯੋਗਦਾਨ ਪਾਇਆ ਸੀ। ਇਸ ਦੌਰਾਨ ਡੀ. ਸੀ. ਸਾਹਨੀ ਨੇ ਹੜ੍ਹ ਪੀੜਤਾਂ ਲਈ ਦਿੱਤੇ ਗਏ ਸਹਿਯੋਗ ਸਬੰਧੀ ਸ: ਮਜੀਠੀਆ, ਸ: ਛੀਨਾ ਅਤੇ ਪ੍ਰਿੰ: ਡਾ. ਰੰਧਾਵਾ ਤੇ ਹੋਰਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਕਤ ਸੰਸਥਾ ਵੱਲੋਂ ਸਮਾਜ ਦੀ ਉਨਤੀ-ਤਰੱਕੀ ਅਤੇ ਦੇਸ਼ ਦੀ ਖੁਸ਼ਹਾਲੀ ਲਈ ਕੀਤੇ ਜਾਂਦੇ ਯਤਨਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਦੌਰਾਨ ਰਜਿਸਟਰਾਰ ਡਾ. ਦਵਿੰਦਰ ਸਿੰਘ, ਪ੍ਰੋ: ਹੀਰਾ ਸਿੰਘ, ਟੀਚਰ ਯੂਨੀਅਨ ਦੇ ਮੈਂਬਰ ਅਤੇ ਹੋਰ ਸਟਾਫ਼ ਮੌਜੂਦ ਸਨ।



## ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕਸਬਾ ਮਜੀਠਾ 'ਚ ਸਫਾਈ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਮਜੀਠਾ (ਸੋਇਮ ਆਨੰਦ)**-ਕਸਬਾ ਮਜੀਠਾ ਵਿਖੇ ਪਹੁੰਚ ਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕਸਬੇ ਦੇ ਵਿਕਾਸ ਅਤੇ ਸਫਾਈ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਮਜੀਠਾ ਕਸਬੇ 'ਚ ਸਫਾਈ ਅਤੇ ਵਿਕਾਸ ਦੀ ਗਤੀ ਨੂੰ ਪੂਰਾ ਤੇਜ਼ ਕੀਤਾ ਜਾਵੇਗਾ ਖਾਸ ਕਰਕੇ ਸਫਾਈ ਨੂੰ ਸਭ ਤੋਂ ਪਹਿਲੀ ਤਰਜੀਹ ਦਿੱਤੀ ਜਾਵੇਗੀ।ਕਸਬੇ ਦੇ ਸੀਵਰੇਜ ਸਿਸਟਮ ਵਿੱਚ ਆ ਰਹੀਆਂ ਅੜਚਣਾਂ ਨੂੰ ਦੂਰ ਕਰਨ ਲਈ ਨਗਰ ਪੰਚਾਇਤ ਰਈਆ ਵੱਲੋਂ ਵਿਸ਼ੇਸ਼ ਮਸ਼ੀਨ ਮੰਗਵਾਈ ਗਈ ਹੈ, ਜਿਸ ਨਾਲ ਸੀਵਰੇਜ ਦੀ ਬਲਾਕੇਜ ਨੂੰ ਹਟਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਬਰਸਾਤੀ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਬੀਤੇ ਦਿਨੀਂ ਮੰਗਵਾਇਆ ਗਿਆ ਡਿਸਪੋਜ਼ਲ ਪੰਪ ਅੱਜ ਇੱਕ ਦਿਨ ਚੱਲਿਆ, ਜਿਸ ਨਾਲ ਮਜੀਠੇ ਦੇ ਬਾਜ਼ਾਰਾਂ ਵਿੱਚੋਂ ਪਾਣੀ ਖਿੱਚ ਕੇ ਸੇਮ ਨਾਲੇ ਵਿੱਚ ਪਾਇਆ ਗਿਆ।ਇਸ ਨਾਲ ਵਪਾਰੀਆਂ ਅਤੇ ਨਿਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ।ਉਨ੍ਹਾਂ ਨੇ ਮਜੀਠਾ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕਸਬੇ ਵਿੱਚ ਸਫਾਈ ਜਾਂ ਹੋਰ ਪ੍ਰਬੰਧਾਂ ਸਬੰਧੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਸ ਨੂੰ ਤੁਰੰਤ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ।ਉਨ੍ਹਾਂ ਨੇ ਕਸਬੇ ਦੀ ਇੱਕ ਹੋਰ ਮੁੱਖ ਮੰਗ, ਇੱਕ ਸੁੰਦਰ ਪਾਰਕ ਦੀ ਬਣਾਉਣ ਸਬੰਧੀ ਕਿਹਾ ਕਿ ਮੁੱਖ ਮੰਤਰੀ ਨਾਲ ਗੱਲਬਾਤ ਕਰਕੇ ਜਲਦ ਹੀ ਢੁੱਕਵੀਂ ਜਗ੍ਹਾ ਦੀ ਚੋਣ ਕਰਕੇ ਮਜੀਠੇ ਵਿੱਚ ਇੱਕ ਸੋਹਣਾ ਪਾਰਕ ਬਣਾਇਆ ਜਾਵੇਗਾ।ਇਸ ਮੌਕੇ ਗਿੱਲ ਤੋਂ ਇਲਾਵਾ ਬਲਜਿੰਦਰ ਸਿੰਘ ਛੀਨਾ, ਕੌਂਸਲਰ ਪਿੰਕਾ ਮਜੀਠਾ, ਰਜੇਸ਼ ਕੁਮਾਰ, ਬਿਕਰਮ, ਕਮਲ ਤੇ ਹਾਜ਼ਰ ਮਜੀਠਾ ਵਾਸੀਆਂ ਨੇ ਇਨ੍ਹਾਂ ਯਤਨਾਂ ਦੀ ਸਰਾਹਨਾ ਕੀਤੀ।

## ਜਦ ਤੱਕ ਹੜ੍ਹਾਂ ਦਾ ਪਾਣੀ ਸੁੱਕ ਨਹੀਂ ਜਾਂਦਾ ਕਿਸਾਨਾਂ ਦੀ ਮਦਦ ਜਾਰੀ ਰੱਖਾਂਗੇ : ਨਵਤੇਜ ਸਿੰਘ ਅਮਰਕੋਟ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਜੰਡਿਆਲਾ ਗੁਰੂ ਦੇ ਪਿੰਡ ਅਮਰਕੋਟ ਤੋਂ ਕਾਂਗਰਸ ਪਾਰਟੀ ਦੇ ਯੂਥ ਵਿੰਗ ਦੇ ਸੀਨੀਅਰ ਜਨਰਲ ਸਕੱਤਰ ਨਵਤੇਜ ਸਿੰਘ ਹੜ੍ਹ ਪੀੜਤ ਪਰਿਵਾਰਾਂ ਲਈ ਹਰ ਰੋਜ਼ ਕਿਸੇ ਨਾ ਕਿਸੇ ਤਰ੍ਹਾਂ ਕਿਸਾਨਾਂ ਦੀ ਮੱਦਦ ਲਈ ਕੋਈ ਨਾ ਕੋਈ ਚੀਜ਼ ਲੈ ਕੇ ਪਿੰਡ ਪਿੰਡ ਜਾ ਰਹੇ ਹਨ। ਹੜ੍ਹਾਂ ਦੀ ਮਾਰ ਹੇਠ ਆਏ ਅਨੇਕਾਂ ਪਿੰਡਾਂ ਲਈ ਰਾਹਤ ਦੇ ਕੰਮ ਵਿੱਚ ਸਮਾਜ ਸੇਵੀ ਜਥੇਬੰਦੀਆਂ ਅਤੇ ਨਾਮੀ ਸ਼ਖਸ਼ੀਅਤਾਂ ਆਪਣਾ ਯੋਗਦਾਨ ਪਾ ਰਹੀਆਂ ਹਨ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਨਵਤੇਜ ਸਿੰਘ ਅਮਰਕੋਟ ਨੇ ਕਿਹਾ ਕਿ ਪੰਜਾਬ ਗੁਰੂਆਂ ਦੇ ਨਾਂਅ 'ਤੇ ਵੱਸਦਾ ਹੈ ਅਤੇ ਸਾਰੇ ਪੰਜਾਬੀ ਇਸ ਦੁੱਖ ਨੂੰ ਆਪਣੇ ਦੁੱਖ ਵਜੋਂ ਦੇਖ ਰਹੇ ਹਨ, ਸੋ ਅਸੀਂ ਆਪਣਾ ਫਰਜ਼ ਪਛਾਣਦੇ ਹੋਏ ਹਰ ਥਾਂ ਪਹੁੰਚਦੇ ਹਾਂ ਤੇ ਕਿਸੇ ਉਤੇ ਅਹਿਸਾਨ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਤਾਂ ਕੇਵਲ ਇੱਕ ਜ਼ਰੀਆ ਹਾਂ, ਅਸੀਂ ਪ੍ਰਮਾਤਮਾ ਅੱਗੇ ਸਰਬੱਤ ਦੇ ਭਲੇ ਲਈ ਅਰਦਾਸ ਕਰਦੇ ਹਾਂ ਤੇ ਪੰਜਾਬ ਨੂੰ ਫਿਰ ਖੁਸ਼ਹਾਲ ਤੇ ਹਰਿਆ ਭਰਿਆ ਦੇਖਣਾ ਚਾਹੁੰਦੇ ਹਾਂ।ਇਸ ਮੌਕੇ ਉਨ੍ਹਾਂ ਨਾਲ ਸਾਥੀ ਮਨਦੀਪ ਸਿੰਘ ਬਾਦਲ, ਕੈਪਟਨ ਭੁਪਿੰਦਰ ਸਿੰਘ, ਸੁਖਬੀਰ ਸਿੰਘ, ਮੇਜਰ ਸਿੰਘ, ਬਲਰਾਜ ਸਿੰਘ ਮੈਸਮਪੁਰ, ਅਮਰੀਕ ਰਾਮ, ਜੋਬਨ ਸਿੰਘ ਆਦਿ ਹਾਜ਼ਰ ਸਨ।



## ਹੜ੍ਹਾਂ ਨਾਲ ਨਹਿਰਾਂ 'ਚ ਡਿੱਗੇ ਰੁੱਖ ਬਾਹਰ ਕੱਢਣ ਦੀ ਮੰਗ

**ਗੁਰਦਾਸਪੁਰ, (ਜਨਕ ਮਹਾਜਨ)**-ਅਪਰ ਬਾਰੀ ਦੁਆਬ ਤੇ ਕਸੂਰ ਬਰਾਂਚ ਵਿਚ ਨਹਿਰ ਕੰਢੇ ਲੱਗੇ ਰੁੱਖ ਪਾਣੀ ਦੀ ਖੋਰ ਲੱਗਣ ਨਾਲ ਨਹਿਰਾਂ ਵਿਚ ਡਿੱਗੇ ਪਏ ਹਨ ਜਿਨ੍ਹਾਂ ਨੂੰ ਚੁਕਵਾਉਣ ਵਾਸਤੇ ਨਹਿਰੀ ਵਿਭਾਗ ਗੁਰਦਾਸਪੁਰ ਵੱਲੋਂ ਕੋਈ ਵੀ ਉਪਰਾਲਾ ਨਹੀਂ ਕੀਤਾ ਜਾ ਰਿਹਾ। ਪਿੰਡ ਭੰਧੇਰ, ਬੱਬੇਹਾਲੀ ਦੇ ਹੋਰ ਡੇਰਿਆਂ ਵਿਚ ਵੱਸਦੇ ਲੋਕਾਂ ਨੇ ਦੱਸਿਆ ਕਿ ਨਹਿਰਾਂ ਵਿਚ ਡੈਮਾਂ ਦਾ ਜ਼ਿਆਦਾਤਰ ਪਾਣੀ ਛੱਡਣ ਨਾਲ ਨਹਿਰਾਂ ਨੂੰ ਪੂਰੀਆਂ ਭਰੀਆਂ ਹੋਈਆਂ ਹਨ, ਜਿਹੜੇ ਦਰੱਖਤ ਨਹਿਰਾਂ ਕੰਢੇ 'ਤੇ ਲੱਗੇ ਹੋਏ ਸਨ, ਉਹ ਪਾਣੀ ਦੇ ਖੋਰ ਕਾਰਨ ਨਹਿਰਾਂ ਵਿਚ ਡਿੱਗ ਪਏ ਹਨ। ਲੋਕਾਂ ਨੇ ਦੱਸਿਆ ਕਿ ਜਦੋਂ ਨਹਿਰਾਂ ਵਿਚ ਮਹਿਕਮੇ ਵਲੋਂ ਅਚਾਨਕ ਪਾਣੀ ਛੱਡਿਆ ਜਾਂਦਾ ਹੈ ਤਾਂ ਨਹਿਰ ਕੰਢੇ ਲੱਗੇ ਰੁੱਖਾਂ ਨਾਲ ਪਾਣੀ ਦੀ ਡਾਫ ਲੱਗ ਜਾਂਦੀ ਹੈ ਅਤੇ ਉਹ ਨਹਿਰਾਂ ਦੇ ਕੰਢਿਆਂ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਉਨ੍ਹਾਂ ਕਿਹਾ ਕਿ ਮਹਿਕਮੇ ਵੱਲੋਂ ਇਨ੍ਹਾਂ ਰੁੱਖਾਂ ਨੂੰ ਨਾ ਚੁੱਕਣ ਕਾਰਨ ਸਰਕਾਰ ਨੂੰ ਵੀ ਕਾਫ਼ੀ ਨੁਕਸਾਨ ਹੁੰਦਾ ਹੈ ਅਤੇ ਇਹ ਰੁੱਖ ਇਸੇ ਤਰ੍ਹਾਂ ਪਏ ਰਹਿੰਦੇ ਹਨ। ਇਲਾਕੇ ਦੇ ਲੋਕਾਂ ਤੇ ਮੋਹਤਬਰ ਵਿਅਕਤੀਆਂ ਨੇ ਨਹਿਰੀ ਵਿਭਾਗ ਗੁਰਦਾਸਪੁਰ ਦੇ ਉਚ ਅਧਿਕਾਰੀਆਂ ਪਾਸੋਂ ਮੰਗ ਕੀਤੀ ਕਿ ਨਹਿਰਾਂ ਵਿਚ ਡਿੱਗੇ ਦਰੱਖਤ ਫੌਰੀ ਤੌਰ 'ਤੇ ਚੁਕਵਾਏ ਜਾਣ ਜਿਸ ਨਾਲ ਨਹਿਰਾਂ ਦਾ ਨੁਕਸਾਨ ਹੋਣ ਤੋਂ ਬਚਾ ਹੋ ਸਕੇ।



## ਬੀਏ/ਬੀ ਐੱਸ ਸੀ ਛੇਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਹਿੰਦੂ ਕੰਨਿਆ ਮਹਾਂ ਵਿਦਿਆਲਾ ਧਾਰੀਵਾਲ ਦਾ ਬੀਏ/ਬੀਐੱਸਸੀ ਛੇਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਸਬੰਧੀ ਕਾਲਜ ਪ੍ਰਿੰ. ਡਾ. ਰਜਵਿੰਦਰ ਕੌਰ ਨੇ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀਏ/ਬੀਐੱਸਸੀ ਛੇਵੇਂ ਸਮੈਸਟਰ ਦਾ ਨਤੀਜੇ ਵਿੱਚ ਉਨ੍ਹਾਂ ਦੀ ਸੰਸਥਾ ਹਿੰਦੂ ਕੰਨਿਆ ਮਹਾਂ ਵਿਦਿਆਲਾ ਧਾਰੀਵਾਲ ਦੀ ਵਿਦਿਆਰਥਣ ਤਰਨਜੀਤ ਕੌਰ ਨੇ 76.95% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਯੂਨੀਵਰਸਿਟੀ ਦੀ ਮੈਰਿਟ ਵਿੱਚ 27ਵਾਂ ਸਥਾਨ, ਨਵਜੋਤ ਕੌਰ ਗਿੱਲ ਨੇ 75.41% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਸਰਾ ਅਤੇ ਯੂਨੀਵਰਸਿਟੀ ਦੀ ਮੈਰਿਟ ਵਿੱਚ 54 ਵਾਂ ਸਥਾਨ ਪ੍ਰਾਪਤ ਕੀਤਾ। ਇਸੇ ਹੀ ਤਰ੍ਹਾਂ ਨਿਸ਼ਾ ਨੇ 71.9% ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਤੋਂ ਇਲਾਵਾ ਵੀ ਸਾਰੀਆਂ ਵਿਦਿਆਰਥਣਾਂ ਚੰਗੇ ਅੰਕ ਲੈ ਕੇ ਪਾਸ ਹੋਈਆਂ ਹਨ। ਇਸ ਸ਼ਾਨਦਾਰ ਨੀਤਜੇ 'ਤੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐੱਨ. ਡੀ. ਅਨੰਦ, ਸਕੱਤਰ ਰਮੇਸ਼ ਕੋਹਲੀ ਅਤੇ ਪ੍ਰਿੰ. ਡਾ. ਰਜਵਿੰਦਰ ਕੌਰ ਨੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਉਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਐੱਨਜੀਓ ਉਡਾਣ ਵੱਲੋਂ ਹੜ੍ਹ ਪੀੜਤਾਂ ਲਈ ਸੁਹਿਰਦ ਉਪਰਾਲਾ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਐੱਨ. ਜੀ. ਓ. ਉਡਾਣ (ਯੂਨੀਵਰਸਲ ਡਿਵੈਲਪਮੈਂਟ ਐਂਡ ਅਵੇਰਨੈੱਸ ਆਫ ਨੇਸ਼ਨ, ਗੁਰਦਾਸਪੁਰ) ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਪਿੰਡਾ ਵਿੱਚ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਇਕ ਵੱਡਾ ਕਦਮ ਚੁੱਕਿਆ ਗਿਆ ਹੈ। ਉਡਾਂ ਦੇ ਪ੍ਰਬੰਧਕ ਬੀ. ਐੱਸ. ਉੱਪਲ ਨੇ ਸੰਸਥਾ ਦੇ ਮੈਂਬਰਾਂ ਦੇ ਨਾਲ ਪਿੰਡ ਰਮਦਾਸ, ਅਜਨਾਲਾ ਸਮੇਤ ਹਲਕਾ ਡੇਰਾ ਬਾਬਾ ਨਾਲਕ ਦੇ ਹੋਰ ਪਿੰਡਾਂ ਵਿਚ ਮਿਲ ਕੇ ਹੜ੍ਹ ਪੀੜਤ ਨੂੰ ਖਾਣ-ਪੀਣ ਦਾ ਸਾਮਾਨ ਅਤੇ ਹੋਰ ਜ਼ਰੂਰੀ ਵਸਤਾਂ ਸ਼ਾਮਲ ਹਨ।ਇਸ ਮੌਕੇ ਪ੍ਰਬੰਧਕ ਬੀ. ਐੱਸ. ਉੱਪਲ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਗਿਣਤੀ ਵਿੱਚ ਅੱਗੇ ਆ ਕੇ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ।ਇਸ ਨਾਲ ਹੋਰਾ ਨੂੰ ਵੀ ਪ੍ਰੇਰਣਾ ਮਿਲੇਗੀ ਕਿ ਉਹ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਉਣ ਅਸੀਂ ਸਾਰੇ ਮਿਲ ਕੇ ਇਸ ਸੰਕਟ ਤੋਂ ਪਾਰ ਪਾ ਲਵਾਂਗੇ।

## ਪੰਜਾਬ ਸਰਕਾਰ ਵੱਲੋਂ ਰਾਹਤ ਕਾਰਜਾਂ ਦੀ ਲਗਾਤਾਰ ਸਮੀਖਿਆ ਕੀਤੀ ਜਾ ਰਹੀ: ਸ਼ੈਰੀ ਕਲਸੀ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ ਹੜ ਪ੍ਰਭਾਵਿਤ ਹਰੇਕ ਲੋੜਵੰਦ ਪਰਿਵਾਰ ਤੱਕ ਰਾਹਤ ਸਮੱਗਰੀ ਪਹੁੰਚਾ ਰਹੀ ਹੈ ਅਤੇ ਲਗਾਤਾਰ ਰਾਹਤ ਕਾਰਜਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ।ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਵਿਧਾਇਕ ਸ਼ੈਰੀ ਕਲਸੀ ਨੇ ਆਖਿਆ ਕਿ ਇਹ ਇੱਕ ਕੁਦਰਤੀ ਕਰੋਪੀ ਹੈ, ਲੇਕਿਨ ਇਸ ਔਖੇ ਸਮੇਂ ਵਿੱਚ ਸਰਕਾਰ ਆਪਣੇ ਲੋਕਾਂ ਦਾ ਡੱਟ ਕੇ ਸਾਥ ਦੇ ਰਹੀ ਹੈ ।ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਪ੍ਰਸ਼ਾਸਨ ਦੀਆਂ ਸਾਰੀਆਂ ਟੀਮਾਂ ਨੂੰ ਸਖਤ ਹਦਾਇਤ ਕੀਤੀ ਗਈ ਹੈ ਕਿ ਪ੍ਰਭਾਵਿਤ ਇਲਾਕਿਆਂ ਵਿੱਚੋਂ ਲੋਕਾਂ ਲਈ ਰਾਹਤ ਕਾਰਜ ਅਤੇ ਰਾਹਤ ਸਮੱਗਰੀ ਦੇਣ ਵਿੱਚ ਲਗਾਤਾਰਤਾ ਬਣਾ ਕੇ ਰੱਖੀ ਜਾਵੇ।ਉਨ੍ਹਾਂ ਨੇ ਕਿਹਾ ਕਿ ਪੀੜਤ ਪਰਿਵਾਰਾਂ ਤੱਕ ਰਾਸ਼ਨ ਅਤੇ ਉਨਾਂ ਦੇ ਜਾਨਵਰਾਂ ਲਈ ਕੈਟਲ ਫੀਡ ਕਿਸ਼ਤੀਆਂ ਰਾਹੀਂ ਵੀ ਅੰਦਰਲੇ ਪਿੰਡਾਂ ਤੱਕ ਭੇਜੀ ਜਾ ਰਹੀ ਹੈ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਰਾਹਤ ਕੈਂਪ ਕਾਰਜਸ਼ੀਲ ਹਨ।ਉਨ੍ਹਾਂ ਨੇ ਕਿਹਾ ਕਿ ਰਾਹਤ ਕੈਂਪਾਂ ਵਿੱਚ ਆਏ ਸਾਰੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਸਾਰੀਆਂ ਬੁਨਿਆਦੀ ਜ਼ਰੂਰਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।



## ਵਿਨੈ ਚੌਧਰੀ ਨੇ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਨਾਲ ਕੀਤੀ ਮੁਲਾਕਾਤ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਕਈ ਘਰ ਅਤੇ ਖੇਤਾਂ ਨੂੰ ਨੁਕਸਾਨ ਪਹੁੰਚਿਆ ਹੈ, ਕਈ ਲੋਕਾਂ ਦੀ ਜਾਨ ਚਲੀ ਗਈ ਹੈ ਅਤੇ ਪਸ਼ੂ ਪਾਣੀ ਦੀ ਚਪੇਟ ਵਿੱਚ ਆਉਣ ਕਾਰਨ ਮਰ ਗਏ ਹਨ, ਜਿਸ ਦੇ ਚਲਦਿਆਂ ਬੁੱਧੀਜੀਵੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਵਿਨੈ ਚੌਧਰੀ ਨੇ ਦਿੱਲੀ ਵਿਖੇ ਕੇਂਦਰੀ ਮੰਤਰੀ ਸਿਵਰਾਜ ਚੌਹਾਨ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਦੇ ਹਾਲਾਤ ਬਾਰੇ ਜਾਣੂ ਕਰਵਾਇਆ।ਵਿਨੈ ਚੌਧਰੀ ਨੇ ਕਿਹਾ ਕਿ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਲੱਗਭੱਗ 3 ਲੱਖ ਲੋਕ ਪ੍ਰਭਾਵਿਤ ਹੋਏ ਹਨ ਜਿਸ ਨਾਲ ਪੰਜਾਬ ਦੇ ਲੋਕਾਂ ਦਾ ਵੱਡਾ ਨੁਕਸਾਨ ਹੋ ਗਿਆ ਹੈ। ਉਹ ਕੇਂਦਰ ਸਰਕਾਰ ਤੋਂ ਵੱਡੇ ਪੈਕੇਜ ਦੀ ਉਮੀਦ ਕਰਦੇ ਹਨ।ਕੇਂਦਰੀ ਮੰਤਰੀ ਚੌਹਾਨ ਨੇ ਕਿਹਾ ਕਿ ਉਹ ਪੰਜਾਬ ਦੀ ਪੂਰੀ ਸਥਿਤੀ ਤੋਂ ਜਾਣੂ ਹਨ।ਇਸ ਸਥਿਤੀ ਨੂੰ ਕੇਂਦਰ ਸਰਕਾਰ ਦੇ ਸਾਹਮਣੇ ਰੱਖਿਆ ਹੈ ਅਤੇ ਕੇਂਦਰ ਸਰਕਾਰ ਜਲਦੀ ਹੀ ਪੰਜਾਬ ਲਈ ਇੱਕ ਵੱਡਾ ਪੈਕੇਜ ਜਾਰੀ ਕਰੇਗੀ।



# ਫ਼ਾਜ਼ਿਲਕਾ ਜ਼ਿਲ੍ਹੇ 'ਚ ਰਾਹਤ ਸਮੱਗਰੀ ਵੰਡਣ ਦਾ ਤੀਜਾ ਗੇੜ ਸ਼ੁਰੂ

* ਪੰਜਾਬ ਸਰਕਾਰ ਹੜ੍ਹ ਪੀੜਤਾਂ ਦੀ ਹਰ ਪ੍ਰਕਾਰ ਦੀ ਕਰ ਰਹੀ ਹੈ ਮਦਦ : ਸੌਂਦ
* ਕੇਂਦਰ ਸਰਕਾਰ ਦੇ ਵਤੀਰੇ ਦੀ ਨਿੰਦਾ



**ਜਲਾਲਾਬਾਦ, (ਜੀਤ ਕੁਮਾਰ)** : ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਪੱਧਰ 'ਤੇ ਹਰ ਪ੍ਰਕਾਰ ਦੀ ਰਾਹਤ ਪਹੁੰਚਾ ਰਹੀ ਹੈ, ਜਦਕਿ ਕੇਂਦਰ ਸਰਕਾਰ ਦਾ ਲਗਾਤਾਰ ਮਤਰੇਈ ਮਾਂ ਵਾਲਾ ਸਲੂਕ ਜਾਰੀ ਹੈ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਹੋਵੇ ਤੇ ਚਾਹੇ ਦੇਸ਼ ਦੇ ਅਨਾਜ ਭੰਡਾਰ ਭਰਨੇ ਹੋਣ, ਪੰਜਾਬ ਹਮੇਸ਼ਾ ਦੇਸ਼ ਲਈ ਅੱਗੇ ਹੋ ਕੇ ਖੜਦਾ ਹੈ, ਪਰ ਅੱਜ ਜਦ ਪੰਜਾਬ ਨੂੰ ਲੋੜ ਪਈ ਤਾਂ ਕੇਂਦਰ ਸਰਕਾਰ ਪੰਜਾਬ ਦੀ ਮਦਦ ਕਰਨ ਤੋਂ ਪੱਲਾ ਝਾੜ ਰਹੀ ਹੈ।

ਇਸ ਦੌਰਾਨ ਉਨ੍ਹਾਂ ਫਾਜ਼ਿਲਕਾ ਜ਼ਿਲ੍ਹੇ ਵਿੱਚ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਰਾਹਤ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਵੰਡਣ ਦਾ ਤੀਜਾ ਗੇੜ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਜ਼ਿਲ੍ਹੇ ਦੇ 40 ਪਿੰਡ ਪ੍ਰਭਾਵਿਤ ਹਨ ਤੇ 24,930 ਆਬਾਦੀ 'ਤੇ ਇਸ ਹੜ੍ਹ ਦਾ ਅਸਰ ਪਿਆ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਪੰਜਾਬ ਸਰਕਾਰ ਦੀਆਂ ਟੀਮਾਂ ਵੱਲੋਂ 4202 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ ਤੇ ਇਨ੍ਹਾਂ ਵਿੱਚੋਂ 2553 ਲੋਕਾਂ ਨੇ ਰਾਹਤ ਕੈਂਪਾਂ ਵਿੱਚ ਸ਼ਰਨ ਲਈ ਹੈ। ਉਨ੍ਹਾਂ ਕਿਹਾ ਕਿ ਰਾਹਤ ਕੈਂਪਾਂ ਵਿੱਚ ਇਹ ਲੋਕ ਆਪਣੇ ਨਾਲ 1226 ਜਾਨਵਰ ਵੀ ਲੈ ਕੇ ਆਏ ਹਨ। ਜ਼ਿਲ੍ਹੇ ਵਿੱਚ ਕੁੱਲ 30 ਰਾਹਤ ਕੈਂਪ ਬਣਾਏ ਗਏ ਹਨ, ਜਿਨ੍ਹਾਂ ਵਿੱਚੋਂ ਫਿਲਹਾਲ 14 ਕੈਂਪ ਕਾਰਜਸ਼ੀਲ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 6185 ਪਰਵਾਰ ਪ੍ਰਭਾਵਿਤ ਹੋਏ ਹਨ। ਉਨ੍ਹਾਂ ਆਖਿਆ ਕਿ ਰਾਹਤ ਕਾਰਜਾਂ ਵਿੱਚ ਐੱਨ ਡੀ ਆਰ ਐੱਫ ਦੀਆਂ ਚਾਰ, ਆਰਮੀ ਦੀਆਂ ਦੋ ਤੇ ਬੀਐਸਐਫ ਦੀ ਇੱਕ ਟੀਮ ਕਾਰਜਸ਼ੀਲ ਹੈ। ਉਨ੍ਹਾਂ ਆਖਿਆ ਕਿ ਹੁਣ ਤੱਕ 8599 ਰਾਸ਼ਨ ਕਿੱਟਾਂ ਲੋਕਾਂ ਨੂੰ ਤਕਸੀਮ ਕੀਤੀਆਂ ਗਈਆਂ ਹਨ, ਜਦਕਿ ਲਗਭਗ 5 ਹਜ਼ਾਰ ਥੈਲੇ ਕੈਟਲ ਫੀਡ ਲੋਕਾਂ ਨੂੰ ਉਨ੍ਹਾਂ ਦੇ ਦੁਧਾਰੂ ਜਾਨਵਰਾਂ ਲਈ ਵੰਡੀ ਗਈ ਹੈ। ਬਾਰਸ਼ ਤੋਂ ਬਚਾਓ ਲਈ 3715 ਤਰਪਾਲਾਂ ਵੀ ਪ੍ਰਭਾਵਿਤ ਖੇਤਰਾਂ ਵਿੱਚ ਪੰਜਾਬ ਸਰਕਾਰ ਵੱਲੋਂ ਵੰਡੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ 38 ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ, ਇਸ ਤੋਂ ਬਿਨਾਂ ਵੈਟਰਨਰੀ ਵਿਭਾਗ ਦੀਆਂ 28 ਟੀਮਾਂ ਲੱਗੀਆਂ ਹੋਈਆਂ ਹਨ। ਇਸ ਮੌਕੇ ਉਨ੍ਹਾਂ ਨਾਲ ਫਾਜ਼ਿਲਕਾ ਦੇ ਐੱਮਐੱਲਏ ਨਰਿੰਦਰ ਪਾਲ ਸਿੰਘ ਸਵਨਾ, ਬੱਲੂਆਨਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀਪੀ ਪ੍ਰਧਾਨ ਐੱਸਸੀ ਵਿੰਗ, ਚੁਸਪਿੰਦਰ ਸਿੰਘ ਚਾਹਲ, ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ, ਐੱਸਐੱਸਪੀ ਗੁਰਮੀਤ ਸਿੰਘ ਤੇ ਹੋਰ ਅਧਿਕਾਰੀ ਹਾਜ਼ਰ ਸਨ।

## ਸ਼੍ਰੋਮਣੀ ਜਰਨੈਲ ਬਾਬਾ ਜੀਵਨ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਧੂਰੀ (ਬਿੰਨੀ ਗਰਗ)**-ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੇ ਮੁੱਖ ਦਫਤਰ ਧੂਰੀ ਵਿਖੇ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ।ਬਾਬਾ ਜੀਵਨ ਸਿੰਘ ਜੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਆਏ ਸਨ।ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਪਣੇ ਗਲ ਨਾਲ ਲਾਇਆ ਤੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਖਿਤਾਬ ਦਿੱਤਾ।ਬਾਬਾ ਜੀਵਨ ਸਿੰਘ ਜੀ ਦਸਵੇਂ ਪਾਤਸ਼ਾਹ ਦੀਆਂ ਫੌਜਾਂ ਦੇ ਸ਼੍ਰੋਮਣੀ ਜਰਨੈਲ ਸਨ।ਬਾਬਾ ਜੀਵਨ ਸਿੰਘ ਜੀ ਨੇ ਆਪਣਾ ਸਾਰਾ ਸਰਬੰਸ ਸਿੱਖ ਪੰਥ ਲਈ ਵਾਰ ਦਿੱਤਾ ਤੇ ਅੰਤ ਵਿੱਚ ਆਪ ਵੀ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ, ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਤੱਕ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਜਨਮ ਦਿਹਾੜੇ ਦੀ ਸਰਕਾਰੀ ਛੁੱਟੀ ਨਹੀਂ ਕੀਤੀ।ਇਸ ਮੌਕੇ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੇ ਕੌਮੀ ਪ੍ਰਧਾਨ ਵਿੱਕੀ ਪਰੋਚਾ ਧੂਰੀ, ਲੈਫਟੀਨੈਂਟ ਦਰਸ਼ਨ ਸਿੰਘ ਮੀਤ ਪ੍ਰਧਾਨ, ਅਜੇ ਪਰੋਚਾ ਐੱਮ ਸੀ, ਰਾਜਿੰਦਰ ਸਿੰਘ, ਸਤਵਿੰਦਰ ਸਿੰਘ ਤੇ ਹੋਰ ਮੈਂਬਰ ਹਾਜ਼ਰ ਸਨ।

# ਭਾਕਿਯੂ ਏਕਤਾ ਉਗਰਾਹਾਂ ਨੇ ਡੀ ਸੀ ਨੂੰ ਦਿੱਤਾ ਮੰਗ ਪੱਤਰ



**ਲੌਂਗੋਵਾਲ (ਪ੍ਰਦੀਪ ਸੱਪਲ)** : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਸੰਗਰੂਰ ਵੱਲੋਂ ਭਾਰੀ ਇਕੱਠ ਕਰਕੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਦੀ ਅਗਵਾਈ ਹੇਠ ਡੀ ਸੀ ਸੰਗਰੂਰ ਨੂੰ ਮੰਗ ਪੱਤਰ ਦਿੱਤਾ ਗਿਆ।ਇਹ ਮੰਗ ਪੱਤਰ ਹੜ੍ਹਾਂ ਦੀ ਮਹਾਂਮਾਰੀ ਨੂੰ ਲੈ ਕੇ ਦਿੱਤਾ ਗਿਆ, ਇਨ੍ਹਾਂ ਹੜ੍ਹਾਂ ਦੀ ਮਹਾਂਮਾਰੀ ਦਾ ਜ਼ਿੰਮੇਵਾਰ ਸਾਡੀਆਂ ਸਰਕਾਰਾਂ ਹਨ, ਜਿਸ ਵਿੱਚ ਸਮੇਂ ਤੋਂ ਪਹਿਲਾਂ ਡੈਮਾਂ ਦੀ ਸਫ਼ਾਈ ਸਮੇਂ ਸਿਰ ਨਾ ਕਰਕੇ ਡੈਮਾਂ ਦੀ ਸਫ਼ਾਈ ਸਮੇਂ ਸਿਰ ਨਾ ਕਰਕੇ ਹੜ੍ਹਾਂ ਵਿੱਚੋਂ ਲੋਕਾਂ ਨੂੰ ਕੱਢਣ ਲਈ ਪੰਜਾਬ ਸਰਕਾਰ ਵੱਲੋਂ ਪੂਰਾ ਪ੍ਰਬੰਧ ਨਾ ਕਰਨਾ, ਹੜ੍ਹਾਂ ਕਾਰਨ, ਜੋ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ, ਇਹ ਨੁਕਸਾਨ ਸਰਕਾਰ ਦੀ ਅਣਗਹਿਲੀ ਕਰਕੇ ਹੋਇਆ ਹੈ।ਇਹ ਮੰਗ ਪੱਤਰ ਡੀ ਸੀ ਸੰਗਰੂਰ ਰਾਹੀਂ ਪੰਜਾਬ ਤੇ ਕੇਂਦਰ ਸਰਕਾਰ ਨੂੰ ਭੇਜਿਆ ਗਿਆ।

ਇਸ ਮੌਕੇ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਜੋ ਮੌਤਾਂ ਹੋਈਆਂ ਹਨ, ਇਨ੍ਹਾਂ ਪਰਵਾਰਾਂ ਨੂੰ ਬਿਨਾਂ ਦੇਰੀ ਤੋਂ ਤਕੜੀ ਮਾਲੀ ਸਹਾਇਤਾ ਦਿੱਤੀ ਜਾਵੇ, ਬਰਸਾਤੀ ਮੌਸਮ ਨਾਲ ਫੈਲਣ ਵਾਲੀਆਂ ਬਿਮਾਰੀਆਂ ਦੇ ਪਹਿਲ ਦੇ ਤੌਰ 'ਤੇ ਪੱਕੇ ਪ੍ਰਬੰਧ ਕੀਤੇ ਜਾਣ, ਪੰਜਾਬ ਦੇ ਦਰਿਆਵਾਂ ਤੇ ਨਹਿਰਾਂ ਕੰਢੇ 'ਤੇ ਜੋ ਗੇਟ ਬਣੇ ਹਨ, ਇਹ ਜਰਖਲ ਪੁਰਾਣੇ ਹੋ ਚੁੱਕੇ ਹਨ, ਇਸ ਲਈ ਇਨ੍ਹਾਂ ਗੇਟਾਂ ਦੇ ਪੱਕੇ ਪ੍ਰਬੰਧ ਕੀਤੇ ਜਾਣ, ਕਾਰਪੋਰੇਟਾਂ ਨੂੰ ਮੁਨਾਫਾ ਪਹੁੰਚਾਉਣ ਲਈ ਪਹਾੜਾਂ ਤੇ ਜੰਗਲਾਂ ਦੀ ਕਟਾਈ ਬੰਦ ਕੀਤੀ ਜਾਵੇ, ਪੰਜਾਬ-ਹਿਮਾਚਲ-ਜੰਮੂ ਕਸ਼ਮੀਰ-ਉੱਤਰਾਖੰਡ ਸਮੇਤ ਭਾਰਤ ਦੀਆਂ ਵੱਖ-ਵੱਖ ਸਟੇਟਾਂ ਵਿੱਚੋਂ, ਜੋ ਜਾਨੀ ਜਾਂ ਮਾਲੀ ਨੁਕਸਾਨ ਹੋਇਆ ਹੈ, ਇਸ ਮਹਾਂਮਾਰੀ ਨੂੰ ਫੌਰੀ ਕੌਮੀ ਆਫ਼ਤ ਐਲਾਨ ਕੇ ਵੱਡੇ ਪੱਧਰ 'ਤੇ ਕੇਂਦਰ ਸਰਕਾਰ ਮੁਆਵਜ਼ੇ ਦਾ ਐਲਾਨ ਕਰੇ।ਅੱਜ ਦੇ ਮੁੱਖ ਬੁਲਾਰੇ ਸੂਬਾ ਆਗੂ ਜਨਕ ਸਿੰਘ ਭੁਟਾਲ, ਜ਼ਿਲ੍ਹਾ ਜਨਰਲ ਸਕੱਤਰ ਦਰਬਾਰਾ ਸਿੰਘ ਛਾਜਲਾ, ਬਹਾਲ ਸਿੰਘ ਢੀਂਡਸਾ, ਦਰਸ਼ਨ ਸਿੰਘ ਚੰਗਾਲੀ ਵਾਲਾ, ਬਲਾਕ ਸੁਨਾਮ ਦੇ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ, ਬਲਾਕ ਭਵਾਨੀਗੜ੍ਹ ਦੇ ਪ੍ਰਧਾਨ ਮਨਜੀਤ ਸਿੰਘ ਘਰਾਚੋਂ, ਬਲਾਕ ਦਿੜਬਾ ਤੇ ਭਰਪੂਰ ਸਿੰਘ ਮੌੜਾਂ, ਲਹਿਰਾ ਬਲਾਕ ਦੇ ਕਰਨੈਲ ਸਿੰਘ ਗਨੋਟਾ, ਬਲਾਕ ਧੂਰੀ ਦੇ ਦਰਸ਼ਨ ਸਿੰਘ ਕਿਲਾ ਹਕੀਮਾਂ, ਸੰਗਰੂਰ ਬਲਾਕ ਦੇ ਜਨਰਲ ਸਕੱਤਰ ਜਗਤਾਰ ਸਿੰਘ ਲੱਡੀ ਆਦਿ ਹਾਜ਼ਰ ਸਨ।

## ਸੀ ਬੀ ਐੱਸ ਈ ਕਲੱਸਟਰ ਐਥਲੈਟਿਕਸ ਮੀਟ 'ਚ ਜਸਲੀਨ ਕੌਰ ਦਾ ਸ਼ਾਨਦਾਰ ਪ੍ਰਦਰਸ਼ਨ



**ਮਾਛੀਵਾੜਾ ਸਾਹਿਬਰ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਜਲੰਧਰ ਵਿਖੇ ਕਰਵਾਈ ਸੀ.ਬੀ.ਐੱਸ.ਈ. ਕਲੱਸਟਰ ਐਥਲੈਟਿਕਸ ਮੁਕਾਬਲੇ ਵਿੱਚ ਦਾ ਸੁਪੀਰੀਅਰ ਵਰਲਡ ਸਕੂਲ ਦੀ ਵਿਦਿਆਰਥਣ ਨੇ ਭਾਗ ਲਿਆ। ਦੋ ਦਿਨਾਂ ਦੇ ਇਸ ਪ੍ਰੋਗਰਾਮ ਵਿੱਚ ਨੌਜਵਾਨ ਐਥਲੀਟਾਂ ਨੇ ਵਧੀਆ ਪ੍ਰਦਰਸ਼ਨ ਕੀਤਾ। ਪਹਿਲੇ ਦਿਨ ਅੰਡਰ-14 ਕੁੜੀਆਂ ਦੇ ਵਰਗ ਦੀ ਪ੍ਰਤਿਭਾਸ਼ਾਲੀ ਐਥਲੀਟ ਜਸਲੀਨ ਕੌਰ ਨੇ 200 ਮੀਟਰ ਦੌੜ 'ਚ ਤੀਜਾ ਸਥਾਨ ਤੇ ਦੂਜੇ ਦਿਨ ਵਧੀਆ ਪ੍ਰਦਰਸ਼ਨ ਕਰਦਿਆਂ 100 ਮੀਟਰ ਦੌੜ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਪ੍ਰਿੰਸੀਪਲ ਰਸ਼ਮੀ ਸ਼ਰਮਾ ਤੇ ਭਜਨ ਕੌਰ ਨੇ ਜਸਲੀਨ ਕੌਰ ਨੂੰ ਉਸ ਦੀ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਉਸ ਨੂੰ ਅੱਗੇ ਵਧਦੇ ਰਹਿਣ ਲਈ ਉਤਸ਼ਾਹਤ ਕੀਤਾ। ਸਕੂਲ ਦੀ ਸਪੋਰਟਸ ਇੰਚਾਰਜ ਜੈਸਮੀਨ ਨੇ ਵੀ ਉਸ ਦਾ ਸਾਥ ਦਿੱਤਾ, ਜਿਨ੍ਹਾਂ ਨੇ ਪੂਰੇ ਮੁਕਾਬਲੇ ਦੌਰਾਨ ਵਿਦਿਆਰਥਣ ਦਾ ਮਾਰਗਦਰਸ਼ਨ ਤੇ ਪ੍ਰੇਰਿਤ ਕੀਤਾ। ਇਸ ਮੌਕੇ ਸਪੋਰਟਸ ਇੰਚਾਰਜ ਜਸਮੀਨ ਕੌਰ ਤੇ ਭਜਨ ਕੌਰ ਮੌਜੂਦ ਸਨ।

## ਅਕਾਲੀ ਆਗੂਆਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਦਿਨ-ਰਾਤ ਇੱਕ ਕੀਤਾ : ਚਰਨਪ੍ਰੀਤ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਦੇ ਲਗਭਗ 12 ਜ਼ਿਲ੍ਹਿਆਂ ਅੰਦਰ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪੀੜਤਾਂ ਲਈ ਰਾਹਤ ਸਮੱਗਰੀ ਪਹੁੰਚਾਉਣ ਵਿੱਚ ਜੁਟੀ ਹੋਈ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਕੌਂਸਲਰ ਚਰਨਪ੍ਰੀਤ ਸਿੰਘ ਅਕਾਲੀ ਆਗੂਆਂ ਨੇ ਕਰਦਿਆਂ ਕਿਹਾ ਕਿ ਇਸ ਮੁਸ਼ਕਲ ਸਮੇਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਸ਼ਲਾਘਾਯੋਗ ਹਨ।ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਹਦਾਇਤਾਂ ਅਨੁਸਾਰ ਸਮੂਹ ਅਕਾਲੀ ਆਗੂਆਂ ਤੇ ਵਰਕਰਾਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਦਿਨ-ਰਾਤ ਇੱਕ ਕਰ ਦਿੱਤਾ ਹੈ ਅਤੇ ਅਕਾਲੀ ਆਗੂ ਪੀੜਤ ਪਰਵਾਰਾਂ ਨੂੰ ਜ਼ਰੂਰੀ ਸਾਮਾਨ ਜਿਵੇਂ ਸੁੱਕਾ ਰਾਸ਼ਨ, ਕੱਪੜੇ ਤੇ ਹੋਰ ਲੋੜੀਂਦੀਆਂ ਵਸਤੂਆਂ ਵੰਡ ਰਹੇ ਹਨ।ਚਰਨਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਲੋਕ ਸੇਵਾ ਦਾ ਹਾਮੀ ਰਿਹਾ ਹੈ ਤੇ ਮੁਸੀਬਤ ਦੀ ਇਸ ਘੜੀ ਵਿੱਚ ਪਾਰਟੀ ਦੇ ਸਮੂਹ ਆਗੂ ਤੇ ਵਰਕਰ ਪੀੜਤਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ।ਉਨ੍ਹਾਂ ਕਿਹਾ ਕਿ ਅੱਜ ਕਿਸਾਨਾਂ ਦੀ ਝੋਨੇ ਦੀ ਫਸਲ ਤਬਾਹ ਹੋ ਗਈ ਹੈ, ਪਰ ਆਉਣ ਵਾਲੀ ਕਣਕ ਦੀ ਫਸਲ ਲਈ ਕਿਸਾਨਾਂ ਦੇ ਖੇਤਾਂ ਵਿੱਚ ਇਕੱਠਾ ਹੋਇਆ ਪਾਣੀ ਵੀ ਦੋ-ਦੋ-ਤਿੰਨ ਫੁੱਟ ਰੇਤ ਲੈ ਕੇ ਆਇਆ ਹੈ। ਸਰਕਾਰ ਕੋਲ ਇਸ ਨੂੰ ਹਟਾਉਣ ਦਾ ਕੋਈ ਸਾਧਨ ਨਹੀਂ ਹੈ।ਅੱਜ ਹੜ੍ਹ ਪੀੜਤਾਂ ਲਈ ਜੋ ਵੀ ਰਾਹਤ ਸਮੱਗਰੀ ਤੇ ਰਾਹਤ ਕਾਰਜ ਚੱਲ ਰਿਹਾ ਹੈ, ਉਹ ਸਾਡੇ ਗੁਰੂਆਂ, ਪੀਰਾਂ, ਪੈਗੰਬਰਾਂ ਦੁਆਰਾ ਦਿੱਤੀਆਂ ਗਈਆਂ ਸੇਵਾ ਪ੍ਰਤੀ ਸਮਰਪਤ ਕਦਰਾਂ-ਕੀਮਤਾਂ ਕਾਰਨ ਹੈ।

## ਡੀ ਸੀ ਵੱਲੋਂ ਦੂਧਨਸਾਧਾਂ ਖੇਤਰ 'ਚ ਟਾਂਗਰੀ ਨਦੀ 'ਤੇ ਹੜ੍ਹ ਸੁਰੱਖਿਆ ਕਾਰਜਾਂ ਦਾ ਜਾਇਜ਼ਾ



**ਦੇਵੀਗੜ੍ਹ /ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਟਾਂਗਰੀ ਨਦੀ ਦੇ ਨਾਲ ਲੱਗਦੇ ਦੂਧਨਸਾਧਾਂ ਸਬ-ਡਵੀਜ਼ਨ ਦੇ ਨਦੀ ਵਿੱਚੋਂ ਬਾਹਰ ਆਏ ਪਾਣੀ ਨਾਲ ਪ੍ਰਭਾਵਿਤ ਹੋਏ ਪਿੰਡਾਂ ਵਿੱਚ ਚੱਲ ਰਹੇ ਹੜ੍ਹ ਸੁਰੱਖਿਆ ਕਾਰਜਾਂ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾਂ ਨਾਲ ਐੱਸ ਡੀ ਐੱਮ ਕਿਰਪਾਲ ਵੀਰ ਸਿੰਘ, ਐੱਸ ਈ ਡਰੇਨੇਜ ਰਾਜਿੰਦਰ ਘਈ, ਐਕਸੀਅਨ ਪ੍ਰਥਮ ਗੰਭੀਰ ਤੇ ਹੋਰ ਅਧਿਕਾਰੀ ਮੌਜੂਦ ਸਨ।ਉਨ੍ਹਾਂ ਟਾਂਗਰੀ ਬੰਨ੍ਹ ਦੀ ਮਜ਼ਬੂਤੀ ਦਾ ਨਰੀਖਣ ਕੀਤਾ ਤੇ ਸਥਾਨਕ ਨਿਵਾਸੀਆਂ ਨਾਲ ਗੱਲਬਾਤ ਕਰਕੇ ਜ਼ਮੀਨੀ ਹਕੀਕਤ ਜਾਣਨ ਸਮੇਤ ਨਾਗਰਿਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ।

ਡਿਪਟੀ ਕਮਿਸ਼ਨਰ ਨੇ ਦੇਵੀਗੜ੍ਹ, ਦੂਧਨਸਾਧਾਂ, ਰੋਹੜ ਜਾਗੀਰ, ਬੀਬੀਪੁਰ, ਖਰਾਬਗੜ੍ਹ, ਬੁੱਧਮੋਰ, ਜੋਧਪੁਰ, ਮਹਿਮੂਦਪੁਰ ਰੁੜਕੀ, ਘੜਾਮ, ਜੁਲਾਹਖੇੜੀ ਤੇ ਨੇੜਲੇ ਪਿੰਡਾਂ ਦਾ ਦੌਰਾ ਕੀਤਾ।ਉਨ੍ਹਾਂ ਪਿੰਡ ਵਾਸੀਆਂ ਨੂੰ ਦੱਸਿਆ ਕਿ ਡਰੇਨੇਜ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਤਾਰ ਮੁਸਤੈਦੀ ਨਾਲ ਕੰਮ ਕੀਤਾ ਜਾ ਰਿਹਾ ਹੈ।ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਜਦੋਂ ਕਿ ਟਾਂਗਰੀ ਦਰਿਆ ਇਸ ਵੇਲੇ ਲਗਭਗ 20-22 ਪਿੰਡਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਤੇ ਘੱਗਰ 3-5 ਪਿੰਡਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਮਾਰਕੰਡਾ ਦਰਿਆ ਦਾ ਵਾਪਸੀ ਵਹਾਅ ਟਾਂਗਰੀ ਦਾ ਪਾਣੀ ਪੱਧਰ ਘੱਟਣ ਤੋਂ ਰੋਕ ਰਿਹਾ ਹੈ।ਉਨ੍ਹਾਂ ਨੇ ਦੱਸਿਆ ਕਿ ਚੁਣੌਤੀਆਂ ਦੇ ਬਾਵਜੂਦ, ਸਾਡੀਆਂ ਟੀਮਾਂ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਖੇਤਰ ਵਿੱਚ 24 ਘੰਟੇ ਕੰਮ ਕਰ ਰਹੀਆਂ ਹਨ, ਨਾਲ ਹੀ ਦੋਵਾਂ ਦਰਿਆਵਾਂ ਦੇ ਬੰਨ੍ਹਾਂ ਨੂੰ ਮਜ਼ਬੂਤ ਕਰ ਰਹੀਆਂ ਹਨ।

ਡਿਪਟੀ ਕਮਿਸ਼ਨਰ ਨੇ ਵਸਨੀਕਾਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਸੁਚੇਤ ਤੇ ਹਰ ਸਮੇਂ ਮੁਸਤੈਦ ਹੈ, ਇਸ ਇਲਾਕੇ ਵਿੱਚ ਪਹਿਲਾਂ ਹੀ ਢੁੱਕਵੇਂ ਰਾਹਤ ਕੈਂਪ ਸਥਾਪਤ ਕੀਤੇ ਗਏ ਹਨ। ਉਨ੍ਹਾਂ ਇਸ ਮੁਸ਼ਕਲ ਸਮੇਂ ਦੌਰਾਨ ਪਿੰਡ ਵਾਸੀਆਂ ਵੱਲੋਂ ਸਮਰਥਨ ਕਰਨ ਲਈ ਧੰਨਵਾਦ ਪ੍ਰਗਟ ਕੀਤਾ।

## ਨਾਲਿਆਂ 'ਚ ਸੁੱਟਿਆ ਜਾ ਰਿਹਾ ਕਚਰਾ ਸ਼ਹਿਰੀਆਂ ਲਈ ਬਣਿਆ ਵੱਡੀ ਦੁਬਿਧਾ



**ਬਾਘਾ ਪੁਰਾਣਾ (ਮਨੀ ਸਿੰਗਲਾ)** ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਨਗਰ ਕੌਂਸਲ ਦੇ ਪ੍ਰਧਾਨ ਸੋਨੀਆ ਗੁਪਤਾ ਦੇ ਇਲਾਵਾ ਕੌਂਸਲ ਦੀ ਸਮੁੱਚੀ ਟੀਮ ਵੱਲੋਂ ਵਾਰ-ਵਾਰ ਦੁਕਾਨਦਾਰਾਂ, ਰੇਹੜੀ ਫੜੀਆਂ ਦੇ ਇਲਾਵਾ ਸ਼ਹਿਰੀਆਂ ਨੂੰ ਅਪੀਲਾਂ ਕੀਤੀਆਂ ਜਾਂਦੀਆਂ ਹਨ। ਸ਼ਹਿਰ ਨੂੰ ਸੁੰਦਰ ਬਣਾਉਣ ਤੇ ਗੰਦਗੀ ਮੁਕਤ ਕਰਨ ਦੇ ਲਈ ਉਨ੍ਹਾਂ ਦਾ ਸਹਿਯੋਗ ਕਰਨ, ਉਹ ਆਪਣੇ ਘਰਾਂ, ਦੁਕਾਨਾਂ ਦਾ ਕੂੜਾ ਨਾਲੇ ਤੇ ਨਾਲੀਆਂ ਵਿੱਚ ਨਾ ਸੁੱਟਣ, ਪਰ ਇਸ ਦੇ ਬਾਵਜੂਦ ਜਦੋਂ ਸਫ਼ਾਈ ਸੇਵਕਾਂ ਵੱਲੋਂ ਨਾਲੇ ਤੇ ਨਾਲੀਆਂ ਦੀ ਸਫ਼ਾਈ ਕੀਤੀ ਜਾਂਦੀ ਹੈ ਤਾਂ ਉਸ ਵਿੱਚ ਧੜਾਧੜ ਲਿਫ਼ਾਫ਼ੇ, ਕਚਰਾ, ਪਲਾਸਟਿਕ ਤੇ ਕੱਚ ਦੀਆਂ ਬੋਤਲਾਂ ਦੇ ਇਲਾਵਾ ਜਲ ਜੀਰੇ ਦੀਆਂ ਬੋਤਲਾਂ ਦੇ ਢੇਰ ਲੱਗ ਜਾਂਦੇ ਹਨ, ਜਿਸ ਕਾਰਨ ਗੰਦੇ ਪਾਣੀ ਦੀ ਨਿਕਾਸੀ ਰੁਕ ਜਾਂਦੀ ਹੈ ਤੇ ਬਦਬੂ ਮਾਰਨ ਲੱਗ ਜਾਂਦੀ ਹੈ।ਨਗਰ ਕੌਂਸਲ ਦੇ ਸੈਨਟਰੀ ਇੰਸਪੈਕਟਰ ਦੀਪਕ ਕੁਮਾਰ ਨੇ ਆਖਿਆ ਕਿ ਸ਼ਹਿਰ ਵਾਸੀ, ਦੁਕਾਨਦਾਰ ਤੇ ਰੇਹੜੀ ਫੜੀ ਵਾਲੇ ਨਾਲੇ ਤੇ ਨਾਲੀਆਂ ਵਿੱਚ ਕੂੜਾ ਸੁੱਟਣ ਤੋਂ ਬਾਜ ਆ ਜਾਣ, ਨਹੀਂ ਤਾਂ ਅਸੀਂ ਕਾਰਵਾਈ ਕਰਨ ਲਈ ਮਜਬੂਰ ਹੋਵਾਂਗਾ।

## ਸਿੱਧੂ ਹੜ੍ਹ ਪੀੜਤ ਪਰਵਾਰਾਂ ਨਾਲ ਡਟਿਆ



**ਕੋਟ ਈਸੇ ਖਾਂ (ਅਰੋੜਾ)**-ਈ ਟੀ ਟੀ ਅਧਿਆਪਕ ਯੂਨੀਅਨ ਪੰਜਾਬ ਦਾ ਪ੍ਰਧਾਨ ਤੇ ਡਾਇਰੈਕਟਰ ਗਮਾਡਾ ਜਸਵਿੰਦਰ ਸਿੰਘ ਸਿੱਧੂ, ਜਿਸਦਾ ਪਿਛਲੇ 25 ਸਾਲਾਂ ਦਾ ਆਪਣਾ ਇੱਕ ਇਤਿਹਾਸ ਹੈ, ਜਿਸ ਨੇ ਪੰਜਾਬ ਦੇ ਹਜ਼ਾਰਾਂ ਅਧਿਆਪਕਾਂ ਨੂੰ ਰੈਗੂਲਰ ਭਰਤੀ ਕਰਾਇਆ। ਜ਼ਿਲ੍ਹਾ ਪ੍ਰੀਸ਼ਦ ਦੇ ਸਕੂਲ ਸਿੱਖਿਆ ਵਿਭਾਗ 'ਚ ਸਮੇਤ ਅਧਿਆਪਕ ਲਿਆਂਦੇ। ਕਿਸਾਨੀ ਅੰਦੋਲਨ 'ਚ ਕੈਨੇਡਾ ਛੱਡ ਪੰਜਾਬ ਪਰਤਿਆ ਪੰਜਾਬ ਨਾਲ ਹਿੱਕ ਡਾਹ ਕੇ ਖੜਨਾ ਜਸਵਿੰਦਰ ਸਿੰਘ ਸਿੱਧੂ ਦੀ ਫ਼ਿਤਰਤ ਹੈ।ਹੜ੍ਹ ਪ੍ਰਭਾਵਤ ਖੇਤਰਾਂ 'ਚ ਜਸਵਿੰਦਰ ਸਿੰਘ ਸਿੱਧੂ ਦਿਨ-ਰਾਤ ਲੱਕ ਬੰਨ੍ਹ ਕੇ ਘੁੰਮ ਰਿਹਾ ਹੈ।ਹੜ੍ਹ ਦੌਰਾਨ ਪਸ਼ੂਆਂ ਨੂੰ ਚਾਰਾ, ਬੰਨ੍ਹ 'ਤੇ ਮਿੱਟੀ ਪਾ ਰਹੇ ਟਰੈਕਟਰਾਂ ਲਈ ਡੀਜ਼ਲ ਤੇ ਹੋਰ ਰਾਹਤ ਸਮੱਗਰੀ ਮੁਹੱਈਆ ਕਰਾ ਰਿਹੈ।

## ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਦੀ ਮਹੀਨੇਵਾਰ ਮੀਟਿੰਗ



**ਧੂਰੀ (ਮਨੋਹਰ ਸਿੰਘ ਸੱਗੂ)**-ਸੀਨੀਅਰ ਸਿਟੀਜਨ ਵੈਲਫ਼ੇਅਰ ਐਸੋਸ਼ੀਏਸ਼ਨ ਦੀ ਮਹੀਨਾਵਾਰ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਸਾਥੀ ਜਗਦੀਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ।ਕੁਦਰਤੀ ਤੇ ਸਰਕਾਰੀ ਕਰੋਪੀ ਦਾ ਦਰਦ ਸਹਿ ਰਹੇ ਦਰਦਮੰਦਾਂ ਨੂੰ ਸਮਰਪਤ ਇਸ ਮੀਟਿੰਗ 'ਚ ਜਨਰਲ ਸਕੱਤਰ ਸਰਬਜੀਤ ਸਿੰਘ ਰਾਜੋਮਾਜਰਾ ਨੇ ਪੰਜਾਬ ਦੇ ਬਸ਼ਿੰਦਿਆਂ ਵੱਲੋਂ ਬਰਦਾਸ਼ਤ ਕੀਤੀ ਚੌਥੀ ਵੱਡੀ ਕਰੋਪੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ । ਮੀਟਿੰਗ ਦੌਰਾਨ ਗੁਰਮੀਤ ਸਿੰਘ ਅਨੰਦ ਤੇ ਮੂਲ ਚੰਦ ਸ਼ਰਮਾ ਨੇ ਹੜ੍ਹ ਪੀੜ੍ਹਤਾਂ ਦੇ ਦਰਦ ਨੂੰ ਬਿਆਨ ਦੀਆਂ ਕਵਿਤਾਵਾਂ ਸੁਣਾਈਆਂ ਤੇ ਸਿੱਖਿਆ ਵਿਗਿਆਨੀ ਡਾਕਟਰ ਅਵਤਾਰ ਸਿੰਘ ਢੀਂਡਸਾ ਨੇ ਸੀਨੀਅਰ ਸਿਟੀਜ਼ਨ ਦੇ ਸਮਾਜਿਕ ਤੇ ਪਰਵਾਰਾਂ ਵਿੱਚ ਨਿਭਾਈ ਜਾ ਰਹੀ ਭੂਮਿਕਾ ਬਾਰੇ ਵਿਗਿਆਨਕ ਨਜ਼ਰੀਏ ਤੋਂ ਵਿਆਖਿਆ ਕਰਦਿਆਂ ਬ੍ਰਹਮੰਡ ਅਤੇ ਨਕਸ਼ੱਤਰਾਂ ਤੇ ਰਾਸ਼ੀਆਂ ਦੀ ਵਿਗਿਆਨਕ ਜਾਣਕਾਰੀ ਦਿੱਤੀ।

ਸੇਵਾ ਮੁਕਤ ਲੈਕਚਰਾਰ ਰਾਮ ਚੰਦ ਸ਼ਰਮਾ ਨੇ ਅਧਿਆਪਕ ਦਿਵਸ ਮਨਾਏ ਜਾਣ ਦੇ ਪਿਛੋਕੜ ਅਤੇ ਅਧਿਆਪਕਾਂ ਦੇ ਫ਼ਰਜ਼ਾਂ ਬਾਰੇ ਆਪਣੀ ਗੱਲ ਕੀਤੀ।ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਕੇਂਦਰ ਸਰਕਾਰ ਤੋਂ ਪ੍ਰਤੀ ਘਰ ਹੋਏ ਜਾਨ ਮਾਲ ਤੇ ਪਸ਼ੂ ਧਨ ਦੇ ਹੋਏ ਨੁਕਸਾਨ ਦੀ ਭਰਪਾਈ ਗੁਜਰਾਤ ਤੇ ਬਿਹਾਰ ਦੀ ਤਰਜ਼ 'ਤੇ ਤੁਰੰਤ ਕਰਨ ਅਤੇ ਪੰਜਾਬ ਲਈ ਵਿਸ਼ੇਸ਼ ਆਰਥਿਕ ਪੈਕੇਜ ਦੀ ਮੰਗ ਕੀਤੀ।ਗੁਰਦੀਪ ਸਿੰਘ ਸਾਰੋਂ ਵੱਲੋਂ ਹੜ੍ਹ ਪੀੜਤਾਂ ਦੀ ਮੱਦਦ ਕਰਨ ਦੀ ਕੀਤੀ ਅਪੀਲ 'ਤੇ ਸੀਨੀਅਰ ਸਿਟੀਜ਼ਨਜ਼ ਵੱਲੋਂ ਫਿਰਾਖਦਿਲੀ ਨਾਲ ਮੌਕੇ 'ਤੇ ਹੀ ਹਜ਼ਾਰਾਂ ਰੁਪਏ ਫੰਡ ਦਿੱਤਾ ਗਿਆ।

ਅੰਤ ਵਿੱਚ ਸਤੰਬਰ ਮਹੀਨੇ 'ਚ ਜਨਮੇ ਸੀਨੀਅਰ ਸਿਟੀਜ਼ਨ ਸਾਥੀਆਂ ਦਾ ਜਨਮਦਿਨ ਮਨਾਇਆ ਮਨਾਉਂਦਿਆਂ ਉਨ੍ਹਾਂ ਦੀ ਲੰਬੀ ਤੇ ਤੰਦਰੁਸਤੀ ਦੀ ਕਾਮਨਾ ਕੀਤੀ ਗਈ।

## ਹਰਮਿੰਦਰ ਗਰੇਵਾਲ ਦੀ ਯਾਦ 'ਚ ਰੱਖਿਆ ਅਮਰੀਕੀ ਸਰਕਾਰ ਨੇ ਸੜਕ ਦਾ ਨਾਂਅ

* ਪਹਿਲਾਂ ਮਰਹੂਮ ਗਰੇਵਾਲ ਦਾ ਬੁੱਤ ਸਥਾਪਤ ਕਰਕੇ ਗਾਡ ਆਫ਼ ਆਨਰ ਦੀ ਨਿਭਾਈ ਰਸਮ

**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਅਮਰੀਕਾ 'ਚ ਮਰਹੂਮ ਸਿੱਖ ਪੁਲਸ ਅਫ਼ਸਰ ਦੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਇੱਕ ਸੜਕ ਦਾ ਨਾਮ ਉਸ ਦੇ ਨਾਮ ਸਮਰਪਤ ਕੀਤਾ ਗਿਆ ਹੈ।ਕੈਲੀਫੋਰਨੀਆ ਦੇ ਗਾਲਟ ਸਿਟੀ ਪੁਲਸ ਵਿਭਾਗ ਵੱਲੋਂ ਕਮਿਊਨਿਟੀ ਦੀ ਸੇਵਾ ਵਿੱਚ ਆਪਣੀ ਜਾਨ ਨਿਛਾਵਰ ਕਰਨ ਵਾਲੇ ਸਿੱਖ ਪੁਲਸ ਅਫਸਰ ਹਰਮਿੰਦਰ ਸਿੰਘ ਗਰੇਵਾਲ ਦੀ ਯਾਦ ਵਿੱਚ ਇੱਕ ਸਮਾਗਮ ਗਾਲਟ ਸਿਟੀ ਪੁਲਸ ਦਫ਼ਤਰ ਵਿਖੇ ਕਰਵਾਇਆ ਗਿਆ।ਕੁਝ ਮਹੀਨੇ ਪਹਿਲਾਂ ਹੀ ਇੱਥੇ ਮਰਹੂਮ ਗਰੇਵਾਲ ਦੀ ਯਾਦ ਵਿੱਚ ਉਨ੍ਹਾਂ ਦਾ ਬੁੱਤ ਸਥਾਪਤ ਕੀਤਾ ਗਿਆ ਸੀ।ਪੁਲਸ ਵਿਭਾਗ ਦੇ ਅਧਿਕਾਰੀਆਂ ਨੇ ਪਹਿਲਾਂ ਗਾਰਡ ਆਫ ਆਨਰ ਦੀ ਰਸਮ ਨਿਭਾਈ ਤੇ ਮਰਹੂਮ ਗਰੇਵਾਲ ਦੇ ਬੁੱਤ ਨੂੰ ਫੁੱਲਾਂ ਦੇ ਹਾਰ ਪਹਿਨਾ ਕੇ ਸ਼ਰਧਾਂਜਲੀ ਭੇਟ ਕੀਤੀ।ਉਪਰੰਤ ਗਾਲਟ ਸਿਟੀ ਦੀ ਇੱਕ ਸੜਕ ਦਾ ਨਾਮਕਰਨ ਮਰਹੂਮ ਹਰਮਿੰਦਰ ਸਿੰਘ ਗਰੇਵਾਲ ਦੇ ਨਾਮ ਉੱਤੇ ਕੀਤਾ ਗਿਆ।ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਪੁਲਸ ਅਧਿਕਾਰੀਆਂ ਨੇ ਗਰੇਵਾਲ ਦੀਆਂ ਭਾਈਚਾਰੇ ਲਈ ਕੀਤੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਆਪਣੇ ਇਸ ਹੋਣਹਾਰ ਪੁਲਸ ਅਫਸਰ ਨੂੰ ਸਮੁੱਚੇ ਪੁਲਸ ਵਿਭਾਗ ਦਾ ਮਾਣ ਦੱਸਿਆ।ਹਰਮਿੰਦਰ ਸਿੰਘ ਗਰੇਵਾਲ ਦੇ ਪਿਤਾ ਇੰਜ. ਗੁਰਦੀਪ ਸਿੰਘ ਗਰੇਵਾਲ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹਰਮਿੰਦਰ ਸਿੰਘ ਗਰੇਵਾਲ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਗਾਲਿਬ ਕਲਾਂ ਦਾ ਰਹਿਣ ਵਾਲਾ ਸੀ, ਜੋ ਅਮਰੀਕਾ ਵਿਖੇ ਪੁਲਸ ਵਿਭਾਗ ਵਿੱਚ ਭਰਤੀ ਹੋ ਕੇ ਡਿਪਟੀ ਦੇ ਰੈਂਕ ਉੱਤੇ ਪਹੁੰਚਿਆ ਸੀ।ਕੈਲੀਫੋਰਨੀਆ ਵਿੱਚ ਜੰਗਲਾਂ ਨੂੰ ਲੱਗੀ ਭਿਆਨਕ ਅੱਗ ਮੌਕੇ ਗਰੇਵਾਲ ਨੇ ਆਪਣੀ ਡਿਊਟੀ ਖ਼ਤਮ ਹੋਣ ਤੋਂ ਬਾਅਦ ਵੀ ਆਪਣੇ ਸਾਥੀਆਂ ਸਮੇਤ ਲੋਕ ਸੇਵਾ ਦੇ ਕਾਰਜ ਨੂੰ ਪਹਿਲ ਦਿੱਤੀ, ਪਰ ਇਸ ਦੌਰਾਨ ਵਾਪਰੇ ਇੱਕ ਭਿਆਨਕ ਹਾਦਸੇ ਵਿੱਚ ਉਨ੍ਹਾਂ ਦੀ ਮੌਤ ਹੋ ਗਈ ਸੀ।

## ਪ੍ਰਦੁੱਮਣ ਸਿੰਘ ਨੰਬਰਦਾਰ ਦੇ ਸ਼ਰਧਾਂਜਲੀ ਸਮਾਗਮ ਮੌਕੇ ਬੂਟੇ ਵੰਡੇ



**ਸ਼ੇਰਪੁਰ (ਰਵੀ ਟਿੱਬਾ)** ਪ੍ਰਦੁਮਣ ਸਿੰਘ ਨੰਬਰਦਾਰ ਟਿੱਬਾ ਦੀ ਅੰਤਮ ਅਰਦਾਸ ਮੌਕੇ ਸ਼ਰਧਾਂਜਲੀ ਭੇਟ ਕਰਨ ਲਈ ਪਹੁੰਚੇ ਇਲਾਕੇ ਦੇ ਸਮਾਜ ਸੇਵੀ ਵਾਤਾਵਰਣ ਪ੍ਰੇਮੀ ਪਿਆਰਾ ਸਿੰਘ ਇੰਸਾਂ ਮਾਹਮਦਪੁਰ ਵੱਲੋਂ ਮੁਫ਼ਤ ਫ਼ਲਦਾਰ ਤੇ ਛਾਂਦਾਰ ਬੂਟੇ ਮੁਫ਼ਤ ਵੰਡ ਕੇ ਸ਼ਰਧਾਂਜਲੀ ਭੇਟ ਕੀਤੀ।ਬੂਟੇ ਵੰਡਣ ਦੀ ਰਸਮ ਨਗਰ ਪੰਚਾਇਤ ਪਿੰਡ ਟਿੱਬਾ ਵੱਲੋਂ ਕੀਤੀ ਗਈ।ਇਸ ਕਾਰਜ ਦੀ ਨਗਰ ਪੰਚਾਇਤ ਅਤੇ ਸਰਪੰਚ ਵੱਲੋਂ ਬਹੁਤ ਹੀ ਸ਼ਲਾਘਾ ਕੀਤੀ ਤੇ ਪ੍ਰਦੁਮਨ ਸਿੰਘ ਨੰਬਰਦਾਰ ਦੇ ਪਰਵਾਰ ਵੱਲੋਂ ਪਿਆਰਾ ਸਿੰਘ ਇੰਸਾਂ ਮਾਹਮਦਪੁਰ ਸਮਾਜ ਸੇਵੀ ਦਾ ਤਹਿਦਿਲੋਂ ਧੰਨਵਾਦ ਕੀਤਾ।ਪਿਆਰਾ ਸਿੰਘ ਇੰਸਾਂ ਨੇ ਨੰਬਰਦਾਰ ਦੀ ਯਾਦ ਵਿੱਚ ਇੱਕ-ਇੱਕ ਬੂਟਾ ਲਾਉਣ ਲਈ ਬੇਨਤੀ ਕੀਤੀ ਗਈ।

## ਬਾਬਾ ਮੌਨੀ ਜੀ ਨਰਸਿੰਗ ਕਾਲਜ 'ਚ ਅਧਿਆਪਕ ਦਿਵਸ ਮਨਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** ਬਾਬਾ ਮੌਨੀ ਜੀ ਮਹਾਰਾਜ ਨਰਸਿੰਗ ਕਾਲਜ ਵਿਖੇ ਡਾ. ਰਾਧਾ ਕ੍ਰਿਸ਼ਨ ਦੇ ਜਨਮ ਦਿਨ ਮੌਕੇ ਅਧਿਆਪਕ ਦਿਵਸ ਬਹੁਤ ਉਤਸ਼ਾਹ ਤੇ ਉਮੰਗ ਨਾਲ਼ ਮਨਾਇਆ ਗਿਆ। ਇਹ ਦਿਨ ਅਧਿਆਪਕਾਂ ਦੇ ਸਮਾਜ ਪ੍ਰਤੀ ਯੋਗਦਾਨ ਨੂੰ ਸਮਰਪਤ ਕੀਤਾ ਗਿਆ। ਇਸ ਦਿਨ ਵਿਦਿਆਰਥੀ ਅਧਿਆਪਕਾਂ ਪ੍ਰਤੀ ਸਨਮਾਨ ਨੂੰ ਪ੍ਰਗਟ ਕਰਦੇ ਹਨ। ਇਸ ਦੌਰਾਨ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ, ਭਾਸ਼ਣ ਤੇ ਕਵਿਤਾਵਾਂ ਦਾ ਆਯੋਜਨ ਕਰਕੇ ਅਧਿਆਪਕਾਂ ਨੂੰ ਸਨਮਾਨਤ ਕੀਤਾ। ਵਿਦਿਆਰਥੀਆਂ ਨੇ ਅਧਿਆਪਕਾਂ ਦਾ ਸਤਿਕਾਰ ਤੇ ਪ੍ਰਸ਼ੰਸਾ ਵੀ ਕੀਤੀ, ਜਿਸ ਨਾਲ਼ ਅਧਿਆਪਕਾਂ ਨੂੰ ਪਿਆਰ ਤੇ ਕਦਰ ਮਹਿਸੂਸ ਹੋਈ। ਇਹ ਦਿਵਸ ਅਧਿਆਪਕਾਂ ਤੇ ਵਿਦਿਆਰਥੀਆਂ ਵਿਚਕਾਰ ਮਿੱਠੇ ਰਿਸ਼ਤੇ ਦਾ ਪ੍ਰਤੀਕ ਰਿਹਾ। ਸਮਾਗਮ 'ਚ ਵਾਈਸ ਪ੍ਰਿੰਸੀਪਲ ਮੈਡਮ ਸ਼ਿਖਾ ਚੋਪੜਾ, ਮੈਡਮ ਕੁਲਦੀਪ ਕੌਰ, ਮੈਡਮ ਸ਼ਿਵਾਲੀ ਸ਼ਰਮਾ, ਮੈਡਮ ਨਵਦੀਪ ਕੌਰ, ਮੈਡਮ ਪੂਨਮ ਕੌਰ, ਮੈਡਮ ਜ਼ਰਨਿਗਾ, ਮੈਡਮ ਕਮਲਜੀਤ ਕੌਰ, ਮੈਡਮ ਸ਼ਿਵਾਨੀ ਆਦਿ ਅਧਿਆਪਕ ਸ਼ਾਮਲ ਸਨ।

## ਬਖਸ਼ੀਵਾਲਾ 'ਚ ਗ਼ਰੀਬ ਪਰਵਾਰ ਦੇ ਮਕਾਨ ਦੀ ਛੱਤ ਡਿੱਗੀ, ਜਾਨੀ ਨੁਕਸਾਨ ਤੋਂ ਬਚਾਅ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਰੁਕ ਰੁਕ ਕੇ ਪੈ ਰਹੀ ਬਰਸਾਤ ਕਾਰਨ ਬੀਤੇ ਦਿਨੀਂ ਪਿੰਡ ਬਖਸ਼ੀਵਾਲਾ ਦੇ ਗ਼ਰੀਬ ਪਰਵਾਰ ਦੇ ਮਕਾਨ ਦੀਆਂ ਛੱਤਾਂ ਡਿੱਗ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਦੇ ਸਤਿਗੁਰੂ ਸਿੰਘ ਚੱਠਾ, ਕਾ. ਜਗਦੀਸ਼ ਸਿੰਘ ਨੇ ਦੱਸਿਆ ਕਿ ਬਰਸਾਤ ਕਾਰਨ ਬੀਤੇ ਦਿਨੀਂ ਪਿੰਡ ਦੇ ਸਤਨਾਮ ਸਿੰਘ ਪੁੱਤਰ ਕਰਨੈਲ ਦੇ ਮਕਾਨ ਵਿੱਚ ਬਣੇ 3 ਕਮਰਿਆਂ ਦੀਆਂ ਬਾਲੇ ਵਾਲੀਆਂ ਛੱਤਾਂ ਡਿੱਗ ਪਈਆਂ। ਭਾਵੇਂ ਜਾਨੀ ਨੁਕਸਾਨ ਤੋਂ ਬਚਾਅ ਰਿਹਾ, ਪ੍ਰੰਤੂ ਛੱਤ ਡਿੱਗਣ ਕਾਰਨ ਲਵਪ੍ਰੀਤ ਸਿੰਘ ਪੁੱਤਰ ਸਤਨਾਮ ਸਿੰਘ ਛੱਤ ਦੇ ਮਲਵੇ ਹੇਠ ਦੱਬ ਗਿਆ, ਜਿਸ ਨੂੰ ਪਿੰਡ ਦੇ ਲੋਕਾਂ ਨੇ ਭਾਰੀ ਮੁਸ਼ੱਕਤ ਨਾਲ ਬਾਹਰ ਕੱਢਿਆ, ਮਕਾਨ ਦੀਆਂ ਛੱਤਾਂ ਡਿੱਗਣ ਕਾਰਨ ਘਰ ਵਿੱਚ ਪਏ ਘਰੇਲੂ ਸਾਮਾਨ ਦਾ ਨੁਕਸਾਨ ਹੋ ਗਿਆ।

ਸੀ ਪੀ ਆਈ ਦੇ ਕਾਮਰੇਡ ਹਰਦੇਵ ਸਿੰਘ ਬਖਸ਼ੀਵਾਲਾ, ਸੀ ਪੀ ਆਈ (ਐੱਮ) ਦੇ ਆਗੂ ਕਾਮਰੇਡ ਵਰਿੰਦਰ ਕੌਸ਼ਿਕ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਗਰੀਬ ਪਰਵਾਰ ਨੂੰ ਆਪਣਾ ਮਕਾਨ ਬਣਾਉਣ ਤੇ ਨੁਕਸਾਨੇ ਗਏ ਘਰੇਲੂ ਸਾਮਾਨ ਲਈ ਬਣਦੀ ਵਿੱਤੀ ਸਹਾਇਤਾ ਦਿੱਤੀ ਜਾਵੇ।

## ਪੰਜਾਬ ਤੇ ਮੁਲਾਜ਼ਮ ਵਿਰੋਧੀ ਨਵਾਂ ਸਰਵਿਸ ਰੂਲ ਤੁਰੰਤ ਰੱਦ ਹੋਵੇ : ਸੇਖੋਂ

**ਬਠਿੰਡਾ, (ਬਖਤੌਰ ਢਿੱਲੋਂ)**-ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਲਾਗੂ ਕੀਤਾ ਗਿਆ ਨਵਾਂ ਸਰਵਿਸ ਰੂਲ ਪੰਜਾਬ ਦੇ ਹੱਕਾਂ ਨੂੰ ਖੋਹਣ ਵਾਲਾ ਹੈ, ਜਿਸ ਨੇ ਕਰਮਚਾਰੀਆਂ ਵਿੱਚ ਬੇਚੈਨੀ ਪੈਦਾ ਕਰ ਦਿੱਤੀ ਹੈ। ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਮੰਗ ਕੀਤੀ ਕਿ ਪੰਜਾਬ ਤੇ ਮੁਲਾਜ਼ਮ ਵਿਰੋਧੀ ਇਹ ਫੈਸਲਾ ਤੁਰੰਤ ਰੱਦ ਕੀਤਾ ਜਾਵੇ।

ਕਾ: ਸੇਖੋਂ ਨੇ ਕਿਹਾ ਕਿ ਲੰਬੇ ਸਮੇਂ ਤੋਂ ਚੰਡੀਗੜ੍ਹ 'ਚੋਂ ਪੰਜਾਬ ਦਾ ਹੱਕ ਖਤਮ ਕਰਨ ਲਈ ਕੇਂਦਰ ਸਰਕਾਰਾਂ ਵੱਲੋਂ ਚੱਲੀਆਂ ਜਾਂ ਰਹੀਆਂ ਸਾਜ਼ਿਸ਼ਾਂ ਦੀ ਹੀ ਇਹ ਇੱਕ ਕੜੀ ਹੈ, ਜਿਸ ਨਾਲ ਚੰਡੀਗੜ੍ਹ ਵਿੱਚ ਸਰਵਿਸ ਕਰਦੇ ਅਫਸਰਾਂ, ਕਰਮਚਾਰੀਆਂ ਦੇ ਭਵਿੱਖ ਬਾਰੇ ਫੈਸਲਾ ਕਰਨ ਦਾ ਅਧਿਕਾਰ ਕੇਵਲ ਚੰਡੀਗੜ੍ਹ ਦੇ ਪ੍ਰਸ਼ਾਸਕ ਦੇ ਹੱਥ ਵਿੱਚ ਆ ਜਾਣ ਸਦਕਾ ਸਮੁੱਚਾ ਕੰਟਰੌਲ ਕੇਂਦਰ ਸਰਕਾਰ ਕੋਲ ਚਲਾ ਜਾਵੇਗਾ। ਇਸ ਰੂਲ ਮੁਤਾਬਿਕ ਭਰਤੀ, ਬਦਲੀਆਂ, ਡੈਪੂਟੇਸ਼ਨ ਆਦਿ ਕੇਵਲ ਪ੍ਰਸ਼ਾਸਕ ਦੀ ਮਨਜ਼ੂਰੀ ਨਾਲ ਕੀਤਾ ਜਾ ਸਕੇਗਾ ਤੇ ਪੰਜਾਬ ਸਰਕਾਰ ਦੀ ਭੂਮਿਕਾ ਖਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹਾ ਚੰਡੀਗੜ੍ਹ ਵਿੱਚੋਂ ਪੰਜਾਬ ਦੇ ਹੱਕਾਂ ਨੂੰ ਖਤਮ ਕਰਨ ਲਈ ਕੀਤਾ ਜਾ ਰਿਹਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸੂਬਾ ਸਕੱਤਰ ਨੇ ਕਿਹਾ ਕਿ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਨ ਵਾਲੇ ਇਸ ਸਰਵਿਸ ਰੂਲ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। ਲੋੜ ਪਈ ਤਾਂ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਹਮਖਿਆਲੀ ਪਾਰਟੀਆਂ ਤੇ ਜਥੇਬੰਦੀਆਂ ਨਾਲ ਮਿਲ ਕੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਭਗਵੰਤ ਸਰਕਾਰ ਦੀ ਕਮਜ਼ੋਰੀ ਦਾ ਲਾਹਾ ਲੈ ਕੇ ਕੇਂਦਰ ਸਰਕਾਰ ਇਹ ਫੈਸਲਾ ਲਾਗੂ ਕਰਨ ਦੇ ਰਾਹ ਤੁਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਪੰਜਾਬ ਪ੍ਰਤੀ ਸੁਹਿਰਦ ਹਨ ਤਾਂ ਇਸ ਫੈਸਲੇ ਨੂੰ ਲਾਗੂ ਕਰਨ ਤੋਂ ਰੋਕਣ।

## ਟ੍ਰੈਫਿਕ ਪੁਲਸ ਦੀ ਸ਼ਲਾਘਾਯੋਗ ਪਹਿਲਕਦਮੀ, ਖੱਡਿਆਂ ਨੂੰ ਭਰਵਾਇਆ



**ਬਾਘਾ ਪੁਰਾਣਾ, ਸਤੰਬਰ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੇ ਮੋਗਾ ਰੋਡ ਉੱਪਰ ਪਿਛਲੇ ਲੰਮੇ ਸਮੇਂ ਤੋਂ ਪਏ ਡੂੰਘੇ ਖੱਡਿਆਂ ਨੂੰ ਟ੍ਰੈਫਿਕ ਪੁਲਸ ਬਾਘਾ ਪੁਰਾਣਾ ਦੇ ਕਰਮਚਾਰੀਆਂ ਵੱਲੋਂ ਆਪ ਕਹੀ ਫੜ ਕੇ ਭਰਵਾਇਆ ਗਿਆ, ਜਿਸ ਕਰਕੇ ਟ੍ਰੈਫਿਕ ਪੁਲਸ ਦੇ ਉਕਤ ਕਰਮਚਾਰੀਆਂ ਦੇ ਇਸ ਕੰਮ ਦੀ ਚਾਰੇ ਪਾਸੇ ਸ਼ਲਾਘਾ ਹੋ ਰਹੀ ਹੈ।ਸ਼ਹਿਰ ਵਾਸੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਥਾਨਕ ਸ਼ਹਿਰ ਦੇ ਲੋਕਾਂ ਨੂੰ ਤਾਂ ਉਕਤ ਖੱਡੇ ਬਾਰੇ ਪਤਾ ਹੈ, ਜਿਸ ਕਰ ਕੇ ਉਹ ਬਚਾਅ ਲਈ ਪਾਸੇ ਤੋਂ ਆਪਣਾ ਸਾਧਨ ਲੰਘਾਉਂਦੇ ਹਨ, ਜਦਕਿ ਬਾਹਰੋਂ ਸ਼ਹਿਰ ਅੰਦਰ ਦਾਖਲ ਹੁੰਦੇ ਵ੍ਹੀਕਲ ਚਾਲਕ ਇਸ ਡੂੰਘੇ ਖੱਡੇ ਤੋਂ ਅਣਜਾਣ ਹੁੰਦੇ ਹਨ, ਜਿਸ ਕਰਕੇ ਉਨ੍ਹਾਂ ਨਾਲ ਕਿਸੇ ਵੀ ਸਮੇਂ ਵੱਡੀ ਘਟਨਾ ਵਾਪਰ ਸਕਦੀ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਘਾ ਪੁਰਾਣਾ ਦੇ ਟ੍ਰੈਫਿਕ ਇੰਚਾਰਜ ਜਸਵੀਰ ਸਿੰਘ, ਬਲਵੀਰ ਸਿੰਘ ਪੀਸੀਆਰ, ਹੈੱਡ ਕਾਂਸਟੇਬਲ ਗੁਰਪ੍ਰੀਤ ਸਿੰਘ ਤੇ ਹੈੱਡ ਕਾਂਸਟੇਬਲ ਜਗਰੂਪ ਸਿੰਘ ਨੇ ਦੱਸਿਆ ਕਿ ਜੋ ਅਸੀਂ ਬੀਤੇ ਦਿਨ ਲਾਲ ਬੱਜਰੀ ਦੇ ਨਾਲ ਭਰਵਾਇਆ ਹੈ, ਉਹ ਬਹੁਤ ਹੀ ਡੂੰਘਾ ਸੀ ਤੇ ਹਾਦਸਿਆਂ ਨੂੰ ਸੱਦਾ ਦੇ ਰਿਹਾ ਸੀ ਅਤੇ ਕਿਸੇ ਵੇਲੇ ਵੀ ਵੱਡੀ ਘਟਨਾ ਵਾਪਰ ਸਕਦੀ ਸੀ, ਜਿਸ 'ਤੇ ਸਾਡੇ ਵੱਲੋਂ ਇੱਕ ਟਰਾਲੀ ਬੱਜਰੀ ਦੀ ਮੰਗਵਾ ਕੇ ਉਕਤ ਖੱਡੇ ਵਿੱਚ ਸੁੱਟਣ ਦੇ ਬਾਅਦ ਉਸ ਨੂੰ ਭਰਵਾਇਆ ਗਿਆ, ਜਿਸ ਦੇ ਬਾਅਦ ਸ਼ਹਿਰੀਆਂ ਤੇ ਵ੍ਹੀਕਲ ਚਾਲਕਾਂ ਨੂੰ ਕੁਝ ਰਾਹਤ ਮਹਿਸੂਸ ਹੋਈ ਹੈ।ਉਨ੍ਹਾਂ ਕਿਹਾ ਕਿ ਭਾਵੇਂ ਇਹ ਕੰਮ ਨਗਰ ਕੌਂਸਲ ਬਾਘਾ ਪੁਰਾਣਾ ਦਾ ਸੀ, ਪ੍ਰੰਤੂ ਸਾਡੇ ਵੱਲੋਂ ਇਨਸਾਨੀਅਤ ਦੇ ਤੌਰ 'ਤੇ ਇਹ ਕੰਮ ਕੀਤਾ ਗਿਆ, ਜੋ ਸਾਡੇ ਵੱਲੋਂ ਅੱਗੇ ਵੀ ਜਾਰੀ ਰਹੇਗਾ।

## ਹੜ੍ਹ ਪੀੜਤਾਂ ਦੀ ਮਦਦ ਲਈ ਐੱਸ ਡੀ ਐੱਮ ਨੂੰ 51 ਹਜ਼ਾਰ ਦਾ ਚੈੱਕ ਭੇਟ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਐੱਸ.ਡੀ.ਐੱਮ. ਰਾਮਪੁਰਾ ਸੁਨੀਲ ਕੁਮਾਰ ਨੂੰ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਲਈ 51 ਹਜ਼ਾਰ ਰੁਪਏ ਦਾ ਚੈੱਕ ਭੇਟ ਕੀਤਾ।ਇਸ ਮੌਕੇ ਐੱਸਡੀਐੱਮ ਸੁਨੀਲ ਕੁਮਾਰ ਨੇ ਸੰਸਥਾਵਾਂ ਦੇ ਨੁਮਾਇੰਦਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਇਸ ਮੌਕੇ ਐੱਸਡੀਐੱਮ ਨੇ ਸਮਾਜਸੇਵੀ ਤਰਸੇਮ ਚੰਦ ਜੇਠੀ (ਸੇਵਾ ਮੁਕਤ ਬੈਂਕ ਮੈਨੇਜਰ), ਕੌਂਸਲਰ ਸੁਨੀਲ ਕੁਮਾਰ ਬਿੱਟਾ ਤੇ ਮੁਕੇਸ਼ ਬਾਂਸਲ ਨੂੰ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਨੇਕ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਉਨ੍ਹਾਂ ਐੱਸਡੀਐੱਮ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਦੀ ਸਹਾਇਤਾ ਲਈ ਲੋੜ ਅਨੁਸਾਰ ਭਵਿੱਖ ਵਿੱਚ ਹਰ ਸੰਭਵ ਮਦਦ ਕੀਤੀ ਜਾਵੇਗੀ।

ਇਸ ਦੌਰਾਨ ਐੱਸਡੀਐੱਮ ਨੇ ਆਮ ਲੋਕਾਂ ਨੂੰ ਵੀ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਮਦਦ ਲਈ ਸੁੱਕੇ ਰਾਸ਼ਨ, ਪੀਣ ਵਾਲੇ ਪਾਣੀ ਤੇ ਤਰਪਾਲਾਂ ਤੋਂ ਇਲਾਵਾ ਪਸ਼ੂਆਂ ਲਈ ਚਾਰੇ ਆਦਿ ਦੀ ਸੇਵਾ ਲਈ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ।

## ਪੀ ਜੀ ਆਈ ਦੇ ਆਈ ਬੈਂਕ ਵੱਲੋਂ ਅੱਖਾਂ ਦਾਨ ਸੰਬੰਧੀ ਜਾਗਰੂਕਤਾ ਵਾਕ




**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਵੱਲੋਂ 40ਵੇਂ ਰਾਸ਼ਟਰੀ ਅੱਖ ਦਾਨ ਪਖਵਾੜੇ ਨੂੰ ਸਮਰਪਤ ਸੰਸਥਾ ਦੇ ਆਈ ਬੈਂਕ ਨੇ ਲਾਇਨਜ਼ ਕਲੱਬ ਸੈਂਟ੍ਰਲ ਤੇ ਜੀ.ਐੱਮ.ਸੀ.ਐੱਚ. ਆਈ ਬੈਂਕ ਦੇ ਸਹਿਯੋਗ ਨਾਲ ਰੌਕ ਗਾਰਡਨ ਤੋਂ ਸੁਖਨਾ ਝੀਲ ਤੱਕ ਅੱਖਾਂ ਦਾਨ ਸਬੰਧੀ ਆਮ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਇੱਕ ਵਾਕ ਦਾ ਆਯੋਜਨ ਕੀਤਾ ਗਿਆ।ਇਸ ਵਾਕ ਵਿੱਚ ਕਰੀਬ 300 ਲੋਕਾਂ ਨੇ ਉਤਸ਼ਾਹ ਨਾਲ ਭਾਗ ਲਿਆ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਪੀਜੀਆਈ ਦੇ ਮੈਡੀਕਲ ਸੁਪਰਿਟੈਂਡੈਂਟ ਡਾ. ਵਿਪਿਨ ਕੌਸ਼ਲ, ਡਾ. ਐੱਸ. ਐੱਸ. ਪਾਂਡਵ (ਮੁੱਖ, ਐਡਵਾਂਸਡ ਆਈ ਸੈਂਟਰ), ਡਾ. ਅਮਿਤ ਗੁਪਤਾ (ਇੰਚਾਰਜ, ਆਈ ਬੈਂਕ), ਡਾ. ਚਿੰਤਨ (ਪ੍ਰੋਫੈਸਰ, ਐਡਵਾਂਸਡ ਆਈ ਸੈਂਟਰ), ਡਾ. ਪਾਰੁਲ ਚਾਵਲਾ ਗੁਪਤਾ (ਐਡੀਸ਼ਨਲ ਪ੍ਰੋਫੈਸਰ, ਐਡਵਾਂਸਡ ਆਈ ਸੈਂਟਰ), ਆਪਟੋਮੇਟਰੀ ਸਟਾਫ ਤੇ ਵਿਦਿਆਰਥੀ, ਆਈ ਬੈਂਕ ਸਟਾਫ ਤੇ ਡਾ. ਆਰਿਆ ਸ਼ਾਮਲ ਸਨ।

ਵਾਕ ਦੀ ਇੱਕ ਮਹੱਤਵਪੂਰਨ ਖਾਸੀਅਤ ਐੱਨ.ਆਈ.ਐੱਨ.ਈ. ਨਰਸਿੰਗ ਕਾਲਜ ਦੀ ਪ੍ਰਿੰਸੀਪਲ ਡਾ. ਸੁਖਪਾਲ ਕੌਰ, ਮੀਨਾਕਸ਼ੀ ਅਗਨੀਹੋਤਰੀ ਤੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਸੀ।ਇਸ ਮੌਕੇ ਡਾ. ਵਿਪਿਨ ਕੌਸ਼ਲ, ਡਾ. ਐੱਸ. ਐੱਸ. ਪਾਂਡਵ, ਡਾ. ਅਮਿਤ ਗੁਪਤਾ ਤੇ ਡਾ. ਆਰਿਆ ਨੇ ਲੋਕਾਂ ਨੂੰ ਅੱਖ ਦਾਨ ਦੀ ਕਸਮ ਖਾਣ ਦੀ ਅਪੀਲ ਕੀਤੀ।ਇਸ ਦੌਰਾਨ ਹਾਲ ਹੀ ਦੇ ਦੋ ਅੱਖਦਾਨੀ ਪਰਵਾਰਾਂ ਨੂੰ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਤ ਕੀਤਾ ਗਿਆ।

## ਕੇਂਦਰ ਸਰਕਾਰ ਦੀ ਟੀਮ ਵੱਲੋਂ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਦੌਰਾ



**ਫਿਰੋਜ਼ਪੁਰ, (ਅਸ਼ੋਕ ਸ਼ਰਮਾ)**-ਭਾਰਤ ਸਰਕਾਰ ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਮੁਆਇਨਾ ਕਰਨ ਲਈ ਭੇਜੀ ਗਈ ਟੀਮ, ਜਿਸ ਵਿੱਚ ਸੁਦੀਪ ਦੱਤਾ ਅੰਡਰ ਸੈਕਟਰੀ ਦਿਹਾਤੀ ਵਿਕਾਸ ਮੰਤਰਾਲਾ ਭਾਰਤ ਸਰਕਾਰ, ਲਕਸ਼ਮਣ ਰਾਮ ਬੁਲਡਕ ਡਾਇਰੈਕਟਰ ਐਗਰੀਕਲਚਰ, ਪ੍ਰਕਾਸ਼ ਚੰਦ ਡਿਪਟੀ ਡਾਇਰੈਕਟਰ ਮਨਿਸਟਰੀ ਆਫ ਜਲ ਸ਼ਕਤੀ, ਆਰ ਕੇ ਤਿਵਾੜੀ ਸੀਈਏ ਪਾਵਰ ਮੰਤਰਾਲਾ ਸ਼ਾਮਲ ਹਨ, ਵੱਲੋਂ ਫ਼ਿਰੋਜ਼ਪੁਰ ਜ਼ਿਲ੍ਹੇ ਦਾ ਦੌਰਾ ਕਰਕੇ ਵੱਖ-ਵੱਖ ਪਿੰਡਾਂ ਵਿੱਚ ਹੜ੍ਹ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਤੇ ਐੱਸਐੱਸਪੀ ਭੁਪਿੰਦਰ ਸਿੰਘ ਸਿੱਧੂ ਵੀ ਉਨ੍ਹਾਂ ਨਾਲ ਸਨ। ਇਸ ਦੌਰਾਨ ਕੇਂਦਰੀ ਟੀਮ ਵੱਲੋਂ ਫਿਰੋਜ਼ਪੁਰ ਦੇ ਸਤਲੁਜ ਦਰਿਆ ਦੇ ਕੰਢੇ 'ਤੇ ਪਿੰਡਾਂ ਅਤੇ ਹੁਸੈਨੀਵਾਲਾ ਦਾ ਦੌਰਾ ਕਰਕੇ ਗਰਾਊਂਡ ਜ਼ੀਰੋ ਦੀ ਰਿਪੋਰਟ ਹਾਸਲ ਕੀਤੀ ਗਈ। ਇਸ ਦੌਰਾਨ ਹੁਸੈਨੀਵਾਲਾ ਵਿਖੇ ਡਿਪਟੀ ਕਮਿਸ਼ਨਰ ਤੇ ਫੌਜ ਮੁਖੀਆਂ ਨੇ ਕੇਂਦਰੀ ਟੀਮ ਨੂੰ ਸਤਲੁਜ ਦਰਿਆ ਵਿੱਚ ਪਾਣੀ ਤੇ ਸਥਾਨਕ ਹਾਲਾਤਾਂ ਦੀ ਜਾਣਕਾਰੀ ਦਿੱਤੀ। ਕੇਂਦਰੀ ਟੀਮ ਵੱਲੋਂ ਫੌਜ ਦੇ ਅਧਿਕਾਰੀਆਂ ਨੂੰ ਹੁਸੈਨੀਵਾਲਾ ਵਿਖੇ ਹੋਏ ਸੈਨਾ ਦੇ ਬੁਨਿਆਦੀ ਢਾਂਚੇ ਦੇ ਨੁਕਸਾਨ ਦਾ ਮੁਆਇਨਾ ਕਰਕੇ ਉਸ ਦੀ ਮੁੜ ਉਸਾਰੀ 'ਤੇ ਆਉਣ ਵਾਲੇ ਖਰਚੇ ਦਾ ਅਨੁਮਾਨ ਲਗਾ ਕੇ ਡਿਪਟੀ ਕਮਿਸ਼ਨਰ ਰਾਹੀਂ ਕੇਂਦਰ ਨੂੰ ਭੇਜਿਆ ਜਾਵੇ ਤਾਂ ਜੋ ਇਸ ਨੂੰ ਮੁੜ ਤੋਂ ਉਸਾਰਿਆ ਜਾ ਸਕੇ। ਇਸ ਤੋਂ ਪਹਿਲਾਂ ਕੇਂਦਰੀ ਟੀਮ ਵੱਲੋਂ ਹੁਸੈਨੀਵਾਲਾ ਹੈੱਡ ਵਰਕਸ ਵਿਖੇ ਸਤਲੁਜ ਦਰਿਆ ਦੇ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ ਗਿਆ। ਇਸ ਉਪਰੰਤ ਕੇਂਦਰੀ ਟੀਮ ਵੱਲੋਂ ਬਾਰੇ ਕੇ ਰਾਹਤ ਕੇਂਦਰ ਦਾ ਵੀ ਦੌਰਾ ਕੀਤਾ ਗਿਆ ਤੇ ਉਥੇ ਲੋਕਾਂ ਨੂੰ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਵੱਲੋਂ ਇਸ ਮੌਕੇ ਰਾਹਤ ਕੇਂਦਰ ਵਿੱਚ ਰਹਿ ਰਹੇ ਲੋਕਾਂ ਨਾਲ ਵੀ ਗੱਲਬਾਤ ਕੀਤੀ ਗਈ। ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਕੇਂਦਰੀ ਟੀਮ ਨੂੰ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤਾਂ ਦੀ ਕੀਤੀ ਜਾ ਰਹੀ ਮਦਦ, ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਤੇ ਕੀਤੇ ਜਾ ਰਹੇ ਰਾਹਤ ਕਾਰਜਾਂ ਬਾਰੇ ਜਾਣੂ ਕਰਾਇਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਦਮਨਜੀਤ ਸਿੰਘ ਮਾਨ, ਐੱਸਡੀਐੱਮ ਫਿਰੋਜ਼ਪੁਰ ਅਮਨਦੀਪ ਸਮੇਤ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਫੋਟੋ ਫਾਈਲ: 05 ਐੱਫਜ਼ੈੱਡਆਰ 04

## ਨਰੇਗਾ ਵਰਕਰ ਹੁਣ ਲੈਣਗੇ ਬੇਰੁਜ਼ਗਾਰੀ ਭੱਤਾ : ਆਗੂ

### ਨਰੇਗਾ ਮਜ਼ਦੂਰ ਜਥੇਬੰਦੀਆਂ ਤੇ ਦਿਹਾਤੀ ਮਜ਼ਦੂਰ ਸਭਾ ਦੀ ਮੀਟਿੰਗ



**ਕੋਟਕਪੂਰਾ (ਰਛਪਾਲ ਭੁੱਲਰ)** ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ: ਏਟਕ ਤੇ ਨਰੇਗਾ ਵਰਕਰਜ ਯੂਨੀਅਨ ਸੀਟੂ ਤੇ ਦਿਹਾਤੀ ਮਜ਼ਦੂਰ ਸਭਾ ਦੀ ਸਾਂਝੀ ਮੀਟਿੰਗ ਗੁਰਤੇਜ ਸਿੰਘ ਹਰੀ ਨੌਂ ਦੀ ਪ੍ਰਧਾਨਗੀ ਹੇਠ ਪਿੰਡ ਢਿਲਵਾਂ ਕਲਾਂ ਵਿਖੇ ਹੋਈ। ਮੀਟਿੰਗ 'ਚ ਨਰੇਗਾ ਮਜ਼ਦੂਰਾਂ ਤੋਂ ਇਲਾਵਾ ਖੇਤ ਮਜ਼ਦੂਰਾਂ, ਆਮ ਮਜ਼ਦੂਰਾਂ ਦੀਆਂ ਸਮੱਸਿਆਵਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਸੂਬਾ ਆਗੂ ਗੁਰਤੇਜ ਸਿੰਘ ਹਰੀ ਨੌਂ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਕਾਮਰੇਡ ਗੋਰਾ ਸਿੰਘ ਪਿਪਲੀ ਮਨਰੇਗਾ ਵਰਕਰ ਯੂਨੀਅਨ ਦੇ ਸੂਬਾ ਆਗੂ ਸਿਕੰਦਰ ਸਿੰਘ ਔਲਖ ਨੇ ਕਿਹਾ ਕਿ ਪਿਛਲੇ ਦਿਨਾਂ 'ਚ ਹੋਈ ਬਾਰਿਸ਼ ਵਿੱਚ ਜੋ ਮਜ਼ਦੂਰਾਂ ਦੇ ਖਸਤਾ ਹਾਲਤ ਘਰ ਡਿੱਗ ਚੁੱਕੇ ਹਨ ਜਾਂ ਡਿੱਗਣ ਕਿਨਾਰੇ ਹਨ, ਸਰਕਾਰ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਜਲਦੀ ਤੋਂ ਜਲਦੀ ਗ੍ਰਾਂਟਾਂ ਜਾਰੀ ਕਰੇ। ਪਿਛਲੇ ਦਿਨਾਂ ਵਿੱਚ ਹੋਈ ਬਾਰਿਸ਼ ਦੌਰਾਨ ਮਜ਼ਦੂਰ ਵਿਹਲੇ ਰਹੇ ਭੁੱਖਮਰੀ ਦੇ ਕਗਾਰ 'ਤੇ ਪਹੁੰਚ ਚੁੱਕੇ ਹਨ। ਇਸ ਲਈ ਸਰਕਾਰ ਵਿਸ਼ੇਸ਼ ਪੈਕੇਜ ਦੇ ਕੇ ਮਜ਼ਦੂਰਾਂ ਦੀ ਮਦਦ ਕਰੇ।ਪਿਛਲੇ ਕਈ ਮਹੀਨਿਆਂ ਤੋਂ ਨਰੇਗਾ ਦਾ ਕੰਮ ਵੀ ਬੰਦ ਪਿਆ ਹੈ। ਸਰਕਾਰ ਨਰੇਗਾ ਮਜ਼ਦੂਰਾਂ ਨੂੰ ਕੰਮ ਦੇਵੇ।ਬਹੁਤ ਸਾਰੇ ਪਿੰਡਾਂ ਦੇ ਨਰੇਗਾ ਮਜ਼ਦੂਰ ਕੰਮ ਦੀਆਂ ਅਰਜੀਆਂ ਭਰ ਕੇ ਬੀਡੀਓ ਦਫਤਰ ਦੇ ਚੁੱਕੇ ਹਨ।ਜੇਕਰ ਸਰਕਾਰ ਨੇ ਕੰਮ ਨਾ ਕੀਤਾ ਤਾਂ ਹੁਣ ਮਜ਼ਦੂਰ ਬੇਰੁਜ਼ਗਾਰੀ ਭੱਤੇ ਦੀ ਮੰਗ ਕਰਨਗੇ।ਜੇਕਰ ਸਰਕਾਰ ਨੇ ਕੰਮ ਜਾਂ ਬੇਰੁਜ਼ਗਾਰੀ ਨਾ ਦਿੱਤਾ ਤਾਂ ਮਜ਼ਦੂਰ ਭੁੱਖ ਹੜਤਾਲ ਤੇ ਘਿਰਾਓ ਆਦਿ ਕਰਨ ਤੋਂ ਗੁਰੇਜ਼ ਨਹੀਂ ਕਰਨਗੇ। ਹੁਣ ਮਜ਼ਦੂਰ ਜਥੇਬੰਦੀਆਂ ਇਕੱਠੀਆਂ ਹੋ ਚੁੱਕੀਆਂ ਹਨ। ਸਰਕਾਰਾਂ ਦੀਆਂ ਲੋਕ ਵਿਰੋਧੀ ਤੇ ਨਰੇਗਾ ਵਿਰੋਧੀ ਚਾਲਾਂ ਨੂੰ ਕਾਮਯਾਬ ਨਹੀਂ ਹੋਣ ਦੇਣਗੀਆਂ।ਇਸ ਸਮੇਂ ਹੋਰਨਾ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਪੱਤੀ ਸਿੰਘ ਢਿਲਵਾਂ ਬਲਾਕ ਜੈਤੋ ਦੀ ਸਕੱਤਰ ਰਾਮ ਸਿੰਘ ਚੈਨਾ, ਰੇਸ਼ਮ ਸਿੰਘ ਜਠਾਣਾ, ਜਸਵੰਤ ਸਿੰਘ ਔਲਖ, ਗੁਰਚਰਨ ਸਿੰਘ ਔਲਖ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਆਗੂ ਬਲਕਾਰ ਸਿੰਘ ਔਲਖ ਆਦਿ ਆਗੂ ਵੀ ਹਾਜ਼ਰ ਸਨ।

# ਪੈਨਸ਼ਨਰਾਂ ਵੱਲੋਂ ਇੱਕ ਦਿਨ ਦੀ ਪੈਨਸ਼ਨ ਹੜ੍ਹ ਪੀੜਤਾਂ ਨੂੰ ਦੇਣ ਦਾ ਫੈਸਲਾ

## * ਪਾਵਰਕਾਮ ਖਿਲਾਫ ਪੈਨਸ਼ਨਰਜ਼ ਮੰਗਾਂ ਲਈ ਲੰਮੇ ਸੰਘਰਸ਼ ਦਾ ਐਲਾਨ



**ਜਗਰਾਉਂ (ਨਛੱਤਰ ਸੰਧੂ)**-ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਅੱਡਾ ਦਾਖਾਂ ਦੀ ਮੀਟਿੰਗ 'ਚ ਪੰਜਾਬ 'ਚ ਹੜ੍ਹਾਂ ਨਾਲ ਮੱਚੀ ਭਿਆਨਕ ਤਬਾਹੀ ਲਈ ਸਰਕਾਰਾਂ ਨੂੰ ਪੂਰੀ ਤਰ੍ਹਾਂ ਜ਼ਿੰਮੇਵਾਰ ਠਹਿਰਾਉਂਦਿਆਂ ਪੀੜਤ ਲੋਕਾਂ ਦੀ ਹਰ ਪੱਧਰ 'ਤੇ ਯੋਗ ਸਹਾਇਤਾ ਕਰਨ, ਬਰਬਾਦ ਫਸਲਾਂ ਦਾ ਮੁਆਵਜ਼ਾ ਦੇਣ, ਢੱਠੇ ਘਰਾਂ ਦੀ ਮੁੜ ਉਸਾਰੀ ਕਰਾਉਣ, ਪਸ਼ੂਆਂ ਤੇ ਮਾਲ ਡੰਗਰ ਦੇ ਨੁਕਸਾਨ ਦੀ ਭਰਪਾਈ ਕਰਨ, ਗਰੀਬ ਦਲਿਤ ਮਜ਼ਦੂਰਾਂ ਦੀ ਹਰ ਸੰਭਵ ਮਦਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।ਇਸ ਸਮੇਂ ਸਰਵਸੰਮਤੀ ਨਾਲ ਐਸੋਸੀਏਸ਼ਨ ਵੱਲੋਂ ਇੱਕ ਦਿਨ ਦੀ ਪੈਨਸ਼ਨ ਹੜ੍ਹ ਪੀੜਤਾਂ ਨੂੰ ਭੇਜਣ ਦਾ ਫੈਸਲਾ ਕੀਤਾ ਗਿਆ।ਸਰਕਲ ਸੱਕਤਰ ਜਗਤਾਰ ਸਿੰਘ ਸ਼ੇਖੂਪੁਰਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਸੀਨੀਅਰ ਆਗੂ ਕੰਵਲਜੀਤ ਖੰਨਾ ਨੇ ਵੀ ਭਾਗ ਲਿਆ।ਇਸ ਸਮੇਂ ਕਮੇਟੀ ਆਗੂ ਦਰਸ਼ਨ ਸਿੰਘ ਸਹੋਲੀ ਨੇ ਦੱਸਿਆ ਕਿ ਪੈਨਸ਼ਨਰਜ਼ ਐਸੋਸੀਏਸ਼ਨ ਦੀ ਸੂਬਾ ਕਮੇਟੀ ਦੇ ਸੱਦੇ 'ਤੇ 13 ਸਤੰਬਰ ਨੂੰ ਪੈਨਸ਼ਨਰਜ਼ ਦੀਆਂ ਮੰਗਾਂ ਦੀ ਪ੍ਰਾਪਤੀ ਲਈ ਲੁਧਿਆਣਾ ਵਿਖੇ ਪੰਜਾਬ ਸਰਕਾਰ ਦੇ ਬਿਜਲੀ ਮੰਤਰੀ ਸੰਜੀਵ ਅਰੋੜਾ ਨੂੰ ਜ਼ਿਲ੍ਹਾ ਪੱਧਰ 'ਤੇ ਮੰਗ ਪੱਤਰ ਦਿੱਤਾ ਜਾਵੇਗਾ।11 ਅਕਤੂਬਰ ਨੂੰ ਸਾਂਝਾ ਫਰੰਟ ਦੇ ਸੱਦੇ 'ਤੇ ਸੰਗਰੂਰ ਵਿਖੇ ਮੁੱਖ ਮੰਤਰੀ ਦੇ ਹਲਕੇ 'ਚ ਸਾਂਝੀ ਪੈਨਸ਼ਨਰਜ਼ ਰੈਲੀ ਕੀਤੀ ਜਾਵੇਗੀ।

15 ਅਕਤੂਬਰ ਨੂੰ ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਪਾਵਰਕਾਮ ਮੈਨੇਜਮੈਂਟ ਦੇ ਟਾਲੂ ਤੇ ਲਟਕਾਊ ਵਤੀਰੇ ਖਿਲਾਫ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ।ਇਸ ਸਮੇਂ ਸੁਰੇਸ਼ ਕੁਮਾਰ, ਜਸਬੀਰ ਸਿੰਘ ਢੱਟ, ਰਾਧੇ ਸਿਆਮ, ਮਨਜੀਤ ਸਿੰਘ ਹਿੱਸੋਵਾਲ, ਬਲਬੀਰ ਸਿੰਘ ਟੂਸੇ, ਸ਼ੇਰ ਸਿੰਘ ਰਾਜੇਆਣਾ ਆਦਿ ਹਾਜ਼ਰ ਸਨ।

# ਸੀਨੀਅਰ ਸਿਟੀਜਨ ਐਸੋ. ਵੱਲੋਂ ਕੇਂਦਰ ਤੋਂ ਵਿਸ਼ੇਸ਼ ਆਰਥਿਕ ਪੈਕੇਜ ਦੀ ਮੰਗ



**ਧੂਰੀ (ਮਨੋਹਰ ਸਿੰਘ ਸੱਗੂ)**-ਸੀਨੀਅਰ ਸਿਟੀਜਨ ਵੈੱਲਫ਼ੇਅਰ ਐਸੋਸੀਏਸ਼ਨ ਧੂਰੀ ਦੀ ਮਹੀਨਾਵਾਰ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਸਾਥੀ ਜਗਦੀਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ।

ਕੁਦਰਤੀ ਤੇ ਸਰਕਾਰੀ ਕਰੋਪੀ ਦਾ ਦਰਦ ਸਹਿ ਰਹੇ ਦਰਦਮੰਦਾਂ ਨੂੰ ਸਮਰਪਤ ਇਸ ਮੀਟਿੰਗ 'ਚ ਜਨਰਲ ਸਕੱਤਰ ਸਰਬਜੀਤ ਸਿੰਘ ਰਾਜੋਮਾਜਰਾ ਨੇ ਪੰਜਾਬ ਦੇ ਵਸ਼ਿੰਦਿਆਂ ਵੱਲੋਂ ਬਰਦਾਸ਼ਤ ਕੀਤੀ ਚੌਥੀ ਵੱਡੀ ਕਰੋਪੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਮੀਟਿੰਗ ਦੌਰਾਨ ਗੁਰਮੀਤ ਸਿੰਘ ਅਨੰਦ ਤੇ ਮੂਲ ਚੰਦ ਸ਼ਰਮਾ ਨੇ ਹੜ੍ਹ ਪੀੜਤਾਂ ਦੇ ਦਰਦ ਨੂੰ ਬਿਆਨ ਦੀਆਂ ਕਵਿਤਾਵਾਂ ਸੁਣਾਈਆਂ ਤੇ ਸਿੱਖਿਆ ਵਿਗਿਆਨੀ ਡਾਕਟਰ ਅਵਤਾਰ ਸਿੰਘ ਢੀਂਡਸਾ ਨੇ ਸੀਨੀਅਰ ਸਿਟੀਜਨ ਦੇ ਸਮਾਜਿਕ ਤੇ ਪਰਿਵਾਰਾਂ ਵਿੱਚ ਨਿਭਾਈ ਜਾ ਰਹੀ ਭੂਮਿਕਾ ਬਾਰੇ ਵਿਗਿਆਨਕ ਨਜ਼ਰੀਏ ਤੋਂ ਵਿਆਖਿਆ ਕਰਦਿਆਂ ਬ੍ਰਹਿਮੰਡ, ਨਕਸ਼ੱਤਰਾਂ ਤੇ ਰਾਸ਼ੀਆਂ ਦੀ ਵਿਗਿਆਨਕ ਜਾਣਕਾਰੀ ਦਿੱਤੀ।ਸੇਵਾ ਮੁਕਤ ਲੈਕਚਰਾਰ ਰਾਮ ਚੰਦ ਸ਼ਰਮਾ ਨੇ ਅਧਿਆਪਕ ਦਿਵਸ ਮਨਾਏ ਜਾਣ ਦੇ ਪਿਛੋਕੜ ਤੇ ਅਧਿਆਪਕਾਂ ਦੇ ਫ਼ਰਜ਼ਾਂ ਬਾਰੇ ਆਪਣੀ ਗੱਲ ਕੀਤੀ। ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਕੇਂਦਰ ਸਰਕਾਰ ਤੋਂ ਪ੍ਰਤੀ ਘਰ ਹੋਏ ਜਾਨ-ਮਾਲ ਤੇ ਪਸ਼ੂ ਧਨ ਦੇ ਹੋਏ ਨੁਕਸਾਨ ਦੀ ਭਰਪਾਈ ਗੁਜਰਾਤ ਤੇ ਬਿਹਾਰ ਦੀ ਤਰਜ਼ 'ਤੇ ਤੁਰੰਤ ਕਰਨ ਤੇ ਪੰਜਾਬ ਲਈ ਵਿਸ਼ੇਸ਼ ਆਰਥਿਕ ਪੈਕੇਜ ਦੀ ਮੰਗ ਕੀਤੀ।ਗੁਰਦੀਪ ਸਿੰਘ ਸਾਰੋਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਕਰਨ ਦੀ ਕੀਤੀ ਅਪੀਲ 'ਤੇ ਸੀਨੀਅਰ ਸਿਟੀਜਨਜ਼ ਵੱਲੋਂ ਫਰਾਖਦਿਲੀ ਨਾਲ ਮੌਕੇ 'ਤੇ ਹੀ ਹਜ਼ਾਰਾਂ ਰੁਪਏ ਫੰਡ ਦਿੱਤਾ ਗਿਆ।ਅੰਤ ਵਿੱਚ ਸਤੰਬਰ ਮਹੀਨੇ ਵਿੱਚ ਜਨਮੇ ਸੀਨੀਅਰ ਸਿਟੀਜਨ ਸਾਥੀਆਂ ਦਾ ਜਨਮ ਦਿਨ ਮਨਾਉਂਦਿਆਂ ਉਨ੍ਹਾਂ ਦੀ ਲੰਬੀ ਉਮਰ ਤੇ ਤੰਦਰੁਸਤੀ ਦੀ ਕਾਮਨਾ ਕੀਤੀ ਗਈ।

# ਗਾਰਡਨ ਵੈਲੀ ਸਕੂਲ ਦੀ ਟੀਮ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ 'ਚ ਜੁਟੀ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ-ਕੁਹਾੜਾ ਰੋਡ 'ਤੇ ਸਥਿਤ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਵੱਲੋਂ ਸਮਾਜ ਸੇਵਾ ਲਈ ਇੱਕ ਵੱਡਾ ਕਦਮ ਚੁੱਕਿਆ ਗਿਆ। ਸਕੂਲ ਦੇ ਸਾਰੇ ਡਰਾਇਵਰ ਤੇ ਕੰਡਕਟਰ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਟੀਮ ਵਜੋਂ ਇਕੱਠੇ ਹੋ ਕੇ ਸੇਵਾ ਕਰਨ ਪੁੱਜੇ। ਸਕੂਲ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਕਿਹਾ ਕਿ ਸਮਾਜ ਪ੍ਰਤੀ ਆਪਣਾ ਫਰਜ਼ ਨਿਭਾਉਣਾ ਹਰੇਕ ਦਾ ਧਰਮ ਹੈ, ਇਸ ਲਈ ਸਤਲੁਜ ਦਰਿਆ 'ਚ ਪਾਣੀ ਦੇ ਵਧਦੇ ਪੱਧਰ ਕਾਰਨ ਲੋਕਾਂ ਦੀ ਸੁਰੱਖਿਆ ਲਈ ਬੰਨ੍ਹ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਹਮੇਸ਼ਾ ਵਿਦਿਆਰਥੀਆਂ, ਸਟਾਫ਼ ਤੇ ਇਲਾਕਾ ਨਿਵਾਸੀਆਂ ਨੂੰ ਸਮਾਜਿਕ ਕਾਰਜਾਂ ਲਈ ਪ੍ਰੇਰਿਤ ਕਰਦਾ ਹੈ।

## ਆਸ਼ਾ ਵਰਕਰਾਂ ਵੱਲੋਂ ਸਿਵਲ ਸਰਜਨ ਦਾ ਸਨਮਾਨ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਆਸ਼ਾ ਵਰਕਰ ਫੈਸਿਲੀਟੇਟਰ ਨਿਰੋਲ ਯੂਨੀਅਨ ਪੰਜਾਬ ਗਰੁੱਪ ਮੋਗਾ ਵੱਲੋਂ ਬਹੁਗੁਣਾ ਵਾਲੀ ਟ੍ਰੇਨਿੰਗ 2024 ਦਾ ਰਹਿੰਦਾ ਆਸ਼ਾ ਵਰਕਰ ਫੰਡ ਤੇ ਦਾ ਸਾਲਾਨਾ ਬਜਟ ਜਾਰੀ ਹੋਣ ਦੀ ਖੁਸ਼ੀ ਵਿੱਚ ਸਿਵਲ ਸਰਜਨ ਡਾਕਟਰ ਪ੍ਰਦੀਪ ਕੁਮਾਰ ਮਹਿੰਦਰਾ ਤੇ ਉਨ੍ਹਾਂ ਦੀ ਟੀਮ ਨੂੰ ਸਨਮਾਨਤ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਮਨਦੀਪ ਦੀਦਾਰੇਵਾਲਾ ਨੇ ਦੱਸਿਆ ਕਿ ਇੱਕ ਸਾਲ ਤੋਂ ਇਹ ਬਜਟ ਲਟਕ ਰਿਹਾ ਸੀ ਤੇ ਸਿਵਲ ਸਰਜਨ ਦੀ ਬਦੌਲਤ ਸਾਡਾ ਬਜਟ ਪ੍ਰਾਪਤ ਹੋਇਆ ਅਤੇ ਆਸ਼ਾ ਵਰਕਰਾਂ ਨੂੰ ਇਸ ਦੀ ਬਹੁਤ ਖੁਸ਼ੀ ਹੈ। ਉਨ੍ਹਾਂ ਸਿਵਲ ਸਰਜਨ ਦਾ ਬਹੁਤ ਧੰਨਵਾਦ ਵੀ ਕੀਤਾ। ਇਸ ਮੌਕੇ ਮੀਤ ਪ੍ਰਧਾਨ ਸੰਦੀਪ ਮੋਗਾ, ਮੀਤ ਪ੍ਰਧਾਨ ਪਰਮਜੀਤ ਸਮਾਧ, ਬਲਜੀਤ ਕੋਟ ਈਸੇ ਖਾਂ, ਮਨਪ੍ਰੀਤ ਕੌਰ, ਸਰਬਜੀਤ ਕੌਰ ਚੜਿੱਕ, ਕਮਲਜੀਤ ਬੱਧਨੀ, ਕਮਲਜੀਤ ਦੁਨੇਕੇ, ਪ੍ਰਿਆ ਮੋਗਾ, ਸੁਖੀ, ਰਮਨ, ਕੋਮਲ ਮੋਗਾ, ਹਰਮਿੰਦਰ ਲੰਡੇਕੇ, ਗੀਤਾ ਚੜਿੱਕ, ਵਿਸ਼ਾਲੀ ਬੱਧਨੀ ਆਦਿ ਹਾਜ਼ਰ ਸਨ।

## ਜੇ ਐੱਨ ਇੰਟਰਨੈਸ਼ਨਲ ਸਕੂਲ ਦੇ ਪ੍ਰਬੰਧਕਾਂ ਤੇ ਸਟਾਫ ਨੇ ਹੜ੍ਹ ਪੀੜਤਾਂ ਨੂੰ ਰਾਸ਼ਨ ਵੰਡਿਆ



**ਗੁਰੂ ਹਰਸਹਾਏ (ਫਕੀਰ ਚੰਦ ਸਿਕਰੀ)**-ਅੱਜ ਲੱਗਭਗ ਪੰਜਾਬ ਦੇ ਅੱਧੇ ਤੋਂ ਜ਼ਿਆਦਾ ਜ਼ਿਲ੍ਹੇ ਕੁਦਰਤੀ ਆਫ਼ਤ ਹੜ੍ਹਾਂ ਦੀ ਲਪੇਟ ਵਿੱਚ ਹਨ, ਉੱਥੇ ਪੰਜਾਬ ਦੇ ਸਰਹੱਦੀ ਜ਼ਿਲ੍ਹਾ ਫਿਰੋਜ਼ਪੁਰ ਦੇ ਬਲਾਕ ਗੁਰੂ ਹਰਸਹਾਏ ਦੇ ਪਿੰਡ ਗਜ਼ਨੀ ਵਾਲਾ, ਜੋ ਕਿ ਸਤਲੁਜ ਦਰਿਆ ਦੇ ਕੰਢੇ 'ਤੇ ਵਸਿਆ ਹੋਇਆ ਹੈ ਤੇ ਇਸ ਕੁਦਰਤੀ ਆਫ਼ਤ ਦਾ ਸ਼ਿਕਾਰ ਹੋਇਆ ਹੈ, ਲਈ ਜੇ ਐੱਨ ਇੰਟਰਨੈਸ਼ਨਲ ਸਕੂਲ ਦੇ ਪ੍ਰਬੰਧਕਾਂ, ਅਧਿਆਪਕਾਂ, ਡਰਾਈਵਰ ਵੀਰਾਂ ਵੱਲੋਂ ਕੁਝ ਰਾਸ਼ਨ ਰਾਹਤ ਕਾਰਜਾਂ ਲਈ ਭੇਜਿਆ ਗਿਆ।ਇਸ ਮੌਕੇ ਸਕੂਲ ਦੀ ਜੇ. ਐੱਨ. ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਜਨਕ ਰਾਜ ਮੁੰਜਾਲ, ਮੈਨੇਜਿੰਗ ਡਾਇਰੈਕਟਰ ਅਰਜੁਨ ਮੁੰਜਾਲ, ਮੈਨੇਜਮੈਂਟ ਮੈਂਬਰ ਏਕਤਾ ਮੁੰਜਾਲ, ਮੈਨੇਜਮੈਂਟ ਮੈਂਬਰ ਅੰਜਲੀ ਚਾਨਣਾ ਤੇ ਸਕੂਲ ਦੇ ਪ੍ਰਿੰਸੀਪਲ ਡਾਕਟਰ ਰਵਿੰਦਰ ਕੁਮਾਰ ਅਤੇ ਸਮੂਹ ਐਜੂਕੇਸ਼ਨਲ ਸੋਸਾਇਟੀ ਦੇ ਮੈਂਬਰਾਂ, ਅਧਿਆਪਕ ਸਾਹਿਬਾਨਾਂ ਤੇ ਡਰਾਈਵਰ ਵੀਰਾਂ ਨੇ ਆਪਣੀ ਕਿਰਤ ਵਿੱਚੋਂ ਯੋਗਦਾਨ ਪਾ ਕੇ ਲੋੜਵੰਦ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਇਹ ਸਹਾਇਤਾ ਭੇਜੀ।ਚੇਅਰਮੈਨ ਜਨਕ ਰਾਜ ਮੁੰਜਾਲ ਆਪਣੇ ਇਲਾਕੇ ਦੇ ਲੋੜਵੰਦ ਪਰਵਾਰਾਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਵਚਨਬੱਧ ਹਨ।

# ਹੜ੍ਹ ਪੀੜਤਾਂ ਨਾਲ ਹਮਦਰਦੀ ਕਰਦਿਆਂ ਹਰ ਵਰਗ ਸਹਿਯੋਗ ਦੇਵੇ-ਸਰਾਭਾ

**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਜਰਨਲ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ, ਜ਼ਿਲ੍ਹਾ ਪ੍ਰਧਾਨ ਪਰਮਿੰਦਰਪਾਲ ਸਿੰਘ ਕਾਲੀਆ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪੰਜਾਬ ਦੇ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਦੇ ਲੋਕਾਂ ਦੀ ਅਤੀ ਦਰਦਨਾਇਕ ਹਾਲਤ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਪੰਜਾਬ ਦੇ ਸਮੂਹ ਅਧਿਆਪਕ ਵਰਗ ਨੂੰ ਹੜ੍ਹ ਪੀੜਤ ਲੋਕਾਂ ਨਾਲ ਇਸ ਦੁੱਖ ਦੀ ਘੜੀ ਵਿੱਚ ਹਰ ਬਣਦਾ ਯੋਗਦਾਨ ਦੇਣ ਲਈ ਅਪੀਲ ਕੀਤੀ ਗਈ।ਮੀਟਿੰਗ ਉਪਰੰਤ ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਤੇ ਮਨੀਸ਼ ਸ਼ਰਮਾ ਨੇ ਪ੍ਰੈੱਸ ਨੋਟ ਜਾਰੀ ਕਰਕੇ ਦੱਸਿਆ ਕਿ ਜ਼ਿਲ੍ਹਾ ਬੋਰਡਾਂ ਅਧੀਨ ਸਕੂਲਾਂ ਦੀ ਜਥੇਬੰਦੀ ਦੇ ਪ੍ਰਧਾਨ ਸਵ. ਮਹਿੰਦਰ ਸਿੰਘ ਸਵੱਦੀ ਦੀ ਅਗਵਾਈ ਹੇਠ ਲੰਬੇ ਸੰਘਰਸ਼ ਪਿੱਛੋਂ ਪੰਜਾਬ ਦੇ ਸਕੂਲਾਂ ਨੂੰ 1 ਅਕਤੂਬਰ 1957 ਨੂੰ ਸਰਕਾਰੀ ਸਕੂਲ ਹੋਣ ਦਾ ਮਾਣ ਪ੍ਰਾਪਤ ਹੋਇਆ ਸੀ।ਇਸ ਤਰ੍ਹਾਂ ਪੰਜਾਬ ਦੀ ਸਾਰੇ ਸਕੂਲਾਂ ਵਿੱਚ ਇੱਕ ਸਾਰ ਤੇ ਮਿਆਰੀ ਸਰਕਾਰੀ ਸਿੱਖਿਆ ਦਾ ਪ੍ਰਬੰਧ ਹੋਇਆ ਸੀ, ਜਿਸ ਨਾਲ ਪੰਜਾਬ ਸੂਬੇ ਦਾ ਵੱਖ-ਵੱਖ ਖੇਤਰਾਂ ਵਿੱਚ ਚਿਰਸਥਾਈ ਵਿਕਾਸ ਹੋਇਆ।ਸਕੂਲਾਂ ਦੀ ਸਰਕਾਰੀਕਰਨ ਦੀ ਮਹੱਤਤਾ ਨੂੰ ਸਮਝਦੇ ਹੋਏ ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ 2 ਅਕਤੂਬਰ ਨੂੰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਜਥੇਬੰਦੀ ਦੀ ਵਿਸ਼ੇਸ਼ ਇਕੱਤਰਤਾ ਕਰਕੇ ਮਨਾਇਆ ਜਾਵੇਗਾ।ਇਸ ਮੌਕੇ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਕੂਲ ਆਫ ਐਮੀਨੈਂਸ ਦੀ ਬਜਾਏ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਇੱਕ ਸਾਰ ਮਿਆਰੀ ਤੇ ਬੁਨਿਆਦੀ ਸਿੱਖਿਆ ਦੇਣ 'ਤੇ ਜ਼ੋਰ ਦਿੱਤਾ ਜਾਵੇ ਅਤੇ ਕੋਠਾਰੀ ਸਿੱਖਿਆ ਕਮਿਸ਼ਨ (1964-66) ਤੇ 1968 ਦੀ ਸਿੱਖਿਆ ਨੀਤੀ ਦੀਆਂ ਤਜਵੀਜ਼ਾਂ ਵਿੱਚ ਬਣਦੀਆਂ ਸਾਰਥਿਕ ਸੋਧਾਂ ਕਰਕੇ ਸਹੀ ਢੰਗ ਨਾਲ ਲਾਗੂ ਕੀਤੀ ਜਾਵੇ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਨਾ ਹੋ ਸਕੇ।ਜਥੇਬੰਦੀ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਪਿਛਲੇ ਸਮੇਂ ਵਿੱਚ ਅਕਾਲੀ-ਭਾਜਪਾ ਗੱਠਜੋੜ ਸਰਕਾਰ ਤੇ ਕੈਪਟਨ ਸਰਕਾਰ ਸਮੇਂ ਖੁੱਲ੍ਹੇ ਆਦਰਸ਼, ਮਾਡਲ, ਮੈਰੀਟੋਰੀਅਸ ਸਕੂਲਾਂ ਨੂੰ ਸਮੁੱਚੇ ਸਟਾਫ ਸਮੇਤ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤਾ ਜਾਵੇ।ਹਰ ਪ੍ਰਾਇਮਰੀ ਸਕੂਲ ਲਈ ਜਮਾਤ ਅਨੁਸਾਰ ਪ੍ਰੀ ਪ੍ਰਾਇਮਰੀ ਤੋਂ ਪੰਜਵੀਂ ਜਮਾਤ ਤੱਕ ਜਮਾਤਾਂ ਅਨੁਸਾਰ ਸੱਤ ਰੈਗੂਲਰ ਅਧਿਆਪਕ ਨਿਯੁਕਤ ਕਰੇ, ਠੇਕਾ ਆਧਾਰ 'ਤੇ ਕੰਮ ਕਰ ਰਹੇ ਸਮੂਹ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਪੂਰੀਆਂ ਤਨਖ਼ਾਹਾਂ ਸਮੇਤ ਰੈਗੂਲਰ ਕਰੇ, ਪ੍ਰਾਇਮਰੀ ਤੋਂ ਲੈ ਕੇ ਸੈਕੰਡਰੀ ਸਕੂਲਾਂ ਵਿੱਚ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰੀਆਂ ਜਾਣ, ਅਧਿਆਪਕਾਂ ਤੋਂ ਵੱਖ ਵੱਖ ਤਰ੍ਹਾਂ ਦੇ ਗੈਰ-ਵਿੱਦਿਅਕ ਕੰਮ ਸਕੂਲਾਂ ਵਿੱਚ ਤੇ ਸਕੂਲਾਂ ਤੋਂ ਬਾਹਰ ਲੈਣੇ ਬੰਦ ਕੀਤੇ ਜਾਣ।

ਪ੍ਰਾਇਮਰੀ ਪੱਧਰ ਤੋਂ ਸੈਕੰਡਰੀ ਪੱਧਰ ਤੱਕ ਅਧਿਆਪਕਾਂ ਦੀਆਂ ਪਦਉਨਤੀਆਂ ਕੀਤੀਆਂ ਜਾਣ।ਇਸ ਸਮੇਂ ਜਥੇਬੰਦੀ ਦੇ ਆਗੂ ਚਰਨ ਸਿੰਘ ਤਾਜਪੁਰੀ, ਸਤਵਿੰਦਰ ਪਾਲ ਸਿੰਘ ਦੋਰਾਹਾ, ਕੁਲਦੀਪ ਸਿੰਘ ਬਲਾਕ ਪੱਖੋਵਾਲ ਪ੍ਰਧਾਨ, ਸੰਜੀਵ ਯਾਦਵ, ਵਰਿੰਦਰ ਸ਼ਰਮਾ, ਜਗਦੀਸ਼ ਸਿੰਘ, ਅਸ਼ੋਕ ਗੋਇਲ, ਅਸ਼ੀਸ਼ ਕੁਮਾਰ ਆਦਿ ਸਾਥੀ ਹਾਜ਼ਰ ਸਨ।

# ਘੱਗਰ, ਟਾਂਗਰੀ ਤੇ ਮਾਰਕੰਡੇ ਦਾ ਕਹਿਰ ਜਾਰੀ



**ਪਟਿਆਲਾ/ਸਨੌਰ(ਰਾਜਿੰਦਰ ਸਿੰਘ ਥਿੰਦ)**-ਹੜ੍ਹਾਂ ਦੀ ਮਾਰ ਹੇਠ ਪੰਜਾਬ ਵਿੱਚ ਜਿੱਥੇ ਲੱਖਾਂ ਏਕੜ ਝੋਨੇ ਤੇ ਹੋਰ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ, ਉੱਥੇ ਹੀ ਜ਼ਿਲ੍ਹਾ ਪਟਿਆਲਾ ਅੰਦਰ ਘੱਗਰ ਟਾਂਗਰੀ ਤੇ ਮਾਰਕੰਡੇ ਦਰਿਆਵਾਂ 'ਚ ਆਏ ਹੜ੍ਹਾਂ ਕਾਰਨ 11 ਹਜ਼ਾਰ ਏਕੜ ਤੋਂ ਜ਼ਿਆਦਾ ਝੋਨੇ ਦੀ ਫਸਲ ਨੁਕਸਾਨੀ ਗਈ ਹੈ।ਉਂਜ ਇਹ ਮੁੱਢਲਾ ਅੰਕੜਾ ਇਕੱਤਰ ਕੀਤਾ ਗਿਆ ਹੈ, ਜਦਕਿ ਨੁਕਸਾਨ ਇਸ ਤੋਂ ਕਿਤੇ ਵਧ ਸਕਦਾ ਹੈ।ਬੇਸ਼ੱਕ ਘੱਗਰ ਦਰਿਆ 'ਚ ਪਾਣੀ ਦਾ ਪੱਧਰ ਅੱਧਾ ਫੁੱਟ ਘੱਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਪ੍ਰੰਤੂ ਟਾਂਗਰੀ ਤੇ ਮਾਰਕੰਡਾ ਦਰਿਆ ਅਜੇ ਵੀ ਖਤਰੇ ਦੇ ਨਿਸ਼ਾਨ ਤੋਂ ਉੱਪਰ ਬਹਿਣ ਕਾਰਨ ਪਾਣੀ ਦੇ ਹੋਰ ਪਿੰਡਾਂ ਨੂੰ ਨੁਕਸਾਨ ਪਹੁੰਚਣ ਦਾ ਖ਼ਤਰਾ ਬਰਕਰਾਰ ਹੈ ਅਤੇ ਫਸਲਾਂ ਦੇ ਨੁਕਸਾਨ ਦਾ ਖ਼ਤਰਾ ਵਧਣ ਕਾਰਨ ਜਾਰੀ ਅੰਕੜਿਆਂ 'ਚ ਵਾਧਾ ਹੋਣ ਦੀ ਸੰਭਾਵਨਾ ਬਣਦੀ ਜਾ ਰਹੀ ਹੈ। ਇਕੱਤਰ ਕੀਤੇ ਵੇਰਵਿਆਂ ਮੁਤਾਬਿਕ ਮੁੱਢਲੇ ਅੰਕੜੇ ਅਨੁਸਾਰ ਸਭ ਤੋਂ ਵੱਧ ਨੁਕਸਾਨ ਘਨੌਰ ਖੇਤਰ 'ਚ ਹੋਇਆ ਹੈ। ਇੱਥੇ ਘੱਗਰ ਨੇ ਸਭ ਤੋਂ ਜ਼ਿਆਦਾ ਤਬਾਹੀ ਮਚਾਈ ਹੈ।ਘਨੌਰ ਹਲਕੇ ਅੰਦਰ ਕਾਫੀ ਪਿੰਡ ਘੱਗਰ ਦੇ ਪਾਣੀ ਨਾਲ ਪ੍ਰਭਾਵਿਤ ਹੋਏ ਹਨ।ਜਿਹੜੇ ਕਿਸਾਨਾਂ ਦੀ ਫਸਲ ਘੱਗਰ ਦੇ ਆਲੇ-ਦੁਆਲੇ ਲੱਗਦੀ ਹੈ, ਉੱਥੇ ਸਭ ਤੋਂ ਵੱਧ ਪਾਣੀ ਨੇ ਕਹਿਰ ਢਾਹਿਆ ਹੈ।ਖੇਤੀਬਾੜੀ ਵਿਭਾਗ ਦੀ ਟੀਮ ਵੱਲੋਂ ਜੁਟਾਏ ਮੁੱਢਲੇ ਅੰਕੜਿਆਂ ਤਹਿਤ ਘਨੌਰ ਹਲਕੇ ਅੰਦਰ ਸਭ ਤੋਂ ਵੱਧ 8 ਹਜ਼ਾਰ ਏਕੜ ਝੋਨੇ ਦੀ ਫਸਲ ਨੂੰ ਨੁਕਸਾਨ ਪੁੱਜਿਆ ਹੈ ਤੇ ਨੁਕਸਾਨੀ ਗਈ ਇਹ ਫ਼ਸਲ ਦਾ ਰਕਬਾ ਕਈ ਪਿੰਡਾਂ ਦਾ ਹੈ।ਘਨੌਰ ਹਲਕੇ ਅੰਦਰ ਕਾਮੀ ਖੁਰਦ, ਸਮਸਪੁਰ, ਚਮਾਰੂ, ਉਟਸਰ, ਜੰਡ ਮਗੋਲੀ, ਲਾਛੜੂ ਕਲਾਂ ਸਰਾਲਾ ਕਲਾਂ ਰਾਮਪੁਰ, ਸੰਜਰਪੁਰ, ਰਾਏਪੁਰ, ਨਨਹੇੜੀ, ਦੜਬਾ, ਮਹਿਦੂਦਾਂ, ਜੰਡ ਮਗੋਲੀ, ਮੰਬੋਲੀ, ਘਨੌਰੀ ਖੇੜਾ, ਪਿੱਪਲ ਮਗੋਲੀ, ਬੋਲਪੁਰ, ਤਪਲਾ, ਆਦਿ ਪਿੰਡਾਂ 'ਚ ਘੱਗਰ ਦੇ ਪਾਣੀ ਨੇ ਵੱਡੀ ਪੱਧਰ 'ਤੇ ਤਬਾਹੀ ਮਚਾ ਕੇ ਫਸਲਾਂ ਨੂੰ ਭਾਰੀ ਨੁਕਸਾਨ ਪਹੁਚਾਇਆ ਹੈ।ਘਨੌਰ ਹਲਕੇ ਅੰਦਰ ਖੇਤਾਂ 'ਚ ਪਾਣੀ ਅਜੇ ਪੂਰੀ ਤਰ੍ਹਾਂ ਭਰਿਆ ਹੋਇਆ ਹੈ, ਜਦਕਿ ਪਿੰਡਾਂ ਵਿੱਚੋਂ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ।ਇਸੇ ਤਰ੍ਹਾਂ ਹੀ ਸਨੌਰ ਹਲਕੇ ਦੇ ਜਨਹੇੜੀ ਬਲਾਕ ਵਿੱਚ 1200 ਏਕੜ ਤੋਂ ਵੱਧ ਝੋਨੇ ਦੀ ਫਸਲ ਅੰਦਰ ਪਾਣੀ ਭਰਿਆ ਹੈ।ਇੱਥੇ ਟਾਂਗਰੀ ਨਦੀ ਸਮੇਤ ਘੱਗਰ ਵੱਲੋਂ ਨੁਕਸਾਨ ਪਹੁੰਚਾਇਆ ਗਿਆ ਹੈ।ਇਸ ਬਲਾਕ ਦੇ ਮਹਿਮੂਦਪੁਰ, ਜਲਾਹਖੇੜੀ, ਉਲਟਪੁਰ, ਭਸਮੜਾ, ਘੜਾਮ, ਬੁੱਧਮੋਰ, ਜੋਧਪੁਰ, ਬੀਬੀਪੁਰ ਖੁਰਦ, ਦੁੱਧਣ ਗੁੱਜਰਾਂ, ਮੋਹਲਗੜ੍ਹ ਮਾਤੂ ਆਦਿ ਪਿੰਡ ਸ਼ਾਮਲ ਹਨ।

ਸਮਾਣਾ-ਪਾਤੜਾਂ ਅੰਦਰ 3000 ਏਕੜ ਤੋਂ ਵੱਧ ਰਕਬੇਅੰਦਰ ਘੱਗਰ ਦੇ ਪਾਣੀ ਨੇ ਕਿਸਾਨਾਂ ਦੀ ਝੋਨੇ ਦੀ ਫਸਲ ਨੂੰ ਤਹਿਸ ਨਹਿਸ ਕੀਤਾ ਹੈ।ਸਮਾਣਾ ਦੇ ਪਿੰਡ ਸਪਰਹੇੜੀ ਛੰਨਾ, ਅਸਮਾਨਪੁਰ, ਰਤਨਹੇੜੀ, ਮਰੋੜੀ, ਮਰਦਾਹੜੀ ਤੇ ਹਰਚੰਦਪੁਰਾ ਪਿੰਡ ਸ਼ਾਮਲ ਹਨ।ਪਾਤੜਾਂ ਏਰੀਏ ਦੇ ਦੁਗਾਲ ਖੁਰਦ, ਦਿਉਗੜ੍ਹ, ਹਰਿਆਊ ਖੁਰਦ, ਅਜੇ ਅੰਕੜਾ ਹੋਰ ਵਧ ਸਕਦੈ : ਡਾ. ਜਸਵਿੰਦਰ ਸਿੰਘ ਜ਼ਿਲ੍ਹਾ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਵੱਲੋਂ ਮੁੱਢਲੇ ਤੌਰ 'ਤੇ 11300 ਏਕੜ ਝੋਨੇ ਦੀ ਫ਼ਸਲ ਨੂੰ ਨੁਕਸਾਨ ਹੋਣ ਦਾ ਵੇਰਵਾ ਇਕੱਤਰ ਹੋਇਆ ਹੈ ਤੇ ਆਉਂਦੇ ਦਿਨਾਂ ਵਿੱਚ ਇਹ ਅੰਕੜਾ ਵਧ ਸਕਦਾ ਹੈ।ਇਸ ਤੋਂ ਬਾਅਦ ਖੇਤੀਬਾੜੀ ਵਿਭਾਗ ਵੱਲੋਂ ਇਹ ਰਿਪੋਰਟ ਅੱਗੇ ਉੱਚ ਅਧਿਕਾਰੀਆਂ ਸਮੇਤ ਸਰਕਾਰ ਨੂੰ ਭੇਜੀ ਜਾਵੇਗੀ।

# ਏ ਐੱਸ ਆਟੋਮੋਬਾਈਲ ਨੂੰ ਮਿਲਿਆ ਬੈੱਸਟ ਫੈਸਟੀਵਲ ਸੇਲਜ਼ ਐਵਾਰਡ



**ਜਗਰਾਉਂ (ਅਮਿਤ ਖੰਨਾ)**- ਏ ਐੱਸ ਆਟੋਮੋਬਾਈਲ, ਜੋ ਕਿ ਜਗਰਾਉਂ ਵਿਖੇ ਹੀਰੋ ਮੋਟਰਸਾਈਕਲ ਦੇ ਡੀਲਰ ਹਨ।ਸਾਲ 2024-25 ਦਾ ਬੈਸਟ ਫੈਸਟੀਵਲ ਸੇਲਜ਼ ਐਵਾਰਡ ਏ ਐੱਸ ਆਟੋਮੋਬਾਈਲ ਨੂੰ ਮਿਲਿਆ।ਇਹ ਐਵਾਰਡ ਡੀਲਰ ਮੀਟ ਦੌਰਾਨ ਸ੍ਰੀ ਆਸ਼ੂਤੋਸ਼ ਵਰਮਾ (ਚੀਫ ਬਿਜ਼ਨੈੱਸ ਆਫੀਸਰ) ਵੱਲੋਂ ਦਿੱਤਾ ਗਿਆ।ਉਨ੍ਹਾਂ ਨਾਲ ਮਨਿੰਦਰਜੀਤ ਸਿੰਘ ਜ਼ੋਨਲ ਮੈਨੇਜਰ, ਅਭੀਜੀਤ ਜੀ ਡਿਪਟੀ ਜ਼ੋਨਲ ਮੈਨੇਜਰ, ਨਿਤਨ ਪਰਾਸ਼ਰ ਏਰੀਆ ਮੈਨੇਜਰ ਮੌਜੂਦ ਸਨ।ਆਸ਼ੂਤੋਸ਼ ਵਰਮਾ ਨੇ ਕਿਹਾ ਕਿ ਏ ਐੱਸ ਆਟੋਮੋਬਾਈਲ ਦੇ ਮਾਲਕ ਸ੍ਰ. ਗੁਰਿੰਦਰ ਸਿੰਘ ਸਿੱਧੂ ਨੂੰ ਇਹ ਐਵਾਰਡ 2024-2025 ਲਈ ਫੈਸਟੀਵਲ ਸੀਜ਼ਨ ਵਿੱਚ ਸਭ ਤੋਂ ਵੱਧ ਸੇਲ ਕਰਨ ਕਰਕੇ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਏ ਐੱਸ ਆਟੋਮੋਬਾਈਲ ਪਹਿਲਾਂ ਵੀ ਬਹੁਤ ਵਧੀਆ ਕੰਮ ਕਰਦਾ ਰਿਹਾ ਹੈ।ਇਸ ਸਮੇਂ ਮਨਿੰਦਰਜੀਤ ਸਿੰਘ ਜ਼ੋਨਲ ਮੈਨੇਜਰ ਨੇ ਗੁਰਿੰਦਰ ਸਿੰਘ ਸਿੱਧੂ ਨੂੰ ਵਧਾਈ ਦਿੱਤੀ।ਇਸ ਮੌਕੇ ਅਭੀਜੀਤ ਨੇ ਗੁਰਿੰਦਰ ਸਿੰਘ ਸਿੱਧੂ ਦੇ ਕੀਤੇ ਹੋਏ ਕੰਮ ਦੀ ਸਰਾਹਨਾ ਕੀਤੀ।ਨਿਤਨ ਪਰਾਸ਼ਰ ਨੇ ਕਿਹਾ ਕਿ ਏ ਐੱਸ ਆਟੋ ਮੋਬਾਈਲ ਜਗਰਾਓਂ ਸਾਡਾ ਬੈਸਟ ਡੀਲਰ ਹੈ।ਇਸ ਮੌਕੇ ਗੁਰਿੰਦਰ ਸਿੰਘ ਸਿੱਧੂ ਨੇ ਸਾਰਿਆਂ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਇਹ ਐਵਾਰਡ ਮੈਨੂੰ ਮੇਰੇ ਮਿਹਨਤੀ ਸਟਾਫ ਤੇ ਹਰਪ੍ਰੀਤ ਸਿੰਘ ਟੀ ਐੱਮ ਹੀਰੋ ਮੋਟੋਕਾਰਪ ਦੀ ਸਖਤ ਮਿਹਨਤ ਕਰਕੇ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਹ ਅੱਗੇ ਵੀ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣਗੇ।

# ਸਰਕਾਰ ਨੇ ਹੜ੍ਹ ਪੀੜਤਾਂ ਲਈ ਕੁਝ ਨਹੀਂ ਕੀਤਾ-ਡਾ. ਲੱਖਾ



**ਹਠੂਰ (ਨਛੱਤਰ ਸੰਧੂ)**-ਸੀਨੀਅਰ ਕਾਂਗਰਸੀ ਆਗੂ ਡਾ. ਬਲਜਿੰਦਰ ਸਿੰਘ ਲੱਖਾ ਨੇ ਇਥੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਆਏ ਭਿਆਨਕ ਹੜ੍ਹ ਹਾਕਮਾਂ ਦੀ ਨਲਾਇਕੀ ਸਦਕਾ ਆਏ ਹਨ, ਜਿਸ ਕਾਰਨ ਲੱਖਾਂ ਏਕੜ ਫ਼ਸਲ, ਹਜ਼ਾਰਾਂ ਪਿੰਡ ਤੇ ਲੱਖਾਂ ਘਰ ਬਰਬਾਦ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਹੜ੍ਹਾਂ ਨੂੰ ਕੌਮੀ ਆਫ਼ਤ ਐਲਾਨੇ ਤਾਂ ਕਿ ਕੌਮੀ ਰਾਹਤ ਫੰਡ ਵਿੱਚੋਂ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ।ਉਨ੍ਹਾਂ ਕਿਹਾ ਕਿ ਗਰੀਬ ਪਰਵਾਰਾਂ ਦੇ ਘਰ ਢਹਿ ਚੁੱਕੇ ਹਨ।ਘਰਾਂ ਨੂੰ ਬਣਾਉਣ ਲਈ 10 ਲੱਖ ਦੀ ਗ੍ਰਾਂਟ ਗਰੀਬ ਪਰਵਾਰਾਂ ਨੂੰ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸੂਬਾ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋ ਚੁੱਕੀ ਹੈ।ਹੜ੍ਹਾਂ ਦੇ ਮਾਰੇ ਲੋਕ ਘਰੋਂ ਬੇਘਰ ਹੋਏ ਬੈਠੇ ਹਨ।ਹਾਲੇ ਤੱਕ ਸਰਕਾਰ ਨੇ ਪੀੜਤ ਲੋਕਾਂ ਨੂੰ ਕੁਝ ਵੀ ਨਹੀਂ ਦਿੱਤਾ, ਜਦਕਿ ਸਮਾਜਸੇਵੀ ਜਥੇਬੰਦੀਆਂ ਲੋਕਾਂ ਨੂੰ ਹਰ ਸਹੂਲਤ ਦੇਣ ਵਿੱਚ ਅੱਗੇ ਹਨ, ਜੋ ਕਿ ਸੂਬਾ ਸਰਕਾਰ ਲਈ ਸ਼ਰਮ ਵਾਲੀ ਗੱਲ ਹੈ।

## ਚੋਰੀ ਕੀਤੇ ਟਰੱਕ ਸਮੇਤ ਮੁਲਜ਼ਮ ਗ੍ਰਿਫਤਾਰ

**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਡੀ.ਐੱਸ.ਪੀ. ਸਮਾਣਾ ਸ੍ਰ. ਫਤਹਿ ਸਿੰਘ ਬਰਾੜ ਨੇ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਬੀਤੇ 4 ਸਤੰਬਰ 2025 ਨੂੰ ਗੁਰਨਾਮ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਗੁਰੂ ਤੇਗ ਬਹਾਦੁਰ ਕਲੌਨੀ ਸਮਾਣਾ ਵੱਲੋਂ ਥਾਣਾ ਸਿਟੀ ਸਮਾਣਾ ਜ਼ਿਲ੍ਹਾ ਪਟਿਆਲਾ ਵਿੱਚ ਮੁਕੱਦਮਾ ਦਰਜ ਕਰਵਾਇਆ ਗਿਆ ਕਿ 2-3 ਸਤੰਬਰ ਦੀ ਦਰਮਿਆਨੀ ਰਾਤ ਉਸ ਦਾ ਟਰੱਕ ਨੰਬਰ ਪੀ ਬੀ 11 ਏ ਕਿਊ-9145 ਮਾਰਕਾ ਟਾਟਾ, ਜੋ ਸੁਖਬੀਰ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀ ਪਿੰਡ ਬਦਨਪੁਰ, ਥਾਣਾ ਸਦਰ ਸਮਾਣਾ ਨੇ ਚੋਰੀ ਕਰ ਲਿਆ ਹੈ।ਇਸ ਸਬੰਧੀ ਥਾਣਾ ਸਿਟੀ ਸਮਾਣਾ ਦੀ ਪੁਲਸ ਵੱਲੋਂ ਫ਼ੌਰੀ ਕਾਰਵਾਈ ਕਰਦੇ ਹੋਏ 24 ਘੰਟਿਆਂ ਅੰਦਰ ਹੀ ਮੁਲਜ਼ਮ ਸੁਖਬੀਰ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀ ਪਿੰਡ ਬਦਨਪੁਰ ਥਾਣਾ ਸਦਰ ਸਮਾਣਾ ਨੂੰ ਚੋਰੀ ਕੀਤਾ ਟਰੱਕ ਬਰਾਮਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ।ਉਸ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ ਤੇ ਇਸ ਮਾਮਲੇ ਦੀ ਪੂਰੀ ਡੂੰਘਾਈ ਨਾਲ ਪੁੱਛਗਿੱਛ ਕਰਕੇ ਸਾਹਮਣੇ ਆਏ ਤੱਥਾਂ ਦੇ ਅਧਾਰ ਅਗਲੀ ਜਾਂਚ ਅਮਲ ਵਿੱਚ ਲਿਆਂਦੀ ਜਾਵੇਗੀ।

## ਪੱਤਰਕਾਰ ਲਖਵੀਰ ਧਾਂਦਰਾ ਨਾਲ ਹਮਦਰਦੀ ਪ੍ਰਗਟਾਈ

**ਧੂਰੀ (ਮਨੋਹਰ ਸਿੰਘ ਸੱਗੂ)**-ਪੰਜਾਬ ਜਨਰਲਿਸਟ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਲਖਵੀਰ ਸਿੰਘ ਧਾਂਦਰਾ ਦੇ ਮਾਮੇ ਦੇ ਪੁੱਤ ਨੰਬਰਦਾਰ ਲਖਵਿੰਦਰ ਸਿੰਘ ਢਿੱਲੋਂ ਦੀ ਭਰ ਜਵਾਨੀ 'ਚ ਦਿਲ ਦਾ ਦੌਰਾ ਪੈਣ ਕਾਰਨ ਹੋਈ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਧੂਰੀ ਦੇ ਪੱਤਰਕਾਰ ਭਾਈਚਾਰੇ ਵੱਲੋਂ ਲਖਵੀਰ ਸਿੰਘ ਧਾਂਦਰਾ ਤੇ ਸ਼ੋਕਗ੍ਰਸਤ ਪਰਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ ਗਈ।

# ਪੰਡੋਰੀ ਵੱਲੋਂ ਪੰਚਾਇਤਾਂ ਨੂੰ ਵਾਟਰ ਟੈਂਕ ਤਕਸੀਮ



**ਮਹਿਲ ਕਲਾਂ,(ਪ੍ਰਦੀਪ ਸਿੰਘ ਲੋਹਗੜ੍ਹ)**-ਮਨਰੇਗਾ ਵਰਕਰਾਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਟ੍ਰਾਈਡੈਂਟ ਕੰਪਨੀ ਦੇ ਸਹਿਯੋਗ ਨਾਲ ਪਾਣੀ ਵਾਲੀਆਂ ਟੈਂਕੀਆਂ ਮੁਹੱਈਆ ਕਰਵਾਈਆਂ ਗਈਆਂ।ਇਹ ਟੈਂਕੀਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੱਲੋਂ ਬੀ.ਡੀ.ਪੀ.ਓ. ਦਫ਼ਤਰ ਮਹਿਲ ਕਲਾਂ ਵਿਖੇ ਵੱਖ-ਵੱਖ ਗ੍ਰਾਮ ਪੰਚਾਇਤਾਂ ਨੂੰ ਸੌਂਪੀਆਂ ਗਈਆਂ।ਇਸ ਮੌਕੇ ਬੋਲਦਿਆਂ ਵਿਧਾਇਕ ਪੰਡੋਰੀ ਨੇ ਕਿਹਾ ਕਿ ਮਨਰੇਗਾ ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ।ਦੂਰ ਦੁਰਾਡੇ ਕੰਮ ਕਰਨ ਸਮੇਂ ਮਨਰੇਗਾ ਮਜ਼ਦੂਰਾਂ ਨੂੰ ਪੀਣ ਵਾਲੇ ਪਾਣੀ ਦੀ ਘਾਟ ਰਹਿੰਦੀ ਸੀ, ਜਿਸ ਨੂੰ ਦੇਖਦਿਆਂ ਇਹ ਉਪਰਾਲਾ ਕੀਤਾ ਗਿਆ ਹੈ।ਅੱਜ ਇਕ ਦਰਜਨ ਦੇ ਕਰੀਬ ਪਿੰਡ ਨੂੰ ਇਹ ਟੈਂਕ ਸੌਂਪ ਦਿੱਤੇ ਗਏ ਹਨ।ਬਾਕੀ ਪੰਚਾਇਤਾਂ ਨੂੰ ਵੀ ਜਲਦ ਮੁਹੱਈਆ ਕਰਵਾਏ ਜਾਣਗੇ।ਇਸ ਸਮੇਂ ਐੱਸ.ਐੱਚ.ਓ. ਸ਼ੇਰਵਿੰਦਰ ਸਿੰਘ ਔਲਖ, ਪੰਡਿਤ ਸੋਮ ਨਾਥ ਨਿਹਾਲੂਵਾਲ, ਯਾਦਵਿੰਦਰ ਸਿੰਘ ਯਾਦੂ, ਅਰੁਣ ਕੁਮਾਰ ਬਾਂਸਲ, ਮਾ: ਹਰਮਨਜੀਤ ਸਿੰਘ ਕੁਤਬਾ, ਮਨਜੀਤ ਸਿੰਘ ਸਹਿਜੜਾ, ਗੁਰਜੀਤ ਸਿੰਘ ਧਾਲੀਵਾਲ, ਹਰਵਿੰਦਰ ਸਿੰਘ ਦੀਵਾਨਾ, ਸਰਪੰਚ ਪ੍ਰਦੀਪ ਸਿੰਘ ਰਾਏ ਕੁਤਬਾ, ਸਰਪੰਚ ਜਗਜੀਵਨ ਸਿੰਘ ਕਲਾਲ ਮਾਜਰਾ ਆਦਿ ਹਾਜ਼ਰ ਸਨ।

# .ਗੌਰੀ ਲੰਕੇਸ਼ ਨੂੰ ਪਲਸ ਮੰਚ ਵੱਲੋਂ ਸੂਬੇ ਭਰ 'ਚ ਸ਼ਰਧਾਂਜਲੀਆਂ

**ਜਗਰਾਉਂ (ਨ ਜ਼ ਸ)**-ਮੁਲਕ ਦੀ ਨਾਮਵਰ ਵਿਦਵਾਨ ਲੇਖਕ, ਨਿੱਧੜਕ ਪੱਤਰਕਾਰ, ਸੰਪਾਦਕ, ਦੱਬੇ ਕੁਚਲੇ ਲੋਕਾਂ ਦੀ ਜਮਹੂਰੀ, ਇਨਕਲਾਬੀ ਆਵਾਜ਼ ਦੀ ਬੇਬਾਕ ਬੁਲਾਰਾ ਗ਼ੌਰੀ ਲੰਕੇਸ਼ ਦੀ ਸ਼ਹਾਦਤ ਅਜਾਈਂ ਨਹੀਂ ਜਾਏਗੀ।ਇਹ ਸੁਨੇਹਾ ਦਿੱਤਾ ਗਿਆ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਪੰਜਾਬ ਦੇ ਵੱਖ ਵੱਖ ਕੇਂਦਰਾਂ 'ਤੇ ਹੋਏ ਸਮਾਗਮਾਂ ਮੌਕੇ।



ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਇੱਥੇ ਪ੍ਰੈੱਸ ਨਾਲ਼ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜਗਰਾਓਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ, ਗੁਰਸ਼ਰਨ ਕਲਾ ਭਵਨ ਮੁੱਲਾਂਪੁਰ (ਲੁਧਿਆਣਾ), ਪੀਪਲਜ਼ ਆਰਟ ਪਟਿਆਲਾ, ਆਵਾਮੀ ਰੰਗ ਮੰਚ ਸਿਹੌੜਾ (ਲੁਧਿਆਣਾ), ਪੀਪਲਜ਼ ਆਰਟ ਪਟਿਆਲਾ, ਮਾਨਵਤਾ ਕਲਾ ਮੰਚ ਨਗਰ (ਜਲੰਧਰ), ਸਾਹਿਤਕ ਸੱਭਿਆਚਾਰਕ ਸੰਸਥਾਵਾਂ ਮਾਹਿਲਪੁਰ (ਹੁਸ਼ਿਆਰਪੁਰ), ਪੰਜਾਬ ਕਲਾ ਸੰਗਮ ਫਗਵਾੜਾ (ਕਪੂਰਥਲਾ), ਪਲਸ ਮੰਚ ਦੇ ਸੰਗੀ ਸਾਥੀ ਫਗਵਾੜਾ (ਕਪੂਰਥਲਾ) ਵਿਖੇ ਹੋਈਆਂ ਡਾ. ਗੌਰੀ ਲੰਕੇਸ਼ ਯਾਦਗਾਰੀ ਸਭਾਵਾਂ ਵਿੱਚ ਉਨ੍ਹਾਂ ਦੇ ਸਿਰੜੀ ਜੀਵਨ ਸੰਗਰਾਮ ਨੂੰ ਸਿਜਦਾ ਕੀਤਾ ਗਿਆ।

ਇਨ੍ਹਾਂ ਇਕੱਤਰਤਾਵਾਂ ਨੂੰ ਸੰਬੋਧਨ ਕਰਦਿਆਂ ਅਮੋਲਕ ਸਿੰਘ, ਕੰਵਲਜੀਤ ਖੰਨਾ, ਸੂਬਾ ਕਮੇਟੀ ਮੈਂਬਰ ਹਰਕੇਸ਼ ਚੌਧਰੀ, ਸੂਬਾ ਕਮੇਟੀ ਮੈਂਬਰ ਜਸਵਿੰਦਰ ਪੱਪੀ, ਸੱਤਪਾਲ ਬੰਗਾ, ਸ਼ੈਰੀ ਸਿਹੌੜਾ, ਪਾਵੇਲ ਸਿਹੌੜਾ, ਨਿਸ਼ਾ, ਤਲਵਿੰਦਰ ਹੀਰ, ਧਰਮਿੰਦਰ ਮਸਾਣੀ ਆਦਿ ਨੇ ਕਿਹਾ ਕਿ ਗੌਰੀ ਲੰਕੇਸ਼ ਨੂੰ 5 ਸਤੰਬਰ 2017 ਨੂੰ ਬੰਗਲੌਰ (ਕਰਨਾਟਕ) ਵਿਖੇ ਉਨ੍ਹਾਂ ਫਿਰਕੂ, ਫਾਸ਼ੀ ਤਾਕਤਾਂ ਨੇ ਸ਼ਰੇਆਮ ਗੋਲੀਆਂ ਮਾਰੀਆਂ।ਸਭਨਾਂ ਥਾਵਾਂ 'ਤੇ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਦੋਸ਼ ਲਾਇਆ ਕਿ ਗੌਰੀ ਲੰਕੇਸ਼ ਤੇ ਸੰਗੀ ਸਾਥੀਆਂ ਦੇ ਕਾਤਲ ਅੱਜ ਵੀ ਦਨਦਨਾਉਂਦੇ ਹਕੂਮਤੀ ਸਰਪ੍ਰਸਤੀ ਹੇਠ ਘੁੰਮ ਰਹੇ ਹਨ, ਜਦਕਿ ਦੇਸ਼ ਦੇ ਬੁੱਧੀਜੀਵੀ, ਨੌਜਵਾਨ ਤੇ ਵਿਦਿਆਰਥੀ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਅੰਦਰ ਸੜ ਰਹੇ ਹਨ।

# ਪੁਰਾਣੀ ਪੈਨਸ਼ਨ ਬਹਾਲੀ ਲਈ ਸੰਗਰੂਰ 'ਚ ਰੈਲੀ 21 ਨੂੰ



**ਮਾਨਸਾ, (ਆਤਮਾ ਸਿੰਘ ਪਮਾਰ)**

ਮੁਲਾਜ਼ਮਾਂ ਨਾਲ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਮੁਲਾਜ਼ਮਾਂ ਦੀਆਂ ਮੰਗਾਂ ਸੁਣਨ ਲਈ ਵੀ ਤਿਆਰ ਨਹੀਂ। ਇਨ੍ਹਾਂ ਮੰਗਾਂ ਨੂੰ ਪੂਰੀਆਂ ਕਰਾਉਣ ਲਈ ਡੀ.ਟੀ.ਐਫ਼ ਮਾਨਸਾ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਪ੍ਰਧਾਨ ਕਰਮਜੀਤ ਤਾਮਕੋਟ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ਼ ਭਵਨ ਵਿਖੇ ਹੋਈ। ਜਥੇਬੰਦੀ ਦੇ ਸੂਬਾਈ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਨੇ ਕਿਹਾ ਕਿ ਮੁਲਾਜ਼ਮ ਕਦੇ ਵੀ ਐੱਨ ਪੀ ਐੱਸ ਜਾਂ ਯੂ ਪੀ ਐੱਸ ਨੂੰ ਸਵੀਕਾਰ ਨਹੀਂ ਕਰਨਗੇ। ਉਹ ਹਰ ਹਾਲਤ 'ਚ ਪੁਰਾਣੀ ਪੈਨਸ਼ਨ ਲਾਗੂ ਕਰਾ ਕੇ ਰਹਿਣਗੇ। ਸੂਬਾ ਵਿੱਤ ਸਕੱਤਰ ਜਸਵਿੰਦਰ ਬਠਿੰਡਾ ਨੇ ਕਿਹਾ ਕਿ ਇਸ ਵੱਡੀ ਮੰਗ ਲਈ ਡੀ ਟੀ ਐਫ਼ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇੱਕ ਵੱਡੀ ਲਹਿਰ ਖੜ੍ਹੀ ਕਰੇਗੀ। ਡੀ ਟੀ ਐਫ਼ ਮਾਨਸਾ ਦੇ ਜ਼ਿਲ੍ਹਾ ਸਕੱਤਰ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਦੀਆਂ ਸਾਰੀਆਂ ਮੰਗਾਂ ਜਿਵੇਂ 15% ਡੀ ਏ ਜਾਰੀ ਕਰਨਾ, 2020 ਤੋਂ ਬਾਅਦ ਦੇ ਮੁਲਾਜ਼ਮਾਂ ਤੇ ਸੈਂਟਰ ਸਕੇਲ ਵਾਪਸ ਲੈ ਕੇ ਪੰਜਾਬ ਵਾਲੇ ਪੇਅ ਸਕੇਲ ਲਾਗੂ ਕਰਨਾ, ਕੱਚੇ ਅਧਿਆਪਕਾਂ, ਕੰਪਿਊਟਰ ਅਧਿਆਪਕਾਂ, ਐੱਨ ਐੱਸ ਕਿਊ ਐਫ਼ ਅਧਿਆਪਕਾਂ ਨੂੰ ਵਿਭਾਗ ਵਿੱਚ ਰੈਗੂਲਰ ਕਰਨਾ, 15 ਜਨਵਰੀ-2015 ਦਾ ਮਾਰੂ ਪੱਤਰ ਵਾਪਸ ਲੈਣਾ, ਪੇਂਡੂ ਭੱਤਾ ਲਾਗੂ ਕਰਨਾ ਤੇ 3-7 ਨਵੰਬਰ-2014 ਏ ਸੀ ਪੀ ਸਕੀਮ ਲਾਗੂ ਆਦਿ ਕਰਨ ਦਾ ਫ਼ੈਸਲਾ ਤੁਰੰਤ ਲਿਆ ਜਾਵੇ।ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਮੰਗਾਂ ਨੂੰ ਲੈ ਕੇ 21 ਸਤੰਬਰ ਨੂੰ ਡੀ ਟੀ ਐਫ਼ ਵੱਲੋਂ ਸੰਗਰੂਰ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਮੀਟਿੰਗ 'ਚ ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਗੁਰਤੇਜ ਉੱਭਾ ਦੀ ਸੇਵਾਮੁਕਤੀ ਕਾਰਨ ਖਾਲੀ ਹੋਏ ਅਹੁਦੇ 'ਤੇ ਸਰਬਸੰਮਤੀ ਨਾਲ ਰਾਜਵਿੰਦਰ ਸਿੰਘ ਬੈਹਣੀਵਾਲ ਨੂੰ ਜ਼ਿਲ੍ਹੇ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਜਥੇਬੰਦੀ ਦੇ ਆਗੂਆਂ ਹਰਫੂਲ ਸਿੰਘ, ਸੁਖਚੈਨ ਸਿੰਘ ਤੇ ਦਮਨਜੀਤ ਸਿੰਘ ਨੇ ਕਿਹਾ ਕਿ 21 ਸਤੰਬਰ ਦੀ ਰੈਲੀ ਲਈ ਬਲਾਕ ਪੱਧਰੀ ਮੀਟਿੰਗਾਂ ਕਰਕੇ ਅਧਿਆਪਕਾਂ ਨੂੰ ਲਾਮਬੰਦ ਕੀਤਾ ਜਾਵੇਗਾ।

# ਰਾਜਪੁਰਾ ਦੇ ਲੋਕ ਗੰਦਾ ਤੇ ਬਦਬੂਦਾਰ ਪਾਣੀ ਪੀਣ ਲਈ ਮਜਬੂਰ



**ਰਾਜਪੁਰਾ (ਰਮੇਸ਼ ਕਟਾਰੀਆ)** : ਨਗਰ ਕੌਂਸਲ ਰਾਜਪੁਰਾ ਦੀ ਹੱਦ ਅੰਦਰ ਪਿਛਲੇ ਕਾਫ਼ੀ ਸਮੇਂ ਤੋਂ ਲੋਕ ਗੰਦਾ ਬਦਬੂਦਾਰ ਪਾਣੀ ਪੀਣ 'ਤੇ ਮਜਬੂਰ ਹੋ ਰਹੇ ਹਨ। ਇਸ ਬਾਰੇ ਵੱਖ ਵੱਖ ਵਾਰਡਾਂ ਦੇ ਕਈ ਲੋਕਾਂ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੰਦਾ ਪਾਣੀ ਪੀਣ ਦੇ ਨਾਲ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋ ਰਿਹਾ ਹੈ, ਕਿਉਂਕਿ ਇਸ ਸਬੰਧੀ ਕਈ ਵਾਰੀ ਵਾਟਰ ਸਪਲਾਈ, ਸੀਵਰੇਜ ਬੋਰਡ ਦੇ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਕੁਝ ਸ਼ਹਿਰਵਾਸੀਆਂ ਨੇ ਕਿਹਾ ਕਿ ਪਿਛਲੇ ਕਾਫ਼ੀ ਸਮੇਂ ਤੋਂ ਅਸੀਂ ਗੰਦਾ ਪਾਣੀ ਪੀਣ ਲਈ ਮਜਬੂਰ ਹਾਂ ਅਤੇ ਇਸ ਨਾਲ਼ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਲੋਕਾਂ ਦਾ ਕਹਿਣਾ ਹੈ ਕਿ ਰਾਜਪੁਰਾ ਵਿਖੇ ਵੱਖ ਵੱਖ ਪਾਰਟੀਆਂ ਦੇ ਕਈ ਵਿਧਾਇਕ ਆਏ ਤੇ ਵੱਡੇ ਵੱਡੇ ਦਾਅਵੇ ਕੀਤੇ, ਪਰ ਸ਼ਹਿਰ ਨੂੰ ਸਾਫ਼ ਸੁਥਰਾ ਪਾਣੀ ਮੁਹੱਈਆ ਕਰਵਾਉਣ ਦੇ ਲਾਰੇ ਲਾ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਰਹੇ, ਲੇਕਿਨ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਨਾ ਮਿਲ ਸਕਿਆ।

ਸ਼ਹਿਰ ਵਾਸੀਆਂ ਨੇ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਗੇਟਵੇ ਆਫ ਪੰਜਾਬ ਰਾਜਪੁਰਾ ਨੂੰ ਪਹਿਲ ਦੇ ਅਧਾਰ 'ਤੇ ਸਾਫ਼ ਸੁਥਰਾ ਪਾਣੀ ਉਪਲਬਧ ਕਰਵਾਏ।

## ਸੰਤ ਨਿਰੰਕਾਰੀ ਮਿਸ਼ਨ ਵੱਲੋਂ ਹੜ੍ਹ ਪ੍ਰਭਾਵਤ ਬੰਨ੍ਹਾਂ ਲਈ ਮਿੱਟੀ ਦੀ ਸੇਵਾ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**- ਲਗਾਤਾਰ ਪੈ ਰਹੇ ਮੀਂਹ ਤੇ ਡੈਮਾਂ ਤੋਂ ਛੱਡੇ ਜਾ ਰਹੇ ਪਾਣੀ ਕਾਰਨ ਫ਼ਿਰੋਜ਼ਪੁਰ ਵਿਖੇ ਸਤਲੁਜ ਦਰਿਆ ਨਾਲ਼ ਲੱਗਦੇ ਪਿੰਡਾਂ ਵਿੱਚ ਹੜ੍ਹਾਂ ਦਾ ਖਤਰਾ ਲਗਾਤਾਰ ਬਣਿਆ ਹੋਇਆ ਹੈ ਅਤੇ ਕਈ ਪਿੰਡਾਂ ਨੂੰ ਹੜ੍ਹਾਂ ਨੇ ਆਪਣੀ ਲਪੇਟ ਵਿੱਚ ਲੈ ਲਿਆ ਹੈ, ਜਿਸ ਕਰਕੇ ਦਰਿਆ ਦੇ ਨਾਲ਼ ਲੱਗਦੇ ਖੇਤਰਾਂ ਦੇ ਹਾਲਾਤ ਕਾਫੀ ਖਰਾਬ ਹਨ। ਇਨ੍ਹਾਂ ਹਾਲਾਤਾਂ ਨੂੰ ਵੇਖਦੇ ਹੋਏ ਸੰਤ ਨਿਰੰਕਾਰੀ ਮਿਸ਼ਨ ਬ੍ਰਾਂਚ ਫ਼ਿਰੋਜ਼ਪੁਰ ਵੱਲੋਂ ਧੁੱਸੀ ਬੰਨ੍ਹ ਪੱਲਾ ਮੇਘਾ ਤੋਂ ਬਸਤੀ ਰਾਮ ਲਾਲ ਵਿਖੇ ਮਿੱਟੀ ਦੀ ਸੇਵਾ ਕੀਤੀ ਗਈ। ਸੰਤ ਨਿਰੰਕਾਰੀ ਮਿਸ਼ਨ ਦੇ ਫ਼ਿਰੋਜ਼ਪੁਰ ਜ਼ੋਨ ਦੇ ਜ਼ੋਨਲ ਇੰਚਾਰਜ ਐੱਨ ਐੱਸ ਗਿੱਲ ਤੇ ਇੰਚਾਰਜ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਕਿਰਪਾ ਤੇ ਦਿਸ਼ਾ ਨਿਰਦੇਸ਼ ਅਨੁਸਾਰ ਨਿਰੰਕਾਰੀ ਮਿਸ਼ਨ ਵੱਲੋਂ ਹਰ ਤਰ੍ਹਾਂ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸੇਵਾ ਤਹਿਤ ਫ਼ਿਰੋਜ਼ਪੁਰ ਬ੍ਰਾਂਚ ਵੱਲੋਂ ਧੁੱਸੀ ਬੰਨ੍ਹ ਪੱਲਾ ਮੇਘਾ ਵਿਖੇ ਮਿੱਟੀ ਦੀਆਂ 6 ਟਰਾਲੀਆਂ ਦੀ ਸੇਵਾ ਬੰਨ੍ਹ ਨੂੰ ਬੰਨਣ ਲਈ ਕੀਤੀ ਗਈ ਹੈ। ਇਸ ਤੋਂ ਇਲਾਵਾ ਮਿਸ਼ਨ ਦੇ ਸੇਵਾਦਾਰਾਂ ਤੇ ਮਹਿਲਾਵਾਂ ਵੱਲੋਂ ਸਥਾਨਕ ਲੋਕਾਂ ਦੇ ਨਾਲ਼ ਮੋਢੇ ਨਾਲ਼ ਮੋਢਾ ਜੋੜ ਕੇ ਲਗਾਤਾਰ ਸੇਵਾ ਕੀਤੀ ਜਾ ਰਹੀ ਹੈ।





ਨਿਹਾਲ ਸਿੰਘ ਵਾਲਾ ਦੇ ਬੀ ਡੀ ਪੀ ਓ ਮਨਜੀਤ ਕੌਰ ਨੂੰ ਛੱਪੜ ਤੇ ਡਰੇਨ ਦੀ ਸਫਾਈ ਸਬੰਧੀ ਮੰਗ ਪੱਤਰ ਸੌਂਪਦੇ ਹੋਏ ਪੰਚਾਇਤ ਮੈਂਬਰ ਜਗਜੀਤ ਭੁੱਟੋ, ਸਮੂਹ ਕਿਸਾਨ ਜਥੇਬੰਦੀਆਂ ਦੇ ਆਗੂ ਤੇ ਪਿੰਡ ਵਾਸੀ। (ਫੋਟੋ ਤੇ ਵੇਰਵਾ-ਲਵਲੀ ਮਾਛੀਕੇ)

# ਤਿੜਕ ਰਹੇ ਵਿਦਿਆਰਥੀ-ਅਧਿਆਪਕ ਸੰਬੰਧਾਂ ਪ੍ਰਤੀ ਦੁਵੱਲੀ ਸੁਹਿਰਦਤਾ ਜ਼ਰੂਰੀ-ਪ੍ਰਿੰ. ਮਹਾਜਨ

## * ਰਿਟਾਇਰਡ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਅਧਿਆਪਕ ਦਿਵਸ ਨੂੰ ਸਮਰਪਤ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਰਿਟਾਇਰਡ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਮਾਨਸਾ ਦੀ ਮਹੀਨਾਵਾਰ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਘਰਾਂਗਣਾ ਦੀ ਪ੍ਰਧਾਨਗੀ ਹੇਠ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਹੋਈ।ਜ਼ਿਕਰਯੋਗ ਹੈ ਕਿ ਇਹ ਮੀਟਿੰਗ ਅਧਿਆਪਕ ਦਿਵਸ ਨੂੰ ਹੀ ਸਮਰਪਤ ਸੀ।ਇਸ ਸਮੇਂ ਸਥਾਨਕ ਐੱਸ ਐੱਸ ਡੀ ਕੰਨਿਆ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਗਰਿਮਾ ਮਹਾਜਨ ਨੇ ਬਤੌਰ ਮੁੱਖ ਮਹਿਮਾਨ ਮੀਟਿੰਗ 'ਚ ਸ਼ਿਰਕਤ ਕੀਤੀ।ਇਸ ਸਮੇਂ ਆਪਣੇ ਸੰਬੋਧਨ ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਸਮੁੱਚੇ ਹਾਜ਼ਰੀਨ ਨੂੰ ਅਧਿਆਪਕ ਦਿਵਸ ਦੀਆਂ ਲੱਖ ਲੱਖ ਵਧਾਈਆਂ ਦਿੰਦਿਆਂ ਕਿਹਾ ਕਿ ਮਰਹੂਮ ਤੇ ਦੂਸਰੇ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ, ਜੋ ਖੁਦ ਵੀ ਇੱਕ ਅਧਿਆਪਕ ਤੇ ਦਾਰਸ਼ਨਿਕ ਵੀ ਸਨ, ਆਪਣਾ ਜਨਮ ਦਿਨ 5 ਸਤੰਬਰ ਅਧਿਆਪਕਾਂ ਤੇ ਅਧਿਆਪਨ ਨੂੰ ਹੀ ਸਮਰਪਤ ਕਰਦੇ ਸਨ।ਇਹੀ ਕਾਰਨ ਹੈ ਕਿ ਦੇਸ਼ ਦੀਆਂ ਰਾਜ ਸਰਕਾਰਾਂ ਤੇ ਕੇਂਦਰੀ ਸਰਕਾਰ ਵੀ ਇਸ ਦਿਨ ਨੂੰ ਅਧਿਆਪਕ ਦਿਵਸ ਵਜੋਂ ਮਨਾਉਂਦੀਆਂ ਆ ਰਹੀਆਂ ਹਨ।ਇਸ ਸਮੇਂ ਉਨ੍ਹਾਂ ਪਹਿਲੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਆਪਸੀ ਸਬੰਧਾਂ ਤੇ ਅਜੋਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਆਪਸੀ ਸਬੰਧਾਂ ਵਿਚਕਾਰ ਅੰਤਰ ਦਾ ਵਿਸਥਾਰਤ ਜ਼ਿਕਰ ਕਰਦਿਆਂ ਕਿਹਾ ਕਿ ਪਹਿਲੇ ਅਧਿਆਪਕ ਵਿਦਿਆਰਥੀਆਂ ਨੂੰ ਨੇੜਿਓਂ ਹੋ ਕੇ ਦੇਖਦੇ ਸਨ।ਉਨ੍ਹਾਂ ਨੂੰ ਵਿਦਿਆਰਥੀਆਂ ਦੇ ਘਰੇਲੂ ਵਾਤਾਵਰਨ ਤੇ ਪ੍ਰਸਥਿਤੀਆਂ ਦੀ ਪੂਰੀ ਸਮਝ ਹੁੰਦੀ ਸੀ।ਪਹਿਲੇ ਅਧਿਆਪਕ ਪੜ੍ਹਾਉਣ ਦੇ ਸਮੇਂ ਦੀ ਹੱਦਬੰਦੀ ਦੇ ਪਾਬੰਦ ਨਹੀਂ ਸਨ। ਵਿਦਿਆਰਥੀ ਵੀ ਉਨ੍ਹਾਂ ਦੀ ਸੇਵਾ ਲਈ ਤਨੋਂ ਮਨੋਂ ਇੱਕ ਦੂਜੇ ਤੋਂ ਵਧ ਚੜ੍ਹ ਕੇ ਤਿਆਰ-ਬਰ-ਤਿਆਰ ਰਹਿੰਦੇ ਸਨ, ਪ੍ਰੰਤੂ ਅਫਸੋਸ ਅਜੋਕੇ ਪਦਾਰਥਵਾਦੀ ਯੁੱਗ ਤੇ ਸਿੱਖਿਆ ਦੇ ਨਿੱਜੀਕਰਨ ਅਤੇ ਵਪਾਰੀਕਰਨ ਨੇ ਦੋਵਾਂ ਪਾਸਿਓਂ ਆਪਸੀ ਸਬੰਧਾਂ ਨੂੰ ਵੱਡਾ ਖੋਰਾ ਲਗਾਇਆ ਹੈ, ਜਿਸ ਕਾਰਨ ਇਨ੍ਹਾਂ ਸਬੰਧਾਂ 'ਚ ਪਹਿਲੀ ਖਿੱਚ ਤੇ ਮਿਠਾਸ ਘਟਣ ਕਾਰਨ ਇਹ ਰਿਸ਼ਤਾ ਕਿਤੇ ਨਾ ਕਿਤੇ ਤਿੜਕਦਾ ਦਿਖਾਈ ਦਿੰਦਾ ਹੈ।ਇਸ ਲਈ ਸਮੇਂ ਦੀ ਲੋੜ ਹੈ ਕਿ ਦੁਵੱਲੀ ਸੁਹਿਰਦਤਾ ਨਾਲ ਅਜਿਹੇ ਪਵਿੱਤਰ ਰਿਸ਼ਤੇ ਦੀ ਪਹਿਲੀ ਗਰਿਮਾ ਨੂੰ ਬਰਕਰਾਰ ਰੱਖਿਆ ਜਾਵੇ।

ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਘਰਾਂਗਣਾ ਨੇ ਮੁੱਖ ਮਹਿਮਾਨ ਦਾ ਧੰਨਵਾਦ ਕਰਦਿਆਂ ਉਨ੍ਹਾਂ ਵੱਲੋਂ ਇਸ ਰਿਸ਼ਤੇ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਦੱਸੇ ਗਏ ਨੁਕਤਿਆਂ ਨੂੰ ਅਮਲੀ ਰੂਪ 'ਚ ਲਾਗੂ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਦੌਰਾਨ ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਨੇ ਕਿਹਾ ਕਿ ਅਧਿਆਪਕਾਂ ਦਾ ਸੱਭਿਅਕ ਸਮਾਜ ਸਿਰਜਣ ਤੇ ਆਪਣੇ ਵਿਦਿਆਰਥੀਆਂ ਨੂੰ ਵਧੀਆ ਨਾਗਰਿਕ ਬਣਾਉਣ 'ਚ ਅਹਿਮ ਭੂਮਿਕਾ ਹੁੰਦੀ ਹੈ।ਮੀਟਿੰਗ ਦੌਰਾਨ ਪ੍ਰਸਿੱਧ ਕਹਾਣੀਕਾਰ ਦਰਸ਼ਨ ਜੋਗਾ, ਬਿੱਕਰ ਸਿੰਘ ਰੱਲਾ, ਬਿੱਕਰ ਸਿੰਘ ਮਘਾਣੀਆਂ, ਪਿਰਥੀ ਸਿੰਘ ਮਾਨ, ਮੱਖਣ ਸਿੰਘ ਉੱਡਤ, ਲੱਖਾਂ ਸਿੰਘ ਸਹਾਰਨਾ, ਅਜਾਇਬ ਸਿੰਘ ਅਲੀਸ਼ੇਰ, ਪਰਮਜੀਤ ਕੌਰ ਮਾਨਸਾ ਨੇ ਅਧਿਆਪਕ ਦਿਵਸ ਦੀ ਮਹੱਤਤਾ ਬਾਰੇ ਬੋਲਣ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ ਮੰਗਾਂ ਨੂੰ ਅਣਗੌਲਿਆ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਇਸ ਸਮੇਂ ਹਰਬੰਸ ਸਿੰਘ ਢਿੱਲੋਂ, ਜੀਤ ਸਿੰਘ ਭੁੱਲਰ, ਜਗਸੀਰ ਸਿੰਘ ਢਿੱਲੋਂ, ਸੇਠੀ ਸਿੰਘ ਸਰਾਂ, ਬੇਅੰਤ ਸਿੰਘ ਰਾਠੀ, ਗੋਰਾ ਲਾਲ ਅਤਲਾ, ਲਾਭ ਸਿੰਘ ਉੱਭਾ, ਸੁਰਜੀਤ ਸਿੰਘ ਖਿਆਲਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਪੈਨਸ਼ਨਰਜ਼ ਸਾਥੀ ਹਾਜ਼ਰ ਸਨ।

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਡੀ ਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ



**ਮੋਗਾ, (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਜ਼ਿਲ੍ਹਾ ਕਮੇਟੀ ਮੋਗਾ ਵੱਲੋਂ ਸਰਕਾਰ ਦੀਆਂ ਨਲਾਇਕੀਆਂ ਕਰਕੇ ਆਏ ਹੜ੍ਹਾਂ ਖਿਲਾਫ ਰੋਸ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਡਿਪਟੀ ਕਮਿਸ਼ਨਰ ਮੋਗਾ ਰਾਹੀਂ ਮੰਗ ਪੱਤਰ ਦਿੱਤਾ ਗਿਆ।ਡੀਸੀ ਦਫਤਰ ਲੱਗੇ ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੱਸਿਆ ਕਿ ਮੌਸਮ ਵਿਭਾਗ ਵੱਲੋਂ ਕਾਫੀ ਸਮਾਂ ਪਹਿਲਾਂ ਹੀ ਭਾਰੀ ਬਾਰਸ਼ਾਂ ਹੋਣ ਬਾਰੇ ਸਰਕਾਰਾਂ ਨੂੰ ਚਿਤਾਵਨੀ ਦਿੱਤੀ ਗਈ ਸੀ।ਸਰਕਾਰਾਂ ਨੂੰ ਚਾਹੀਦਾ ਸੀ ਕਿ ਡੈਮਾਂ ਵਿੱਚੋਂ ਪਹਿਲਾਂ ਹੀ 25-30 ਪ੍ਰਤੀਸ਼ਤ ਪਾਣੀ ਛੱਡ ਕੇ ਘਟਾ ਦਿੱਤਾ ਜਾਂਦਾ ਤਾਂ ਹੜ੍ਹਾਂ ਦੀ ਇਹ ਨੌਬਤ ਆਉਂਦੀ ਹੀ ਨਹੀਂ ਸੀ, ਨਾ ਹੀ ਸਰਕਾਰਾਂ ਵੱਲੋਂ ਸਮੇਂ ਸਿਰ ਦਰਿਆਵਾਂ, ਡਰੇਨਾਂ, ਧੁਸੀ ਬੰਨ੍ਹਾਂ ਤੇ ਫਲੱਡ ਗੇਟ ਵਗੈਰਾਂ ਦੀ ਕੀਤੀ ਜਾਣ ਵਾਲੀ ਪਰਖ ਪੜਤਾਲ, ਸਫਾਈ, ਮੁਰੰਮਤ ਵਗੈਰਾ ਕੀਤੀ ਗਈ ਹੈ। ਇਨ੍ਹਾਂ ਦੀ ਅਣਗਹਿਲੀ ਕਰਕੇ ਮਾਧੋਪੁਰ ਹੈੱਡ ਵਰਕਸ ਦੇ 3 ਗੇਟ ਸਮੇਤ ਬੰਦੇ ਹੜ੍ਹ ਦੇ ਪਾਣੀ ਨਾਲ ਰੁੜ੍ਹ ਗਏ ਹਨ।ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਉੱਤਰਾ ਖੰਡ ਤੇ ਹੋਰਨਾਂ ਥਾਵਾਂ 'ਤੇ ਬੱਦਲ ਫਟਣ ਤੇ ਭਾਰੀ ਬਾਰਸ਼ਾਂ ਦੇ ਵਰਤਾਰੇ ਸਕਦਾ ਵੱਡੇ ਪੱਧਰ 'ਤੇ ਜਾਨ, ਮਾਲ, ਫਸਲਾਂ, ਘਰ ਆਦਿ ਤੇ ਜ਼ਮੀਨਾਂ ਦਾ ਨੁਕਸਾਨ ਹੋਇਆ ਹੈ।ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਇਸ ਨੂੰ ਕੌਮੀ ਆਫਤ ਐਲਾਨ ਕੇ ਵੱਡੀ ਪੱਧਰ 'ਤੇ ਰਾਹਤ ਕਾਰਜਾਂ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾਵੇ।ਪੰਜਾਬ ਦੇ ਦਰਿਆਵਾਂ ਤੇ ਨਹਿਰਾਂ ਦੇ ਕੰਢਿਆਂ ਅਤੇ ਡੈਮਾਂ 'ਤੇ ਫਲੱਡ ਗੇਟਾਂ ਵਗੈਰਾ ਦਾ ਸਮੁੱਚਾ ਢਾਂਚਾ ਜਰਜਰਾ ਹੋ ਚੁੱਕਾ ਹੈ, ਇਸ ਨੂੰ ਬਦਲਿਆ ਜਾਵੇ ਤੇ ਹੜ੍ਹਾਂ ਦੀ ਸਥਾਈ ਰੋਕਥਾਮ ਲਈ ਕਦਮ ਚੁੱਕੇ ਜਾਣ।ਆਗੂਆਂ ਨੇ ਇਹ ਵੀ ਕਿਹਾ ਕਿ ਮੋਗਾ ਜ਼ਿਲ੍ਹੇ ਦੇ ਸਮੂਹ ਵਰਕਰ ਹੜ੍ਹ ਪੀੜਤਾਂ ਦੀ ਮੱਦਦ ਲਈ ਜੁੱਟ ਜਾਣ ਤੇ ਵੱਧ ਤੋਂ ਵੱਧ ਸਮੱਗਰੀ ਇਕੱਠੀ ਕਰਕੇ ਹੜ੍ਹ ਪੀੜਤਾਂ ਤੱਕ ਭੇਜੀ ਜਾਵੇ।ਹੜ੍ਹਾਂ ਨਾਲ 42 ਤੋਂ ਉੱਪਰ ਮੌਤਾਂ ਹੋ ਚੁੱਕੀਆਂ ਹਨ, 3 ਲੱਖ ਏਕੜ ਜ਼ਮੀਨ ਵਿੱਚੋਂ ਫਸਲ ਤਬਾਹ ਕੀਤੀ ਹੈ, ਸੈਂਕੜੇ ਪਸ਼ੂ ਮਰ ਚੁੱਕੇ ਹਨ, ਹਜ਼ਾਰਾਂ ਘਰ ਢਹਿ ਢੇਰੀ ਹੋ ਗਏ ਹਨ। ਇਸ ਕਰਕੇ ਸਰਕਾਰਾਂ ਵੱਲੋਂ ਸਭ ਨੂੰ ਬਣਦਾ ਯੋਗ ਮੁਆਵਜ਼ਾ ਦਿੱਤਾ ਜਾਵੇ।

ਧਰਨੇ ਨੂੰ ਅਮਰਜੀਤ ਸਿੰਘ ਸੈਦੋ ਜ਼ਿਲ੍ਹਾ ਪ੍ਰਧਾਨ, ਕੁਲਦੀਪ ਕੌਰ ਕੁੱਸਾ, ਬਲੌਰ ਸਿੰਘ ਘੱਲ ਕਲਾਂ, ਜਗਜੀਤ ਸਿੰਘ ਮਧੇਕੇ, ਜਸਵਿੰਦਰ ਸਿੰਘ ਘੱਲ ਕਲਾਂ, ਇਕਬਾਲ ਸਿੰਘ ਸਿੰਘਾਂਵਾਲਾ, ਗੁਰਮੀਤ ਸਿੰਘ ਕਿਸ਼ਨਪੁਰਾ, ਗੁਰਦੇਵ ਸਿੰਘ ਕਿਸ਼ਨਪੁਰਾ, ਬੂਟਾ ਸਿੰਘ ਭਾਗੀਕੇ, ਜਸਵਿੰਦਰ ਸਿੰਘ ਲੰਗੇਆਣਾ, ਗੁਰਦਾਸ ਸਿੰਘ ਸੇਖਾ ਕਲਾਂ, ਲਖਵੀਰ ਸਿੰਘ ਚੜਿੱਕ, ਬਚਿੱਤਰ ਕੌਰ ਤਲਵੰਡੀ ਮੱਲ੍ਹੀਆਂ, ਸੋਨੀ ਹਿੰਮਤਪੁਰਾ, ਸੁਖਜੀਤ ਸਿੰਘ ਲੰਡੇਕੇ ਨੇ ਸੰਬੋਧਨ ਕੀਤਾ।

ਡਿਮਾਂਡ ਨੋਟਿਸ

**AXIS BANK**

Retail Assets Center: AXIS Bank Ltd. "2nd and 3rd Floor, Property No. 7-E, Malhar Road, Saraabha Nagar, Ludhiana-141001. Chandigarh- 160022

Retail Assets Center: AXIS Bank Ltd. 3rd Floor, SCO 367-368, Above Akash Institute, Sector 34A

Corporate Office: 3rd Floor, Block-B, Bombay Dyeing Mills Compound, Pandurang Budhkar Marg, Worli, Mumbai- 400 025

Registered Office: 'Trishul', 3rd Floor, opposite Samartheswar Temple, Law garden, Ellisbridge, Ahmedabad- 380006

ਸਕਿਉਰੀਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਮਾਰਟਗੇਜਰਾਂ ਨੇ ਐਕਸਿਸ ਬੈਂਕ ਲਿਮਿਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਮਾਰਟਗੇਜਰਾਂ ਨੇ ਨਿਰਧਾਰਤ ਮਿਤੀਆਂ ਅਨੁਸਾਰ ਮੂਲ ਅਤੇ ਵਿਆਜ ਦਾ ਭੁਗਤਾਨ ਕਰਨ ਵਿੱਚ ਡਿਫਾਲਟ ਕੀਤਾ ਹੈ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਖਾਤੇ ਨੂੰ ਨਾਨ-ਪਰਫਾਰਮਿੰਗ ਐਸੇਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ... ਸਕਿਉਰੀਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੀ ਸ਼ਕਤੀਆਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਮਾਰਟਗੇਜਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ... ਕਰਜ਼ਦਾਰਾਂ/ਗਰੰਟਰਾਂ ਨੂੰ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਅਦਾ ਕਰਨ ਲਈ ਕਿਹਾ ਜਾਂਦਾ ਹੈ...

| ਲੜੀ ਨੰ. | ਕਰਜ਼ਦਾਰ ਦਾ ਨਾਮ/ਪਤਾ | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਮ/ਕਾਨੂੰਨੀ ਵਾਰਸਾਂ ਦਾ ਪਤਾ | ਐਨ ਪੀ ਏ ਮਿਤੀ / ਡਿਮਾਂਡ ਨੋਟਿਸ ਦੀ ਮਿਤੀ / ਬਕਾਇਆ ਰਕਮ |
|---|---|---|---|
| 1. | ਸੁਨੀਲ ਗਰੋਵਰ ਪੁੱਤਰ ਕਿਸ਼ਨ ਗਰੋਵਰ, ... 180001, ... 94692-12565, ... ਨੰ. 56, ਟਾਵਰ ... ਮੋਹਾਲੀ, ਪੰਜਾਬ-140055 | ਸ਼੍ਰੀਮਤੀ ਸ਼ਾਲਿਨੀ ਗਰੋਵਰ ਪਤਨੀ ਸੁਨੀਲ ਗਰੋਵਰ ... 180001 ... 94192-39895 ... ਫਲੈਟ ਨੰ. 56, ਟਾਵਰ ... 110, ਮੁਹਾਲੀ, ਪੰਜਾਬ-140055 | 12 ਮਈ 2021 / 30 ਜੁਲਾਈ 2025 / ਰੁਪਏ 19,89,860/- ... ਰੁਪਏ 27,07,821/- |

ਪ੍ਰਤੀਭੂਤ ਸੰਪਤੀ/ਗਿਰਵੀ ਸੰਪਤੀ ਦਾ ਵੇਰਵਾ: ਸ੍ਰੀ ਸੁਨੀਲ ਗਰੋਵਰ ਪੁੱਤਰ ਕਿਸ਼ਨ ਗਰੋਵਰ ਅਤੇ ਸ੍ਰੀਮਤੀ ਸ਼ਾਲਿਨੀ ਗਰੋਵਰ ਪਤਨੀ ਸੁਨੀਲ ਗਰੋਵਰ ... ਫਲੈਟ ਨੰ. 56, ਟਾਵਰ ਸੀ 2 ... ਮੋਹਾਲੀ, ਪੰਜਾਬ ...

ਉਪਰੋਕਤ ਦਰਸਾਏ ਹਾਲਾਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ / ਜਾਂ ਉਨ੍ਹਾਂ ਦੇ ਗਰੰਟਰਾਂ ... ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ... ਬਕਾਇਆ ਰਕਮ ਅਦਾ ਕਰਨ ਲਈ ਕਿਹਾ ਜਾਂਦਾ ਹੈ ... ਸਕਿਉਰਡ ਐਸੇਟਸ ਦੇ ਸਬੰਧ ਵਿੱਚ ਐਕਟ ਦੇ ਸੈਕਸ਼ਨ 13 (4) ਤਹਿਤ ਕਾਰਵਾਈ ਕੀਤੀ ਜਾਵੇਗੀ...

ਮਿਤੀ : 07.09.2025 ਸਥਾਨ : ਮੁਹਾਲੀ — ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਿ.



## Capital Small Finance Bank Ltd.

MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰੀਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ... ਸਕਿਉਰੀਟਾਈਜ਼ੇਸ਼ਨ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ ਜਾਰੀ ਕੀਤਾ ਗਿਆ ਸੀ ... ਨੋਟਿਸ ਦੀ ਤਾਮੀਲ ਨਹੀਂ ਹੋ ਸਕੀ, ਇਸ ਲਈ ਇਹ ਨੋਟਿਸ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

1. ਮੈਸ: ਐਮ ਐਸ ਇੰਡਸਟਰੀਅਲ ਕਾਰਪੋਰੇਸ਼ਨ, ਰੇਲਵੇ ਸਟੇਸ਼ਨ ਦੇ ਪਿਛਲੇ ਪਾਸੇ, ਮਹਾਂਵੀਰ ਰੋਡ, ਮਾਲੇਰਕੋਟਲਾ ਰਾਹੀਂ ਇਸ ਦੇ ਮਾਲਕ ਸ੍ਰੀ ਸ਼ਫੀਕ (ਓ ਡੀ ਅਤੇ ਡਬਲਯੂ ਸੀ ਟੀ ਐੱਲ 'ਚ ਕਰਜ਼ਦਾਰ)
2. ਸ੍ਰੀ ਸ਼ਫੀਕ ਪੁੱਤਰ ਸ੍ਰੀ ਰਸ਼ੀਦ ਵਾਸੀ ਮਕਾਨ ਨੰ. 92, ਵਾਰਡ ਨੰ. 1, ਮੁਹੱਲਾ ਬਿੱਲੀਆਂ ਵਾਲਾ, ਜਮਾਲਪੁਰਾ, ਮਾਲੇਰਕੋਟਲਾ, ਸੰਗਰੂਰ, ਪੰਜਾਬ-148023 (ਐਮ ਐਸ ਇੰਡਸਟਰੀਅਲ ਕਾਰਪੋਰੇਸ਼ਨ 'ਚ ਮਾਲਕ ਅਤੇ ਐੱਲ ਏ ਪੀ 'ਚ ਕਰਜ਼ਦਾਰ)
3. ਸ੍ਰੀ ਮੁਹੰਮਦ ਅਮਜਦ ਪੁੱਤਰ ਸ੍ਰੀ ਮੁਹੰਮਦ ਸ਼ਕੂਰ ਵਾਸੀ ਮਕਾਨ ਨੰ. 42, ਵਾਰਡ ਨੰ. 12, ਮੁਹੱਲਾ ਸ਼ਕੂਰ ਬਸਤੀ, ਭੁਮਸੀ, ਮਾਲੇਰਕੋਟਲਾ (ਆਰ) ਸੰਗਰੂਰ, ਪੰਜਾਬ-148023 (ਓ ਡੀ, ਡਬਲਯੂ ਸੀ ਟੀ ਐੱਲ 'ਚ ਗਰੰਟਰ ਅਤੇ ਐੱਲ ਏ ਪੀ 'ਚ ਕਰਜ਼ਦਾਰ)
4. ਸ੍ਰੀ ਮੁਹੰਮਦ ਤਾਹਿਰ ਪੁੱਤਰ ਸ੍ਰੀ ਅਬਦੁੱਲ ਰਸ਼ੀਦ ਵਾਸੀ ਬੀ-7-201/2, ਨਿਸ਼ਾਤ ਕਾਲੋਨੀ, ਮਿਲਕ ਫੈਡ, ਨੇੜੇ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ, ਮਾਲੇਰਕੋਟਲਾ, ਪੰਜਾਬ-148023 (ਓ ਡੀ, ਡਬਲਯੂ ਸੀ ਟੀ ਐੱਲ ਅਤੇ ਐੱਲ ਏ ਪੀ 'ਚ ਗਰੰਟਰ)
5. ਸ੍ਰੀਮਤੀ ਸ਼ਹਿਨਾਜ਼ ਪ੍ਰਵੀਨ ਪਤਨੀ ਸ੍ਰੀ ਸ਼ਫੀਕ ਵਾਸੀ ਮਕਾਨ ਨੰ. 160, ਵਾਰਡ ਨੰ. 1, ਮੁਹੱਲਾ ਬਿੱਲੀਆਂ ਵਾਲਾ, ਜਮਾਲਪੁਰਾ, ਮਾਲੇਰਕੋਟਲਾ (ਆਰ), ਸੰਗਰੂਰ, ਪੰਜਾਬ-148023 (ਐੱਲ ਏ ਪੀ 'ਚ ਕਰਜ਼ਦਾਰ)

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ (1.07.2025 ਤੱਕ) |
|---|---|---|
| OD/101400000050 | Rs. 5,00,000/- | Rs. 5,43,145.10 |
| WCTL/101612000156 | Rs. 2,50,000/- | Rs. 2,43,983/- |
| LAP/101602000061 | Rs. 7,50,000/- | Rs. 7,76,382.70 |

ਪ੍ਰਤਿਭੂਤੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2021-22/131/1/2951 ਮਿਤੀ 24-12-2021 ... ਸ੍ਰੀ ਮੁਹੰਮਦ ਅਮਜਦ ਪੁੱਤਰ ਸ੍ਰੀ ਮੁਹੰਮਦ ਸ਼ਕੂਰ ... ਤਹਿਸੀਲ ਤੇ ਜ਼ਿਲ੍ਹਾ ਮਾਲੇਰਕੋਟਲਾ ...

ਸਕਿਉਰੀਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 ਅਧੀਨ ... ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ... ਬਕਾਇਆ ਰਕਮ ... ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐਸੇਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 06.09.2025 ਸਥਾਨ : ਮਾਲੇਰਕੋਟਲਾ (ਅਧਿਕਾਰਤ ਅਫਸਰ)



### ਆਮ ਸੂਚਨਾ

ਮੈਂ, ਨੀਲਮ ਰਾਣੀ ਪਤਨੀ ਲੇਟ ਰਜਿੰਦਰ ਕੁਮਾਰ ਮੰਗਣ ਵਾਸੀ ਮਕਾਨ ਨੰ. 479, ਸ਼ੇਖੂਪੁਰਾ ਮੁਹੱਲਾ, ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੇ ਪਤੀ ਰਜਿੰਦਰ ਕੁਮਾਰ ਮੰਗਣ ਦੀ ਮੌਤ 27-03-2021 ਨੂੰ ਹੋ ਚੁੱਕੀ ਹੈ। ਮੇਰੇ ਪਤੀ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਅਸਲੀ ਵਾਰਸ ਕਾਨੂੰਨੀ ਤੌਰ 'ਤੇ ... ਮੇਰਾ ਬੇਟਾ ... ਮੇਰੇ ਤੋਂ ਇਲਾਵਾ ਮ੍ਰਿਤਕ ਰਜਿੰਦਰ ਕੁਮਾਰ ਮੰਗਣ ਦਾ ਹੋਰ ਕੋਈ ਵਾਰਸ ਨਹੀਂ ਹੈ। ਸੰਬੰਧਤ ਨੋਟ ਕਰਨ।



### Court Notice

(Complaint - 138 Negotiable Instrument Act)
In the Court of
**Ms. Lovepreet Kaur Swaich**
Judicial Magistrate 1st Class, Ludhiana
CNR NO.PBLD03-030082-2024
COMA/8488/2024
Kotak Mahindra Bank Vs Manpreet Singh

1. Manpreet Singh S/O Dharamkot Road, Kot Ise Khan, Moga-142043, Punjab

Whereas It Has Been Proved To The Satisfaction Of This Court That You The Accused Above Named Cannot Be Served In The Ordinary Way Of Service. Hence This Proclamation Under Section 82 Crpc Is Hereby Issued Against You With A Direction That You Should Appear Personally Before The Court On 18.09.2025 At 10:00 A.m Or Within 30 Days From The Date Of Publication Of This Proclamation. Take Notice That, In Default Of Your Part To Appear As Directed Above The Above Said Case Will Be Heard And Determined As Per Law. In Your Absence .given Under My Hand And Seal Of The Court.

For details log on to https://highcourtchd.gov.in/?trs=district_notice&district=ludhiana

Judicial Magistrate 1st Class, Ludhiana
Dated, this day of 04.09.2025


# ਡੇਰਾ ਸੰਤ ਬਾਬਾ ਮੰਗਲ ਦਾਸ ਵਿਖੇ ਸਾਲਾਨਾ ਜੋੜ ਮੇਲਾ ਅੱਜ



ਮੋਟਾਨਿਆਣਾ (ਜਗਤਾਰ ਸਿੰਘ ਗੁਰਨੀ)- ਪਿੰਡ ਬਘਾਣਾ ਵਿਖੇ ਡੇਰਾ 108 ਸੰਤ ਬਾਬਾ ਮੰਗਲ ਦਾਸ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸਰਬਤ ਦੇ ਭਲੇ ਲਈ ਸਲਾਨਾ ਜੋੜ ਮੇਲਾ ਧਾਰਮਿਕ ਸਮਾਗਮ 7 ਸਤੰਬਰ ਨੂੰ ਸ਼ਰਧਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਸੰਤ ਬਾਬਾ ਨਿਰਮਲ ਸਿੰਘ ਬਘਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਰਬਤ ਦੇ ਭਲੇ ਲਈ ਸਲਾਨਾ ਜੋੜ ਮੇਲਾ ਅਤੇ ਧਾਰਮਿਕ ਸਮਾਗਮ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਵਿੱਚ ਸੰਤ ਜਸਵੀਰ ਸਿੰਘ ਚਮਕੌਰ ਸਾਹਿਬ ਤੋਂ ਇਲਾਵਾ ਇਲਾਕੇ ਦੇ ਸਾਧੂ ਸੰਤ ਮਹਾਂਪੁਰਸ਼ ਪੰਥ ਪ੍ਰਸਿੱਧ ਰਾਗੀ ਜਥੇ ਗੁਰਬਾਣੀ ਗੁਰ ਇਤਿਹਾਸ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਡਾਕਟਰ ਪਰਮਿੰਦਰ ਸੂਦ ਐਸ ਜੀ ਆਰ ਹਸਪਤਾਲ ਕੋਟ ਫਤੂਹੀ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸੰਤ ਬਾਬਾ ਨਿਰਮਲ ਸਿੰਘ, ਸੰਤ ਬਾਬਾ ਗੁਰਦਿਆਲ ਸਿੰਘ, ਸੰਤ ਬਾਬਾ ਮਲਕੀਅਤ ਦਾਸ, ਨਰਿੰਦਰ ਸਿੰਘ ਹੈਡ ਗ੍ਰੰਥੀ, ਸਾਬਕਾ ਸਰਪੰਚ ਦੇਸ ਰਾਜ ਝੱਮਟ, ਅਵਤਾਰ ਸਿੰਘ, ਇੰਦਰਜੀਤ ਸਿੰਘ, ਹਰਜਿੰਦਰ ਸਿੰਘ, ਹਰ ਫਤਿ ਸਿੰਘ, ਵਰਿੰਦਰ ਸਿੰਘ, ਪ੍ਰਭਦੀਪ ਸਿੰਘ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸਮਾਗਮ ਦੌਰਾਨ ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ। ਇਸ ਪ੍ਰੋਗਰਾਮ ਦੀ ਜਾਣਕਾਰੀ ਸੰਤ ਬਾਬਾ ਨਿਰਮਲ ਸਿੰਘ ਬਘਾਣਾ ਨੇ ਪ੍ਰੈਸ ਨੂੰ ਦਿੱਤੀ।

# ਸ਼ਰਧਾਂਜਲੀ ਸਮਾਰੋਹ 'ਤੇ ਵਿਸ਼ੇਸ਼ — ਸੰਘਰਸ਼ੀ ਯੋਧਾ ਮਹਿੰਦਰ ਸਿੰਘ ਬਾਗੀ



ਮਾਲਵੇ ਦਾ ਉੱਘਾ ਪ੍ਰੋਲੇਤਾਰੀ ਕਾਮਰੇਡ ਮਹਿੰਦਰ ਸਿੰਘ ਬਾਗੀ ਕਮਿਊਨਿਸਟ ਪਾਰਟੀ ਵਿੱਚ ਸੱਚਾ ਅਤੇ ਵਧੀਆ ਸੰਘਰਸ਼ੀ ਯੋਧਾ ਆਚਰਣ ਵਾਲੇ ਆਗੂਆਂ ਵਿੱਚ ਗਿਣਿਆ ਜਾਣ ਵਾਲਾ ਸੀ। ਉਨ੍ਹਾਂ ਦਾ ਜਨਮ ਪਿੰਡ ਰਾਮਗੜ੍ਹ ਸਿੱਧੂਆਂ, ਲਹਿਰੇ ਤੋਂ 8 ਕੁ ਕਿਲੋਮੀਟਰ ਦੀ ਦੂਰੀ 'ਤੇ ਕਾਮਰੇਡ ਬਾਬੂ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਕੁੱਖੋਂ 1942 ਵਿੱਚ ਹੋਇਆ। ਕਮਿਊਨਿਸਟ ਪਾਰਟੀ ਦੀ ਗੁੜ੍ਹਤੀ ਵਿਰਸੇ ਵਿੱਚੋਂ ਹੀ ਮਿਲੀ ਸੀ। ਮਹਿੰਦਰ ਸਿੰਘ ਬਾਗੀ ਦੇ ਦੋ ਹੋਰ ਭਰਾ ਜੋਗਿੰਦਰ ਸਿੰਘ ਅਤੇ ਕਰਨੈਲ ਸਿੰਘ ਘੁੰਗੀ ਸਨ। ਜਿਨ੍ਹਾਂ ਦੇ ਚਾਚੇ-ਤਾਏ ਵੀ ਕਮਿਊਨਿਸਟ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਨ। ਚਾਚਾ ਅਮਰ ਸਿੰਘ ਤਾਂ ਸੀ ਪੀ ਆਈ ਦਾ ਪਾਰਟੀ ਮੈਂਬਰ ਸੀ। ਪਿਤਾ ਬਾਬੂ ਸਿੰਘ ਲਹਿਰਾ ਬਲਾਕ ਦਾ ਕਾਫੀ ਲੰਮਾ ਸਮਾਂ ਬਲਾਕ ਸਕੱਤਰ ਰਿਹਾ।

ਮਹਿੰਦਰ ਸਿੰਘ ਬਾਗੀ ਨੂੰ ਭਾਵੇਂ ਸਕੂਲ ਜਾਣ ਦਾ ਮੌਕਾ ਨਹੀਂ ਮਿਲਿਆ ਤਾਂ ਵੀ ਉਹ ਪਾਰਟੀ ਵਿੱਚ ਕੰਮ ਕਰਦਾ ਪੰਜਾਬੀ ਦੇ ਅੱਖਰਾਂ ਤੋਂ ਕਿਤਾਬਾਂ ਆਮ ਵਾਂਗ ਹੀ ਪੜ੍ਹਦਾ ਸੀ। ਸ਼ੁਰੂ ਵਿੱਚ ਉਹ ਸੁਤੰਤਰ ਡਰਾਮਾ ਸੁਸਾਇਟੀ ਜਿਸ ਦਾ ਹੈੱਡਕੁਆਟਰ ਮਾਨਸਾ ਸੀ, ਵਿੱਚ ਕੰਮ ਕਰਨ ਲੱਗ ਪਿਆ। ਡਰਾਮੇ ਵਿੱਚ ਬਾਗੀ ਦਾ ਰੋਲ ਟਾਇਲੇ ਸਿਪਾਹੀ ਦਾ ਹੁੰਦਾ ਸੀ। ਉਸ ਤੋਂ ਬਾਅਦ ਬਾਗੀ ਘੋਲੀਆ ਡਰਾਮਾ ਸਕੁਐਡ ਵਿੱਚ, ਜਿਸ ਦਾ ਹੈੱਡਕੁਆਟਰ ਮੋਗਾ ਸੀ, ਵਿੱਚ ਚਲਿਆ ਗਿਆ। ਡਰਾਮਿਆਂ ਰਾਹੀਂ ਦੇਸ਼ ਦੇ ਅਵਾਮ ਦੀਆਂ ਸਮੱਸਿਆਵਾਂ ਸਮੇਂ ਦੇ ਮੁਤਾਬਕ ਰਾਜਨੀਤਿਕ ਵਿਸ਼ਲੇਸ਼ਣ ਦੇ ਰੋਲ ਸਾਹਮਣੇ ਪੇਸ਼ ਕਰਦੇ।

1959 ਵਿੱਚ ਖ਼ੁਸ਼ਹੈਸੀਅਤ ਟੈਕਸ ਦੇ ਖਿਲਾਫ ਮੋਰਚੇ ਵਿੱਚ ਫਿਰੋਜ਼ਪੁਰ ਵਿਖੇ ਢਿੱਲ ਮਹੀਨਾ ਜੇਲ੍ਹ ਵਿੱਚ ਰਹੇ। ਸਹਿਰੀ ਆਜ਼ਾਦੀਆਂ ਦੇ ਮੋਰਚੇ ਸਮੇਂ ਵੀ ਪਾਰਟੀ ਵੱਲੋਂ ਲਗਾਈ ਡਿਊਟੀ ਮੁਤਾਬਕ ਬਾਗੀ ਦੀ ਗ੍ਰਿਫਤਾਰੀ ਮਾਨਸਾ ਵਿਖੇ ਹੋਈ। ਡੇਢ ਮਹੀਨਾ ਬਠਿੰਡਾ ਜੇਲ੍ਹ ਨਾਭਾ ਵਿਖੇ ਰਹੇ। ਕਪੂਰੀ ਮੋਰਚੇ ਸਮੇਂ ਵੀ ਕ੍ਰਿਸ਼ਨ ਸਿੰਘ ਦੀ ਅਗਵਾਈ ਵਿੱਚ ਬਾਗੀ ਹੁਰੀਂ ਮਾਨਸਾ ਤੋਂ ਸਾਮਾਨ ਲੈ ਕੇ ਚੌਂਕ ਗੁਰਦਿਆਲਪੁਰਾ ਵਿਖੇ ਸਾਥੀਆਂ ਦਾ ਜੱਥਾ ਲੈ ਕੇ ਗਏ।

50 ਸਾਲ ਦੀ ਉਮਰ ਤੋਂ ਬਾਅਦ ਉਨ੍ਹਾਂ ਸਰੋਜ ਰਾਣੀ (ਪਿੰਡ ਕਲੈਤ, ਹਰਿਆਣਾ) ਨਾਲ ਵਿਆਹ ਕੀਤਾ। ਸਰੋਜ ਰਾਣੀ ਸਰਵਿਸ ਤੌਰ 'ਤੇ ਅਧਿਆਪਕ ਹਨ ਤੇ ਉਨ੍ਹਾਂ ਦੀਆਂ ਦੋਵੇਂ ਲੜਕੀਆਂ ਕੰਮ ਨਹੀਂ ਕਰਦੀਆਂ। ਉਨ੍ਹਾਂ ਦੇ ਘਰ ਤਿੰਨ ਬੇਟੀਆਂ ਪੈਦਾ ਹੋਈਆਂ, ਸਾਰੀਆਂ ਬੇਟੀਆਂ ਸ਼ਾਦੀਸ਼ੁਦਾ ਹਨ ਆਪਣੇ ਘਰ ਸੁੱਖੀ ਵੱਸਦੀਆਂ ਹਨ।

ਪੀ ਆਰ ਟੀ ਸੀ ਨਾਲ ਤਾਂ ਬਾਗੀ ਦਾ ਨਹੁੰ-ਮਾਸ ਦਾ ਰਿਸ਼ਤਾ ਸੀ, ਸਾਰੇ ਡਿਪੂਆ ਵਿੱਚ ਉਨ੍ਹਾਂ ਦੀ ਆਵਾਜਾਈ ਲੱਗੀ ਰਹਿੰਦੀ ਸੀ। ਪਟਿਆਲੇ ਤਾਂ ਉਹ ਹਰ ਹਫਤੇ ਗਿਆਨੀ ਤੇਜਿੰਦਰ ਸਿੰਘ ਪ੍ਰਧਾਨ ਪਾਸ ਮਜ਼ਦੂਰਾਂ/ ਵਰਕਰਾਂ ਦੀਆਂ ਸਮੱਸਿਆਵਾਂ ਲੈ ਕੇ ਜਾਂਦੇ ਰਹਿੰਦੇ ਸਨ। ਕਾਮਰੇਡ ਸੁਨਹਿਰੀ ਲਾਲ ਜੋ ਏਟਕ ਦੇ ਜਨਰਲ ਸਕੱਤਰ ਸਨ, ਨਾਲ ਬੜੀ ਨੇੜਤਾ ਸੀ। ਉਨ੍ਹਾਂ ਤੋਂ ਬਾਅਦ ਨਿਰਮਲ ਸਿੰਘ ਧਾਲੀਵਾਲ ਜਨਰਲ ਸਕੱਤਰ ਨਾਲ ਤਾਂ ਹੋਰ ਵੀ ਨੇੜਤਾ ਹੋ ਗਈ। ਉਹ ਮਹਿਸੂਸ ਕਰਦੇ ਸਨ ਕਿ ਜਿੰਨਾ ਪਿਆਰ ਤੇ ਸਤਿਕਾਰ ਪੀ ਆਰ ਟੀ ਸੀ ਦੀ ਏਟਕ ਜਥੇਬੰਦੀ ਤੋਂ ਮਿਲਿਆ, ਓਨਾ ਹੋਰ ਕਿਸੇ ਜਥੇਬੰਦੀ ਤੋਂ ਨਹੀਂ ਮਿਲਿਆ।

ਉਹ 29-30 ਅਗਸਤ ਦੀ ਦਰਮਿਆਨ ਰਾਤ ਨੂੰ 83 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ। ਪੂਰੇ ਤਿੰਨ ਮਹੀਨੇ ਉਹ ਚੂਲੇ ਦੀ ਹੱਡੀ ਟੁੱਟ ਜਾਣ ਕਰਕੇ ਜ਼ਿੰਦਗੀ-ਮੌਤ ਨਾਲ ਜੂਝਦੇ ਰਹੇ। 7 ਸਤੰਬਰ ਨੂੰ ਪੀ ਆਰ ਟੀ ਸੀ ਏਟਕ, ਭਾਰਤੀ ਕਮਿਊਨਿਸਟ ਪਾਰਟੀ, ਕੁੱਲ ਹਿੰਦ ਕਿਸਾਨ ਸਭਾ, ਸਫਾਈ ਸੇਵਕ ਯੂਨੀਅਨ, ਬਿਜਲੀ ਮੁਲਾਜ਼ਮ ਯੂਨੀਅਨ ਅਤੇ ਹੋਰ ਜਨਤਕ ਜਥੇਬੰਦੀਆਂ ਆਪਣੇ ਸਾਥੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ।

—ਮਹਿੰਦਰ ਖਲੀਲ

# ਹੜ੍ਹਾਂ ਕਾਰਨ ਸ਼ੈੱਡ ਢਹਿ ਜਾਣ ਨਾਲ 3500 ਮੁਰਗੀਆਂ ਦੀ ਜਾਨ ਗਈ



ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)-ਰਾਵੀ ਦਰਿਆ 'ਚ ਆਏ ਹੜ੍ਹ ਨੇ ਅਜਿਹੇ ਜ਼ਖਮ ਦਿੱਤੇ ਹਨ ਜਿਨ੍ਹਾਂ ਨੂੰ ਭਰਨ ਲੱਗਿਆਂ ਕਾਫੀ ਸਮਾਂ ਲੱਗੇਗਾ ਅਤੇ ਡੇਰਾ ਬਾਬਾ ਨਾਨਕ ਵਾਲੇ ਪਾਸੇ ਰਾਵੀ ਦੇ ਪਾਣੀ ਨਾਲ ਜਿੱਥੇ ਕਿਸਾਨਾਂ ਦੀਆਂ ਫਸਲਾਂ ਫਸਲਾਂ ਬਰਬਾਦ ਹੋਈਆਂ ਹਨ ਉਥੇ ਪਾਣੀ ਨਾਲ ਲੋਕਾਂ ਦੇ ਕਾਰੋਬਾਰ ਵੀ ਤਬਾਹ ਹੋ ਗਏ ਹਨ।ਡੇਰਾ ਬਾਬਾ ਨਾਨਕ ਦੇ ਪਿੰਡ ਸ਼ਹਿਜ਼ਾਦਾ ਖੁਰਦ ਵਿਖੇ ਸਿਮਰਨ ਪੋਲਟਰੀ ਫਾਰਮ ਦੇ ਸ਼ੈੱਡਾਂ ਅੰਦਰ ਪਾਣੀ ਦਾਖਲ ਹੋਣ ਕਾਰਨ 3500 ਮੁਰਗੀਆਂ ਦੇ ਮਾਰੇ ਜਾਣ ਦੀ ਖਬਰ ਹੈ।ਸਿਮਰਨ ਪੋਲਟਰੀ ਫਾਰਮ ਦੀ ਦੇਖਭਾਲ ਕਰਦੇ ਪੀੜਤ ਨੇ ਦੱਸਿਆ ਕਿ ਉਸਦਾ ਫਾਰਮ ਵੈਂਕੀਜ਼ ਕੰਪਨੀ ਦੇ ਸਹਿਯੋਗ ਨਾਲ ਪਿਛਲੇ 8-9 ਸਾਲ ਤੋਂ ਚੱਲ ਰਿਹਾ ਹੈ ਅਤੇ ਰਾਵੀ 'ਚ ਆਏ ਹੜ੍ਹਾਂ ਨਾਲ ਉਸ ਦੀਆਂ 3500 ਦੇ ਕਰੀਬ ਮੁਰਗੀਆਂ ਮਰ ਗਈਆਂ ਹਨ ਜਿਸ ਨਾਲ ਉਸ ਦਾ 18 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ ਅਤੇ ਪੀੜਤ ਕਿਸਾਨ ਨੇ ਸਰਕਾਰ ਕੋਲੋਂ ਪੋਲਟਰੀ ਫਾਰਮ ਦੇ ਨੁਕਸਾਨ ਲਈ ਮੁਆਵਜ਼ੇ ਦੀ ਮੰਗ ਕੀਤੀ ਹੈ।

# 'ਕਿਸਾਨਾਂ ਨੂੰ ਮਾਈਨਿੰਗ ਕਰਨ ਦੀ ਮਨਜ਼ੂਰੀ ਦਿੱਤੀ ਜਾਵੇ'

ਜਲੰਧਰ : ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵਜ਼ੀਰ ਭੁੱਲਰ, ਜ਼ਿਲ੍ਹਾ ਅੰਮ੍ਰਿਤਸਰ ਦੀ ਮੀਟਿੰਗ ਕਾਮਰੇਡ ਹਰਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਰਵਣ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ ਰਈਆ, ਸਾਬਕਾ ਸਰਪੰਚ ਜਸਵੰਤ ਸਿੰਘ, ਬਲਵਿੰਦਰ ਸਿੰਘ ਕਲਕੱਤਾ ਸੁਖਬੀਰ ਸਿੰਘ, ਬਾਬਾ ਵਰਿੰਦਰ ਸਿੰਘ, ਸਰਦੂਲ ਸਿੰਘ, ਨੰਬਰਦਾਰ ਸੁਰਜੀਤ ਸਿੰਘ ਤੇ ਮੈਂਬਰ ਪੰਚਾਇਤ ਗੁਰਪ੍ਰੀਤ ਸਿੰਘ ਭੁੱਟੋ ਨੇ ਹਿੱਸਾ ਲਿਆ। ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਹੜ੍ਹਾਂ ਕਾਰਨ ਬਰਬਾਦ ਹੋਈ ਜ਼ਮੀਨ ਵਿੱਚੋਂ ਕਿਸਾਨਾਂ ਨੂੰ ਮਾਇਨਿੰਗ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਸਾਂਝੇ ਬਿਆਨ ਵਿੱਚ ਕਿਹਾ ਗਿਆ ਕਿ ਹਜ਼ਾਰਾਂ ਏਕੜ ਜ਼ਮੀਨ ਵਿੱਚ ਟੋਏ-ਟਿੱਬੇ ਤੇ ਕਿੱਧਰੇ ਰੇਤਾ ਤੇ ਭਲ ਪੈ ਚੁੱਕੀ ਹੈ।

ਸਰਕਾਰ ਨੇ ਓਨਾ ਮੁਆਵਜ਼ਾ ਨਹੀਂ ਦੇਣਾ, ਜਿਸ ਨਾਲ ਕਿ ਕਿਸਾਨ ਆਪਣੀ ਜ਼ਮੀਨ ਨੂੰ ਪੱਧਰੀ ਕਰਕੇ ਅਗਲੀ ਫਸਲ ਬੀਜ ਸਕਣ। ਇਸ ਮੁਸ਼ਕਲ ਦਾ ਇਹੀ ਹੱਲ ਹੈ ਕਿ ਪੰਜਾਬ ਕੈਬਨਿਟ ਦੀ ਮੀਟਿੰਗ ਸੱਦ ਕੇ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ ਕਿ ਜਿਹੜੇ ਕਿਸਾਨਾਂ ਦੀ ਜ਼ਮੀਨ ਹੜ੍ਹਾਂ ਕਾਰਨ ਖਰਾਬ ਹੋਈ ਹੈ, ਉਹ ਉਸ ਵਿੱਚੋਂ ਮਿੱਟੀ ਚੁੱਕ ਕੇ ਵੇਚ ਸਕਦੇ ਹਨ। ਇਸ ਨਾਲ ਇੱਕ ਤਾਂ ਕਿਸਾਨਾਂ ਨੂੰ ਕੁਝ ਰਾਹਤ ਮਿਲੇਗੀ, ਦੂਜਾ ਜ਼ਮੀਨ ਅਗਲੀ ਫ਼ਸਲ ਬੀਜਣ ਲਈ ਤਿਆਰ ਹੋ ਜਾਵੇਗੀ।

# ਹੜ੍ਹਾਂ ਨਾਲ ਹੋਏ ਨੁਕਸਾਨ ਤੇ ਹੜ੍ਹ-ਰੋਕੂ ਪ੍ਰਬੰਧਾਂ ਨੂੰ ਲੈ ਕੇ ਐੱਸ ਕੇ ਐੱਮ ਨੇ ਕੀਤੀ ਮੀਟਿੰਗ



ਪੱਟੀ (ਬਲਦੇਵ ਸਿੰਘ ਸੰਧੂ)-ਸੂਬੇ ਅੰਦਰ ਆਏ ਹੜ੍ਹਾਂ ਤੇ ਹੜ੍ਹਾਂ ਨਾਲ ਹੋਏ ਨੁਕਸਾਨ ਤੇ ਸਰਕਾਰ ਵੱਲੋਂ ਹੜ੍ਹਾਂ ਨੂੰ ਰੋਕਣ ਲਈ ਕੀਤੇ ਗਏ ਨਾਕਸ ਪ੍ਰਬੰਧਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਦੀ ਮੀਟਿੰਗ ਹਰੀਕੇ ਪੱਤਣ ਦੁਰਗਾ ਮੰਦਰ ਦੇ ਹਾਲ ਵਿਚ ਹੋਈ।ਮੀਟਿੰਗ ਵਿੱਚ ਆਗੂਆਂ ਵੱਲੋਂ ਚਰਚਾ ਕਰਕੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ 15 ਸਤੰਬਰ ਨੂੰ ਜ਼ਿਲ੍ਹਾ ਹੈੱਡ ਕੁਆਰਟਰਾਂ ਨੂੰ ਮੰਗ ਪੱਤਰ ਦਿੱਤੇ ਜਾਣਗੇ। ਕਿਸਾਨ ਆਗੂਆਂ ਨੇ ਕਿਹਾ ਕਿ ਜੋ ਪੰਜਾਬ ਅਤੇ ਨੇੜਲੇ ਲਗਦੇ ਘੱਗਰ ਦਰਿਆ ਹਰਿਆਣਾ ਵਿੱਚ ਸਰਕਾਰਾਂ ਦੇ ਅਵੇਸਲੇਪਨ ਕਾਰਨ ਸਹੀ ਢੰਗ ਨਾਲ ਪਾਣੀ ਰਿਲੀਜ਼ ਨਾ ਕਰਨ ਅਤੇ ਬਾਰਸ਼ਾਂ ਦੇ ਕਹਿਰ ਨਾਲ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਅਤੇ 2023 ਵਿੱਚ ਭਾਰਤ ਸਰਕਾਰ ਵੱਲੋਂ ਦਿੱਤੇ 6800 ਰੁਪਏ ਵੀ ਸਹੀ ਢੰਗ ਨਾਲ ਤਕਸੀਮ ਨਹੀਂ ਕੀਤੇ ਗਏ। ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਪੰਜਾਬ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ ਪ੍ਰਤੀ ਏਕੜ ਪੰਜਾਹ ਹਜ਼ਾਰ ਰੂਪਏ ਮੁਆਵਜ਼ਾ, ਢਹਿ-ਢੇਰੀ ਹੋ ਚੁੱਕੇ ਅਤੇ ਨੁਕਸਾਨੇ ਗਏ ਮਕਾਨਾਂ ਦਾ ਮੁਆਵਜ਼ਾ, ਮਾਲ ਡੰਗਰ ਨੂੰ ਚਾਰੇ ਲਈ ਮੁਆਵਜ਼ਾ ਦਿੱਤਾ ਜਾਵੇ।ਕੋਟ ਬੁੱਢਾ ਨੇ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਮੌਸਮ ਵਿਭਾਗ ਨੇ ਪਹਿਲਾਂ ਹੀ ਚਿਤਾਵਨੀ ਜਾਰੀ ਕੀਤੀ ਸੀ ਕਿ ਇਸ ਵਾਰ ਬਰਸਾਤ ਜ਼ਿਆਦਾ ਹੋਵੇਗੀ ਪਰ ਸਰਕਾਰ ਦੇ ਅਵੇਸਲੇਪਣ ਦਾ ਕਿਸਾਨਾਂ ਨੂੰ ਭਾਰੀ ਨੁਕਸਾਨ ਝੱਲਣਾ ਪਿਆ। ਮੀਟਿੰਗ ਵਿੱਚ ਲਖਵਿੰਦਰ ਸਿੰਘ ਸਿਰਸਾ, ਸੁਖਜੀਤ ਸਿੰਘ ਹਰਦੋ ਝੰਡੇ, ਗੁਰਵਿੰਦਰ ਸਿੰਘ ਭੰਗੂ, ਸੁਖਜਿੰਦਰ ਸਿੰਘ ਖੋਸਾ, ਬਚਿੱਤਰ ਸਿੰਘ ਕੋਟਲਾ, ਸਤਨਾਮ ਸਿੰਘ, ਗੁਰਸੇਵਕ ਸਿੰਘ ਧਾਲੀਵਾਲ, ਗੁਰਸਾਹਿਬ ਸਿੰਘ ਚਾਟੀਵਿੰਡ, ਸਾਹਿਬ ਸਿੰਘ ਸਭਰਾਂ, ਸੁੱਚਾ ਸਿੰਘ ਲੱਧੂ, ਸੁਖਵੰਤ ਸਿੰਘ ਦੁਬਲੀ, ਰਣਜੀਤ ਸਿੰਘ ਜਲੰਧਰ, ਜੁਗਿੰਦਰ ਸਿੰਘ ਗੱਟੀ, ਧਰਮ ਸਿੰਘ, ਦਲਜੀਤ ਸਿੰਘ ਹਰੀਕੇ, ਸਿਕੰਦਰ ਪਾਲ ਨੱਥੂਪੁਰ ਅਤੇ ਅਮਰਿੰਦਰ ਸਿੰਘ ਆਦਿ ਹਾਜ਼ਰ ਸਨ।


### Court Notice

(Complaint - 138 Negotiable Instrument Act)
In the Court of
**Ms. Lovepreet Kaur Swaich**
Judicial Magistrate 1st Class, Ludhiana
CNR NO.PBLD03-030084-2024
COMA/8490/2024
Kotak Mahindra Bank Vs Sukhdev Singh

1. Sukhdev Singh S/O Jagtar Singh R/o Fattuwala, Fazilka-152024, Punjab

Whereas It Has Been Proved To The Satisfaction Of This Court That You The Accused Above Named Cannot Be Served In The Ordinary Way Of Service. Hence This Proclamation Under Section 82 Crpc Is Hereby Issued Against You With A Direction That You Should Appear Personally Before The Court On 18.09.2025 At 10:00 A.M Or Within 30 Days From The Date Of Publication Of This Proclamation. Take Notice That, In Default Of Your Part To Appear As Directed Above The Above Said Case Will Be Heard And Determined As Per Law. In Your Absence .given Under My Hand And Seal Of The Court.

For details log on to https://highcourtchd.gov.in/?trs=district_notice&district=ludhiana

Judicial Magistrate 1st Class, Ludhiana
Dated, this day of 04.09.2025



### Court Notice

(Complaint - 138 Negotiable Instrument Act)
In the Court of
**Ms. Lovepreet Kaur Swaich**
Judicial Magistrate 1st Class, Ludhiana
CNR NO.PBLD03-030287-2024
COMA/8550/2024
Kotak Mahindra Bank Vs Mohd. Rais

1. Mohd. Rais S/O Badruddin, R/O 418/34/6, Ghari Peer Khan, Near Bright Career School, Lucknow-226003, Uttar Pradesh

Whereas It Has Been Proved To The Satisfaction Of This Court That You The Accused Above Named Cannot Be Served In The Ordinary Way Of Service. Hence This Proclamation Under Section 82 Crpc Is Hereby Issued Against You With A Direction That You Should Appear Personally Before The Court On 18.09.2025 At 10:00 A.m Or Within 30 Days From The Date Of Publication Of This Proclamation. Take Notice That, In Default Of Your Part To Appear As Directed Above The Above Said Case Will Be Heard And Determined As Per Law. In Your Absence .given Under My Hand And Seal Of The Court

For details log on to https://highcourtchd.gov.in/?trs=district_notice&district=ludhiana

Judicial Magistrate 1st Class, Ludhiana
Dated, this day of 04.09.2025


# ਬੀ ਐੱਸ ਐੱਫ ਦੇ ਸਹਿਯੋਗ ਨਾਲ ਡੇਰਾ ਬਾਬਾ ਨਾਨਕ ਵਿਖੇ ਲੱਗਾ ਮੁਫ਼ਤ ਵੈਟਰਨਰੀ ਮੈਡੀਕਲ ਕੈਂਪ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਜ਼ਿਲ੍ਹਾ ਪ੍ਰਸ਼ਾਸਨ ਦੇ ਪਸ਼ੂ ਪਾਲਣ ਵਿਭਾਗ ਵੱਲੋਂ ਬੀਐੱਸਐੱਫ ਦੇ ਸਹਿਯੋਗ ਨਾਲ ਦਾਣਾ ਮੰਡੀ ਡੇਰਾ ਬਾਬਾ ਨਾਨਕ ਵਿਖੇ ਮੁਫ਼ਤ ਵੈਟਰਨਰੀ ਕੈਂਪ ਲਗਾਇਆ ਗਿਆ।ਇਸ ਕੈਂਪ ਦਾ ਉਦਘਾਟਨ ਰਾਜੇਸ਼ ਕੁਮਾਰ ਯਾਦਵ, ਕਮਾਂਡੈਂਟ ਬੀਐੱਸਐੱਫ, ਐੱਸਡੀਐੱਮ ਡੇਰਾ ਬਾਬਾ ਨਾਨਕ ਡਾ. ਆਦਿੱਤਯ ਸ਼ਰਮਾ, ਐੱਸਡੀਐੱਮ ਫ਼ਤਿਹਗੜ੍ਹ ਚੂੜੀਆਂ ਗੁਰਮੰਦਰ ਸਿੰਘ, ਵੈਟਰਨਰੀ ਅਫ਼ਸਰ ਡਾ. ਗੁਰਦੇਵ ਸਿੰਘ ਵੱਲੋਂ ਕੀਤਾ ਗਿਆ।



ਡਾ: ਗੁਰਦੇਵ ਸਿੰਘ (ਵੈਟ), ਡਾ. ਜੀਵਨਜੋਤ ਸਿੰਘ (ਵੈਟ), ਡਾ: ਜੋਤਬੀਰ ਕੌਰ (ਵੈਟ), ਡਾ. ਰਾਮ ਨਰਾਇਣ ਪਟੇਲ, ਡੀਸੀ (ਵੈਟ), ਐੱਸਐੱਚਕਿਊ ਬੀਐੱਸਐੱਫ ਬਾੜਮੇਰ, ਡਾ. ਵਿਕਾਸ ਕੁਮਾਰ, ਏਸੀ (ਵੈਟ), ਐੱਸਐੱਚਕਿਊ ਬੀਐੱਸਐੱਫ ਜੈਸਲਮੇਰ; ਇੰਸਪੈਕਟਰ (ਵੈਟ) ਅਨਿਲ ਕੁਮਾਰ, ਗੁਜਰਾਤ ਅਤੇ ਇੰਸਪੈਕਟਰ (ਵੈਟ) ਦੇਵੇਂਦਰ ਕੁਮਾਰ ਵੱਲੋਂ ਪਸ਼ੂਆਂ ਦਾ ਚੈੱਕਅਪ ਕੀਤਾ ਗਿਆ ਅਤੇ ਨਾਲ ਹੀ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।

ਐੱਸਡੀਐੱਮ ਡਾ. ਆਦਿੱਤਯ ਸ਼ਰਮਾ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਪਸ਼ੂਆਂ ਦੀ ਸਿਹਤ ਨੂੰ ਕੋਈ ਨੁਕਸਾਨ ਨਾ ਹੋਵੇ ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੀਐੱਸਐੱਫ ਦੇ ਸਹਿਯੋਗ ਨਾਲ ਵੈਟਰਨਰੀ ਕੈਂਪ ਲਗਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਇਹ ਉਪਰਾਲੇ ਜਾਰੀ ਰਹਿਣਗੇ।ਕੈਂਪ ਦੌਰਾਨ ਜੀਵਨ ਕਿਸ਼ੋਰ ਗੁਪਤਾ, ਪ੍ਰੇਮ ਕੁਮਾਰ ਏਸੀ., ਮਿਸ ਨੂਤਨ ਸ਼ਾਂਤੀ ਸਾਂਗਾ ਏਸੀ., ਇੰਸ.ਪੀ. ਜਤਿੰਦਰ, ਇੰਸ. ਸੁਸ਼ੀਲ, ਇੰਸ. ਰਾਜਿੰਦਰ (ਜੀ), ਐੱਸਆਈ ਸ਼ਿਖਾ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।


## ਉੱਤਰ ਰੇਲਵੇ

### ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਇਲੈਕਟ੍ਰਿਕ ਲੋਕੋ ਸ਼ੇਡ, ਉਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ ਨੰ. 2025-26-05A ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 30.09.2025 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਜਮ੍ਹਾ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਟੈਂਡਰ ਸੰਖਿਆ | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁ.) | ਟੈਂਡਰ ਦੀ ਕੀਮਤ (ਰੁ.) | ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ) (ਰੁ.) | ਕੰਮ ਦੀ ਅਵਧੀ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 2025-26-05A | 3-ਫੇਜ ਇੰਜਣਾਂ (ਪ੍ਰਕਾਰ WAP-7 ਅਤੇ WAG-9) ਦਾ ਬਿਜਲੀ ਅਤੇ ਯਾਂਤਰਿਕ ਵਿਯੋਜਨ; ਬੋਗੀ ਤੋਂ ਮੋਟਰ ਚਾਲਿਤ ਅਕਸਲ ਨੂੰ ਅਲਗ ਕਰਨਾ ਅਤੇ TM ਅਤੇ ਗਿਯਰ ਕੇਸ ਨੂੰ ਅਲਗ ਕਰਨਾ ਅਤੇ ਗਿਯਰ ਕੇਸ ਦੀ ਸਫਾਈ, ਮੇਜਰ/ ਮਾਈਨਰ ਸ਼ੇਡਯੂਲ ਦੇ ਦੌਰਾਨ WAP7/WAG-9 ਲੋਕੋਮੋਟਿਵ ਦੇ ਇਲਾਸਟਿਕ ਰਿੰਗ ਨੂੰ ਹਟਾਉਣਾ ਅਤੇ ਲਗਾਉਣਾ, WAP7/WAG-9 ਲੋਕੋਮੋਟਿਵ ਦੇ ਅਕਸਲ ਗਾਈਡ ਅਤੇ ਟਾਰਕ ਆਰਮ ਦੇ ਸਫੀਯਰ ਬਲਾਕਸ ਨੂੰ ਹਟਾਉਣਾ ਅਤੇ ਲਗਾਉਦਾ ਅਤੇ TOH/10H/MOH ਸ਼ੇਡਯੂਲ ਦੇ ਦੌਰਾਨ WAP7/WAG-9 ਲੋਕੋਮੋਟਿਵ ਮੋਟਰ ਚਾਲਿਤ ਬੋਗੀਆਂ ਨੂੰ ਅਲਗ ਕਰਨਾ। | 51,35,577/- | 0 | 30.09.2025 15:00 ਵਜੇ ਤਕ | 1,02,700/- | 24 ਮਹੀਨੇ | 30.09.2025 15:00 ਵਜੇ ਦੇ ਬਾਅਦ | www.ireps.gov.in |

ਨੰ. 230-Elect/TRS/LDH/WC/Bogie disconnection/OT/2025-26/05A ਤਾਰੀਕ :- 06.09.2025 2711/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਆਦੀਨਾਥ ਟੈਕਸਟਾਈਲਜ਼ ਲਿਮਿਟੇਡ

ਰਜ਼ਿ ਦਫ਼ਤਰ ਪਿੰਡ ਭੋਲਾਪੁਰ, ਡਾਕਖਾਨਾ, ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ 141123
Tel.: +91-9876100948, CIN: L17115PB1979PLC003910
Email: atl@shreyansgroup.com, Website: www.adinathtextiles.com

ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 45ਵੀਂ ਸਲਾਨਾ ਜ਼ਨਰਲ ਮੀਟਿੰਗ (AGM) ਮੰਗਲਵਾਰ 30 ਸਤੰਬਰ, 2025 ਨੂੰ ਸਵੇਰੇ 11:00 ਵਜੇ ਕੰਪਨੀ ਦੇ ਰਜ਼ਿ ਦਫ਼ਤਰ ਪਿੰਡ ਭੋਲਾਪੁਰ, ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ-141123, ਵਿਖੇ ਨਿਰਧਾਰਤ ਕੀਤੀ ਗਈ ਹੈ। ਸੂਚਿਤ ਕੀਤਾ ਜਾਂਦਾ ਹੈ ਕੇ ਬੁੱਧਵਾਰ, 24 ਸਤੰਬਰ 2025 ਤੋਂ ਮੰਗਲਵਾਰ, 30 ਸਤੰਬਰ 2025 (ਦੋਵੇਂ ਦਿਨ ਸਮੇਤ) ਕੰਪਨੀ ਦੇ ਮੈਂਬਰ ਰਜ਼ਿਸਟਰ ਅਤੇ ਸ਼ੈਅਰ ਟ੍ਰਾਂਸ਼ਫਰ ਬੁਕਸ ਉਪਰੋਕਤ AGM ਦੇ ਸਬੰਧ ਵਿੱਚ ਬੰਦ ਰਹਿਣਗੇ।

45ਵੀਂ ਸਲਾਨਾ ਜ਼ਨਰਲ ਮੀਟਿੰਗ (AGM) ਦੇ ਨੋਟਿਸ ਵਿੱਚ ਦਿੱਤਾ ਗਿਆ ਬਿਜ਼ਨੈਸ ਈ-ਵੋਟਿੰਗ ਦੇ ਮਾਧਿਅਮ ਰਾਹੀ ਪਾਸ ਕੀਤਾ ਜਾ ਸਕਦਾ ਹੈ।ਰਿਮੋਟ ਈ-ਵੋਟਿੰਗ ਸ਼ੁੱਕਰਵਾਰ, 26 ਸਤੰਬਰ, 2025 ਨੂੰ ਸਵੇਰੇ 9.00 ਵਜੇ ਸ਼ੁਰੂ ਹੋਵੇਗੀ ਅਤੇ ਸੋਮਵਾਰ, 29 ਸਤੰਬਰ, 2025 ਨੂੰ ਸ਼ਾਮ 5.00 ਵਜੇ ਬੰਦ ਹੋ ਜਾਵੇਗੀ।.ਕੰਪਨੀ ਦੇ ਮੈਂਬਰ ਜਿਨਾਂ ਕੋਲ ਕੱਟ ਆਫ ਮਿਤੀ 23 ਸਤੰਬਰ, 2025 ਨੂੰ ਭੌਤਿਕ ਜਾਂ ਡੀਮੈਟੀਰੀਅਲਾਈਜ਼ ਰੂਪ ਵਿੱਚ ਕੰਪਨੀ ਦੇ ਸ਼ੇਅਰ ਹੋਣਗੇ ਉਹ ਆਪਣੀ ਵੋਟ ਸੈਂਟ੍ਰਲ ਡਿਪਾਜ਼ਟਰੀ ਸਰਵਿਸਜ (ਇੰਡੀਆ) ਲਿਮ. (CDSL) ਜਾਂ ਮੀਟਿੰਗ ਵਿੱਚ ਬੈਲੱਟ ਪੇਪਰ ਰਾਹੀਂ ਪਾ ਸਕਦੇ ਹਨ।

ਕੋਈ ਵਿਅਕਤੀ ਜੋ ਕੰਪਨੀ ਦੁਆਰਾ AGM ਦੇ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਪ੍ਰਾਪਤ ਕਰਦਾ ਹੈ ਅਤੇ ਕੱਟ ਆਫ ਮਿਤੀ 23 ਸਤੰਬਰ, 2025 ਤੱਕ ਰੱਖਦਾ ਹੈ ਉਹ atl@shreyansgroup.com ਤੇ ਸੰਪਰਕ ਕਰਕੇ ਈ-ਵੋਟਿੰਗ ਲਈ ਆਪਣੀ ਲਾਗਿਨ ਆਈਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਉਪਰੋਕਤ ਦਿੱਤੀ ਟਾਈਮ ਲਾਈਨ ਤੋਂ ਬਾਅਦ CDSL ਦੁਆਰਾ ਈ-ਵੋਟਿੰਗ ਬੰਦ ਕਰ ਦਿੱਤੀ ਜਾਵੇਗੀ ਅਤੇ ਈ-ਵੋਟਿੰਗ ਕਰਨ ਦੀ ਇਜ਼ਾਜ਼ਤ ਨਹੀਂ ਦਿੱਤੀ ਜਾਵੇਗੀ।

AGM ਵਿੱਚ ਬੈਲੱਟ ਪੇਪਰ ਰਾਂਹੀ ਵੋਟਿੰਗ ਕਰਨ ਦੀ ਸੁਵਿਧਾ ਹੋਵੇਗੀ। ਜਿਨਾਂ ਮੈਂਬਰਾਂ ਨੇ ਰਿਮੋਟ ਈ-ਵੋਟਿੰਗ ਦੁਆਰਾ ਵੋਟਿੰਗ ਨਹੀਂ ਕੀਤੀ ਉਹ ਮੀਟਿੰਗ ਵਿੱਚ ਵੋਟਿੰਗ ਕਰ ਸਕਦੇ ਹਨ। ਜਿਨ੍ਹਾਂ ਮੈਂਬਰਾਂ ਨੇ ਪਹਿਲਾਂ ਹੀ ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾ ਦਿੱਤੀ ਹੋਵੇਗੀ ਉਹ AGM ਵਿੱਚ ਹਿੱਸਾ ਲੈ ਸਕਦੇ ਹਨ ਪਰ ਉਹਨਾਂ ਨੂੰ ਦੋਬਾਰਾ ਵੋਟ ਪਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਕੱਟ ਆਫ ਮਿਤੀ ਨੂੰ ਜਿਨ੍ਹਾਂ ਵਿਅਕਤੀਆਂ ਦੇ ਨਾਮ ਮੈਂਬਰ ਰਜ਼ਿਸਟਰ ਜਾ ਡਿਪਾਜ਼ਟਰੀ ਦੇ ਬੇਨੇਫਿਸ਼ਿਅਲ ਓਨਰਜ਼ ਰਜ਼ਿਸਟਰ ਵਿੱਚ ਦਰਜ਼ ਹੋਣਗੇ ਕੇਵਲ ਉਹਨਾਂ ਨੂੰ ਹੀ ਰਿਮੋਟ ਈ-ਵੋਟਿੰਗ ਅਤੇ ਬੈਲੱਟ ਪੇਪਰ ਰਾਹੀਂ ਵੋਟਿੰਗ ਦਾ ਅਧੀਕਾਰ ਹੋਵੇਗਾ।

AGM ਨੋਟਿਸ, ਵੋਟਿੰਗ ਸੰਬੰਧੀ ਵੇਰਵਾ ਅਤੇ ਸਲਾਨਾ ਰਿਪੋਰਟ 2024-25 ਈ-ਮੈਲ ਰਾਹੀਂ ਉਹਨਾਂ ਮੈਂਬਰਾਂ ਨੂੰ ਭੇਜੀ ਗਈ ਹੈ ਜਿਨ੍ਹਾਂ ਦੀਆਂ ਈ-ਮੇਲ ID ਕੰਪਨੀ ਦੇ ਨਾਲ ਰਜਿਸਟਰਡ ਹਨ। AGM ਨੋਟਿਸ ਅਤੇ ਸਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.adinathtextiles.com, ਸਟਾਕ ਐਕਸਚੈਜ ਦੀ ਵੈਬਸਾਈਟ i.e. www.bseindia.com ਅਤੇ CDSL ਦੀ ਵੈੱਬਸਾਈਟ www.evotingindia.com ਤੇ ਉਪਲੱਬਧ ਹੈ।

ਬਾ ਹੁਕਮ ਬੋਰਡ
ਲਈ ਆਦੀਨਾਥ ਟੈਕਸਟਾਈਲਜ਼ ਲਿਮਿਟੇਡ
ਸਹੀ/
ਹਰਪ੍ਰੀਤ ਕੌਰ
ਕੰਪਨੀ ਸਕੱਤਰ
ACS 49237

ਸਥਾਨ : ਲੁਧਿਆਣਾ
ਮਿਤੀ : 06-09-2025



## ਸ਼੍ਰੇਯਾਂਸ ਫਾਈਨੈਂਸ਼ਿਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ

ਰਜ਼ਿ ਦਫ਼ਤਰ ਸ਼੍ਰੀ ਰਿਸ਼ਬ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522.
Tel.+91-1881-273627, 273628, 98761-00948
CIN : L65921PB1984PLC005967
E-mail : sfcsl141@gmail.com, Website: www.sfcsl.co.in

ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 40ਵੀਂ ਸਲਾਨਾ ਜ਼ਨਰਲ ਮੀਟਿੰਗ (AGM) ਸੋਮਵਾਰ 29 ਸਤੰਬਰ, 2025 ਨੂੰ ਸਵੇਰੇ 11:00 ਵਜੇ ਕੰਪਨੀ ਦੇ ਰਜ਼ਿ ਦਫ਼ਤਰ ਸ਼੍ਰੀ ਰਿਸ਼ਬ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522. ਵਿਖੇ ਨਿਰਧਾਰਤ ਕੀਤੀ ਗਈ ਹੈ। ਸੂਚਿਤ ਕੀਤਾ ਜਾਂਦਾ ਹੈ ਕੇ ਮੰਗਲਵਾਰ, 23 ਸਤੰਬਰ 2025 ਤੋਂ ਸੋਮਵਾਰ, 29 ਸਤੰਬਰ 2025 (ਦੋਵੇਂ ਦਿਨ ਸਮੇਤ) ਕੰਪਨੀ ਦੇ ਮੈਂਬਰ ਰਜ਼ਿਸਟਰ ਅਤੇ ਸ਼ੈਅਰ ਟ੍ਰਾਂਸ਼ਫਰ ਬੁਕਸ ਉਪਰੋਕਤ AGM ਦੇ ਸਬੰਧ ਵਿੱਚ ਬੰਦ ਰਹਿਣਗੇ।

40ਵੀਂ ਸਲਾਨਾ ਜ਼ਨਰਲ ਮੀਟਿੰਗ (AGM) ਦੇ ਨੋਟਿਸ ਵਿੱਚ ਦਿੱਤਾ ਗਿਆ ਬਿਜ਼ਨੈਸ ਈ-ਵੋਟਿੰਗ ਦੇ ਮਾਧਿਅਮ ਰਾਹੀ ਪਾਸ ਕੀਤਾ ਜਾ ਸਕਦਾ ਹੈ।ਰਿਮੋਟ ਈ-ਵੋਟਿੰਗ ਵੀਰਵਾਰ, 25 ਸਤੰਬਰ, 2025 ਨੂੰ ਸਵੇਰੇ 9.00 ਵਜੇ ਸ਼ੁਰੂ ਹੋਵੇਗੀ ਅਤੇ ਐਤਵਾਰ, 28 ਸਤੰਬਰ, 2025 ਨੂੰ ਸ਼ਾਮ 5.00 ਵਜੇ ਬੰਦ ਹੋ ਜਾਵੇਗੀ।.ਕੰਪਨੀ ਦੇ ਮੈਂਬਰ ਜਿਨਾਂ ਕੋਲ ਕੱਟ ਆਫ ਮਿਤੀ ਸੋਮਵਾਰ, 22 ਸਤੰਬਰ, 2025 ਨੂੰ ਭੌਤਿਕ ਜਾਂ ਡੀਮੈਟੀਰੀਅਲਾਈਜ਼ ਰੂਪ ਵਿੱਚ ਕੰਪਨੀ ਦੇ ਸ਼ੇਅਰ ਹੋਣਗੇ ਉਹ ਆਪਣੀ ਵੋਟ ਸੈਂਟ੍ਰਲ ਡਿਪਾਜ਼ਟਰੀ ਸਰਵਿਸਜ (ਇੰਡੀਆ) ਲਿਮ. (CDSL) ਜਾਂ ਮੀਟਿੰਗ ਵਿੱਚ ਬੈਲੱਟ ਪੇਪਰ ਰਾਹੀਂ ਪਾ ਸਕਦੇ ਹਨ।

ਕੋਈ ਵਿਅਕਤੀ ਜੋ ਕੰਪਨੀ ਦੁਆਰਾ AGM ਦੇ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਪ੍ਰਾਪਤ ਕਰਦਾ ਹੈ ਅਤੇ ਕੱਟ ਆਫ ਮਿਤੀ 22 ਸਤੰਬਰ, 2025 ਤੱਕ ਰੱਖਦਾ ਹੈ ਉਹ sfcsl141@gmail.com ਤੇ ਸੰਪਰਕ ਕਰਕੇ ਈ-ਵੋਟਿੰਗ ਲਈ ਆਪਣੀ ਲਾਗਿਨ ਆਈਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਉਪਰੋਕਤ ਦਿੱਤੀ ਟਾਈਮ ਲਾਈਨ ਤੋਂ ਬਾਅਦ CDSL ਦੁਆਰਾ ਈ-ਵੋਟਿੰਗ ਬੰਦ ਕਰ ਦਿੱਤੀ ਜਾਵੇਗੀ ਅਤੇ ਈ-ਵੋਟਿੰਗ ਕਰਨ ਦੀ ਇਜ਼ਾਜ਼ਤ ਨਹੀਂ ਦਿੱਤੀ ਜਾਵੇਗੀ।

AGM ਵਿੱਚ ਬੈਲੱਟ ਪੇਪਰ ਰਾਂਹੀ ਵੋਟਿੰਗ ਕਰਨ ਦੀ ਸੁਵਿਧਾ ਹੋਵੇਗੀ। ਜਿਨਾਂ ਮੈਂਬਰਾਂ ਨੇ ਰਿਮੋਟ ਈ-ਵੋਟਿੰਗ ਦੁਆਰਾ ਵੋਟਿੰਗ ਨਹੀਂ ਕੀਤੀ ਉਹ ਮੀਟਿੰਗ ਵਿੱਚ ਵੋਟਿੰਗ ਕਰ ਸਕਦੇ ਹਨ। ਜਿਨ੍ਹਾਂ ਮੈਂਬਰਾਂ ਨੇ ਪਹਿਲਾਂ ਹੀ ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾ ਦਿੱਤੀ ਹੋਵੇਗੀ ਉਹ AGM ਵਿੱਚ ਹਿੱਸਾ ਲੈ ਸਕਦੇ ਹਨ ਪਰ ਉਹਨਾਂ ਨੂੰ ਦੋਬਾਰਾ ਵੋਟ ਪਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਕੱਟ ਆਫ ਮਿਤੀ ਨੂੰ ਜਿਨ੍ਹਾਂ ਵਿਅਕਤੀਆਂ ਦੇ ਨਾਮ ਮੈਂਬਰ ਰਜ਼ਿਸਟਰ ਜਾ ਡਿਪਾਜ਼ਟਰੀ ਦੇ ਬੇਨੇਫਿਸ਼ਿਅਲ ਓਨਰਜ਼ ਰਜ਼ਿਸਟਰ ਵਿੱਚ ਦਰਜ਼ ਹੋਣਗੇ ਕੇਵਲ ਉਹਨਾਂ ਨੂੰ ਹੀ ਰਿਮੋਟ ਈ-ਵੋਟਿੰਗ ਅਤੇ ਬੈਲੱਟ ਪੇਪਰ ਰਾਹੀਂ ਵੋਟਿੰਗ ਦਾ ਅਧੀਕਾਰ ਹੋਵੇਗਾ।

AGM ਨੋਟਿਸ, ਵੋਟਿੰਗ ਸੰਬੰਧੀ ਵੇਰਵਾ ਅਤੇ ਸਲਾਨਾ ਰਿਪੋਰਟ 2024-25 ਈ-ਮੈਲ ਰਾਹੀਂ ਉਹਨਾਂ ਮੈਂਬਰਾਂ ਨੂੰ ਭੇਜੀ ਗਈ ਹੈ ਜਿਨ੍ਹਾਂ ਦੀਆਂ ਈ-ਮੇਲ ID ਕੰਪਨੀ ਦੇ ਨਾਲ ਰਜਿਸਟਰਡ ਹਨ। AGM ਨੋਟਿਸ ਅਤੇ ਸਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.sfcsl.co.in, ਸਟਾਕ ਐਕਸਚੈਜ ਦੀ ਵੈਬਸਾਈਟ i.e. MSEI Limited at www.msei.in ਅਤੇ CDSL ਦੀ ਵੈੱਬਸਾਈਟ www.evotingindia.com ਤੇ ਉਪਲੱਬਧ ਹੈ।

ਰਿਮੋਟ ਈ-ਵੋਟਿੰਗ ਸੰਬੰਧੀ ਕਿਸੇ ਜਾਣਕਾਰੀ / ਸ਼ਿਕਾਇਤ ਲਈ ਉਪਰੋਕਤ ਈ-ਮੇਲ ਆਈਡੀ ਜਾਂ ਪਤੇ ਤੇ ਸੰਪੰਰਕ ਕੀਤਾ ਜਾ ਸਕਦਾ ਹੈ।

ਬਾ ਹੁਕਮ ਬੋਰਡ
ਲਈ ਸ਼੍ਰੇਯਾਂਸ ਫਾਈਨੈਂਸ਼ਿਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ
ਸਹੀ/
ਬਲਰਾਜ ਸਿੰਘ
ਕੰਪਨੀ ਸਕੱਤਰ
ACS 70536

ਸਥਾਨ : ਲੁਧਿਆਣਾ
ਮਿਤੀ : 06-09-2025



## Midland Microfin Limited

CIN: U65921PB1988PLC008430
Regd. & Corp. Office: The Axis, Plot no.1, R.B Badri Dass Colony, B.M.C Chowk, G.T. Road, Jalandhar – 144001 (Pb.) INDIA Ph.: +91 181 508 5555, 508 6666 Fax: +91 181 508 7777
E-mail Id: info@midlandmicrofin.com | Website: www.midlandmicrofin.com

### 37 ਵੀਂ (ਸੈਂਤੀਵੀਂ)
### ਸਾਲਾਨਾ ਜਨਰਲ ਮੀਟਿੰਗ ਅਤੇ ਈ-ਵੋਟਿੰਗ ਦੀ ਜਾਣਕਾਰੀ ਲਈ ਨੋਟਿਸ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਏ ਜੀ ਐੱਮ ਦੇ ਨੋਟਿਸ 'ਚ ਕਾਰੋਬਾਰ ਦੇ ਨਿਪਟਾਰੇ ਲਈ ਕੰਪਨੀ ਦੀ 37ਵੀਂ ਸਾਲਾਨਾ ਜਨਰਲ ਮੀਟਿੰਗ (ਏ ਜੀ ਐੱਮ) ਸੋਮਵਾਰ, 29 ਸਤੰਬਰ 2025 ਨੂੰ 3.00 ਵਜੇ ਸ਼ਾਮ (ਭਾਰਤੀ ਸਮੇਂ ਅਨੁਸਾਰ) ਵੀਡੀਓ ਕਾਨਫਰੰਸਿੰਗ (ਵੀ ਸੀ)/ਹੋਰ ਆਡੀਓ ਵਿਜ਼ੂਅਲ ਮੀਨਜ਼ (ਓ ਏ ਵੀ ਐੱਮ) ਰਾਹੀਂ ਨਿਰਧਾਰਤ ਹੈ।

ਕੰਪਨੀ ਐਕਟ 2013 (ਦਾ ਐਕਟ) ਅਤੇ ਇਸ ਅਧੀਨ ਜਾਰੀ ਕੀਤੇ ਗਏ ਨਿਯਮਾਂ ਅਤੇ ਰੈਗੂਲੇਸ਼ਨਜ਼ 2015 ਅਧੀਨ ਸਕਿਉਰਿਟੀ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ (ਸੇਬੀ) (ਲਿਸਿਟਿੰਗ ਅਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਅਇਰਮੈਂਟ) ਦੀਆਂ ਯੋਗ ਵਿਵਸਥਾਵਾਂ ਦੀ ਪਾਲਣਾ ਹਿਤ ਜਨਰਲ ਸਰਕੂਲਰ ਨੰ. 14/2020 ਮਿਤੀ 08 ਅਪ੍ਰੈਲ 2020, 17/2020 ਮਿਤੀ 13 ਅਪ੍ਰੈਲ 2020, 20/2020 ਮਿਤੀ 05 ਮਈ 2020; 02/2021 ਮਿਤੀ 13 ਜਨਵਰੀ 2021; 19/2021 ਮਿਤੀ 08 ਦਸੰਬਰ 2021; 21/2021 ਮਿਤੀ 14 ਦਸੰਬਰ 2021; 02/2022 ਮਿਤੀ 05 ਮਈ 2022; 10/2022 ਮਿਤੀ 28 ਦਸੰਬਰ 2022; 09/2023 ਮਿਤੀ 25 ਸਤੰਬਰ 2023 ਅਤੇ 09/2024 ਮਿਤੀ 19 ਸਤੰਬਰ 2024 ਜੋ ਕਾਰਪੋਰੇਟ ਮੰਤਰਾਲਾ ਮਾਮਲੇ ('ਐੱਮ ਸੀ ਏ') ਵੱਲੋਂ ਜਾਰੀ ਕੀਤੇ ਗਏ। ਈ ਸੀ ਅਤੇ ਸੇਬੀ ਸਰਕੂਲਰ ਨੰ. ਸੇਬੀ/ਐੱਚ ਓ/ਸੀ ਐੱਫ ਡੀ/ ਸੀ ਐੱਫ ਡੀ-ਪੀ ਓ ਡੀ-2/ਪੀ/ਸੀ ਆਈ ਆਰ/2024/133 ਮਿਤੀ 03 ਅਕਤੂਬਰ 2024 ਅਤੇ ਸੇਬੀ/ਐੱਚ ਓ/ਡੀ ਡੀ ਐੱਚ ਐੱਸ/ਡੀ ਡੀ ਐੱਚ ਐੱਸ-ਪੀ ਓ ਡੀ-1/ਪੀ/ਸੀ ਆਈ ਆਰ/2025/83 ਮਿਤੀ 05 ਜੂਨ 2025 ਸੇਬੀ ਦੁਆਰਾ ਜਾਰੀ ਐੱਮ ਸੀ ਏ ਅਤੇ ਸੇਬੀ ਦੁਆਰਾ ਜਾਰੀ ਕੀਤੇ ਗਏ ਹੋਰ ਯੋਗ ਸਰਕੂਲਰਾਂ (ਇਸ ਤੋਂ ਬਾਅਦ 'ਦ ਸਰਕੂਲਰਜ਼' ਵਜੋਂ ਸਾਂਝੇ ਤੌਰ 'ਤੇ ਹਵਾਲਾ) ਕੰਪਨੀ ਦੀ ਈ ਜੀ ਐੱਮ ਵੀ ਸੀ/ਓ ਏ ਵੀ ਐੱਮ ਰਾਹੀਂ ਕੀਤੀ ਜਾਵੇਗੀ।

ਇਸ ਤੋਂ ਅੱਗੇ ਉਪਰੋਕਤ ਦੱਸੇ ਸਰਕੂਲਰਾਂ ਮੁਤਾਬਕ ਏ ਜੀ ਐੱਮ ਦਾ ਨੋਟਿਸ ਅਤੇ ਵਿੱਤੀ ਸਾਲ 2024-25 ਦੀ ਸਾਲਾਨਾ ਰਿਪੋਰਟ ਉਨ੍ਹਾਂ ਸ਼ੇਅਰ ਧਾਰਕਾਂ ਨੂੰ ਸ਼ਨੀਵਾਰ 6 ਸਤੰਬਰ 2025 ਨੂੰ ਇਲੈਕਟ੍ਰਾਨੀਕਲੀ ਰੂਪ 'ਚ ਭੇਜੀ ਗਈ ਹੈ ਜਿਨ੍ਹਾਂ ਦੇ ਈ-ਮੇਲ ਪਤੇ 29 ਅਗਸਤ 2025 ਨੂੰ ਕੰਪਨੀ ਅਤੇ/ਜਾਂ ਡਿਪਾਜ਼ਟਰੀ ਪਾਰਟੀਸਿਪੈਂਟਸ ('ਡੀਪੀਜ਼') ਕੋਲ ਰਜਿਸਟਰ ਹਨ।

1. ਕੰਪਨੀਜ਼ (ਪ੍ਰਬੰਧਕੀ ਅਤੇ ਪ੍ਰਸ਼ਾਸਕੀ) ਰੂਲਜ਼ 2014 ਦੇ ਰੂਲ 20 ਨਾਲ ਪੜ੍ਹੇ ਜਾਂਦੇ ਜੇਕਰ ਹੋਈ ਹੈ ਦੇ ਸੈਕਸ਼ਨ 108 ਦੀਆਂ ਵਿਵਸਥਾਵਾਂ ਅਤੇ ਹੋਰ ਲਾਗੂ ਵਿਵਥਾਵਾਂ ਅਨੁਸਾਰ ਸ਼ੇਅਰਧਾਰਕਾਂ ਨੂੰ ਏ ਜੀ ਐੱਮ 'ਚ ਪਾਸ ਕੀਤੇ ਪ੍ਰਸਤਾਵਿਤ ਮਾਹਿਰਾਂ ਦੇ ਵੋਟ ਦੇ ਹੱਕ 'ਚ ਈ-ਵੋਟਿੰਗ ਦੀ ਸਹੂਲਤ ਦੇਣ ਲਈ ਖੁਸ਼ੀ ਪ੍ਰਾਪਤ ਕਰ ਰਹੀ ਹੈ। ਮੈਂਬਰਾਂ ਨੂੰ ਇਲੈਕਟ੍ਰਾਨਿਕ ਵੋਟਿੰਗ ਸਿਸਟਮ ਰਾਹੀਂ ਵੋਟ ਪਾਉਣ ਅਤੇ ਏ ਜੀ ਐਮ ਦੌਰਾਨ ਈ-ਵੋਟਿੰਗ ਦੇ ਨਾਲ ਏ ਜੀ ਐਮ 'ਚ ਵੀ ਸੀ/ਓ ਏ ਵੀ ਐੱਮ ਰਾਹੀਂ ਸਹੂਲਤ ਲੈ ਸਕਦੇ ਹਨ ਜੋ ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ (ਸੀ ਡੀ ਐੱਸ ਐੱਲ) ਦੁਆਰਾ ਪ੍ਰਦਾਨ ਕੀਤੀ ਜਾਏਗੀ।

2. ਵਿਅਕਤੀ ਜਿਸ ਦਾ ਨਾਂਅ ਮੈਂਬਰਾਂ ਦੇ ਰਜਿਸਟਰ ਵਿਚ ਜਾਂ ਡਿਪਾਜ਼ਟਰੀ ਅਨੁਸਾਰ ਰੱਖੇ ਗਏ ਲਾਭਕਾਰੀ ਮਾਲਕਾਂ ਦੇ ਰਜਿਸਟਰ ਵਿਚ ਕੱਟ-ਆਫ ਮਿਤੀ ਸੋਮਵਾਰ 22 ਸਤੰਬਰ 2025 ਨੂੰ ਦਰਜ ਹੈ, ਉਹੀ ਰਿਮੋਟ ਈ-ਵੋਟਿੰਗ ਦੀ ਸਹੂਲਤ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ।

3) ਈ-ਵੋਟਿੰਗ ਦਾ ਸਮਾਂ ਵੀਰਵਾਰ, 25 ਸਤੰਬਰ, 2025 (ਸਵੇਰੇ 9:00 ਵਜੇ ਭਾਰਤੀ ਸਮੇਂ ਅਨੁਸਾਰ) ਹੋਵੇਗਾ ਅਤੇ ਐਤਵਾਰ, 28 ਸਤੰਬਰ, 2025 (ਸ਼ਾਮ 5:00 ਵਜੇ ਭਾਰਤੀ ਸਮੇਂ ਅਨੁਸਾਰ) ਨੂੰ ਖਤਮ ਹੋਵੇਗਾ।ਈ-ਵੋਟਿੰਗ ਮਾਡਿਊਲ ਨੂੰ ਸੀ ਡੀ ਐੱਸ ਐੱਲ ਦੁਆਰਾ ਉਸ ਤੋਂ ਬਾਅਦ ਵੋਟਿੰਗ ਲਈ ਅਯੋਗ ਕਰ ਦਿੱਤਾ ਜਾਵੇਗਾ। ਇੱਕ ਵਾਰ ਮੈਂਬਰ ਦੁਆਰਾ ਕਿਸੇ ਮਤੇ 'ਤੇ ਵੋਟ ਪਾਉਣ ਤੋਂ ਬਾਅਦ, ਉਸ ਨੂੰ ਬਾਅਦ ਵਿੱਚ ਇਸ ਨੂੰ ਬਦਲਣ ਜਾਂ ਦੁਬਾਰਾ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ।

4) ਕੋਈ ਵੀ ਵਿਅਕਤੀ ਜੋ ਇਸ ਨੋਟਿਸ ਨੂੰ ਭੇਜਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਪ੍ਰਾਪਤ ਕਰਦਾ ਹੈ ਅਤੇ ਕੱਟ-ਆਫ ਮਿਤੀ 'ਤੇ ਸ਼ੇਅਰ ਰੱਖਦਾ ਹੈ, helpdesk.evoting@cdslindia.com 'ਤੇ ਬੇਨਤੀ ਭੇਜ ਕੇ ਲੌਗਇਨ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ।ਹਾਲਾਂਕਿ, ਜੇਕਰ ਉਹ ਪਹਿਲਾਂ ਹੀ ਰਿਮੋਟ ਈ-ਵੋਟਿੰਗ ਲਈ ਸੀ ਡੀ ਐੱਸ ਐੱਲ ਨਾਲ ਰਜਿਸਟਰਡ ਹੈ ਤਾਂ ਉਹ ਆਪਣੀ ਮੌਜੂਦਾ ਯੂਜ਼ਰ ਆਈ ਡੀ ਅਤੇ ਪਾਸਵਰਡ ਦੀ ਵਰਤੋਂ ਕਰ ਸਕਦਾ ਹੈ।

5) ਏ ਜੀ ਐੱਮ ਵਾਲੇ ਦਿਨ ਈ-ਵੋਟਿੰਗ ਦੀ ਪ੍ਰਕਿਰਿਆ ਨੋਟਿਸ ਵਿੱਚ ਰਿਮੋਟ ਈ-ਵੋਟਿੰਗ ਲਈ ਦੱਸੀਆਂ ਹਦਾਇਤਾਂ ਦੇ ਸਮਾਨ ਹੈ।

6) ਸਿਰਫ਼ ਉਹ ਮੈਂਬਰ, ਜੋ ਵੀ ਸੀ/ਓ ਏ ਵੀ ਐੱਮ ਸਹੂਲਤ ਰਾਹੀਂ ਏ ਜੀ ਐੱਮ ਵਿੱਚ ਮੌਜੂਦ ਹਨ ਅਤੇ ਰਿਮੋਟ ਈ-ਵੋਟਿੰਗ ਰਾਹੀਂ ਮਤਿਆਂ 'ਤੇ ਆਪਣੀ ਵੋਟ ਨਹੀਂ ਪਾਈ ਹੈ ਅਤੇ ਅਜਿਹਾ ਕਰਨ ਤੋਂ ਵਰਜਿਤ ਨਹੀਂ ਹਨ, ਏ ਜੀ ਐੱਮ ਦੌਰਾਨ ਉਪਲਬਧ ਈ-ਵੋਟਿੰਗ ਪ੍ਰਣਾਲੀ ਰਾਹੀਂ ਵੋਟ ਪਾਉਣ ਦੇ ਯੋਗ ਹੋਣਗੇ।

7) ਜਿਨ੍ਹਾਂ ਮੈਂਬਰਾਂ ਨੇ ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾਈ ਹੈ, ਉਹ ਏ ਜੀ ਐੱਮ ਵਿੱਚ ਸ਼ਾਮਲ ਹੋਣ ਦੇ ਯੋਗ ਹੋਣਗੇ।ਹਾਲਾਂਕਿ, ਉਹ ਏ ਜੀ ਐੱਮ ਵਿੱਚ ਵੋਟ ਪਾਉਣ ਦੇ ਯੋਗ ਨਹੀਂ ਹੋਣਗੇ।ਵੀ ਸੀ ਜਾਂ ਓ ਵੀ ਏ ਐੱਮ ਰਾਹੀਂ ਮੀਟਿੰਗ ਵਿੱਚ ਸ਼ਾਮਲ ਹੋਣ ਸੰਬੰਧੀ ਵਿਸਤ੍ਰਿਤ ਹਦਾਇਤਾਂ ਲਈ, ਕਿਰਪਾ ਕਰਕੇ ਨੋਟਿਸ ਵੇਖੋ।

ਜੇਕਰ ਈ-ਵੋਟਿੰਗ ਸਿਸਟਮ ਤੋਂ ਈ-ਵੋਟਿੰਗ ਅਤੇ ਏ ਜੀ ਐੱਮ ਵਿੱਚ ਸ਼ਾਮਲ ਹੋਣ ਸੰਬੰਧੀ ਤੁਹਾਡੇ ਕੋਈ ਸਵਾਲ ਜਾਂ ਮੁੱਦੇ ਹਨ, ਤਾਂ ਤੁਸੀਂ www.evotingindia.com 'ਤੇ ਉਪਲੱਬਧ ਅਕਸਰ ਪੁੱਛੇ ਜਾਂਦੇ ਸਵਾਲ ('ਐੱਫ ਏ ਕਿਊਜ਼') ਅਤੇ ਈ-ਵੋਟਿੰਗ ਮੈਨੂਅਲ ਨੂੰ ਮਦਦ ਭਾਗ ਦੇ ਅਧੀਨ ਦੇਖ ਸਕਦੇ ਹੋ ਜਾਂ helpdesk.evoting@cdslindia.com 'ਤੇ ਈਮੇਲ ਲਿਖ ਸਕਦੇ ਹੋ ਜਾਂ 1800-21-099111 ਤੇ ਸੰਪਰਕ ਕਰ ਸਕਦੇ ਹੋ।

37ਵੀਂ ਏ ਜੀ ਐੱਮ ਦਾ ਨੋਟਿਸ ਅਤੇ ਵਿੱਤੀ ਸਾਲ 2024-25 ਲਈ ਸਾਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.midlandmicrofin.com, ਸਟਾਕ ਐਕਸਚੇਂਜ ਦੀ ਵੈੱਬਸਾਈਟ ਯਾਨੀ ਬੀ ਐੱਸ ਈ ਲਿਮਟਿਡ www.bseindia.com ਅਤੇ ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ ('ਸੀ ਡੀ ਐੱਸ ਐੱਲ') ਦੀ ਵੈੱਬਸਾਈਟ www.evotingindia.com 'ਤੇ ਉਪਲੱਬਧ ਕਰਵਾਈ ਗਈ ਹੈ।

**ਈ-ਮੇਲ ਪਤੇ ਨੂੰ ਰਜਿਸਟਰ ਕਰਨ/ਅੱਪਡੇਟ ਕਰਨ ਦਾ ਤਰੀਕਾ :**

(i) ਡੀਮੈਟੀਰੀਅਲਾਈਜ਼ਡ ਮੋਡ ਵਿੱਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਈਮੇਲ ਪਤੇ ਆਪਣੇ ਸਬੰਧਤ ਡਿਪਾਜ਼ਟਰੀ ਭਾਗੀਦਾਰਾਂ ਕੋਲ ਰਜਿਸਟਰ ਕਰਨ। ਇਸ ਨੋਟਿਸ ਨੂੰ ਪ੍ਰਾਪਤ ਕਰਨ ਲਈ ਅਸਥਾਈ ਰਜਿਸਟ੍ਰੇਸ਼ਨ ਲਈ, ਸ਼ੇਅਰਧਾਰਕ ਸ੍ਰੀ ਕਪਿਲ ਕੁਮਾਰ ਰੁਹੇਲਾ, ਕੰਪਨੀ ਸਕੱਤਰ ਅਤੇ ਮੁੱਖ ਪਾਲਣਾ ਅਧਿਕਾਰੀ ਨੂੰ cs@midlandmicrofin.com 'ਤੇ ਈਮੇਲ ਕਰ ਸਕਦੇ ਹਨ।

(ii) ਭੌਤਿਕ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਮੈਂਬਰ ਸ੍ਰੀ ਕਪਿਲ ਕੁਮਾਰ ਰੁਹੇਲਾ ਨੂੰ cs@midland microfin.com 'ਤੇ ਜਾਂ ਕੰਪਨੀ ਦੇ ਰਜਿਸਟਰਾਰ ਅਤੇ ਟ੍ਰਾਂਸਫਰ ਏਜੰਟ, ਮੈਸਰਜ਼ ਸਕਾਈਲਾਈਨ ਫਾਈਨੈਂਸ਼ੀਅਲ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਨੂੰ contact@skyline.com 'ਤੇ ਲਿਖ ਕੇ ਆਪਣੇ ਈਮੇਲ ਆਈ ਡੀ ਰਜਿਸਟਰ ਕਰ ਸਕਦੇ ਹਨ, ਜਿਸ ਵਿੱਚ ਫੋਲੀਓ ਨੰਬਰ, ਨਾਂਅ, ਮੋਬਾਈਲ ਨੰਬਰ, ਈਮੇਲ ਆਈ ਡੀ, ਪੈਨ, ਆਧਾਰ ਅਤੇ ਸ਼ੇਅਰ ਸਰਟੀਫਿਕੇਟ (ਅੱਗੇ ਅਤੇ ਪਿੱਛੇ) ਦੀ ਸਵੈ-ਤਸਦੀਕਸ਼ੁਦਾ ਕਾਪੀ ਦਾ ਹਵਾਲਾ ਦਿੱਤਾ ਗਿਆ ਹੋਵੇ।

**ਲਾਭਅੰਸ਼**

ਡਾਇਰੈਕਟਰਾਂ ਦੇ ਬੋਰਡ ਨੇ ਸੋਮਵਾਰ, 28 ਜੁਲਾਈ, 2025 ਨੂੰ ਹੋਈ ਆਪਣੀ ਮੀਟਿੰਗ ਵਿੱਚ, 31 ਮਾਰਚ, 2025 ਨੂੰ ਖਤਮ ਹੋਏ ਵਿੱਤੀ ਸਾਲ ਲਈ ਹਰੇਕ ਪੂਰੀ ਤਰ੍ਹਾਂ ਭੁਗਤਾਨ ਕੀਤੇ ਤਰਜੀਹੀ ਸ਼ੇਅਰ (ਜਿਵੇਂ ਕਿ ਏ ਜੀ ਐੱਮ ਨੋਟਿਸ ਵਿੱਚ ਦੱਸਿਆ ਗਿਆ ਹੈ) 'ਤੇ 0.01% ਹਰੇਕ ਦੀ ਪਹਿਲਾਂ ਤੋਂ ਨਿਰਧਾਰਤ ਦਰ 'ਤੇ ਅੰਤਿਮ ਲਾਭਅੰਸ਼ ਦੇ ਭੁਗਤਾਨ ਨੂੰ ਮਨਜ਼ੂਰੀ ਦਿੱਤੀ ਅਤੇ ਸਿਫਾਰਸ਼ ਕੀਤੀ, ਜੋ ਕਿ 37ਵੀਂ ਏ ਜੀ ਐੱਮ ਵਿੱਚ ਸ਼ੇਅਰਧਾਰਕਾਂ ਦੀ ਪ੍ਰਵਾਨਗੀ ਦੇ ਅਧੀਨ ਹੈ।

ਜੇਕਰ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਅੰਤਿਮ ਲਾਭਅੰਸ਼ ਮੰਗਲਵਾਰ, 30 ਸਤੰਬਰ, 2025 ਨੂੰ ਜਾਂ ਇਸ ਤੋਂ ਬਾਅਦ ਉਨ੍ਹਾਂ ਸ਼ੇਅਰਧਾਰਕਾਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਦੇ ਨਾਂਅ ਸੋਮਵਾਰ, 22 ਸਤੰਬਰ, 2025 ਨੂੰ ਮੈਂਬਰਾਂ/ਲਾਭਪਾਤਰੀ ਮਾਲਕਾਂ ਦੇ ਰਜਿਸਟਰ ਵਿੱਚ ਸ਼ਾਮਲ ਹਨ।

ਇਹ ਵੀ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ ਦੇ ਮੈਂਬਰਾਂ ਦਾ ਰਜਿਸਟਰ ਅਤੇ ਸ਼ੇਅਰ ਟ੍ਰਾਂਸਫਰ ਕਿਤਾਬਾਂ ਮੰਗਲਵਾਰ, 23 ਸਤੰਬਰ, 2025 ਤੋਂ ਸੋਮਵਾਰ, 29 ਸਤੰਬਰ, 2025 (ਦੋਵੇਂ ਦਿਨ ਸ਼ਾਮਲ) ਸਾਲਾਨਾ ਆਮ ਮੀਟਿੰਗ ਅਤੇ ਲਾਭਅੰਸ਼ ਦੇ ਉਦੇਸ਼ ਲਈ ਬੰਦ ਰਹਿਣਗੇ।

ਮਿਡਲੈਂਡ ਮਾਈਕ੍ਰੋਫਿਨ ਲਿਮਟਿਡ ਦੇ
ਬੋਰਡ ਦੇ ਆਦੇਸ਼ ਦੁਆਰਾ
ਸਹੀ/-
ਕਪਿਲ ਕੁਮਾਰ ਰੁਹੇਲਾ
ਕੰਪਨੀ ਸਕੱਤਰ ਅਤੇ ਮੁੱਖ ਪਾਲਣਾ ਅਧਿਕਾਰੀ

ਮਿਤੀ : 6 ਸਤੰਬਰ, 2025
ਸਥਾਨ: ਜਲੰਧਰ



## ਕਲਾਸੀਫਾਈਡ ਇਸ਼ਤਿਹਾਰ

### ਬੇਦਖਲੀ ਨੋਟਿਸ

ਅਸੀਂ ਰਮੇਸ਼ ਕੁਮਾਰ ਪੁੱਤਰ ਹਰੀ ਰਾਮ ਅਤੇ ਸਰੋਜ ਪਤਨੀ ਰਮੇਸ਼ ਕੁਮਾਰ ਵਾਸੀ ਮਕਾਨ ਨੰ. 28, ਗਲੀ ਨੰ. 26, ਫਤਿਹ ਸਿੰਘ ਕਾਲੋਨੀ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਸ਼ਵਨੀ ਕੁਮਾਰ ਅਤੇ ਉਸ ਦੀ ਪਤਨੀ ਨਿਧੀ ਉਰਫ ਕਾਜਲ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮਨਜਿੰਦਰ ਸਿੰਘ ਪੁੱਤਰ ਰਨਜੀਤ ਸਿੰਘ, ਵਾਸੀ ਪਿੰਡ ਲੰਮੇ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਭਰਾ ਸੁਖਜਿੰਦਰ ਸਿੰਘ ਅਤੇ ਉਸਦੀ ਪਤਨੀ ਦਵਿੰਦਰ ਕੌਰ, ਮੇਰੇ ਕਹਿਣੇਕਾਰ ਵਿੱਚ ਨਹੀਂ ਹਨ। ਮੇਰੇ ਭਰਾ ਸੁਖਜਿੰਦਰ ਸਿੰਘ ਅਤੇ ਉਸਦੀ ਪਤਨੀ ਦਵਿੰਦਰ ਕੌਰ, ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਕਪੀਲ ਕਪੂਰ ਪੁੱਤਰ ਕੇਵਲ ਕ੍ਰਿਸ਼ਨ ਅਤੇ ਰੇਨੂ ਕਪੂਰ ਪਤਨੀ ਕਪੀਲ ਕਪੂਰ ਵਾਸੀਆਨ ਮਕਾਨ ਨੰ 348,ਗਲੀ ਨੰ 12, ਨਿਊ ਜਵਾਹਰ ਨਗਰ ਬਟਾਲਾ ਰੋਡ ਜ਼ਿਲਾ ਅੰਮ੍ਰਿਤਸਰ ਇਹ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਪਾਇਲ ਕਪੂਰ ਜੋ ਕਿ ਸਾਡੇ ਕਹਿਣੇ ਤੋ ਬਾਹਰ ਹੈ । ਇਹ ਹੈ ਕਿ ਅਸੀਂ ਅਪਣੇ ਲੜਕੀ ਪਾਇਲ ਕਪੂਰ ਨੂੰ ਆਪਣੀ ਸਾਰੀ ਚੱਲ ਅਚੱਲ ਜਮੀਨ ਜਾਇਦਾਦ ਤੋ ਬੇਦਖਲ ਕਰਦੇ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਇਸ ਦੇ ਨਾਲ ਸਾਡਾ ਅਤੇ ਸਾਡੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ, ਬੱਗਾ ਸਿੰਘ ਪੁੱਤਰ ਰਾਜਾ ਸਿੰਘ ਵਾਸੀ ਵੇਹਰਾ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਖਚੈਨ ਸਿੰਘ ਅਤੇ ਉਸ ਦੀ ਪਤਨੀ ਰਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਾਜਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਮਕਾਨ ਨੰ. 252, ਵਾਰਡ ਨੰ. 24, ਗਲੀ ਨੰ. 1/3, ਬਹੋਨਾ ਚੌਂਕ, ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ ਅਤੇ ਮੇਰੀ ਨੂੰਹ ਕਿਰਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਗੁਰਚਰਨ ਸਿੰਘ ਪੁੱਤਰ ਗੁਰਬਖ਼ਸ਼ ਸਿੰਘ ਵਾਸੀ ਮਕਾਨ ਨੰਬਰ 27, ਵਾਰਡ ਨੰਬਰ 2, ਨੰਗਲ ਕੋਟਲੀ, ਮੰਡੀ ਗੁਰਦਾਸਪੁਰ ਆਪਣੇ ਲੜਕੇ ਪਰਮਜੀਤ ਸਿੰਘ ਅਤੇ ਨੂੰਹ ਅਮਨਦੀਪ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਕਹਿਣੇ ਵਿੱਚ ਨਹੀਂ ਹਨ ।ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ । (ਕੇ ਪੀ)

ਮੈਂ, ਰਜਿੰਦਰ ਕੌਰ ਪਤਨੀ ਬਲਬੀਰ ਸਿੰਘ ਵਾਸੀ ਵਾਰਡ ਨੰਬਰ 14, ਸੰਤ ਨਗਰ, ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਨਵਤੇਜ ਸਿੰਘ ਅਤੇ ਉਸ ਦੀ ਪਤਨੀ ਪ੍ਰਬਲਪ੍ਰੀਤ ਕੌਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਹਨਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਨਰਿੰਦਰ ਸਿੰਘ ਪੁੱਤਰ ਸ੍ਰ. ਸੋਹਨ ਸਿੰਘ ਵਾਸੀ ਮਕਾਨ ਨੰਬਰ 1210, ਮੱਖਣ ਟੇਲਰ ਵਾਲੀ ਗਲੀ, ਗੁਰੂ ਰਾਮ ਦਾਸ ਨਗਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ ਅਤੇ ਇਸ ਦੀ ਪਤਨੀ ਆਸਥਾ ਭਾਟੀਆ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਸੰਦੀਪ ਸਿੰਘ, ਪਤਨੀ ਆਸਥਾ ਭਾਟੀਆ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸ਼ਿੰਦਰਪਾਲ ਕੌਰ ਪਤਨੀ ਲਾਭ ਸਿੰਘ ਵਾਸੀ ਹਾਊਸ ਨੰਬਰ 178, ਲਹਿਦਾ ਬਹੋਨਾ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਪਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮੋਦਨ ਸਿੰਘ ਪੁੱਤਰ ਸੱਦਾ ਸਿੰਘ, ਪਿੰਡ ਭੁੱਲਰਹੇੜੀ (ਸੰਗਰੂਰ) ਆਪਣੇ ਲੜਕੇ ਹਰਪ੍ਰੀਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਵਾਲੇ ਖੁੱਦ ਜਿੰਮੇਵਾਰ ਹੋਣਗੇ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### Change of Name

I, Sajanpreet Singh S/o Jabarjit Singh R/o VPO Tarsikka, Tehsil Baba Bakala, Distt. Amritsar, Punjab have changed my name from Sajanpreet Singh to Singh is my surname and Sajanpreet is my given name.

I, Rupa W/o Sh. Rakesh Kumar Babuta R/o H.No.122, Opp. DAV College Chandigarh Road Distt. Hoshiarpur 146001 Punjab have changed my name from Rupa Sehgal to Rupa. Concerned note.

I, Gurpreet Singh S/o Ram Nath R/o VPO Sikri Tehsil Dasuya Distt. Hoshiarpur Punjab declare that my name is Gurpreet Singh. Singh is my surname and my given name is Gurpreet.

# ਹੜ੍ਹ ਪ੍ਰਭਾਵਤ ਲੋਕਾਂ ਨੂੰ ਸਮੇਂ ਸਿਰ ਪਹੁੰਚਾਈ ਜਾ ਰਹੀ ਰਾਹਤ ਸਮੱਗਰੀ : ਡੀ ਸੀ

**ਕਪੂਰਥਲਾ (ਪ੍ਰੀਤ ਸੰਗੋਜਲਾ)**- ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਰਾਹਤ ਕਾਰਜ ਜੰਗੀ ਪੱਧਰ 'ਤੇ ਜਾਰੀ ਹਨ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੇ ਪਸ਼ੂਆਂ ਲਈ ਪਸ਼ੂ ਪਾਲਣ ਤੇ ਖੇਤੀਬਾੜੀ ਵਿਭਾਗ ਵਲੋਂ ਭੀਮ ਕਦੀਮ ਅਤੇ ਬਾਊਪੁਰ ਕਦੀਮ ਵਿਖੇ ਫੀਡ ਅਤੇ ਚਾਰੇ ਆਦਿ ਦੀ ਲਗਾਤਾਰ ਵੰਡ ਕੀਤੀ ਗਈ ਤਾਂ ਜੋ ਪਸ਼ੂਆਂ ਨੂੰ ਕੋਈ ਸਮੱਸਿਆ ਪੇਸ਼ ਨਾ ਆਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ 'ਤੇ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਬਣਾਏ ਗਏ ਰਾਹਤ ਕੈਂਪਾਂ ਤੋਂ ਇਲਾਵਾ ਘਰ-ਘਰ ਜਾ ਕੇ ਲੋਕਾਂ ਦੀ ਸਿਹਤ ਜਾਂਚ ਕੀਤੀ ਜਾ ਰਹੀ ਹੈ ਅਤੇ ਲੋੜ ਅਨੁਸਾਰ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਲੋਕਾਂ ਨੂੰ ਰਾਸ਼ਨ ਜਿਵੇਂ ਕਿ ਦਾਲਾਂ,



ਆਟਾ, ਬਿਸਕੁਟ, ਸੁੱਕਾ ਦੁੱਧ, ਕੋਲਡ ਡਰਿੰਕਸ ਅਤੇ ਮੈਗੀ ਤੋਂ ਇਲਾਵਾ ਨਹਾਉਣ ਵਾਲੀਆਂ ਸਾਬਣਾਂ, ਮੱਛਰਦਾਨੀਆਂ ਤੇ ਤਰਪਾਲਾਂ ਤੋਂ ਇਲਾਵਾ ਹੋਰ ਲੋੜੀਂਦਾ ਸਮਾਨ ਸਮੇਂ ਸਿਰ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਪ੍ਰਸ਼ਾਸਨ ਲੋਕਾਂ ਨੂੰ ਇਸ ਔਖੀ ਘੜੀ ਵਿੱਚ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਜਿਨ੍ਹਾਂ ਰਾਹਤ ਸਮੱਗਰੀ ਦੀ ਲੋੜ ਹੈ ਉਹਨੀ ਹੀ ਲਈ ਜਾਵੇ ਤਾਂ ਜੋ ਸਾਰੇ ਹੜ੍ਹ ਪੀੜਤਾਂ ਤੱਕ ਰਾਹਤ ਸਮੱਗਰੀ ਨਿਰਵਿਘਨ ਤੇ ਸੁਚੱਜੇ ਢੰਗ ਨਾਲ ਪਹੁੰਚਾਉਣ ਨੂੰ ਯਕੀਨੀ ਬਣਾਇਆ ਜਾ ਸਕੇ।ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਾਣੀ ਦਾ ਪੱਧਰ ਕਾਫ਼ੀ ਘਟਿਆ ਹੈ, ਜੋ ਕਿ ਰਾਹਤ ਵਾਲੀ ਗੱਲ ਹੈ।

# ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ 'ਚ ਬੰਨ੍ਹਾਂ ਦੀ ਸਥਿਤੀ ਦਾ ਲਿਆ ਜਾਇਜ਼ਾ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**- ਜ਼ਿਲ੍ਹੇ ਵਿੱਚ ਸਤਲੁਜ ਦਰਿਆ ਦੇ ਬੰਨ੍ਹਾਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਸਥਿਤੀ ਬਿਲਕੁਲ ਠੀਕ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਡਰ ਵਾਲੀ ਗੱਲ ਨਹੀਂ ਹੈ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਨਵਾਂਸ਼ਹਿਰ ਸਬ-ਡਵੀਜ਼ਨ ਦੇ ਪਿੰਡ ਤਾਜੋਵਾਲ-ਮੰਡਾਲਾ ਵਿਖੇ ਸਵੇਰ ਵੇਲੇ ਪਹੁੰਚ ਕੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਹਰ ਵੇਲੇ ਹਰ ਸੰਭਵ ਮਦਦ ਲਈ ਤਿਆਰ-ਬਰ-ਤਿਆਰ ਹੈ। ਉਨ੍ਹਾਂ ਕਿਹਾ ਕਿ ਭਾਰਤੀ ਫੌਜ ਦੀਆਂ ਟੀਮਾਂ ਵੀ ਧੋਗੜਪੁਰ, ਬੇਲਾ ਤਾਜੋਵਾਲ ਅਤੇ ਤਲਵੰਡੀ ਸ਼ੀਬੂ ਬੰਨ੍ਹ ਵਿਖੇ ਲਗਾਤਾਰ ਨਜ਼ਰਸਾਨੀ ਕਰਦੀਆਂ ਹੋਈਆਂ ਪਿੰਡਾਂ ਦੇ ਵਸਨੀਕਾਂ ਨੂੰ ਤਕਨੀਕੀ ਢੰਗ ਨਾਲ ਬੰਨ੍ਹਾਂ ਨੂੰ ਹੋਰ ਮਜਬੂਤ ਕਰਨ ਨੂੰ ਯਕੀਨੀ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੀਤੀ ਰਾਤ ਮੰਡਾਲਾ-ਤਾਜੋਵਾਲ ਬੰਨ੍ਹ 'ਤੇ ਸਪਰ 'ਤੇ ਪਾਣੀ ਦਾ ਦਬਾਅ ਪੈਂਣ ਨਾਲ ਥੋੜ੍ਹੀ ਜਿਹੀ ਸਥਿਤੀ ਬਣ ਗਈ ਸੀ ਜਿਸ ਨੂੰ ਪਿੰਡ ਵਾਸੀਆਂ ਦੇ ਭਰਵੇਂ ਸਹਿਯੋਗ ਨਾਲ ਸਮੇਂ ਸਿਰ ਕੰਟਰੋਲ ਕਰ ਲਿਆ ਗਿਆ ਅਤੇ ਹੁਣ ਹਾਲਾਤ ਬਿਹਤਰ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੂੰ ਲਗਾਤਾਰ ਨਾਜ਼ੁਕ ਥਾਵਾਂ ਦੀ



ਨਜ਼ਰਸਾਨੀ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਕਿਸੇ ਵੀ ਹੰਗਾਮੀ ਹਾਲਤ ਨਾਲ ਸੁਚੱਜੇ ਢੰਗ ਨਾਲ ਨਜਿੱਠਿਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੁਪਹਿਰ ਸਮੇਂ ਭਾਰਤੀ ਫੌਜ ਦੇ ਅਧਿਕਾਰੀਆਂ ਅਤੇ ਪ੍ਰਸ਼ਾਸ਼ਨਿਕ ਟੀਮਾਂ ਸਮੇਤ ਤਲਵੰਡੀ ਸ਼ੀਬੂ ਬੰਨ੍ਹ 'ਤੇ ਚੱਲ ਰਹੇ ਕਾਰਜਾਂ ਦੀ ਸਮੀਖੀਆ ਕਰਦਿਆਂ ਦੱਸਿਆ ਕਿ ਬੀਤੀ ਦੇਰ ਰਾਤ ਪਾਣੀ ਦੇ ਤੇਜ ਵਹਾਅ ਕਾਰਨ ਬੰਨ੍ਹ ਨੂੰ ਢਾਅ ਲੱਗੀ ਜਿਸ 'ਤੇ ਪ੍ਰਸ਼ਾਸ਼ਨ ਅਤੇ ਪਿੰਡ ਵਾਸੀਆਂ ਨੇ ਫੌਰੀ ਕੰਮ ਕਰਦਿਆਂ ਬੰਨ੍ਹ ਨੂੰ ਹੋਰ ਢਾਅ ਲੱਗਣ ਤੋਂ ਬਚਾਇਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਲਗਭਗ ਸਾਰੀਆਂ ਥਾਵਾਂ ਬੇਲਾ ਤਾਜੋਵਾਲ, ਤਾਜੋਵਾਲ ਮੰਡਾਲਾ, ਧੋਗੜਪੁਰ ਅਤੇ ਤਲਵੰਡੀ ਸ਼ੀਬੂ ਵਿਖੇ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਵਿੱਚ ਹੈ। ਇਸ ਉਪਰੰਤ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਸਮੇਤ ਪੰਦਰਾਵਲ, ਬੁਰਜ ਟਹਿਲ ਦਾਸ ਵਖੇ ਬੰਨ੍ਹ ਦੀ ਸਥਿਤੀ ਦਾ ਵੀ ਜਾਇਜ਼ਾ ਲਿਆ ਅਤੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਮੌਜੂਦਾ ਸਮੇਂ ਬੰਨ੍ਹਾਂ ਦੀ ਸਥਿਤੀ ਬਿਲਕੁਲ ਠੀਕ-ਠਾਕ ਹੈ ਜਿਸ ਲਈ ਉਨ੍ਹਾਂ ਨੂੰ ਕਿਸੇ ਵੀ ਗੱਲ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਇਸ ਮੌਕੇ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਜਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ, ਐਸ.ਡੀ.ਐਮ. ਅਨਮਜਯੋਤ ਕੌਰ, ਆਮ ਆਦਮੀ ਪਾਰਟੀ ਦੇ ਆਗੂ ਹਰਜੋਤ ਕੌਰ ਲੋਹਟੀਆ, ਦਵਿੰਦਰ ਭਾਰਟਾ ਅਤੇ ਭਾਰੀ ਗਿਣਤੀ ਇਲਾਕਾ ਨਿਵਾਸੀ ਮੌਜੂਦ ਸਨ।

# ਰੈੱਡ ਕਰਾਸ ਸੁਸਾਇਟੀ ਵੱਲੋਂ ਬਜ਼ੁਰਗਾਂ ਦੀ ਮਦਦ ਕੀਤੀ ਜਾ ਰਹੀ : ਡਾ. ਬਲਬੀਰ ਸਿੰਘ

**ਚੰਡੀਗੜ੍ਹ, (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)**- ਪੰਜਾਬ ਭਰ 'ਚ ਹੜ੍ਹਾਂ ਨਾਲ ਹੋਈ ਤਬਾਹੀ ਦੌਰਾਨ ਬਜ਼ੁਰਗਾਂ ਦੀ ਸੁਰੱਖਿਆ ਅਤੇ ਭਲਾਈ ਲਈ ਪੰਜਾਬ ਸਰਕਾਰ ਵੱਲੋਂ ਖਾਸ ਉਪਰਾਲੇ ਕੀਤੇ ਗਏ ਹਨ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਸੂਬੇ ਦੇ 479 ਬਜ਼ੁਰਗਾਂ ਦੀ ਸਨਾਖ਼ਤ ਕੀਤੀ ਹੈ, ਜ਼ਿਲ੍ਹਾ ਪ੍ਰਸ਼ਾਸਨ ਅਤੇ ਰੈੱਡ ਕਰਾਸ ਸੋਸਾਇਟੀ ਦੀ ਸਹਾਇਤਾ ਨਾਲ ਬਜ਼ੁਰਗਾਂ ਦੀ ਮਦਦ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਸੂਬੇ ਦੇ ਬਿਰਧ ਘਰਾਂ ਵਿੱਚ 700 ਦੇ ਕਰੀਬ ਬਜ਼ੁਰਗਾਂ ਨੂੰ ਰੱਖਣ ਦੀ ਸਮਰੱਥਾ ਹੈ ਅਤੇ ਰਾਜ ਦੇ ਲੋੜਵੰਦ ਬਜ਼ੁਰਗ ਇਨ੍ਹਾ ਬਿਰਧ ਘਰਾਂ ਵਿੱਚ ਸਰਨ ਲੈ ਸਕਦੇ ਹਨ। ਜ਼ਿਲ੍ਹਾਵਾਰ ਵੇਰਵੇ ਦਿੰਦਿਆਂ ਮੰਤਰੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ 15 ਪਿੰਡਾਂ



ਤੋਂ 200 ਬਜ਼ੁਰਗ, ਗੁਰਦਾਸਪੁਰ ਦੇ 12 ਪਿੰਡਾਂ ਤੋਂ 112 ਬਜ਼ੁਰਗ, ਫਿਰੋਜ਼ਪੁਰ ਦੇ 4 ਪਿੰਡਾਂ ਤੋਂ 40 ਬਜ਼ੁਰਗ, ਹੁਸ਼ਿਆਰਪੁਰ ਦੇ 3 ਪਿੰਡਾਂ ਤੋਂ 14 ਬਜ਼ੁਰਗ, ਕਪੂਰਥਲਾ ਦੇ 7 ਪਿੰਡਾਂ ਤੋਂ 34 ਬਜ਼ੁਰਗ, ਤਰਨਤਾਰਨ ਦੇ 3 ਪਿੰਡਾਂ ਤੋਂ 50 ਬਜ਼ੁਰਗ, ਬਠਿੰਡਾ ਦੇ 2 ਪਿੰਡਾਂ ਤੋਂ 9 ਬਜ਼ੁਰਗ ਅਤੇ ਫਾਜਿਲਕਾ ਦੇ 3 ਪਿੰਡਾਂ ਤੋਂ 20 ਬਜ਼ੁਰਗਾਂ ਦੀ ਸਨਾਖ਼ਤ ਕੀਤੀ ਗਈ ਹੈ।

# ਸੱਪ ਦੇ ਡੰਗੇ ਮਰੀਜ਼ ਦਾ ਡਾ. ਵਿਵੇਕ ਗੁੰਬਰ ਨੇ ਸਫ਼ਲ ਇਲਾਜ ਕੀਤਾ

**ਬੰਗਾ (ਅਵਤਾਰ ਕਲੇਰ)**- ਦੋਆਬੇ ਵਿਚ ਪਿਛਲੇ 41 ਸਾਲਾਂ ਤੋਂ ਮੈਡੀਕਲ ਸੇਵਾਵਾਂ ਪ੍ਰਦਾਨ ਕਰ ਰਹੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਹੁਣ ਜ਼ਹਿਰੀਲੇ ਸੱਪ ਦੇ ਡੰਗੇ ਹੋਏ ਮਰੀਜ਼ਾਂ ਦਾ ਇਲਾਜ ਕਰਨ ਵਾਲਾ ਇਲਾਕੇ ਦਾ ਪ੍ਰਮੁੱਖ ਹਸਪਤਾਲ ਬਣ ਚੁੱਕਾ ਹੈ। ਪਿਛਲੇ ਇੱਕ ਮਹੀਨੇ ਵਿਚ ਜ਼ਹਿਰੀਲੇ ਸੱਪਾਂ ਦੇ ਡੱਸੇ ਦਰਜਨ ਦੇ ਕਰੀਬ ਮਰੀਜ਼ਾਂ ਨੂੰ ਵੇਲੇ ਸਿਰ ਐਂਟੀ ਸਨੇਕ ਵੇਨਮ ਅਤੇ ਵੈਂਟੀਲੇਟਰ ਦੀ ਮਦਦ ਨਾਲ ਬਚਾਇਆ ਜਾ ਚੁੱਕਾ ਹੈ। ਇਸ ਸਬੰਧੀ ਮੀਡੀਆ ਨਾਲ ਵਿਸ਼ੇਸ਼ ਗੱਲਬਾਤ ਕਰਦੇ ਹਸਪਤਾਲ ਦੇ ਮੈਡੀਕਲ ਮਾਹਿਰ ਡਾ ਵਿਵੇਕ ਗੁੰਬਰ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸੱਪ ਦੇ ਡੰਗੇ ਮਰੀਜ਼ਾਂ ਦਾ ਇਲਾਜ ਅਤਿ ਆਧੁਨਿਕ ਤਰੀਕਿਆਂ ਨਾਲ ਕੀਤਾ ਜਾ ਰਿਹਾ ਹੈ। ਜਿਸ ਦੀ ਤਾਜ਼ਾ ਮਿਸਾਲ ਪਿੰਡ ਪੰਜੋਰਾ ਵਾਸੀ 70 ਸਾਲ ਦੇ ਮਰੀਜ਼ ਹਰਬੰਸ ਸਿੰਘ ਹੈ ਜਿਸ ਦਾ ਸਫ਼ਲਤਾਪੂਰਵਕ ਇਲਾਜ ਕੀਤਾ ਗਿਆ ਹੈ। ਮਰੀਜ਼ ਨੂੰ ਇੱਕ ਜ਼ਹਿਰੀਲੇ ਸੱਪ ਨੇ ਡੱਸ ਲਿਆ ਸੀ ਉਪਰੰਤ ਪਰਿਵਾਰ ਵੱਲੋਂ ਉਸ ਨੂੰ ਛੇਤੀ ਨਾਲ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇਲਾਜ ਲਈ ਲਿਆਂਦਾ ਗਿਆ। ਮੁੱਢਲੀ ਜਾਂਚ ਦੌਰਾਨ ਹੀ ਮਰੀਜ਼ ਦੇ ਦਿਲ ਦੀ ਧੜਕਣ ਅਚਾਨਕ ਬੰਦ ਹੋ ਗਈ ਤਾਂ ਮੈਡੀਕਲ ਮਾਹਿਰ ਡਾ. ਵਿਵੇਕ ਗੁੰਬਰ ਐਮ.ਡੀ. ਮੈਡੀਸਨ ਦੀ ਅਗਵਾਈ ਵਿਚ ਐਮਰਜੈਂਸੀ ਮੈਡੀਕਲ ਅਫ਼ਸਰ ਡਾ. ਜਸਰਾਜ ਸਿੰਘ ਨੇ ਨਰਸਿੰਗ ਸਟਾਫ ਨੂੰ ਨਾਲ ਲੈ ਕੇ



ਸੀ.ਪੀ.ਆਰ. ਕੀਤਾ, ਜਿਸ ਨਾਲ ਮਰੀਜ਼ ਦੇ ਦਿਲ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ ।ਮਰੀਜ਼ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਆਈ.ਸੀ.ਯੂ. ਵਿਭਾਗ ਵਿਚ ਭਰਤੀ ਕੀਤਾ ਗਿਆ। ਜਿੱਥੇ ਚਾਰ ਦਿਨ ਵੈਂਟੀਲੇਟਰ ਦੀ ਮਦਦ ਦੇ ਨਾਲ-ਨਾਲ ਸੱਪ ਦੇ ਡੰਗੇ ਜਾਣ 'ਤੇ ਮਰੀਜ਼ ਦਾ ਇਲਾਜ ਕਰਨ ਵਾਲੀਆਂ ਖਾਸ ਦਵਾਈਆਂ (ਸੱਪ ਦੀ ਜ਼ਹਿਰ ਦਾ ਐਂਟੀਡਾਟ) ਨਾਲ ਇਲਾਜ ਕੀਤਾ ਗਿਆ । ਡਾਕਟਰ ਦੀ ਸਾਰੀ ਟੀਮ ਦੇ ਅਣਥੱਕ ਯਤਨਾਂ ਸਦਕਾ ਮਰੀਜ਼ ਨੂੰ ਨਵਾਂ ਜੀਵਨ ਮਿਲਿਆ। ਹੁਣ ਮਰੀਜ਼ ਹਰਬੰਸ ਸਿੰਘ ਪੂਰੀ ਤਰ੍ਹਾਂ ਤੰਦਰੁਸਤ ਹੈ। ਇਸ ਮੌਕੇ ਹਸਪਤਾਲ ਦੇ ਮੁੱਖ ਪ੍ਰਬੰਧਕ ਡਾ. ਕੁਲਵਿੰਦਰ ਸਿੰਘ ਢਾਹਾਂ, ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਢਾਹਾਂ ਕਲੇਰਾਂ ਨੇ ਡਾ. ਵਿਵੇਕ ਗੁੰਬਰ ਅਤੇ ਸਮੂਹ ਟੀਮ ਨੂੰ ਵਧਾਈ ਦਿੱਤੀ । ਡਾ. ਵਿਵੇਕ ਗੁੰਬਰ ਨੇ ਲੋਕਾਂ ਨੂੰ ਜਾਗਰੂਕ ਕਰਦੇ ਦੱਸਿਆ ਕਿ ਭਾਰਤ ਵਿੱਚ ਸੱਪ ਦੇ ਡੰਗਣ ਨਾਲ ਹੋਣ ਵਾਲੀਆਂ ਮੌਤਾਂ ਸੱਪਾਂ ਦੀਆਂ ਪ੍ਰਮੁੱਖ ਚਾਰ ਪ੍ਰਜਾਤੀਆਂ ਦੇ ਕਾਰਨ ਹੁੰਦੀਆਂ ਹਨ ਜਿਹਨਾਂ ਵਿਚ ਕਾਮਨ ਕਰੇਟ, ਇੰਡੀਅਨ ਕੋਬਰਾ, ਰਸਲਜ਼ ਵਾਈਪਰ ਅਤੇ ਸਾਅ ਸਕੇਲਡ ਵਾਈਪਰ ਆਦਿ ਸ਼ਾਮਿਲ ਹਨ, ਪਰ ਬਹੁਤ ਸਾਰੇ ਲੋਕ ਅਗਿਆਨਤਾ ਜਾਂ ਹੋਰ ਕਾਰਨਾਂ ਕਰਕੇ ਵੇਲੇ ਸਿਰ ਉਸ ਸਿਹਤ ਕੇਂਦਰ ਤੱਕ ਪਹੁੰਚ ਹੀ ਨਹੀਂ ਪੁੱਜਦੇ ਜਿੱਥੇ ਐਂਟੀਵੇਨਮ (ਸੱਪ ਦੀ ਜ਼ਹਿਰ ਤੋਂ ਬਚਾਉਣ ਵਾਲਾ ਟੀਕਾ) ਉਪਲਬਧ ਹੋਵੇ ਅਤੇ ਕਿਉਂਕਿ ਇਹ ਟੀਕਾ ਮਰੀਜ਼ ਦੀ ਜਾਨ ਬਚਾਉਣ ਵਿੱਚ ਸਹਾਈ ਸਿੱਧ ਹੁੰਦਾ ਹੈ। ਇਸ ਮੌਕੇ ਮਰੀਜ਼ ਦੇ ਪਰਵਾਰ ਨੇ ਡਾ ਵਿਵੇਕ ਗੁੰਬਰ, ਸਮੂਹ ਮੈਡੀਕਲ ਅਫਸਰ ਸਾਹਿਬਾਨ, ਨਰਸਿੰਗ ਸਟਾਫ ਅਤੇ ਹਸਪਤਾਲ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ।

# ਰਾਜ ਵਿੱਚ ਇੱਕ ਵਿਸ਼ਵ ਪੱਧਰੀ ਇਨਕਿਊਬੇਟਰ ਸਥਾਪਤ ਕੀਤਾ ਜਾਵੇਗਾ : ਨਾਇਬ ਸਿੰਘ ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਰਾਜ ਵਿੱਚ ਸਟਾਰਟਅੱਪਸ ਨੂੰ ਉਤਸ਼ਾਹਿਤ ਕਰਨ ਦਾ ਐਲਾਨ ਕਰਦੇ ਹੋਏ ਕਿਹਾ ਕਿ ਰਾਜ ਸਰਕਾਰ, ਰਾਜ ਦੇ ਮੋਹਰੀ ਸਟਾਰਟਅੱਪਸ, ਕਾਰਪੋਰੇਟਸ ਅਤੇ ਵਿਦਿਅਕ ਸੰਸਥਾਵਾਂ ਦੇ ਸਹਿਯੋਗ ਨਾਲ, ਰਾਜ ਵਿੱਚ ਇੱਕ ਵਿਸ਼ਵ ਪੱਧਰੀ ਇਨਕਿਊਬੇਟਰ ਸਥਾਪਤ ਕਰੇਗੀ। ਇਸ ਵਿੱਚ ਸਟਾਰਟਅੱਪਸ ਲਈ ਅਤਿ-ਆਧੁਨਿਕ ਸਹੂਲਤਾਂ ਹੋਣਗੀਆਂ। ਨਾਲ ਹੀ, ਭਾਰਤ ਸਰਕਾਰ ਦੇ ਦੇਸ਼ ਨੂੰ ਸੈਮੀਕੰਡਕਟਰ ਹੱਬ ਬਣਾਉਣ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ, ਹਰਿਆਣਾ ਸਰਕਾਰ ਰਾਜ ਵਿੱਚ ਸੈਮੀਕੰਡਕਟਰ ਨਿਰਮਾਣ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਮਰਪਿਤ ਨੀਤੀ ਵੀ ਤਿਆਰ ਕਰੇਗੀ। ਇਸ ਤੋਂ ਇਲਾਵਾ, ਹਰਿਆਣਾ ਸਰਕਾਰ ਦਾ ਉਦੇਸ਼ ਗੁਰੂਗ੍ਰਾਮ ਅਤੇ ਰਾਜ ਨੂੰ ਵਿਸ਼ਵ ਦੀ ਗਲੋਬਲ ਸਮਰੱਥਾ ਕੇਂਦਰ ਰਾਜਧਾਨੀ ਵਜੋਂ ਵਿਕਸਤ ਕਰਨਾ ਹੈ। ਇਸ ਸਬੰਧ ਵਿੱਚ, ਸਰਕਾਰ ਗਲੋਬਲ ਸਮਰੱਥਾ ਕੇਂਦਰਾਂ ਲਈ ਇੱਕ ਵਿਸ਼ੇਸ਼ ਨੀਤੀ ਵੀ ਤਿਆਰ ਕਰੇਗੀ। ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਜ ਵਿੱਚ ਸਥਾਪਤ ਕੀਤੇ ਜਾਣ ਵਾਲੇ ਵਿਸ਼ਵ ਪੱਧਰੀ ਇਨਕਿਊਬੇਟਰ ਵਿੱਚ ਸਮਰਪਿਤ ਪਲੱਗ ਐਂਡ ਪਲੇ ਵਰਕਸਪੇਸ, ਮੀਟਿੰਗ ਰੂਮ ਆਦਿ, ਉੱਚ ਪ੍ਰਦਰਸ਼ਨ ਵਾਲੇ ਕੰਪਿਊਟਿੰਗ ਸਰੋਤ, ਉੱਭਰਦੀਆਂ ਤਕਨਾਲੋਜੀਆਂ ਵਿੱਚ ਖੋਜ ਕਰਨ ਲਈ ਨਵੀਨਤਮ ਉਪਕਰਣਾਂ ਨਾਲ ਸਮਰਪਿਤ ਨਵੀਨਤਾ ਪ੍ਰਯੋਗਸ਼ਾਲਾਵਾਂ, ਪ੍ਰੋਟੋਟਾਈਪਿੰਗ ਕੇਂਦਰ ਆਦਿ ਹੋਣਗੇ। ਇਨ੍ਹਾਂ ਨਾਲ, ਰਾਜ ਦੇ ਸਟਾਰਟਅੱਪ ਅਤਿ-ਆਧੁਨਿਕ ਖੋਜ ਅਤੇ ਵਿਕਾਸ ਗਤੀਵਿਧੀਆਂ ਸ਼ੁਰੂ ਕਰ ਸਕਦੇ ਹਨ।

# ਸਤਿਆਰਾਜ ਵਿਦਿਆਰਥੀ ਸਹਾਇਤਾ ਕੇਂਦਰ ਦਾ ਉਦਘਾਟਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕੋਰੋਨਾ ਦੀ ਆਫ਼ਤ ਹੋਵੇ, ਤੂਫ਼ਾਨ ਹੋਵੇ ਜਾਂ ਭਾਰੀ ਬਾਰਿਸ਼ ਕਾਰਨ ਹੋਈ ਤਬਾਹੀ, ਇਹ ਸਾਰੇ ਕਾਰਨ ਵਿਦਿਆਰਥੀਆਂ 'ਤੇ ਮਾਨਸਿਕ ਅਤੇ ਵਿੱਤੀ ਦਬਾਅ ਵਧਾਉਂਦੇ ਹਨ। ਅਜਿਹੀ ਸਥਿਤੀ ਵਿੱਚ, ਇਹ ਵਿਦਿਆਰਥੀ ਸਹਾਇਤਾ ਕੇਂਦਰ ਅਤੇ ਸਲਾਹ ਕੇਂਦਰ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋਵੇਗਾ।ਉਪਰੋਕਤ ਸ਼ਬਦ ਸਮਾਜ ਸੇਵਕ ਸੰਜੀਵ ਤਲਵਾੜ ਨੇ ਨਾਰਾਇਣ ਨਗਰ ਵਿੱਚ ਸਤਿਆਰਾਜ ਵਿਦਿਆਰਥੀ ਸਹਾਇਤਾ ਕੇਂਦਰ ਦੇ ਉਦਘਾਟਨ ਮੌਕੇ ਕਹੇ। ਸਹਾਇਤਾ ਕੇਂਦਰ ਦਾ ਉਦਘਾਟਨ ਉਨ੍ਹਾਂ ਬੱਚਿਆਂ ਦੁਆਰਾ ਕੀਤਾ ਗਿਆ ਜਿਨ੍ਹਾਂ ਨੂੰ ਪਹਿਲੇ ਪੜਾਅ ਵਿੱਚ ਗੋਦ ਲਿਆ ਗਿਆ ਹੈ। ਤਲਵਾੜ ਨੇ ਕਿਹਾ ਕਿ ਜਦੋਂ ਕਿਸੇ ਪਰਿਵਾਰ ਦਾ ਬੱਚਾ ਸਿਹਤਮੰਦ ਹੁੰਦਾ ਹੈ, ਤਾਂ ਉਹ ਪਰਵਾਰ ਸਮਰੱਥ ਬਣ ਸਕਦਾ ਹੈ ਅਤੇ ਸਮਾਜ ਦੀ ਸੇਵਾ ਵਿੱਚ ਯੋਗਦਾਨ ਪਾ ਸਕਦਾ ਹੈ, ਇਹ ਕੇਂਦਰ ਬੱਚਿਆਂ ਨੂੰ ਅਨੁਕੂਲ ਵਾਤਾਵਰਣ ਪ੍ਰਦਾਨ ਕਰਨ ਵਿੱਚ ਮਦਦਗਾਰ ਹੋਵੇਗਾ। ਕੇਂਦਰ ਦੀ ਸੰਸਥਾਪਕ ਨੀਤੀ ਤਲਵਾੜ ਨੇ ਕਿਹਾ ਕਿ ਇਹ ਕੇਂਦਰ ਸੇਵਾਮੁਕਤ ਇੰਸਪੈਕਟਰ ਸੰਜੀਵ ਥਾਪਰ ਦੀ ਨਿਗਰਾਨੀ ਹੇਠ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਹੜ੍ਹ ਦੀ ਸਥਿਤੀ ਦੌਰਾਨ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਸੀ, ਤਾਂ ਇਹ ਦੇਖਿਆ



ਗਿਆ ਕਿ ਪਾਣੀ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਦੀਆਂ ਕਿਤਾਬਾਂ, ਵਰਦੀਆਂ ਅਤੇ ਸਕੂਲ ਬੈਗ ਖਰਾਬ ਹੋ ਗਏ ਸਨ। ਇਸੇ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਸੈਂਟਰ ਖੋਲ੍ਹਿਆ ਗਿਆ ਹੈ। ਇਸ ਮੌਕੇ ਸੈਂਟਰ ਇੰਚਾਰਜ ਸੰਜੀਵ ਥਾਪਰ ਨੇ ਕਿਹਾ ਕਿ ਸ਼ੁਰੂ ਵਿੱਚ, ਸਕੂਲ ਵਿੱਚ 100% ਹਾਜ਼ਰੀ ਯਕੀਨੀ ਬਣਾਉਣ ਲਈ ਜੋ ਵੀ ਸਹੂਲਤਾਂ ਦੀ ਲੋੜ ਹੋਵੇਗੀ, ਉਹ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਜਾਣਗੀਆਂ, ਪਰ ਆਉਣ ਵਾਲੇ ਸਮੇਂ ਵਿੱਚ ਇਸ ਵਿੱਚ ਹੋਰ ਸੁਧਾਰ ਕਰਕੇ ਵਿਦਿਆਰਥੀਆਂ ਨੂੰ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਮੌਕੇ ਰਾਜੀਵ ਤਲਵਾੜ, ਰਾਕੇਸ਼ ਸਹਾਰਨ, ਸੋਨੀਆ, ਕ੍ਰਿਸ਼ਨਾ, ਮੁਸਕਾਨ ਪ੍ਰਸਾਰ ਹਰਮੇਸ਼ ਸਾਹਿਲ, ਰਾਜ ਕੁਮਾਰ, ਗੁਨੀਤ ਸੈਣੀ, ਸੀਮਾ ਚੌਹਾਨ, ਊਸ਼ਾ ਸੂਦ, ਮਨਵੀਰ ਤਲਵਾੜ, ਪੰਡਿਤ ਆਸ਼ੀਸ਼, ਪ੍ਰਿਆ ਸੈਣੀ ਵੀ ਮੌਜੂਦ ਸਨ।

# ਤਾਜੋਵਾਲ-ਮੰਡਾਲਾ ਬੰਨ੍ਹ ਨੂੰ ਮਜ਼ਬੂਤ ਕਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ



**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨਵਾਂਸ਼ਹਿਰ ਸਬ-ਡਵੀਜਨ ਦੇ ਤਾਜੋਵਾਲ-ਮੰਡਾਲਾ ਬੰਨ੍ਹ 'ਤੇ ਜ਼ਿਲਾ ਪ੍ਰਸ਼ਾਸਨ ਦੀ ਦੇਖ-ਰੇਖ ਵਿਚ ਬੰਨ੍ਹ ਨੂੰ ਮਜਬੂਤ ਕਰਨ ਦਾ ਕੰਮ ਲਗਾਤਾਰ ਜੰਗੀ ਪੱਧਰ 'ਤੇ ਚੱਲ ਰਿਹਾ ਹੈ।ਮੌਕੇ 'ਤੇ ਮੌਜੂਦ ਰਹੇ ਡਿਪਟੀ ਕਮਿਸ਼ਨਰ ਸ. ਅੰਕੁਰਜੀਤ ਸਿੰਘ ਨੇ ਦੱਸਿਆ ਕਿ ਸਵੇਰ ਸਮੇਂ ਬੰਨ੍ਹ 'ਤੇ ਸਪਰ ਨੂੰ ਪਾਣੀ ਦੇ ਦਬਾਅ ਉਪਰੰਤ ਪਿੰਡ ਵਾਸੀਆਂ ਵੱਲੋਂ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ ਅਤੇ ਮੌਜੂਦਾ ਸਮੇਂ ਸਥਿਤੀ ਪੂਰੀ ਕੰਟਰੋਲ ਵਿਚ ਹੈ।

# ਪ੍ਰਧਾਨ ਮੰਤਰੀ ਨੇ ਜੀ ਐਸ ਟੀ ਦਰਾਂ ਘਟਾ ਕੇ ਜਨਤਾ ਨੂੰ ਵੱਡੀ ਰਾਹਤ ਦਿੱਤੀ : ਰਾਜੇਸ਼ ਬਾਘਾ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਭਾਰਤੀ ਜਨਤਾ ਪਾਰਟੀ ਪੰਜਾਬ ਭਾਰਤ ਦੇ ਉਪ ਪ੍ਰਧਾਨ ਅਤੇ ਆਲ ਇੰਡੀਆ ਪ੍ਰਧਾਨ ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਊਂਡੇਸ਼ਨ ਅਤੇ ਮੁੱਖ ਸਰਪ੍ਰਸਤ ਪਾਥਵੇਅ ਗਲੋਬਲ ਅਲਾਇੰਸ ਰਾਜੇਸ਼ ਬਾਘਾ ਨੇ ਹਾਲ ਹੀ ਵਿੱਚ ਲਾਗੂ ਕੀਤੇ ਗਏ ਜੀ ਐਸ ਟੀ ਦਰਾਂ ਵਿੱਚ ਬਦਲਾਅ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਸਰਕਾਰ ਦਾ ਇਹ ਕਦਮ ਲੋਕਾਂ ਲਈ ਇੱਕ ਵੱਡੀ ਰਾਹਤ ਹੈ। ਰਾਜੇਸ਼ ਬਾਘਾ ਨੇ ਕਿਹਾ ਕਿ ਇਹ ਤਬਦੀਲੀ ਦਰਸਾਉਂਦੀ ਹੈ ਕਿ ਸਰਕਾਰ ਖੁਦ ਦੇਸ਼ ਦੀ ਆਰਥਿਕ ਤਰੱਕੀ ਦੇ ਨਾਲ-ਨਾਲ ਜਨਤਾ ਦੀਆਂ ਜ਼ਰੂਰਤਾਂ ਪ੍ਰਤੀ ਸੰਵੇਦਨਸ਼ੀਲ ਹੈ। ਰਾਜੇਸ਼ ਬਾਘਾ ਨੇ ਵਿਸ਼ੇਸ਼ ਤੌਰ 'ਤੇ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ 'ਤੇ ਜੀ ਐਸ ਟੀ ਦਰਾਂ ਵਿੱਚ ਕਟੌਤੀ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਰੋਟੀ-ਪਰੌਂਠਾ, ਗੁੜ ਅਤੇ ਹੋਰ ਬਹੁਤ ਸਾਰੀਆਂ ਖਾਣ-ਪੀਣ ਦੀਆਂ ਵਸਤੂਆਂ ਨੂੰ ਜੀ ਐਸ ਟੀ ਤੋਂ ਛੋਟ ਦਿੱਤੀ ਗਈ ਹੈ, ਜਿਸ ਨਾਲ ਮਹਿੰਗਾਈ 'ਤੇ ਕਾਬੂ ਪਵੇਗਾ ਅਤੇ ਆਮ ਆਦਮੀ ਦੀ ਜੇਬ 'ਤੇ ਬੋਝ ਘੱਟ ਹੋਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਲਈ ਖੇਤੀਬਾੜੀ ਸੰਦਾਂ ਅਤੇ ਰਸਾਇਣਾਂ 'ਤੇ ਜੀਐਸਟੀ



ਦਰਾਂ 18 ਪ੍ਰਤੀਸ਼ਤ ਤੋਂ ਘਟਾ ਕੇ 5 ਪ੍ਰਤੀਸ਼ਤ ਕਰ ਦਿੱਤੀਆਂ ਗਈਆਂ ਹਨ, ਜਿਸ ਨਾਲ ਉਨ੍ਹਾਂ ਦੀ ਲਾਗਤ ਘੱਟ ਹੋਵੇਗੀ ਅਤੇ ਉਨ੍ਹਾਂ ਦੀ ਆਮਦਨ ਵਧੇਗੀ। ਇਸ ਬਦਲਾਅ ਤੋਂ ਸਿਹਤ ਖੇਤਰ ਅਤੇ ਸਿੱਖਿਆ ਖੇਤਰ ਨੂੰ ਵੀ ਫਾਇਦਾ ਹੋਵੇਗਾ। ਸਿਹਤ ਬੀਮਾ ਪਾਲਿਸੀਆਂ ਦੇ ਪ੍ਰੀਮੀਅਮ 'ਤੇ ਜੀਐਸਟੀ ਛੋਟ ਕਾਰਨ ਸਿਹਤ ਸੇਵਾਵਾਂ ਵਧੇਰੇ ਪਹੁੰਚਯੋਗ ਬਣ ਜਾਣਗੀਆਂ।

# ਅਧਿਆਪਕ ਹੀ ਚੰਗੇ ਰਾਸ਼ਟਰ ਦਾ ਨਿਰਮਾਣ ਕਰਦਾ : ਹਰਿੰਦਰ ਸਿੰਘ

**ਨਵਾਂਸਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਰੈੱਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਤੇ ਮੁੜ ਵਸੇਬਾ ਕੇਂਦਰ, ਧਰਮਸ਼ਾਲਾ ਭੁੱਚਰਾਂ, ਰੇਲਵੇ ਰੋਡ ਨਵਾਂਸ਼ਹਿਰ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ, ਜਿਸ ਦੀ ਪ੍ਰਧਾਨਗੀ ਚਮਨ ਸਿੰਘ ਪ੍ਰੋਜੈਕਟ ਡਾਇਰੈਕਟਰ ਨੇ ਕੀਤੀ। ਉਨ੍ਹਾਂ ਮੁੱਖ ਮਹਿਮਾਨ ਮਾਸਟਰ ਹਰਿੰਦਰ ਸਿੰਘ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਦਾ ਧੰਨਵਾਦ ਕਰਨ ਦੇ ਨਾਲ ਨਾਲ ਸਮੂਹ ਇਕੱਤਰਤਾ ਨੂੰ ਅਧਿਆਪਕ ਦਿਵਸ ਮੌਕੇ ਵਧਾਈ ਦਿੱਤੀ। ਡਾਇਰੈਕਟਰ ਚਮਨ ਸਿੰਘ ਨੇ ਮਹਾਨ ਬੁੱਧੀਜੀਵੀ ਜੋ ਇੱਕ ਅਧਿਆਪਕ ਤੋਂ ਆਜ਼ਾਦ ਭਾਰਤ ਦੇ ਪਹਿਲੇ ਉਪ ਰਾਸ਼ਟਰਪਤੀ ਅਤੇ ਭਾਰਤ ਦੇ ਦੂਜੇ ਰਾਸ਼ਟਰਪਤੀ ਦੇ ਅਹੁੱਦੇ ਤੱਕ ਪੁਹੰਚੇ ਸਰਵਪੱਲੀ ਡਾਕਟਰ ਰਾਧਾ ਕ੍ਰਿਸ਼ਨਨ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਕਿਹਾ ਕਿ ਜੀਵਨ ਵਿੱਚ ਸਫਲ ਹੋਣ ਲਈ ਸਿੱਖਿਆ ਦਾ ਅਹਿਮ ਯੋਗਦਾਨ ਹੁੰਦਾ ਹੈ। ਜੀਵਨ ਵਿੱਚ ਜਨਮ ਦੇਣ ਵਾਲੇ ਮਾਤਾ ਪਿਤਾ ਹਨ, ਪਰ ਜਿਉਣ ਦਾ ਅਸਲ ਤਰੀਕਾ ਦੱਸਣ ਵਾਲੇ ਅਧਿਆਪਕ ਹੀ ਹੁੰਦੇ ਹਨ। ਅਧਿਆਪਕ ਵਿਦਿਆਰਥੀਆਂ ਲਈ ਆਦਰਸ਼ ਹੁੰਦਾ ਹੈ ਜਿਸ ਤੋਂ ਸੇਧ ਲੈ ਕੇ ਵਿਦਿਆਰਥੀ ਆਪਣੇ ਚੰਗੇ ਭੱਵਿਖਿ ਦਾ ਨਿਰਮਾਣ ਕਰਦਾ ਹੈ। ਇਸ ਮੌਕੇ ਮੁੱਖ ਮਹਿਮਾਨ ਮਾਸਟਰ ਹਰਿੰਦਰ ਸਿੰਘ ਨੇ ਕਿਹਾ ਕਿ ਅਧਿਆਪਕ ਉਸ ਮੋਮਬੱਤੀ ਵਾਂਗ ਹੈ ਜੋ ਆਪ ਜਲ਼ ਕੇ ਦੂਜਿਆਂ ਨੂੰ ਰੋਸ਼ਨੀ ਦਿੰਦਾ ਹੈ।ਅਧਿਆਪਕ ਜੀਵਨ 'ਚ ਹੋਣ ਵਾਲੀਆਂ ਚੁਣੌਤੀਆਂ ਨਾਲ ਲੜਨਾਂ ਸਿਖਾਉਂਦੇ ਹਨ ਤੇ ਹੋਰ ਭਵਿੱਖ ਦੇ ਬਿਹਤਰ ਨਿਰਮਾਣ ਲਈ ਪ੍ਰੇਰਣਾ ਦਿੰਦੇ ਹਨ। ਮੁੱਖ ਮਹਿਮਾਨ ਹਰਿੰਦਰ ਸਿੰਘ ਨੇ ਕਿਹਾ ਕਿ ਇੱਕ ਅਧਿਆਪਕ ਸੈਂਕੜੇ ਆਈ.ਏ.ਐਸ ਤੇ ਪੀ.ਸੀ.ਐਸ ਅਧਿਕਾਰੀ ਪੈਦਾ ਕਰ ਸਕਦਾ ਹੈ, ਪਰ ਕਦੇ ਵੀ ਕਿਸੇ ਆਈ.ਏ.ਐਸ ਅਧਿਕਾਰੀ ਨੇ ਅਧਿਆਪਕ ਦਾ ਨਿਰਮਾਣ ਨਹੀਂ ਕੀਤਾ।ਅਖੀਰ ਵਿੱਚ ਸੰਸਥਾ ਵਲੋਂ ਹਰਿੰਦਰ ਸਿੰਘ ਦਾ ਸਿਰੋਪਾਉ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਪ੍ਰਾਜੈਕਟ ਡਾਇਰੈਕਟਰ ਚਮਨ ਸਿੰਘ, ਜਸਵਿੰਦਰ ਕੌਰ, ਕਮਲਜੀਤ ਕੌਰ, ਦਨੇਸ਼ ਕੁਮਾਰ, ਮਨਜੀਤ ਸਿੰਘ, ਪਰਵੀਨ ਕੁਮਾਰੀ, ਕੁਲਵੰਤ ਸਿੰਘ, ਪ੍ਰਵੇਸ਼ ਕੁਮਾਰ , ਕਮਲਾ ਰਾਣੀ ਸੰਸਥਾ ਵਿੱਚ ਦਾਖਲ ਮਰੀਜ ਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਹਾਜਰ ਸਨ।





# ਮੁਫ਼ਤ ਡੇਅਰੀ ਸਿਖਲਾਈ 15 ਤੋਂ, ਸਿਰਫ ਐਸ ਸੀ ਨੌਜਵਾਨਾਂ ਨੂੰ ਦਿੱਤੀ ਜਾਵੇਗੀ ਮੁਫ਼ਤ ਸਿਖਲਾਈ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਸ. ਕੁਲਦੀਪ ਸਿੰਘ ਜਸੋਵਾਲ ਦੀ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ ਅਤੇ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਐਸ.ਸੀ. ਲਾਭਪਾਤਰੀਆਂ ਦਾ 2 ਹਫਤਿਆਂ ਦਾ ਮੁਫ਼ਤ ਡੇਅਰੀ ਸਿਖਲਾਈ ਕੋਰਸ ਦਾ ਦੂਜਾ ਬੈਚ 15 ਸਤੰਬਰ ਤੋਂ ਡੇਅਰੀ ਸਿਖਲਾਈ ਕੇਂਦਰ, ਚਤਾਮਲੀ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਹਰਪ੍ਰੀਤ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਐਸ.ਏ.ਐਸ ਨਗਰ ਨੇ ਦੱਸਿਆ ਕਿ ਇਸ ਸਿਖਲਾਈ ਸਕੀਮ ਤਹਿਤ ਸਿਖਲਾਈ ਉਨ੍ਹਾਂ ਵਿਅਕਤੀਆਂ ਨੂੰ ਹੀ ਦਿੱਤੀ ਜਾਵੇਗੀ, ਜਿਨ੍ਹਾਂ ਦੀ ਉਮਰ 18 ਸਾਲ ਤੋਂ 50 ਸਾਲ ਦੇ ਦਰਮਿਆਨ ਹੋਵੇ, ਘੱਟੋ ਘੱਟ ਪੰਜਵੀਂ ਪਾਸ ਹੋਵੇ, ਅਨੁਸੂਚਿਤ ਜਾਤੀ ਨਾਲ ਸੰਬੰਧ ਰੱਖਦਾ ਹੋਵੇ। ਪੰਜਾਬ ਸਰਕਾਰ ਵੱਲੋਂ ਇਹ ਸਿਖਲਾਈ ਮੁਫ਼ਤ ਕਰਵਾਈ ਜਾ ਰਹੀ ਹੈ, ਜਿਸਦੀ ਕਿ ਕੋਈ ਵੀ ਫੀਸ ਨਹੀ ਹੈ। ਬਲਕਿ ਸਿਖਿਆਰਥੀਆਂ ਨੂੰ ਸਿਖਲਾਈ ਉਪਰੰਤ 3500 ਰੁਪਏ ਪ੍ਰਤੀ ਸਿਖਿਆਰਥੀ ਵਜੀਫਾ ਵੀ ਦਿੱਤਾ ਜਾਵੇਗਾ। ਡੇਅਰੀ ਇੰਸਪੈਕਟਰ ਸ. ਕਰਨਵੀਰ ਸਿੰਘ ਬਾਵਾ ਨੇ ਅਨੁਸੂਚਿਤ ਜਾਤੀ ਨਾਲ ਸੰਬੰਧ ਰੱਖਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਇਹ ਡੇਅਰੀ ਸਿਖਲਾਈ ਪ੍ਰਾਪਤ ਕਰਕੇ, ਵਿਭਾਗ ਦੀਆਂ ਸਕੀਮਾਂ ਦਾ ਪੂਰਨ ਲਾਹਾ ਲੈ ਕੇ, ਆਪਣੇ ਡੇਅਰੀ ਧੰਦੇ ਨੂੰ ਵਪਾਰਕ ਲੀਹਾਂ ਤੇ ਲੈ ਕੇ ਜਾਣਾ ਚਾਹੀਦਾ ਹੈ। ਖੇਤੀ ਬਾੜੀ ਦੇ ਫਸਲੀ ਚੱਕਰ ਦੇ ਬਦਲਾਅ ਲਈ ਡੇਅਰੀ ਦਾ ਧੰਦਾ ਅਪਨਾਉਣਾ ਚਾਹੀਦਾ ਹੈ। ਚਾਹਵਾਨ ਐਸ.ਸੀ. ਲਾਭਪਾਤਰੀ ਦਫਤਰ, ਡਿਪਟੀ ਡਾਇਰੈਕਟਰ ਡੇਅਰੀ ਮਾਰਫਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ.ਏ.ਐਸ ਨਗਰ, ਕਮਰਾ ਨੰਬਰ 434, ਤੀਜੀ ਮੰਜਿਲ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਆ ਕੇ ਅਪਲਾਈ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰਬਰ 9501502846 ਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਹੜ੍ਹ ਪੀੜਤਾਂ ਨੂੰ ਮੁਆਵਜ਼ਾ ਤੇ ਮ੍ਰਿਤਕਾਂ ਦੇ ਪਰਵਾਰਕ ਮੈਂਬਰਾਂ ਨੂੰ ਨੌਕਰੀ ਦੇਵੇ ਸਰਕਾਰ: ਐੱਨ ਕੇ ਸ਼ਰਮਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐਨ ਕੇ ਸ਼ਰਮਾ ਨੇ ਪੰਜਾਬ ਸਰਕਾਰ ਤੋਂ ਹੜ੍ਹਾਂ ਵਿੱਚ ਮਾਰੇ ਗਏ ਡੇਰਾਬੱਸੀ ਹਲਕੇ ਦੇ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਇਕ ਮੈਂਬਰ ਨੂੰ ਨੌਕਰੀ ਦੇਣ ਦੀ ਮੰਗ ਕੀਤੀ ਹੈ। ਐਨ.ਕੇ. ਸ਼ਰਮਾ ਨੇ ਬਟੌਲੀ ਵਿੱਚ ਪਸ਼ੂਆਂ ਦੇ ਸ਼ੈੱਡ ਦੇ ਢਹਿਣ ਕਾਰਨ ਮਾਰੇ ਗਏ ਪਸ਼ੂ ਪਾਲਕ ਜਸਵੀਰ ਸਿੰਘ ਦੇ ਘਰ ਦਾ ਦੌਰਾ ਕੀਤਾ ਅਤੇ ਪਰਵਾਰਕ ਮੈਂਬਰਾਂ ਨੂੰ ਦਿਲਾਸਾ ਦਿੱਤਾ। ਡੇਰਾਬੱਸੀ ਹਲਕੇ ਵਿੱਚ ਹੁਣ ਤੱਕ ਦੋ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ ਜਦੋਂ ਕਿ ਕਈ ਲੋਕਾਂ ਦੇ ਘਰ ਢਹਿ ਗਏ ਹਨ। ਐਨ.ਕੇ. ਸ਼ਰਮਾ ਨੇ ਬਟੌਲੀ ਤੋਂ ਇਲਾਵਾ ਸਰਸੀਨੀ, ਸਾਧਾਂਪੁਰ, ਆਲਮਗੀਰ, ਖਜੂਰਮੰਡੀ, ਟਿਵਾਣਾ, ਡੰਗਡਹੀਰਾ ਆਦਿ ਦਾ ਦੌਰਾ ਕੀਤਾ ਅਤੇ ਵਧੇ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ। ਉਕਤ ਪਿੰਡਾਂ ਵਿੱਚ ਪਿੰਡ ਵਾਸੀਆਂ ਨੇ ਸਾਬਕਾ ਵਿਧਾਇਕ ਨੂੰ ਦੱਸਿਆ ਕਿ ਮੀਂਹ ਕਾਰਨ ਉਨ੍ਹਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ। ਕਈ ਲੋਕਾਂ ਦੇ ਘਰਾਂ ਵਿੱਚ ਜਾਨਵਰਾਂ ਲਈ ਬਣਾਏ ਕਮਰੇ ਢਹਿ ਗਏ ਹਨ, ਪਰ ਅਜੇ ਤੱਕ ਕੋਈ ਸਰਕਾਰੀ ਮਦਦ ਉਨ੍ਹਾਂ ਤੱਕ ਨਹੀਂ ਪਹੁੰਚੀ। ਐਨ. ਕੇ. ਸ਼ਰਮਾ ਨੇ ਕਿਹਾ ਕਿ ਉਕਤ ਪਿੰਡਾਂ ਦੇ ਲੋਕਾਂ ਦੇ ਘਰਾਂ ਅਤੇ ਖੇਤਾਂ ਵਿੱਚ ਪਾਣੀ ਭਰ ਗਿਆ ਹੈ। ਇੱਥੇ ਬਿਮਾਰੀਆਂ ਫੈਲਣ ਦਾ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਇੱਥੇ ਦੋ ਕਿਸਾਨਾਂ ਦੀ ਮੌਤ ਹੋ ਗਈ ਹੈ। ਇੱਕ ਦਰਜਨ ਤੋਂ ਵੱਧ ਲੋਕਾਂ ਦੇ ਘਰ ਢਹਿ ਗਏ ਹਨ। ਸਰਕਾਰ ਨੂੰ ਮ੍ਰਿਤਕਾਂ ਦੇ ਪਰਵਾਰਾਂ ਨੂੰ ਬਿਨਾਂ ਕਿਸੇ ਦੇਰੀ ਦੇ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦੇਣੀ ਚਾਹੀਦੀ ਹੈ। ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ, ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।



# ਸੰਪਰਕ, ਸਹਿਯੋਗ, ਸੰਸਕਾਰ, ਸੇਵਾ ਅਤੇ ਸਮਰਪਣ 'ਤੇ ਅਧਾਰਿਤ ਹੈ ਭਾਵਿਪ : ਸੰਜੀਵ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਭਾਰਤ ਵਿਕਾਸ ਪ੍ਰੀਸ਼ਦ ਹੁਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਤੇ ਪ੍ਰਮੁੱਖ ਸਮਾਜਸੇਵੀ ਸੰਜੀਵ ਅਰੋੜਾ ਦੀ ਅਗਵਾਈ ਵਿੱਚ ਹੋਈ। ਮੀਟਿੰਗ ਦੌਰਾਨ ਪ੍ਰੀਸ਼ਦ ਪਰਿਵਾਰ ਵਿੱਚ ਸ਼ਾਮਲ ਹੋਏ ਨਵੇਂ ਮੈਂਬਰਾਂ-ਸੰਜੇ ਸੂਦ, ਅਜੈ ਚਾਵਲਾ, ਪ੍ਰਿੰਸੀਪਲ ਡੀ.ਕੇ. ਸ਼ਰਮਾ, ਪ੍ਰਵੀਨ ਖੁਰਾਨਾ, ਉਮੇਸ਼ ਰਾਣਾ ਦਾ ਫੁੱਲਾਂ ਦੇ ਹਾਰ ਪਾ ਕੇ ਉਹਨਾ ਸਵਾਗਤ ਕੀਤਾ ਗਿਆ ਅਤੇ ਵਿਧੀਵਤ ਤੌਰ 'ਤੇ ਪ੍ਰੀਸ਼ਦ ਦੀ ਮੈਂਬਰਸ਼ਿਪ ਕਰਵਾਈ ਗਈ। ਇਸ ਮੌਕੇ ਤੇ ਪ੍ਰਧਾਨ ਸੰਜੀਵ ਅਰੋੜਾ ਨੇ ਨਵ-ਨਿਰਵਾਚਿਤ ਮੈਂਬਰਾਂ ਨੂੰ ਭਾਰਤ ਵਿਕਾਸ ਪ੍ਰੀਸ਼ਦ ਦੇ ਕੰਮਾਂ ਨਾਲ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਪ੍ਰੀਸ਼ਦ ਆਪਣੇ ਪੰਜ ਸੂਤਰਾਂ-ਸੰਪਰਕ, ਸਹਿਯੋਗ, ਸੰਸਕਾਰ, ਸੇਵਾ ਅਤੇ ਸਮਰਪਣ 'ਤੇ ਅਧਾਰਿਤ ਹੈ। ਇਸੇ ਰਾਹੀਂ ਹੀ ਹਰ ਕਿਸਮ ਦੇ ਪ੍ਰੋਜੈਕਟ ਲਗਾਏ ਜਾਂਦੇ ਹਨ। ਉਨ੍ਹਾਂ ਨੇ ਦੱਸਿਆ ਕਿ ਪ੍ਰੀਸ਼ਦ ਇੱਕ ਸਮਾਜਸੇਵੀ ਸੰਸਥਾ ਹੈ ਜਿਸ ਦਾ ਰਾਜਨੀਤੀ ਨਾਲ ਕੋਈ ਸਬੰਧ ਨਹੀਂ। ਪ੍ਰੀਸ਼ਦ ਵੱਲੋਂ ਸੇਵਾ ਤੇ ਸੰਸਕਾਰਾਂ ਦੇ ਅਨੇਕ ਕੰਮ ਕੀਤੇ ਜਾਂਦੇ ਹਨ ਅਤੇ ਇਸ ਦੀਆਂ ਲਗਭਗ 1600 ਸ਼ਾਖਾਵਾਂ ਦੇ 1,10,000 ਮੈਂਬਰ ਨਿਸ਼ਕਾਮ ਭਾਵ ਨਾਲ ਸੇਵਾ ਦੇ ਕੰਮਾਂ ਵਿੱਚ ਲੱਗੇ ਹੋਏ ਹਨ ਅਤੇ ਹਮੇਸ਼ਾਂ ਸਮਾਜ ਦੇ ਉਥਾਨ ਲਈ ਯਤਨਸ਼ੀਲ ਰਹਿੰਦੇ ਹਨ ।ਪ੍ਰੀਸ਼ਦ ਦੀ ਸਥਾਪਨਾ ਸਾਲ 1963 ਵਿੱਚ ਡਾ. ਸੂਰਜ ਪ੍ਰਕਾਸ਼ ਵੱਲੋਂ ਦਿੱਲੀ ਵਿੱਚ ਕੀਤੀ ਗਈ ਸੀ।



ਅਰੋੜਾ ਨੇ ਦੱਸਿਆ ਕਿ ਜਲਦ ਹੀ ਪ੍ਰੀਸ਼ਦ ਵੱਲੋਂ ਦੇਸ਼ਭਗਤੀ 'ਤੇ ਆਧਾਰਿਤ ਸਮੂਹ ਗਾਇਨ ਮੁਕਾਬਲਾ, ਸਿਹਤ ਲਾਭ ਲਈ ਮੈਡੀਕਲ ਕੈਂਪ, ਮਰੀਜ਼ਾਂ ਨੂੰ ਦਵਾਈਆਂ, ਪ੍ਰਸ਼ਨੋਤਰੀ ਮੁਕਾਬਲਾ, ਭਾਰਤ ਨੂੰ ਜਾਣੋ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲਿਦਾਨ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਏ ਜਾਣਗੇ। ਜਿਹੜੀਆਂ ਟੀਮਾਂ ਇਨ੍ਹਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣਗੀਆਂ ਉਹ ਜ਼ਿਲ੍ਹਾ ਪੱਧਰ ਤੋਂ ਬਾਅਦ ਸੂਬਾ ਪੱਧਰ ਤੇ ਫਿਰ ਰਾਸ਼ਟਰੀ ਪੱਧਰ ਤੱਕ ਭਾਗ ਲੈਣਗੀਆਂ। ਇਸ ਮੌਕੇ 'ਤੇ ਸਕੱਤਰ ਰਜਿੰਦਰ ਮੋਦਗਿਲ ਨੇ ਦੱਸਿਆ ਕਿ ਪ੍ਰੀਸ਼ਦ ਵੱਲੋਂ ਮਨੁੱਖੀ ਸੇਵਾ ਦੇ ਕੰਮਾਂ ਵਿੱਚ ਕੁੜੀਆਂ ਦੇ ਵਿਆਹ 'ਤੇ ਸਹਿਯੋਗ ਕਰਨਾ, ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਯੋਗਦਾਨ ਦੇਣਾ, ਉਨ੍ਹਾਂ ਨੂੰ ਵਰਦੀ ਤੇ ਸਟੇਸ਼ਨਰੀ ਮੁਹੱਈਆ ਕਰਵਾਉਣਾ, ਬਨਾਵਟੀ ਅੰਗ ਪ੍ਰਦਾਨ ਕਰਨਾ, ਵਾਤਾਵਰਣ ਸੰਭਾਲ ਦੇ ਨਾਲ-ਨਾਲ ਸਮਾਜ ਵਿੱਚ ਫੈਲੀਆਂ ਕੁਰਿਤੀਆਂ ਜਿਵੇਂ ਦਾਜ਼ ਪ੍ਰਥਾ ਤੇ ਨਸ਼ਿਆਂ ਦੇ ਵਿਰੋਧ ਵਿੱਚ ਕਾਰਜ ਕਰਨੇ ਸ਼ਾਮਲ ਹਨ। ਨਵ-ਨਿਰਵਾਚਤ ਮੈਂਬਰਾਂ ਨੇ ਕਿਹਾ ਕਿ ਪ੍ਰੀਸ਼ਦ ਦਾ ਹਰ ਮੈਂਬਰ ਨਿਸ਼ਕਾਮ ਭਾਵ ਨਾਲ ਸੇਵਾ ਦੇ ਕੰਮਾਂ ਵਿੱਚ ਲੱਗਾ ਹੋਇਆ ਹੈ, ਇਸ ਕਾਰਨ ਉਹ ਪ੍ਰਭਾਵਿਤ ਹੋ ਕੇ ਪ੍ਰੀਸ਼ਦ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ।ਇਸ ਮੌਕੇ ਤੇ ਦਵਿੰਦਰ ਅਰੋੜਾ, ਵਿਜੇ ਅਰੋੜਾ,ਐਚ.ਕੇ. ਨਾਕੜਾ, ਲੋਕੇਸ਼ ਖੰਨਾ, ਤਰਸੇਮ ਮੋਦਗਿਲ, ਵਰਿੰਦਰਜੀਤ ਸਿੰਘ, ਮਦਨ ਲਾਲ ਮਹਾਜਨ, ਦੀਪਕ ਮੇਹੰਦੀਰੱਤਾ, ਅਮਰਜੀਤ ਸ਼ਰਮਾ, ਨਿਤਿਨ ਗੁਪਤਾ, ਕੁਲਵੰਤ ਸਿੰਘ ਪਸਰੀਚਾ, ਕੁਲਵਿੰਦਰ ਸਚਦੇਵਾ, ਰਵਿੰਦਰ ਭਾਟੀਆ ਆਦਿ ਹਾਜ਼ਰ ਸਨ।

# ਮੀਂਹ ਨਾਲ ਤਿੰਨ ਮਕਾਨਾਂ ਦੀਆਂ ਛੱਤਾਂ ਡਿੱਗੀਆਂ, ਜਾਨੀ ਨੁਕਸਾਨ ਤੋਂ ਬਚਾਅ



**ਫਿਲੌਰ (ਨਿਰਮਲ)**- ਤਹਿਤ ਪਿੰਡ ਰਾਏਪੁਰ ਅਰਾਈਆਂ 'ਚ ਸਥਿਤ ਤਿੰਨ ਗਰੀਬ ਪਰਵਾਰਾ ਦੇ ਮਕਾਨਾਂ ਦੀਆਂ ਛੱਤਾਂ ਡਿੱਗਣ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋ ਜਾਣ ਦੀ ਖਬਰ ਸਾਹਮਣੇ ਆਈ ਹੈ। ਇਸ ਸੰਬੰਧੀ ਪੀੜਤ ਪਰਵਾਰ ਜਸਬੀਰ ਕੌਰ ਪਤੀ ਸੁਰਜੀਤ ਚੰਦ ਅਤੇ ਜੀਵਨ ਰਾਮ ਪੁੱਤਰ ਫਕੀਰ ਚੰਦ ਅਤੇ ਸੁੱਖਵਿੰਦਰ ਪਾਲ ਪੁੱਤਰ ਮਹਿੰਦਰ ਪਾਲ ਤੇ ਪੀਰ ਦੱਤ ਅਤੇ ਬੂਟਾ ਰਾਮ ਵਾਸੀ ਰਾਏਪੁਰ ਅਰਾਈਆਂ ਨੇ ਦੱਸਿਆ ਕਿ ਉਸ ਦੇ ਮਕਾਨ ਦੀ ਛੱਤ ਗਾਡਰ ਬਾਲੀਆਂ ਦੀ ਬਣੀ ਹੋਈ ਸੀ, ਜੋ ਸਵੇਰ ਸਮੇਂ ਡਿੱਗ ਗਈ, ਜਿਸ ਕਾਰਨ ਘਰ ਦਾ ਘਰੇਲੂ ਸਮਾਨ ਹੇਠਾਂ ਦੱਬਣ ਕਾਰਨ ਖਰਾਬ ਹੋ ਗਿਆ, ਪ੍ਰੰਤੂ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਮੌਕੇ ਤੇ ਇਕੱਠੇ ਹੋਏ ਗਲੀ ਨਿਵਾਸੀਆਂ ਨੇ ਸੂਬਾ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਮੰਗ ਕਰਦਿਆਂ ਕਿਹਾ ਕਿ ਪਰਵਾਰ ਨੂੰ ਬਣਦਾ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਧਰੁਵ ਗਰਗ ਪਟਵਾਰੀ ਫਿਲੌਰ ਅਤੇ ਸਰਪੰਚ ਪਰਮਜੀਤ ਕੌਰ, ਅਤੇ ਸਾਬਕਾ ਸਰਪੰਚ ਸੁਰਿੰਦਰ ਸਿੰਘ, ਪੰਚ ਕਰਮਜੀਤ ਕੌਰ,ਪੰਚ ਸੁਨੀਤਾ ਰਾਣੀ, ਪੰਚ ਕੁਲਵਿੰਦਰ ਕੌਰ,ਪੰਚ ਅਜਨਾ ਦੇਵੀ, ਪੰਚ ਕ੍ਰਿਸ਼ਨਾ ਦੇਵੀ, ਪੰਚ ਕਮਲਜੀਤ ਕੌਰ, ਸਾਬਕਾ ਪੰਚ ਬਲਵਿੰਦਰ ਕੁਮਾਰ, ਅਤੇ ਜਾਗਰ ਰਾਮ ਹਾਜ਼ਰ ਸਨ।

# ਭਾਂਖਰਪੁਰ ਬੰਨ੍ਹ ਨੂੰ ਤੇਜ਼ ਵਹਾਅ ਕਾਰਨ ਪੁੱਜੇ ਨੁਕਸਾਨ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਜਾਰੀ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਅਧੀਨ ਪਿੰਡ ਭਾਂਖਰਪੁਰ ਨੇੜੇ ਵਗਦੇ ਘੱਗਰ ਦਰਿਆ ਵਿੱਚ, ਪਹਾੜੀ ਖੇਤਰਾਂ ਵਿੱਚ ਭਾਰੀ ਬਰਸਾਤ ਕਾਰਨ ਪਾਣੀ ਦਾ ਪੱਧਰ ਕਾਫ਼ੀ ਵਧਣ ਕਰਨ, ਖੱਬੇ ਪਾਸੇ ਪੁੱਜੇ ਨੁਕਸਾਨ ਨੂੰ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਵਿਭਾਗ, ਮੋਹਾਲੀ ਵੱਲੋਂ ਮੁਰੰਮਤ ਕੀਤਾ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦਿਆਂ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਵਿਭਾਗ, ਮੋਹਾਲੀ ਦੇ ਕਾਰਜਕਾਰੀ ਇੰਜੀਨੀਅਰ, ਖੁਸ਼ਵਿੰਦਰ ਸਿੰਘ ਨੇ ਦੱਸਿਆ ਕਿ 01.09.2025 ਨੂੰ ਘੱਗਰ ਦਰਿਆ ਵਿੱਚ ਲਗਭਗ 50 ਹਜ਼ਾਰ ਕਿਊਸਕ ਪਾਣੀ ਦਰਜ ਕੀਤਾ ਗਿਆ, ਜੋ ਕਿ ਲਗਾਤਾਰ ਬਰਸਾਤਾਂ ਦੇ ਕਾਰਨ ਮਿਤੀ 03.09.2025 ਨੂੰ ਵੱਧ ਕੇ ਤਕਰੀਬਨ 1 ਲੱਖ ਕਿਊਸਕ ਹੋ ਗਿਆ। ਪਾਣੀ ਦੇ ਇਸ ਤੇਜ਼ ਵਹਾਅ ਕਾਰਨ ਪਿੰਡ ਭਾਂਖਰਪੁਰ ਵਿਖੇ ਘੱਗਰ ਦੇ ਖੱਬੇ ਬੰਨ (ਆਰ ਡੀ 10180 ਐਮ) 'ਤੇ ਖੋਰਾ ਪੈ ਗਿਆ, ਜਿਸ ਨਾਲ ਪੱਥਰ ਦੀ ਠੋਕਰ ਨੂੰ ਨੁਕਸਾਨ ਹੋਇਆ। ਬੰਨ੍ਹ ਨੂੰ ਲੱਗੇ ਖੋਰੇ ਦੀ ਲੰਬਾਈ ਇਸ ਵੇਲੇ ਲਗਭਗ 400 ਫੁੱਟ ਹੈ। ਉਨ੍ਹਾਂ ਦੱਸਿਆ ਕਿ ਇਸ ਦੀ ਮੁਰੰਮਤ ਤੇ ਮਜ਼ਬੂਤੀ ਲਈ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਵਿਭਾਗ, ਮੋਹਾਲੀ ਦੇ ਨਾਲ ਪਿੰਡ ਭਾਂਖਰਪੁਰ ਦੇ ਵਸਨੀਕਾਂ ਵੱਲੋਂ ਵੀ ਪੂਰਾ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਲੋੜੀਂਦਾ ਸਮਾਨ ਜਿਸ ਵਿੱਚ ਈ ਸੀ ਬੈਗਜ਼ ਅਤੇ ਵਾਇਰ ਕਰੇਟਸ ਲਗਾਉਣ ਦਾ ਕੰਮ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ ਅਤੇ ਇਸ ਕੰਮ ਲਈ ਲੋੜੀਂਦੀ ਮਸ਼ੀਨਰੀ ਤੇ ਸਮਾਨ ਵਿਭਾਗ ਕੋਲ ਉਪਲਬਧ ਹੈ।ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਵੱਲੋਂ ਦੋ ਦਿਨ ਪਹਿਲਾਂ ਇਸ ਥਾਂ ਦਾ ਦੌਰਾ ਕਰ, ਪਿੰਡ ਦੇ ਲੋਕਾਂ ਨੂੰ ਭਰੋਸਾ ਵੀ ਦਿੱਤਾ ਗਿਆ ਸੀ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਵਿਭਾਗ ਪੂਰੀ ਤਨਦੇਹੀ ਨਾਲ ਇਸ ਖੁਰੇ ਬੰਨ੍ਹ ਨੂੰ ਮਜ਼ਬੂਤ ਕਰੇਗਾ, ਜਿਸ ਲਈ ਜੰਗੀ ਪੱਧਰ ਤੇ ਪਿੰਡ ਦੇ ਲੋਕਾਂ ਦੇ ਸਹਿਯੋਗ ਨਾਲ ਕੰਮ ਚੱਲ ਰਿਹਾ ਹੈ।

# ਹੜ੍ਹਾਂ ਨਾਲ ਟੁੱਟੀ ਹੋਈ ਮੇਨ ਸੜਕ ਨੂੰ ਸਰਕਾਰੀ ਅਧਿਕਾਰੀਆਂ ਦੀ ਉਡੀਕ : ਤਲਵਿੰਦਰ ਹੀਰ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਬੀਤੇ ਕਈ ਦਿਨਾਂ ਤੋਂ ਜਿਆਣ ਤੋਂ ਬਰਾਸਤਾ ਭੁੱਲੇਵਾਲ ਗੁੱਜਰਾਂ- ਜੇਜੋਂ ਹਿਮਾਚਲ ਪ੍ਰਦੇਸ਼ ਨਾਲ ਜੋੜਨ ਵਾਲੀ ਸੜਕ ਸਰਕਾਰੀ ਅਣਗਹਿਲੀ ਕਾਰਨ ਥਾਂ ਥਾਂ ਤੋਂ ਬਹੁਤ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ ਤੇ ਆਪਣੀ ਮੁਰੰਮਤ ਲਈ ਹਾਕਮਾਂ ਤੇ ਸਰਕਾਰੀ ਅਧਿਕਾਰੀਆਂ ਦੀ ਉਡੀਕ ਕਰ ਰਹੀ ਹੈ। ਪਿੰਡ ਨੰਗਲ ਖਿਲਾੜੀਆਂ ਕੋਲ ਹੜ੍ਹਾਂ ਦਾ ਬੇਥਾਹ ਪਾਣੀ ਖੇਤਾਂ ਰਾਹੀਂ ਸੜਕ ਤੋਂ ਟੱਪਣ ਕਾਰਨ ਸੜਕ ਡੂੰਘੇ ਟੋਇਆਂ ਵਿੱਚ ਤਬਦੀਲ ਹੋ ਗਈ ਜਿੱਥੋਂ ਪੈਦਲ ਲੰਘਣਾਂ ਵੀ ਮੁਸ਼ਕਿਲ ਹੈ। ਗੋਹਗੜੋਂ ਤੇ ਨੰਗਲ ਖਿਲਾੜੀਆਂ ਦੇ ਲੋਕਾਂ ਨੂੰ ਆਪਣੇ ਖੇਤਾਂ 'ਚੋਂ ਚਾਰਾ ਵੱਢਣ ਜਾਣ ਲਈ ਕਈ ਕਿਲੋਮੀਟਰ ਘੁੰਮ ਕੇ ਆਉਣਾ ਪੈਂਦਾ ਹੈ।ਸੋਸ਼ਲ ਮੀਡੀਆ ਤੇ ਪ੍ਰਿੰਟ ਮੀਡੀਆ ਰਾਹੀਂ ਵਾਰ ਵਾਰ ਲੋਕਾਂ ਨੂੰ ਇਸ ਸੜਕ ਤੇ ਬਿਲਕੁਲ ਨਾ ਆਉਣ ਲਈ ਬੇਨਤੀਆਂ ਕਰਨ ਦੇ ਬਾਵਜੂਦ ਬਹੁਤ ਅਣਜਾਣੇ ਲੋਕ ਇਸ ਰਸਤੇ ਲੰਘ ਰਹੇ ਹਨ, ਜਿਸ ਕਾਰਨ ਕਿਸੇ ਵੇਲੇ ਵੀ ਭਿਆਨਕ ਜਾਨਲੇਵਾ ਹਾਦਸਾ ਵਾਪਰ ਸਕਦਾ। ਇਲਾਕਾ ਨਿਵਾਸੀਆਂ ਦੀ ਸਰਕਾਰ ਤੇ ਵਿਭਾਗ ਨੂੰ ਪੁਰਜ਼ੋਰ ਮੰਗ ਹੈ ਕਿ ਇਸ ਸੜਕ ਨੂੰ ਪਹਿਲ ਦੇ ਆਧਾਰ ਤੇ ਰਿਪੇਅਰ ਕਰਵਾਇਆ ਜਾਵੇ। ਜਦੋਂ ਤੱਕ ਸਰਕਾਰ ਹੋਰ ਕੁੱਝ ਕਰਨ 'ਚ ਅਸਮਰੱਥ ਹੈ ਉਨਾਂ ਚਿਰ ਮਿੱਟੀ ਪਵਾ ਕੇ ਟੋਇਆਂ ਨੂੰ ਜ਼ਰੂਰ ਪੂਰਿਆ ਜਾਵੇ, ਤਾਂ ਜੋ ਲੋਕਾਂ ਨੂੰ ਪੈਦਲ ਅਤੇ ਦੋ ਪਹੀਆ ਵਹੀਕਲਾਂ ਨਾਲ ਲੰਘਣ ਦੀ ਸੌਖ ਹੋ ਜਾਵੇ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸ਼ੁੱਭਮ ਕੁਮਾਰ ਵਾਸੀ ਡੰਡੋਹ ਹਿਮਾਚਲ ਪ੍ਰਦੇਸ਼ ਇਸ ਰਸਤੇ ਲੰਘਦਾ ਹੜ੍ਹ ਦੇ ਪਾਣੀ ਵਿੱਚ ਵਹਿ ਗਿਆ ਸੀ। ਜਿਸ ਦੀ ਜਾਨ ਨੂੰ ਸਥਾਨਕ ਨੌਜਵਾਨਾਂ ਨੇ ਬੜੀ ਮੁਸ਼ਕਿਲ ਨਾਲ ਬਚਾਇਆ ਪਰ ਉਸ ਦਾ ਮੋਟਰਸਾਈਕਲ ਰੁੜ੍ਹ ਗਿਆ ਸੀ ਜੋ ਤਿੰਨ ਦਿਨਾਂ ਬਾਅਦ ਲੱਭ ਕੇ ਉਸ ਨੂੰ ਸੌਂਪਿਆ ਗਿਆ। ਸਥਾਨਕ ਲੋਕਾਂ ਨੇ ਇੱਕ ਵਾਰ ਆਪਣੇ ਖਰਚੇ ਤੇ ਇਸ ਸੜਕ ਦੀ ਰਿਪੇਅਰ ਕਰਵਾ ਕੇ ਆਵਾਜਾਈ ਚਾਲੂ ਕਰਵਾ ਦਿੱਤੀ ਸੀ। ਕਿਸਾਨ ਆਗੂ ਤਲਵਿੰਦਰ ਸਿੰਘ ਹੀਰ, ਸਰਪੰਚ ਕੁਲਦੀਪ ਸਿੰਘ ਸ਼ੇਰਪੁਰ, ਸਮਾਜ ਸੇਵਕ ਜਸਵਿੰਦਰ ਸਿੰਘ ਬੰਗਾ, ਗਾਇਕ ਗੁਰਪ੍ਰੀਤ ਮਾਹਿਲਪੁਰੀ, ਵਿੱਕੀ ਕਹਾਰਪੁਰ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਸਰਕਾਰ ਨੂੰ ਜਲਦ ਤੋਂ ਜਲਦ ਇਸ ਸੜਕ ਦੀ ਸਾਰ ਲੈਣ ਲਈ ਕਿਹਾ।

# ਮੁਕੇਸ਼ ਗਾਂਧੀ ਨੇ 'ਨੇਕਸਟ-ਜਨਰੇਸ਼ਨ ਜੀ ਐਸ ਟੀ ਰਿਫਾਰਮਜ਼' 'ਤੇ ਜਤਾਈ ਖੁਸ਼ੀ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਦੇਸ਼ ਵਿੱਚ ਲਾਗੂ ਕੀਤੇ ਗਏ ਨੇਕਸਟ-ਜਨ ਜੀ ਐਸ ਟੀ ਰਿਫਾਰਮਜ਼ ਨੂੰ ਲੈ ਕੇ ਜਨਤਾ ਵਿੱਚ ਉਤਸ਼ਾਹ ਹੈ। ਇਸ ਇਤਿਹਾਸਕ ਫ਼ੈਸਲੇ 'ਤੇ ਹਲਕਾ ਡੇਰਾਬੱਸੀ ਦੇ ਭਾਜਪਾ ਨੇਤਾ ਅਤੇ ਭਾਜਪਾ ਪੰਜਾਬ ਪ੍ਰਦੇਸ਼ ਕਾਰਜਕਾਰੀ ਕਮੇਟੀ ਦੇ ਮੈਂਬਰ, ਪੰਜਾਬ ਟੈਲੀਫ਼ੋਨ ਐਡਵਾਈਜ਼ਰੀ ਕਮੇਟੀ ਦੇ ਮੈਂਬਰ, ਸਾਬਕਾ ਨਗਰ ਕੌਂਸਲ ਡੇਰਾਬੱਸੀ ਦੇ ਪ੍ਰਧਾਨ ਅਤੇ ਸਾਬਕਾ ਡੇਰਾਬੱਸੀ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਮੁਕੇਸ਼ ਗਾਂਧੀ ਨੇ ਖੁਸ਼ੀ ਜਤਾਈ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਜਨਤਾ, ਕਿਸਾਨਾਂ, ਵਪਾਰੀਆਂ ਅਤੇ ਉਦਯੋਗਾਂ ਨੂੰ ਰਾਹਤ ਦੇਣ ਲਈ ਵੱਡਾ ਕਦਮ ਚੁੱਕਿਆ ਹੈ। ਘਰੇਲੂ ਵਰਤੋਂ ਵਾਲੀਆਂ ਚੀਜ਼ਾਂ ਜਿਵੇਂ ਪੱਖੇ, ਮਿਕਸਰ, ਪ੍ਰੈਸ਼ਰ ਕੁਕਰ, ਸਾਬਣ, ਡਿਟਰਜੈਂਟ ਅਤੇ ਸ਼ੈਂਪੂ ਆਦਿ 'ਤੇ ਹੁਣ ਸਿਰਫ਼ 5 ਪ੍ਰਤੀਸ਼ਤ ਜੀ ਐਸ ਟੀ ਲੱਗੇਗਾ, ਜਦਕਿ ਪਹਿਲਾਂ ਇਹ 18 ਪ੍ਰਤੀਸ਼ਤ ਸੀ। ਕਿਸਾਨਾਂ ਨੂੰ ਵੀ ਟ੍ਰੈਕਟਰ, ਟਾਇਰ ਅਤੇ ਸਿੰਚਾਈ ਸੰਦਾਂ 'ਤੇ ਟੈਕਸ ਵਿੱਚ ਕਮੀ ਨਾਲ ਵੱਡੀ ਰਾਹਤ ਮਿਲੇਗੀ। ਮੁਕੇਸ਼ ਗਾਂਧੀ ਨੇ ਕਿਹਾ ਕਿ ਸਿੱਖਿਆ ਅਤੇ ਸਿਹਤ ਸੇਵਾਵਾਂ ਨੂੰ ਵੀ ਸਸਤਾ ਕੀਤਾ ਗਿਆ ਹੈ। ਹੁਣ ਨੋਟਬੁੱਕ, ਪੈਨਸਿਲ, ਰਬੜ ਅਤੇ ਹੋਰ ਸਿੱਖਿਆ ਨਾਲ ਸੰਬੰਧਤ ਸਮਾਨ ਪੂਰੀ ਤਰ੍ਹਾਂ ਟੈਕਸ ਮੁਕਤ ਹੋ ਗਏ ਹਨ। ਇਸੇ ਤਰ੍ਹਾਂ ਹੈਲਥ ਇੰਸ਼ੋਰੈਂਸ ਅਤੇ ਮੈਡੀਕਲ ਟੈਸਟਿੰਗ ਕਿੱਟ ਵਰਗੀਆਂ ਸੇਵਾਵਾਂ 'ਤੇ ਜੀਐਸਟੀ ਘਟਾ ਕੇ 5 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ। ਇਸ ਨਾਲ ਪਰਿਵਾਰਾਂ ਦਾ ਖਰਚ ਘਟੇਗਾ ਅਤੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਸਸਤੇ ਦਰਾਂ 'ਤੇ ਮਿਲ ਸਕਣਗੀਆਂ। ਵਾਹਨਾਂ ਦੀਆਂ ਦਰਾਂ ਵਿੱਚ ਵੀ ਵੱਡੀ ਕਟੌਤੀ ਕੀਤੀ ਗਈ ਹੈ। ਪਹਿਲਾਂ ਕਾਰਾਂ ਅਤੇ ਮੋਟਰਸਾਈਕਲਾਂ 'ਤੇ 28 ਪ੍ਰਤੀਸ਼ਤ ਜੀਐਸਟੀ ਲੱਗਦਾ ਸੀ, ਜਿਸ ਨੂੰ ਘਟਾ ਕੇ 18 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਆਟੋਮੋਬਾਈਲ ਸੈਕਟਰ ਨੂੰ ਵਧਾਵਾ ਮਿਲੇਗਾ ਅਤੇ ਆਮ ਲੋਕਾਂ ਲਈ ਵਾਹਨ ਖਰੀਦਣਾ ਆਸਾਨ ਹੋਵੇਗਾ।



## ਚੌਧਰੀ ਸੂੰਢ ਨੇ ਚੇਤਾ ਵਿਖੇ ਰਾਸ਼ਨ, ਤਰਪਾਲਾਂ ਤੇ ਪਸ਼ੂਆਂ ਦਾ ਚਾਰਾ ਵੰਡਿਆ

**ਬੰਗਾ (ਅਵਤਾਰ ਕਲੇਰ)**

ਬੰਗਾ ਹਲਕੇ ਦੇ ਪਿੰਡ ਚੇਤਾ ਵਿਖੇ ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ ਦੀ ਅਗਵਾਈ ਅਤੇ ਹੇਠ ਰਾਸ਼ਨ, ਪਾਣੀ, ਤਰਪੈਲਾਂ ਅਤੇ ਪਸ਼ੂਆਂ ਦਾ ਚਾਰਾ ਵੰਡਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੌਧਰੀ ਤਰਲੋਚਨ ਸਿੰਘ ਸੂੰਢ ਨੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਕਾਰਨ ਲੱਖਾਂ ਲੋਕ ਪ੍ਰਭਾਵਿਤ ਹੋਏ। ਕਈ ਲੋਕ ਘਰੋਂ ਬੇਘਰ ਹੋ ਗਏ, ਪਸ਼ੂਆਂ ਲਈ ਚਾਰਾ ਨਹੀਂ, ਲੋਕਾਂ ਦੇ ਮਕਾਨ ਡਿਗ ਪਏ। ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਲੋਕਾਂ ਨੂੰ ਕੋਈ ਵੀ ਸਹੂਲਤ ਨਹੀਂ ਮਿਲ ਰਹੀ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਡਿੱਗੇ ਮਕਾਨਾਂ ਅਤੇ ਬਰਬਾਦ ਹੋਈ ਫ਼ਸਲ ਦਾ ਮੁਆਵਜ਼ਾ ਜਲਦੀ ਤੋਂ ਜਲਦੀ ਦਿੱਤਾ ਜਾਵੇ ਅਤੇ ਜੋ ਲੋਕ ਹੜ੍ਹਾਂ ਕਾਰਨ ਬੇਘਰ ਹੋ ਗਏ ਹਨ ਉਨ੍ਹਾਂ ਨੂੰ ਸਰਕਾਰ ਛੇਤੀ ਤੋਂ ਛੇਤੀ ਘਰ ਬਣਾ ਕੇ ਦੇਵੇ। ਉਨ੍ਹਾਂ ਕਿਹਾ ਕਿ ਇਸ ਔਖੇ ਵੇਲੇ ਕਾਂਗਰਸ ਪਾਰਟੀ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਖਾਣ ਪੀਣ ਦੀਆਂ ਵਸਤਾਂ ਪਸ਼ੂਆਂ ਲਈ ਚਾਰਾ ਵੰਡਿਆ ਅਤੇ ਅੱਗੇ ਤੋਂ ਵੀ ਲੋੜਵੰਦਾਂ ਦੀ ਮਦਦ ਕੀਤੀ ਜਾਵੇਗੀ। ਇਸ ਮੌਕੇ ਚੌਧਰੀ ਤਰਲੋਚਨ ਸਿੰਘ ਸੂੰਢ, ਕੁਲਵਰਨ ਸਿੰਘ ਥਾਂਦੀਆ ਪ੍ਰਧਾਨ ਬਲਾਕ ਬੰਗਾ, ਰਾਮਦਾਸ ਸਿੰਘ ਪ੍ਰਧਾਨ ਬਲਾਕ ਔੜ, ਰੂਪ ਲਾਲ ਸਾਬਕਾ ਸਰਪੰਚ ਚੇਤਾ, ਰਾਮ ਲੁਭਾਇਆ ਸਾਬਕਾ ਸਰਪੰਚ ਖਟਕੜ ਖੁਰਦ, ਜੋਗਾ ਸਿੰਘ ਕੰਗਰੌੜ, ਹਰਵਿੰਦਰ ਸਿੰਘ, ਰਾਜਵਿੰਦਰ ਸਿੰਘ ਕੰਗਰੌੜ, ਸੋਮ ਦੱਤ, ਸੁਖਦੇਵ ਸਿੰਘ ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਰਸ਼ਪਾਲ ਸਿੰਘ ਚੇਤਾ ਗੁਰਮੀਤ ਸਿੰਘ ਸਾਬਕਾ ਸਰਪੰਚ, ਸੁਰਿੰਦਰ ਸਿੰਘ ਜੱਜ, ਜਤਿੰਦਰ ਸਿੰਘ ਸੋਤਰਾਂ, ਜਸਕਰਨ ਸਿੰਘ ਸੋਤਰਾਂ, ਸੁਖਵਿੰਦਰ ਸਿੰਘ ਢਾਹਾਂ, ਰਣਜੀਤ ਦੁੱਗਲ, ਦੀਦਾਰ ਸਿੰਘ, ਸਿਮਰਨ ਸਿੰਘ ਸ਼ੇਕਰਾਂ, ਪਰਮਵੀਰ ਸਿੰਘ ਸੋਤਰਾਂ, ਰਾਜਵੀਰ ਸਿੰਘ ਖਟਕੜ ਖੁਰਦ, ਕੁਲਵੀਰ ਸਿੰਘ ਹਰਵੀਰ ਸਿੰਘ ਸੋਤਰਾਂ ਆਦਿ ਹਾਜ਼ਰ ਸਨ।



## ਮਾਲਵਿੰਦਰ ਸਿੰਘ ਕੰਗ ਨੇ ਰਾਹਤ ਕਾਰਜਾਂ ਦੌਰਾਨ ਜ਼ਖ਼ਮੀ ਹੋਏ ਨੌਜਵਾਨ ਦਾ ਹਾਲ ਜਾਣਿਆ

**ਬਲਾਚੌਰ (ਮਨੋਜ ਲਾਡੀ)**- ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਨੇ ਇੱਥੇ ਜਾਇਜ਼ਾ ਲੈਣ ਸਮੇਂ ਚੱਲ ਰਹੇ ਬੰਨ੍ਹ ਦੀ ਮਜ਼ਬੂਤੀ ਦੇ ਕਾਰਜਾਂ ਵਿੱਚ ਸੰਗਤ ਨਾਲ ਜੁਟ ਕੇ ਕੰਮ ਕਰਨ ਤੋਂ ਇਲਾਵਾ ਬੀਤੇ ਦਿਨਾਂ ਤੋਂ ਲਗਾਤਾਰ ਸੇਵਾ ਕਰ ਰਹੇ ਜਖਮੀ ਹੋਏ ਨੌਜਵਾਨ ਦਾ ਹਾਲ ਜਾਣਿਆ ਤੇ ਕਿਹਾ ਕਿ ਪੰਜਾਬੀਆਂ ਦੇ ਜਜ਼ਬੇ ਨੂੰ ਹਮੇਸ਼ਾਂ ਸਲਾਮ ਹੈ। ਨੇੜਲੇ ਪਿੰਡ ਦੋਭਾਲੀ ਵਾਸੀ ਨੌਜਵਾਨ ਮੋਹਨ ਲਾਲ ਦੀ ਸਿਹਤ ਦਾ ਹਾਲ ਜਾਣਦਿਆਂ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬੀਆਂ ਦੀ ਸੇਵਾ ਭਾਵਨਾ ਦੇਸ਼-ਦੁਨੀਆਂ ਵਿੱਚ ਜਾਣੀ ਜਾਂਦੀ ਹੈ ਤੇ ਮੌਜੂਦਾ ਸਮੇਂ ਪੰਜਾਬ ਵਿੱਚ ਆਏ ਸੰਕਟ ਦੌਰਾਨ ਅਜਿਹੇ ਨੌਜਵਾਨਾਂ ਨੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਪੂਰੀ ਵਾਹ ਲਾਈ ਹੋਈ ਹੈ ਜੋ ਕਿ ਬੇਹੱਦ ਸਲਾਹੁਣਯੋਗ ਹੈ।ਉਨ੍ਹਾਂ ਨੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਐਸ.ਡੀ.ਐਮ ਕ੍ਰਿਤਿਕਾ ਗੋਇਲ ਅਤੇ ਸੰਗਤ ਸਮੇਤ ਲੰਗਰ ਛਕਣ ਦੇ ਨਾਲ-ਨਾਲ ਨੌਜਵਾਨਾਂ ਨਾਲ ਰਾਹਤ ਕਾਰਜਾਂ ਵਿੱਚ ਵੀ ਸਾਂਝ ਪਾਈ।



## 'ਮੀਂਹ ਨੇ ਗ਼ਰੀਬ ਪਰਵਾਰਾਂ ਦਾ ਜੀਣਾ ਮੁਹਾਲ ਕੀਤਾ'

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲਾਪੁਰੀ)**- ਬੀਤੇ ਕਈ ਦਿਨਾਂ ਤੋਂ ਲਗਾਤਾਰ ਭਾਰੀ ਮੀਂਹ ਕਾਰਨ ਗਰੀਬ ਲੋਕਾਂ ਦਾ ਜੀਣਾ ਹੋਇਆ ਹੈ ਮੁਹਾਲ, ਭਾਰੀ ਬਾਰਸ਼ ਪੈਣ ਨਾਲ ਕੰਧਾਂ 'ਚ ਤ੍ਰੇੜਾਂ ਪੈ ਜਾਣ ਕਾਰਨ ਕਈ ਘਰਾਂ ਦੀਆਂ ਛੱਤਾਂ ਡਿੱਗ ਰਹੀਆਂ ਹਨ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ, ਗੁਰਦੀਪ ਸਿੰਘ ਨਬੀਪੁਰ, ਕੁਲਦੀਪ ਕੌਰ ਉੱਚਾ ਬੋਹੜਵਾਲਾ, ਕੁਲਵੰਤ ਕੌਰ ਮੇਵਾ ਸਿੰਘ ਵਾਲਾ ਨੇ ਦੱਸਿਆ ਕਿ ਪਿੰਡ ਉੱਚਾ ਬੋਹੜਵਾਲਾ ਦੇ ਨੀਲਮ ਪਤਨੀ ਜਰਨੈਲ ਸਿੰਘ ਜੋ ਦਿਹਾੜੀ ਮਜ਼ਦੂਰ ਪਰਵਾਰ ਦਾ ਇੱਕ ਇੱਕ ਕਮਰਾ ਉਹ ਵੀ ਢੱਠ ਗਿਆ ਅਚਾਨਕ ਕਮਰੇ ਦੀ ਛੱਤ ਡਿੱਗ ਪਈ ਪਤੀ ਪਤਨੀ ਆਪਣੇ ਬੱਚਿਆਂ ਸਮੇਤ ਬੜੀ ਮੁਸ਼ਕਲ ਨਾਲ ਬਚੇ ਅਤੇ ਛੱਤ ਦੇ ਮਲਬੇ ਹੇਠਾਂ ਆਉਣ ਕਾਰਨ ਪਰਵਾਰ ਦਾ ਸਾਰਾ ਸਮਾਨ ਵੀ ਬੁਰੀ ਤਰਾਂ ਟੁੱਟ ਭੱਜ ਗਿਆ ਜਿਸ ਕਾਰਨ ਪਰਿਵਾਰ ਨੂੰ ਕਾਫੀ ਵੱਡੇ ਪੱਧਰ ਤੇ ਮਾਲੀ ਨੁਕਸਾਨ ਝੱਲਣਾ ਪੈ ਰਿਹਾ ਹੈ। ਪਰਿਵਾਰ ਮਜ਼ਬੂਰੀ ਵੱਸ ਖੁੱਲ੍ਹੇ ਅਸਮਾਨ ਵਿੱਚ ਰਾਤਾਂ ਕੱਟਣ ਲਈ ਮਜ਼ਬੂਰ ਹਨ। ਆਗੂਆਂ ਨੇ ਕਿਹਾ ਕਿ ਕੋਠੇ ਦੀ ਛੱਤ ਦਿਨ ਵੇਲੇ ਡਿੱਗੀ ਪੀੜਤ ਪਰਿਵਾਰ ਬੜੀ ਮੁਸ਼ਕਲ ਨਾਲ ਬਚਿਆ ਜੇਕਰ ਰਾਤ ਵੇਲੇ ਹਾਦਸਾ ਵਾਪਰ ਜਾਂਦਾ ਤਾਂ ਵੱਡਾ ਜਾਨੀ ਨੁਕਸਾਨ ਵੀ ਹੋ ਸਕਦਾ ਸੀ। ਉਨ੍ਹਾਂ ਵੱਖ ਵੱਖ ਪਿੰਡਾਂ ਦੇ ਘਰਾਂ ਜਾ ਕੇ ਦੇਖਿਆ ਕਿ ਲਗਾਤਾਰ ਭਾਰੀ ਮੀਂਹ ਪੈਣ ਨਾਲ ਲੋਕਾਂ ਦੀਆਂ ਕੰਧਾਂ 'ਚ ਪਾੜ ਪੈ ਜਾਣ ਕਾਰਨ ਛੱਤਾਂ ਡਿਗਣ ਨਾਲ ਕਿਸੇ ਵੇਲੇ ਵੀ ਕੋਈ ਘਟਨਾ ਵਾਪਰ ਸਕਦੀ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਇਹਨਾਂ ਗਰੀਬ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਦਿਆ ਪੀੜਤ ਪਰਵਾਰਾਂ ਨੂੰ ਘਰ ਬਣਵਾ ਕੇ ਦਿੱਤੇ ਜਾਣ।



## 120 ਨਸ਼ੀਲੀਆਂ ਗੋਲੀਆਂ ਸਮੇਤ ਇਕ ਔਰਤ ਗ੍ਰਿਫਤਾਰ

**ਟਾਂਡਾ ਉੜਮੁੜ/ਅੱਡਾ ਸਰਾਂ (ਜਸਵਿੰਦਰ ਸੰਧੂ, ਓਂਕਾਰ ਸਿੰਘ, ਜਸਵੀਰ ਕਾਜਲ)**- ਮਾਨਯੋਗ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਦੇ ਜ਼ਿਲ੍ਹੇ ਅੰਦਰ ਮਾੜੇ ਅਨਸਰਾਂ ਉਪਰ ਕਾਬੂ ਪਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਹੋਈ ਹੈ ਜਿਸ ਤਹਿਤ ਦਵਿੰਦਰ ਸਿੰਘ ਡੀ.ਐਸ.ਪੀ ਸਬ ਟਾਂਡਾ ਅਤੇ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਮੁੱਖ ਅਫਸਰ ਥਾਣਾ ਟਾਂਡਾ ਦੀ ਅਗਵਾਈ ਵਿੱਚ ਥਾਣਾ ਟਾਂਡਾ ਦੇ ਅਧੀਨ ਆਉਂਦੇ ਏਰੀਆ ਵਿੱਚ ਨਸ਼ਾ ਸਪਲਾਈ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਲਈ ਸੋਰਸ ਲਗਾ ਕੇ ਉਪਰਾਲੇ ਕੀਤੇ ਜਾ ਰਹੇ ਹਨ। ਏ.ਐਸ.ਆਈ ਸਰਬਜੀਤ ਸਿੰਘ ਚੌਂਕੀ ਇੰਚਾਰਜ ਸ਼ਰਾ ਥਾਣਾ ਟਾਂਡਾ ਸਮੇਤ ਪੁਲਿਸ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਪੁਲਿਸ ਪਾਰਟੀ ਟਾਂਡਾ ਤੋਂ ਸ਼ਰਾ ਪਿੰਡ ਵੱਲ ਜਾ ਰਹੀ ਸੀ ਤਾਂ ਇੱਕ ਔਰਤ ਪੈਦਲ ਆਉਂਦੀ ਦਿਖਾਈ ਦਿੱਤੀ ਜਿਸ ਨੇ ਆਪਣਾ ਨਾਮ ਪਿੰਕੀ ਪੁੱਤਰੀ ਬੇਲੂ ਰਾਮ ਵਾਸੀ ਬਸਤੀ ਬਾਜ਼ੀਗਰ ਜ਼ਿਲ੍ਹਾ ਹੁਸ਼ਿਆਰਪੁਰ ਦੱਸਿਆ। ਜਿਸ ਨੂੰ ਕਾਬੂ ਕਰਕੇ ਇਸ ਪਾਸੇ 120 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਵੱਲੋਂ ਇਸ ਨੂੰ ਮੌਕੇ ਤੇ ਗ੍ਰਿਫਤਾਰ ਕਰਕੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।



## ਨੌਜਵਾਨ ਨੇ ਚਿੱਟੀ ਵੇਈਂ 'ਚ ਛਾਲ ਮਾਰ ਨੇ ਕੀਤੀ ਖ਼ੁਦਕੁਸ਼ੀ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਲੋਹੀਆਂ ਖਾਸ ਨੇੜੇ ਪੈਂਦੇ ਪਿੰਡ ਨਵਾਂ ਪਿੰਡ ਖਾਲੇਵਾਲ ਵਾਲੀ ਚਿੱਟੀ ਵੇਈਂ 'ਤੇ ਬਣੇ ਪੁੱਲ ਤੋਂ ਹੇਠਾਂ ਪਾਣੀ ਵਿੱਚ ਲੋਹੀਆਂ ਖਾਸ ਸ਼ਹਿਰ ਦੇ ਇੱਕ ਨੌਜਵਾਨ ਵੱਲੋਂ ਛਾਲ ਮਾਰ ਆਪਣੀ ਜੀਵਨ ਲੀਲਾ ਖਤਮ ਕਰਨ ਲਈ ਹੈ। ਇਸ ਮੌਕੇ ਪਰਿਵਾਰਕ ਮੈਂਬਰਾਂ ਦੇ ਦੱਸਣ ਮੁਤਾਬਕ ਆਪਣੇ ਮੋਟਰਸਾਈਕਲ ਨੂੰ ਪੁੱਲ 'ਤੇ ਖੜ੍ਹਾ ਕਰਕੇ ਛਾਲ ਮਾਰਨ ਵਾਲੇ ਵਿਅਕਤੀ ਦਾ ਨਾਮ ਗੁਰਪ੍ਰੀਤ ਸਿੰਘ (30) ਅਤੇ ਉਹ ਸਿੱਧੂਪੁਰ ਰੋਡ ਲੋਹੀਆਂ ਖਾਸ ਦੀ ਹੈ ਤੇ ਇਕ ਕਾਲੋਨੀ ਵਿੱਚ ਆਪਣੀ ਪਤਨੀ ਮਨਪ੍ਰੀਤ ਕੌਰ ਅਤੇ ਇੱਕ ਢਾਈ ਸਾਲ ਦੀ ਬੇਟੀ ਨਾਲ ਰਹਿੰਦਾ ਸੀ ਅਤੇ ਪਰਵਾਰ ਦੇ ਦੱਸਣ ਮੁਤਾਬਕ ਗੁਰਪ੍ਰੀਤ ਸਿੰਘ ਹਾਲੇ 10-15 ਦਿਨ ਪਹਿਲਾਂ ਹੀ ਦੁਬਈ ਤੋਂ ਵਾਪਸ ਆਇਆ ਸੀ ਅਤੇ ਉਹ ਅਕਸਰ ਕਰਜ਼ੇ ਤੋਂ ਦੁਖੀ ਰਹਿੰਦਾ ਸੀ। ਮੌਕੇ ਉੱਤੇ ਪਹੁੰਚੇ ਸ਼ਾਹਕੋਟ ਦੇ ਡੀ.ਐੱਸ.ਪੀ. ਓਂਕਾਰ ਸਿੰਘ ਬਰਾੜ ਅਤੇ ਲੋਹੀਆਂ ਖਾਸ ਦੇ ਥਾਣਾ ਮੁਖੀ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਸਵੇਰ ਤੋਂ ਹੀ ਐਨ.ਡੀ. ਆਰ.ਐਫ. ਟੀਮ ਅਤੇ ਗੋਤਾਖੋਰ ਵੱਲੋਂ ਛਾਲ ਮਾਰਨ ਵਾਲੇ ਵਿਅਕਤੀ ਨੂੰ ਲਗਾਤਾਰ ਪਾਣੀ ਵਿੱਚੋਂ ਲੱਭ ਰਹੇ ਹਨ ਪਰ ਪਾਣੀ ਦਾ ਵਹਾਅ ਤੇਜ਼ ਹੋਣ ਕਰਕੇ ਹਾਲੇ ਤੱਕ ਸਫਲਤਾ ਹਾਸਲ ਨਹੀਂ ਹੋਈ।



## ਕਰੀਮਪੁਰੀ ਨੇ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਕੀਤਾ ਦੌਰਾ

**ਹੁਸ਼ਿਆਰਪੁਰ (ਓ ਪੀ ਰਾਣਾ)**- ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਬਸਪਾ ਟੀਮ ਦੇ ਨਾਲ ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ, ਹੜਾਂ ਦੀ ਤਬਾਹੀ ਦਾ ਜਾਇਜ਼ਾ ਲਿਆ ਅਤੇ ਪੀੜਤਾਂ ਨੂੰ ਮਿਲ ਕੇ ਸਮੱਸਿਆਵਾਂ ਨੂੰ ਸੁਣਿਆ ਅਤੇ ਪਾਰਟੀ ਲੀਡਰਸ਼ਿਪ ਦੀਆਂ ਹਰ ਤਰ੍ਹਾਂ ਦੇ ਸਹਿਯੋਗ ਲਈ ਡਿਊਟੀਆਂ ਲਗਾਈਆਂ। ਪਾਰਟੀ ਦੇ ਸਟੇਟ ਜਨਰਲ ਸੈਕਟਰੀ ਠੇਕੇਦਾਰ ਭਗਵਾਨ ਦਾਸ ਸਿੱਧੂ, ਮਨਿੰਦਰ ਸਿੰਘ ਸ਼ੇਰਪੁਰੀ ਸਕੱਤਰ ਪੰਜਾਬ ਤੋਂ ਇਲਾਵਾ ਜ਼ਿਲ੍ਹਿਆਂ ਅਤੇ ਵਿਧਾਨ ਸਭਾ ਟਾਂਡਾ , ਦਸੂਹਾ ਹਲਕੇ ਦੀ ਲੀਡਰਸ਼ਿਪ ਵੀ ਮੌਜੂਦ ਸੀ। ਇਸ ਮੌਕੇ ਕਰੀਮਪੁਰੀ ਨੇ ਬਸਪਾ ਪੰਜਾਬ ਲੀਡਰਸ਼ਿਪ ਨੂੰ ਹੜ੍ਹ ਪੀੜਤਾਂ ਦੀ ਮਦਦ ਕਰਨ ਦੇ ਆਦੇਸ਼ ਦਿੱਤੇ। ਕਰੀਮਪੁਰੀ ਨੇ ਬਸਪਾ ਪੰਜਾਬ ਲੀਡਰਸ਼ਿਪ ਨੂੰ ਸੰਕੇਤ ਦਿੱਤਾ ਕਿ ਹੜ੍ਹਾਂ ਵਿਚ ਫਸੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਪਹੁੰਚਾਉਣਾ, ਉਨਾਂ ਲਈ ਲੋੜੀਂਦੀ ਮਦਦ ਕਰਨਾ ਹੀ ਸਮੇਂ ਦੀ ਲੋੜ ਹੈ। ਉਨਾਂ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਹੜਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਮੁਆਵਜ਼ੇ ਦਾ ਐਲਾਨ ਕਰੇ ਅਤੇ ਤੁਰੰਤ ਜ਼ਰੂਰਤ ਅਨੁਸਾਰ ਮੁਆਵਜ਼ਾ ਰਾਸ਼ੀ ਜਾਰੀ ਕਰੇ। ਕਰੀਮਪੁਰੀ ਨੇ ਕਿਹਾ ਹੜਾਂ ਦੀ ਮਾਰ ਨਾਲ ਕਿਸਾਨਾਂ ਦੀਆਂ ਫ਼ਸਲਾਂ ਤਬਾਹ ਹੋ ਗਈਆਂ ਹਨ ਉਥੇ ਖੇਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਘਰ ਵੀ ਬਰਬਾਦ ਹੋ ਗਏ ਹਨ। ਸਰਕਾਰ ਵੱਲੋਂ ਮਜ਼ਦੂਰਾਂ ਦੇ ਲਈ ਵੀ ਵਿਸ਼ੇਸ਼ ਮੁਆਵਜ਼ਾ ਰਾਸ਼ੀ ਦਾ ਐਲਾਨ ਕੀਤਾ ਜਾਵੇ ਤਾਂ ਕਿ ਜ਼ਿੰਦਗੀ ਮੁੜ ਸਹੀ ਰਸਤੇ ਤੇ ਆ ਸਕੇ। ਉਹਨਾਂ ਹੜ ਪ੍ਰਭਾਵਿਤ ਇਲਾਕਿਆਂ ਵਿਚ ਲੰਗਰ, ਦਵਾਈਆਂ ਅਤੇ ਹੋਰ ਸੇਵਾ ਨਿਭਾ ਰਹੇ ਧਾਰਮਿਕ, ਸਮਾਜਿਕ ਸੰਗਠਨਾਂ ਦੀ ਸਰਾਹਨਾ ਕੀਤੀ।





## ਸਮਾਇਲ ਫਾਊਂਡੇਸ਼ਨ ਦੀ ਆਧੁਨਿਕ ਐਂਬੂਲੈਂਸ ਹੜ੍ਹ ਪ੍ਰਭਾਵਤ ਖੇਤਰਾਂ ਲਈ ਰਵਾਨਾ

**ਕਪੂਰਥਲਾ (ਪ੍ਰੀਤ ਸੰਗੋਜਲਾ)**- ਸਿਵਲ ਸਰਜਨ ਕਪੂਰਥਲਾ ਡਾਕਟਰ ਰਾਜੀਵ ਪਰਾਸ਼ਰ ਦੇ ਦਿਸ਼ਾ ਨਿਰਦੇਸ਼ਾਂ ਤੇ ਸਹਾਇਕ ਸਿਵਲ ਸਰਜਨ ਡਾਕਟਰ ਅੰਨੂ ਸ਼ਰਮਾ ਦੀ ਅਗਵਾਈ ਹੇਠ ਤੇ ਸਮਾਇਲ ਫਾਊਂਡੇਸ਼ਨ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਇਕ ਆਧੁਨਿਕ ਐਂਬੂਲੈਂਸ ਨੂੰ ਰਵਾਨਾ ਕੀਤਾ ਗਿਆ। ਇਸ ਐਂਬੂਲੈਂਸ ਨੂੰ ਸਹਾਇਕ ਸਿਵਲ ਸਰਜਨ ਡਾਕਟਰ ਅੰਨੂ ਸ਼ਰਮਾ ਵੱਲੋਂ ਹੜ ਪ੍ਰਭਾਵਿਤ ਖੇਤਰਾਂ ਵਿਚ ਸਿਹਤ ਸਹੂਲਤਾਂ ਪ੍ਰਦਾਨ ਲਈ ਰਵਾਨਾ ਕੀਤਾ ਗਿਆ। ਜ਼ਿਕਰਯੋਗ ਹੈ ਇਸ ਆਧੁਨਿਕ ਐਂਬੂਲੈਂਸ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਅਤੇ ਦਵਾਈਆਂ ਹਨ। ਇਹ ਐਂਬੂਲੈਂਸ ਲੋਕਾਂ ਨੂੰ ਪਿੰਡ ਪਿੰਡ ਜਾ ਕੇ ਸਿਹਤ ਸੇਵਾਵਾਂ ਪ੍ਰਦਾਨ ਕਰੇਗੀ। ਫਾਊਂਡੇਸ਼ਨ ਦੇ ਕੋਆਰਡੀਨੇਟਰ ਪ੍ਰਿਆਂਸ਼ੂ ਨੇ ਦੱਸਿਆ ਕਿ ਫਾਊਂਡੇਸ਼ਨ ਦਾ ਉਦੇਸ਼ ਹੜ੍ਹ ਪ੍ਰਭਾਵਿਤ ਏਰੀਆ ਵਿਚ ਜਾ ਕੇ ਲੋੜਵੰਦ ਮਰੀਜ਼ਾਂ ਦਾ ਚੈੱਕਅੱਪ ਕਰਨਾ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਵੀ ਮੁਫ਼ਤ ਪ੍ਰਦਾਨ ਕਰਨਾ ਹੈ। ਇਸ ਮੌਕੇ ਡੀ.ਡੀ.ਐਚ.ਓ ਡਾਕਟਰ ਮੋਨਿੰਦਰ ਕੌਰ, ਜ਼ਿਲ੍ਹਾ ਮਾਸ ਮੀਡੀਆ ਅਫਸਰ ਜਸਵਿੰਦਰ ਕੌਰ,ਡਿਪਟੀ ਮਾਸ ਮੀਡੀਆ ਅਫ਼ਸਰ ਸ਼ਰਨਦੀਪ ਸਿੰਘ,ਡਿਪਟੀ ਮਾਸ ਮੀਡੀਆ ਅਫ਼ਸਰ ਸੁਖਦਿਆਲ ਸਿੰਘ,ਸੁਪ੍ਰਿੰਟੈਂਡੈਂਟ ਰਾਮ ਅਵਤਾਰ ਡਾਕਟਰ ਕੰਚਨ, ਏ ਐਨ ਐਮ ਪ੍ਰਿਕਸ਼ਾ, ਏ ਐਨ ਐਮ ਮਮਤਾ ,ਡਰਾਈਵਰ ਕੁਲਵਿੰਦਰ ਸਿੰਘ ਤੇ ਹੋਰ ਹਾਜ਼ਰ ਸਨ।



## ਸ਼੍ਰੋਮਣੀ ਅਕਾਲੀ ਦਲ ਵੱਲੋਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਰਵਾਨਾ

**ਮੁਹਾਲੀ (ਗੁਰਜੀਤ ਬਿੱਲਾ)**- ਸ਼੍ਰੋਮਣੀ ਅਕਾਲੀ ਦਲ, ਐਸ ਜੀ ਪੀ ਸੀ ਅਤੇ ਸ਼ਹਿਰੀ ਖੇਤਰ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਜ਼ਰੂਰੀ ਵਸਤਾਂ ਦਾ ਟਰੱਕ ਹਲਕਾ ਰਾਜਾਸਾਂਸੀ ਦੇ ਹੜ੍ਹ ਪੀੜਤਾਂ ਲਈ ਰਵਾਨਾ ਕੀਤਾ ਗਿਆ।ਅਕਾਲੀ ਦਲ ਦੇ ਜ਼ਿਲ੍ਹਾ ਜਥੇਦਾਰ ਪਰਵਿੰਦਰ ਸਿੰਘ ਸੋਹਾਣਾ ਵੱਲੋਂ ਹੜ੍ਹ ਪ੍ਰਭਾਵਿਤ ਪਰਵਾਰਾਂ ਲਈ ਇਕੱਤਰ ਕੀਤੀ ਗਈ ਰਾਹਤ ਸਮੱਗਰੀ ਨਾਲ ਭਰੇ ਟਰੱਕ ਨੂੰ ਰਸਮੀ ਤੌਰ ਤੇ ਰਵਾਨਾ ਕੀਤਾ ਗਿਆ ਜਿਸ ਵਿੱਚ ਮੱਛਰਦਾਨੀਆਂ ਅਤੇ ਸੁੱਕਾ ਰਾਸ਼ਨ ਤੋਂ ਇਲਾਵਾ ਜ਼ਰੂਰੀ ਘਰੇਲੂ ਸਾਮਾਨ ਸ਼ਾਮਲ ਸੀ। ਇਸ ਮੌਕੇ ਬੋਲਦਿਆਂ ਜਥੇਦਾਰ ਸੋਹਾਣਾ ਨੇ ਕਿਹਾ ਕਿ ਪਾਰਟੀ ਦੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੀੜਤ ਪਰਿਵਾਰਾਂ ਦੀ ਮੱਦਦ ਉਦੋਂ ਤੀਕ ਜਾਰੀ ਰਹੇਗੀ ਜਦੋਂ ਤੀਕ ਹੜ੍ਹ ਪ੍ਰਭਾਵਿਤ ਪਰਵਾਰ ਮੁੜ ਪੈਰਾਂ ਤੇ ਖੜੇ ਨਹੀਂ ਹੋ ਜਾਂਦੇ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੇ ਆਦੇਸ਼ ਅਨੁਸਾਰ ਅਗਲੇ ਦਿਨਾਂ ਵਿੱਚ ਜ਼ਿਲ੍ਹਾ ਮੁਹਾਲੀ ਤੋਂ ਸਮੱਗਰੀ ਦੇ 50 ਟਰੱਕ ਰਵਾਨਾ ਕੀਤੇ ਜਾਣਗੇ ਜਿਨ੍ਹਾਂ ਨੂੰ ਪਾਰਟੀ ਪ੍ਰਧਾਨ ਖੁਦ ਹਰੀ ਝੰਡੀ ਦੇਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼ਮਸ਼ੇਰ ਪੁਰਖਾਲਵੀ, ਮਨਜੀਤ ਸਿੰਘ ਮਾਨ,ਅਵਤਾਰ ਸਿੰਘ ਦਾਊਂ, ਕੇਸਰ ਸਿੰਘ ਬਲੌਂਗੀ, ਬਿਕਰਮ ਸਿੰਘ ਗੀਗੇਮਾਜਰਾ, ਬਲਵਿੰਦਰ ਸਿੰਘ ਲਖਨੌਰ, ਜਗਤਾਰ ਸਿੰਘ ਧਰਮਗੜ੍ਹ ਸਾਰੇ ਸਰਕਲ ਪ੍ਰਧਾਨ ,ਹਰਵਿੰਦਰ ਸਿੰਘ ਸੋਹਾਣਾ, ਗੁਰਮੀਤ ਸਿੰਘ ਰਾਏਪੁਰ ਖੁਰਦ, ਕਰਮਜੀਤ ਸਿੰਘ ਮੌਲੀ ਬੈਦਵਾਣ ਤੇ ਹਰਿੰਦਰ ਸਿੰਘ ਸੁੱਖਗੜ੍ਹ ਚਾਰੇ ਲੰਬੜਦਾਰ, ਭੁਪਿੰਦਰ ਸਿੰਘ ਸਾਹਿਬ ਪ੍ਰਾਪਰਟੀ, ਅਮਨ ਪੂਨੀਆ ਅਤੇ ਸੁਖਮਨ ਖੱਟੜਾ ਆਦਿ ਆਗੂ ਹਾਜ਼ਰ ਸਨ।



## ਕੇਂਦਰੀ ਮੰਤਰੀ ਦਾ ਹੜ੍ਹ ਪੀੜਤ ਪੰਜਾਬ ਦਾ ਦੌਰਾ ਬਣਿਆ ਰਾਜਨੀਤਕ ਸ਼ੋਅ : ਕਰਨ ਸਿੰਘ ਰਾਣਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਹੜ੍ਹ ਪੀੜਤ ਪੰਜਾਬ ਦਾ ਦੌਰਾ ਭਾਜਪਾ ਦਾ ਰਾਜਨੀਤਿਕ ਸ਼ੋਅ ਬਣਾਇਆ ਗਿਆ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨਾਂ ਚਿੰਤਾ ਪ੍ਰਗਟ ਕੀਤੀ ਕੀ ਅਜੇ ਨਾਜ਼ੁਕ ਹਾਲਾਤ ਵਿੱਚ ਰਾਜਨੀਤਕ ਸ਼ੋਅ ਕਰਨਾ ਪੰਜਾਬ ਦੇ ਹਿੱਤ ਵਿੱਚ ਨਹੀਂ ਹੈ। ਭਾਵੇਂ ਕੇਂਦਰੀ ਮੰਤਰੀ ਨੇ ਪੰਜਾਬ ਨੂੰ ਮਦਦ ਦੇਣ ਦਾ ਭਰੋਸਾ ਦਿੱਤਾ ਹੈ ਪਰ ਕਿਧਰੇ ਵੀ ਪੰਜਾਬ ਨੂੰ ਵਿਸ਼ੇਸ਼ ਆਰਥਿਕ ਪੈਕਜ ਦੇਣ ਦਾ ਸੰਕੇਤ ਨਹੀਂ ਦਿੱਤਾ। ਇਸ ਸਮੇਂ ਹੜਾਂ ਦੀ ਭਿਅੰਕਰ ਸਥਿਤੀ ਕੌਮੀ ਆਫਤ ਦੇ ਐਲਾਨ ਦਾ ਇੰਤਜ਼ਾਰ ਕਰ ਰਹੀ ਹੈ। ਕੇਂਦਰੀ ਟੀਮ ਨਾਲ ਦੀ ਮੀਟਿੰਗ ਵਿੱਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਖੇਤੀ ਖੇਤਰ ਦੇ ਹੋਏ ਨੁਕਸਾਨ, ਘਰੇਲੂ ਤਬਾਹੀ, ਪਸ਼ੂ ਧਨ ਦੇ ਹੋਏ ਨੁਕਸਾਨ, ਸੜਕਾਂ,ਪੁਲਾਂ ,ਬਿਜਲੀ, ਦਰਿਆਵਾਂ ਆਦਿ ਦੇ ਹੋਏ ਨੁਕਸਾਨ ਦਾ ਕੇਸ ਮੀਟਿੰਗ ਵਿੱਚ ਪੇਸ਼ ਕੀਤਾ ਹੈ ਪਰ ਸਰਕਾਰ ਨੂੰ ਚੌਕਸੀ ਨਾਲ ਕੋਸ਼ਿਸ਼ ਕਰਕੇ ਪੰਜਾਬ ਵਿੱਚ ਕੌਮੀ ਆਫਤ ਦਾ ਐਲਾਨ ਕਰਵਾਉਣਾ ਚਾਹੀਦਾ ਹੈ ਅਤੇ ਕੇਂਦਰ ਤੋਂ ਵਿਸ਼ੇਸ਼ ਆਰਥਿਕ ਪੈਕਜ ਲੈਣ ਵਿੱਚ ਪੂਰੀ ਤਾਕਤ ਲਾਣੀ ਚਾਹੀਦੀ ਹੈ।



## ਉਦੇਵੀਰ ਸਿੰਘ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਕੀਤਾ ਦੌਰਾ

**ਡੇਰਾ ਬਸੀ (ਵਿਨੈ ਕੁਮਾਰ ਜੈਨ)**- ਪੰਜਾਬ ਯੂਥ ਕਾਂਗਰਸ ਦੇ ਵਾਇਸ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਨੇ ਹਲਕੇ ਦੇ ਪਿੰਡ ਭਾਂਖਾਰ ਪੁਰ, ਟਿਵਾਣਾ, ਖਜੂਰ ਮੰਡੀ ਵਿਖੇ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਆਪਣੇ ਪੱਧਰ ਉੱਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਰਾਬਤਾ ਬਣਾ ਕਿ ਹੜ੍ਹ ਪ੍ਰਭਾਵਿਤ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਮਦਦ ਕਰੇਗੀ। ਉਹਨਾਂ ਮੌਕੇ ਤੇ ਐੱਸ ਡੀ ਐੱਮ ਡੇਰਾਬਸੀ ਨੂੰ ਬੁਲਾ ਕਿ ਹਾਲਾਤਾਂ ਤੋਂ ਜਾਣੂ ਕਰਵਾਇਆ। ਢਿੱਲੋਂ ਨੇ ਕਿਹਾ ਕਿ ਭੰਖਾਰ ਪੁਰ ਨੇੜੇ ਘੱਗਰ ਬਿਲਕੁਲ ਪਿੰਡ ਦੇ ਬੰਨ ਨੂੰ ਖਹਿ ਕਿ ਲੰਘ ਰਿਹਾ ਹੈ ਜਦੋਂ ਕੀ ਪਿੰਡ ਦੇ ਲੋਕ ਆਪਣੇ ਪੱਧਰ ਉੱਤੇ ਮਿੱਟੀ ਦੇ ਥੈਲੇ ਭਰ ਭਰ ਕਿ ਬੰਨ ਨੇੜੇ ਲਗਾ ਰਹੇ ਹਨ। ਇਹ ਕੰਮ ਪ੍ਰਸ਼ਾਸ਼ਨ ਨੂੰ ਬਰਸਾਤਾਂ ਤੋਂ ਪਹਿਲਾਂ ਕਰਨਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਪੀੜਤ ਕਿਸਾਨਾਂ ਨੂੰ ਸਾਲ 2023 ਵਿਚ ਖਰਾਬ ਹੋਈਆਂ ਫਸਲਾਂ ਦਾ ਵੀ ਸਰਕਾਰ ਵਲੋਂ ਅਜੇ ਤੱਕ ਮੁਆਵਜ਼ਾ ਨਹੀਂ ਦਿੱਤਾ ਗਿਆ।



## ਨਗਰ ਨਿਗਮ ਵੱਲੋਂ ਵਾਰਡਬੰਦੀ ਸੰਬੰਧੀ ਸਰਵੇ ਕਰਵਾਉਣ ਦਾ ਕੰਮ ਸ਼ੁਰੂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਸ਼ਹਿਰ ਦੀ ਵਾਰਡਬੰਦੀ ਸਬੰਧੀ ਲੋਕਾਂ ਦੀ ਗਿਣਤੀ ਕਰਨ ਲਈ ਇੱਕ ਵਿਸ਼ੇਸ ਮੀਟਿੰਗ ਬੁਲਾਈ ਗਈ ਜਿਸ ਵਿੱਚ ਉਹਨਾਂ ਦੱਸਿਆ ਕਿ ਉਕਤ ਕੰਮ ਨੂੰ ਨੇਪਰੇ ਚਾੜਨ ਲਈ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਇੱਕ ਟੀਮ ਦਾ ਗਠਨ ਕੀਤਾ ਗਿਆ ਹੈ ਜਿਸ ਵਿੱਚ ਸੰਯੁਕਤ ਕਮਿਸ਼ਨਰ ਬਤੌਰ ਅਫਸਰ ਇੰਚਾਰਜ,ਸਹਾਇਕ ਕਮਿਸ਼ਨਰ ਬਤੌਰ ਨੌਡਲ ਅਫਸਰ,ਹਰਪ੍ਰੀਤ ਸਿੰਘ ਬਤੌਰ ਕੰਟਰੋਲਿੰਗ ਅਫਸਰ ਅਤੇ ਮਿਉਨਸੀਪਲ ਟਾਉਨ ਪਲੈਨਰ ਬਤੌਰ ਕੌਆਰਡੀਨੇਟਰ ਲਗਾਏ ਗਏ ਅਤੇ ਇਹਨਾਂ ਹੇਠ ਲਗਭਗ 110 ਲੋਕਾਂ ਦੀ ਟੀਮ ਬਤੌਰ ਫੀਲਡ ਟੀਮ ਵਜੋ ਕੰਮ ਕਰਦੇ ਹੋਏ ਇਸ ਕੰਮ ਨੂੰ ਪੂਰਾ ਕਰੇਗੀ । ਉਹਨਾਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਥਾਨਕ ਸਰਕਾਰ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਮੁਤਾਬਿਕ ਨਗਰ ਨਿਗਮ ਵਲੋ ਗਠਿਤ ਕੀਤੀਆਂ ਗਈਆਂ ਟੀਮਾਂ ਘਰ-ਘਰ ਜਾ ਕੇ ਵਾਰਡ ਨਿਵਾਸਿਆਂ ਦੀ ਗਣਨਾ ਕਰਨਗੀਆਂ ।ਟੀਮਾਂ ਨੂੰ ਵਿਸ਼ੇਸ ਤੌਰ ਤੇ ਹਦਾਇਤ ਕੀਤੀ ਗਈ ਹੈ ਕਿ ਜਿਹੜੇ ਵਿਅਕਤੀ ਘਰਾਂ ਵਿੱਚ ਆਰਜੀ ਤੌਰ ਤੇ ਰਹਿ ਰਹੇ ਹਨ ਉਹਨਾਂ ਦੀ ਸਰਵੇ ਵਿੱਚ ਗਣਨਾ ਨਾ ਕੀਤੀ ਜਾਵੇ ।ਉਹਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਨਗਰ ਨਿਗਮ ਦੀਆਂ ਟੀਮਾਂ ਨੂੰ ਗਣਨਾ ਦੇ ਕੰਮ ਵਿੱਚ ਭਰਪੂਰ ਸਹਿਯੋਗ ਦਿੱਤਾ ਜਾਵੇ। ਇਹਨਾਂ ਟੀਮਾਂ ਨੂੰ ਬਕਾਇਦਾ ਨਗਰ ਨਿਗਮ ਵੱਲੋਂ ਸ਼ਨਾਖਤੀ ਕਾਰਡ ਜਾਰੀ ਕੀਤੇ ਜਾ ਰਹੇ ਹਨ।

## ਡਾ. ਰਵਜੋਤ ਸਿੰਘ ਨੇ ਹੜ੍ਹ ਪ੍ਰਭਾਵਤ ਪਿੰਡਾਂ ਦਾ ਕੀਤਾ ਦੌਰਾ

**ਹੁਸ਼ਿਆਰਪੁਰ (ਓ ਪੀ ਰਾਣਾ)**- ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਵਿਧਾਨ ਸਭਾ ਸ਼ਾਮ ਚੌਰਾਸੀ ਵਿੱਚ ਭਾਰੀ ਬਾਰਸ਼ ਕਾਰਨ ਪ੍ਰਭਾਵਿਤ ਪਿੰਡਾਂ ਖਲਵਾਣਾ, ਬਾਦੋਵਾਲ ਅਤੇ ਦਿਓਵਾਲ ਦਾ ਦੌਰਾ ਕੀਤਾ ਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਪਿੰਡਾਂ ਵਿੱਚ ਜਾ ਕੇ ਲੋਕਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਸਮੇਂ ਜਨਤਾ ਦੇ ਨਾਲ ਖੜ੍ਹੀ ਹੈ ਅਤੇ ਕਿਸੇ ਵੀ ਪਿੰਡ ਨੂੰ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਮੀਂਹ ਨਾਲ ਸਬੰਧਤ ਪਾਣੀ ਦੀ ਨਿਕਾਸੀ, ਟੁੱਟੀਆਂ ਸੜਕਾਂ ਦੀ ਮੁਰੰਮਤ ਅਤੇ ਸਫਾਈ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਡਾ. ਰਵਜੋਤ ਸਿੰਘ ਨੇ ਭਰੋਸਾ ਦਿੱਤਾ ਕਿ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇਗੀ ਅਤੇ ਲੋੜੀਂਦੀਆਂ ਸਹੂਲਤਾਂ ਸਮੇਂ ਸਿਰ ਉਪਲਬਧ ਕਰਵਾਈਆਂ ਜਾਣਗੀਆਂ। ਉਹਨਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਸਮੱਸਿਆ ਨੂੰ ਤੁਰੰਤ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ਤਾਂ ਜੋ ਇਸ ਦਾ ਜਲਦੀ ਹੱਲ ਕੀਤਾ ਜਾ ਸਕੇ। ਡਾ. ਰਵਜੋਤ ਸਿੰਘ ਨੇ ਭਰੋਸਾ ਦਿੱਤਾ ਕਿ ਪਿੰਡਾਂ ਦੇ ਜਿਨ੍ਹਾਂ ਪਰਿਵਾਰਾਂ ਨੂੰ ਵਿਸ਼ੇਸ਼ ਮਦਦ ਦੀ ਲੋੜ ਹੈ, ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਤੁਰੰਤ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।



## ਮਾਲਵਿੰਦਰ ਸਿੰਘ ਕੰਗ ਨੇ ਕੇਂਦਰ ਤੋਂ 60 ਹਜ਼ਾਰ ਕਰੋੜ ਦੇ ਵਿਸ਼ੇਸ਼ ਰਾਹਤ ਪੈਕੇਜ ਦੀ ਕੀਤੀ ਮੰਗ

**ਬਲਾਚੌਰ (ਮਨੋਜ ਲਾਡੀ)**- ਪੰਜਾਬ ਵਿਚ ਆਏ ਹੜ੍ਹਾਂ ਨਾਲ ਹੋਏ ਲੋਕਾਂ ਦੇ ਭਾਰੀ ਨੁਕਸਾਨ ਨੂੰ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਕੇਂਦਰ ਸਰਕਾਰ ਤੋਂ ਪੰਜਾਬ ਲਈ 60 ਹਜ਼ਾਰ ਕਰੋੜ ਰੁਪਏ ਦੇ ਵਿਸ਼ੇਸ਼ ਰਾਹਤ ਪੈਕੇਜ ਦੀ ਮੰਗ ਕਰਦਿਆਂ ਕਿਹਾ ਕਿ ਕੇਂਦਰ ਵਲੋਂ ਪ੍ਰਤੀ ਏਕੜ ਨੁਕਸਾਨ ਲਈ 50 ਹਜ਼ਾਰ ਰੁਪਏ ਦਾ ਮੁਆਵਜ਼ਾ ਜਾਰੀ ਹੋਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਐਸ.ਡੀ.ਐਮ. ਕ੍ਰਿਤਿਕਾ ਗੋਇਲ ਅਤੇ ਭਾਰੀ ਗਿਣਤੀ ਇਲਾਕਾ ਨਿਵਾਸੀਆਂ ਸਮੇਤ ਅੱਜ ਇੱਥੇ ਬੰਨ੍ਹ ਦੀ ਮਜ਼ਬੂਤੀ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲੈਂਦਿਆਂ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਕੇਂਦਰ ਨੂੰ ਪੰਜਾਬ ਨਾਲ ਪੂਰੀ ਹਮਦਰਦੀ ਜਾਹਿਰ ਕਰਦਿਆਂ ਤੁਰੰਤ ਰਾਹਤ ਪੈਕਜ ਜਾਰੀ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਪਹਿਲਾਂ ਵੀ ਕਈ ਕੁਦਰਤੀ ਮਾਰਾਂ ਝੱਲੀਆਂ ਹਨ ਅਤੇ ਮੌਜੂਦਾ ਸਮੇਂ ਹੜ੍ਹਾਂ ਨਾਲ ਸੂਬੇ ਅੰਦਰ ਵੱਡੀ ਤਬਾਹੀ ਹੋਈ ਹੈ ਜਿਸ ਨੂੰ ਵਿਚਾਰਦਿਆਂ ਕੇਂਦਰ ਸਰਕਾਰ ਬਿਨ੍ਹਾਂ ਕਿਸੇ ਦੇਰੀ ਤੋਂ ਰਾਜ ਲਈ ਰਾਹਤ ਪੈਕਜ ਐਲਾਨੇ। ਕੇਂਦਰ ਸਰਕਾਰ ਤੋਂ ਸੂਬੇ ਵਿੱਚ ਹੋਏ ਨੁਕਸਾਨ ਲਈ ਪ੍ਰਤੀ ਏਕੜ 50 ਹਜ਼ਾਰ ਰੁਪਏ ਦੇ ਮੁਆਵਜੇ ਦੀ ਮੰਗ ਕਰਦਿਆਂ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਕੇਂਦਰ ਨੂੰ ਦੋ ਸਾਲ ਲਈ ਪੰਜਾਬ ਤੋਂ ਜੀ ਐਸ ਟੀ ਦੇਣ ਤੋਂ ਛੋਟ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਐਮ ਪੀ ਲੈਡ ਫੰਡ ਦਾ ਇਸ ਸਾਲ ਦੀ ਬਕਾਇਆ ਰਕਮ ਉਨ੍ਹਾਂ ਵਲੋਂ ਤਰਜੀਹ ਦੇ ਆਧਾਰ 'ਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਅਤੇ ਹੜ੍ਹ ਪੀੜਤਾਂ ਦੀ ਮਦਦ ਲਈ ਖਰਚੀ ਜਾਵੇਗੀ। ਜ਼ਿਲ੍ਹੇ ਵਿੱਚ ਬੰਨ੍ਹ ਦੀ ਸਥਿਤੀ ਬਾਰੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨਾਲ ਗੱਲਬਾਤ ਕਰਦਿਆਂ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਉਹ ਪਿਛਲੇ ਦਿਨਾਂ ਤੋਂ ਲਗਾਤਾਰ ਵੱਖ-ਵੱਖ ਥਾਵਾਂ 'ਤੇ ਬੰਨ੍ਹ ਦੀ ਮੌਜੂਦਾ ਹਾਲਤ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਵੀ 4-5 ਥਾਵਾਂ 'ਤੇ ਬੰਨ੍ਹ ਨੂੰ ਆਧੁਨਿਕ ਢੰਗ ਨਾਲ ਮਜਬੂਤ ਕਰਨ ਦੀ ਲੋੜ ਹੈ ਜਿਸ ਲਈ ਹਾਲਾਤ ਆਮ ਵਾਂਗ ਹੋਣ 'ਤੇ ਵਿਸ਼ੇਸ਼ ਉਪਰਾਲੇ ਕਰਕੇ ਬੰਨ੍ਹ ਦੀ ਪੱਕੀ ਮਜਬੂਤੀ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਭਾਖੜਾ ਡੈਮ ਤੋਂ ਛੱਡੇ ਜਾ ਰਹੇ ਪਾਣੀ ਨਾਲ ਸਤਲੁਜ ਦਰਿਆ ਵਿਚ ਪਾਣੀ ਦਾ ਪੱਧਰ ਵੱਧ ਸਕਦਾ ਹੈ ਪਰ ਮੌਜੂਦਾ ਸਮੇਂ ਬਲਾਚੌਰ ਅਤੇ ਨਵਾਂਸ਼ਹਿਰ ਹਲਕਿਆਂ ਵਿੱਚ ਪੈਂਦੇ ਸਤਲੁਜ ਦਰਿਆ ਦੇ ਬੰਨ੍ਹ ਦੀ ਸਥਿਤੀ ਬਿਲਕੁਲ ਕੰਟਰੋਲ ਵਿੱਚ ਹੈ।

**ਹੜ੍ਹਾਂ ਨਾਲ ਹੋਏ ਪ੍ਰਤੀ ਏਕੜ ਨੁਕਸਾਨ ਲਈ 50 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ**

## ਜ਼ਿਲ੍ਹੇ 'ਚ ਬੰਨ੍ਹਾਂ ਦੀ ਸਥਿਤੀ ਕੰਟਰੋਲ ਹੇਠ, ਲੋਕ ਅਫ਼ਵਾਹਾਂ ਤੋਂ ਬਚਣ : ਸਤਨਾਮ ਸਿੰਘ



**ਨਵਾਂਸ਼ਹਿਰ (ਮਨੋਜ ਲਾਡੀ)**- ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਧੈਂਗੜਪੁਰ ਬੰਨ੍ਹ ਵਿਖੇ ਬੰਨ੍ਹ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦਿੰਦੇ ਹੋਏ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ, ਭਾਰਤੀ ਫੌਜ ਦੇ ਸਹਿਯੋਗ ਨਾਲ ਭਾਰੀ ਗਿਣਤੀ ਵਿੱਚ ਲੋਕ ਬੰਨ੍ਹ ਦੇ ਮਜ਼ਬੂਤੀ ਕਰਨ ਵਿੱਚ ਡਟੇ ਹੋਏ ਹਨ ਅਤੇ ਸਥਿਤੀ ਪੂਰਨ ਤੌਰ 'ਤੇ ਕੰਟਰੋਲ ਹੇਠ ਹੈ। ਉਨ੍ਹਾਂ ਕਿਹਾ ਕਿ ਤਾਜੋਵਾਲ-ਮੰਡਾਲਾ ਬੰਨ੍ਹ ਵੀ ਪੂਰੀ ਤਰ੍ਹਾਂ ਠੀਕ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਬੇਬੁਨਿਆਦ ਖਬਰ ਜਾਂ ਅਫ਼ਵਾਹਾਂ 'ਤੇ ਯਕੀਨ ਨਾ ਕੀਤਾ ਜਾਵੇ ਤੇ ਜ਼ਿਲ੍ਹੇ ਵਿੱਚ ਬੰਨ੍ਹਾਂ ਦੀ ਸਥਿਤੀ ਫਿਲਹਾਲ ਪੂਰੀ ਤਰ੍ਹਾਂ ਠੀਕ ਹੈ।

## ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਦਾ ਹਾਲ ਜਾਣਿਆ

**ਭਲਾਣ (ਹਰਭਜਨ ਢਿੱਲੋਂ)** ਸਾਬਕਾ ਸਪੀਕਰ ਰਾਣਾ ਕੇ.ਪੀ ਸਿੰਘ ਨੇ ਹੜ੍ਹ ਪ੍ਰਭਾਵਿਤ ਪਿੰਡ ਬੇਲਾ ਧਿਆਨੀ, ਸਿੰਘਪੁਰ, ਪਲਾਸੀ, ਭਨਾਮ, ਭਲਾਣ ਆਦਿ ਵਿੱਚ ਪਹੁੰਚ ਕੇ ਲੋਕਾਂ ਦਾ ਹਾਲ ਜਾਣਿਆ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਕੁਦਰਤੀ ਮਾਰ ਕਾਰਨ ਲੋਕਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨਾ ਕਾਫੀ ਮੁਸ਼ਕਿਲ ਹੈ। ਉਨ੍ਹਾਂ ਪੀੜ੍ਹਤ ਪਰਵਾਰਾਂ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਬਰਸਾਤੀ ਪਾਣੀ ਦੇ ਨਾਲ ਹਰ ਸਾਲ ਹੋਣ ਵਾਲੇ ਨੁਕਸਾਨ ਦਾ ਪੱਕਾ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਨਾਲ ਰਾਜ ਕੁਮਾਰ ਰਾਜੂ, ਸੋਨੂੰ ਰਾਣਾ ਨਾਨਗਰਾਂ, ਐਡਵੋਕੇਟ ਹਰਜਿੰਦਰ ਸਿੰਘ ਭੱਲੜੀ, ਚੌਧਰੀ ਭਗਤ ਰਾਮ ਭੀਖਾਪੁਰ, ਨੰਬਰਦਾਰ ਨਾਜਰ ਸਿੰਘ, ਡਾ. ਚਮਨ ਲਾਲ, ਮਾਸਟਰ ਕਮਲਜੀਤ ਭੱਲੜੀ, ਸਰਬਣ ਸਿੰਘ ਭੱਠਲ, ਗਿਰਧਾਰੀ ਲਾਲ, ਵਿੱਕੀ ਸਰਪੰਚ ਪਲਾਸੀ, ਸੁਰੇਸ਼ ਕੁਮਾਰ ਰਿੰਕਾ, ਗੁਰਚਰਨ ਸਿੰਘ ਸੋਢੀ ਸਰਪੰਚ, ਓਂਕਾਰ ਸਿੰਘ , ਜੋਗਿੰਦਰ ਸਿੰਘ ਜਿੰਦੂ , ਸੰਦੀਪ ਕੁਮਾਰ ਸ਼ਰਮਾ, ਅਸ਼ਵਨੀ ਕੁਮਾਰ ਸ਼ਰਮਾ, ਡਾ. ਕਿਸ਼ੋਰ ਚੰਦ, ਸੁਰਜੀਤ ਸਿੰਘ ਰਾਣਾ ਆਦਿ ਹਾਜ਼ਰ ਸਨ।



## ਗਨੀਵ ਕੌਰ ਮਜੀਠੀਆ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਅਕਾਲੀ ਆਗੂਆਂ ਨਾਲ ਕੀਤੀ ਮੀਟਿੰਗ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਵਿਧਾਨ ਸਭਾ ਹਲਕਾ ਮਜੀਠਾ ਤੋਂ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਸਰਦਾਰ ਬਿਕਰਮ ਸਿੰਘ ਮਜੀਠੀਆ ਦੇ ਧਰਮ ਪਤਨੀ ਬੀਬਾ ਗਨੀਵ ਕੌਰ ਮਜੀਠੀਆ ਨੇ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਕਿਹੜੀਆਂ ਜ਼ਰੂਰੀ ਵਸਤਾਂ ਅਤੇ ਕਿੰਨੀ ਮਾਤਰਾ ਵਿੱਚ ਭੇਜੀਆ ਜਾਣ, ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨਾਲ ਮੀਟਿੰਗ ਕੀਤੀ ਗਈ।ਇਸ ਮੌਕੇ ਵੱਖ ਵੱਖ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਕਿਹਾ ਕਿ ਉਹ ਜੋਂ ਵੀ ਹੁਕਮ ਹੋਵੇਗਾ ਉਹ ਪੂਰਾ ਕਰਨਗੇ।ਇਸ ਮੌਕੇ ਤੇ ਬੀਬਾ ਮਜੀਠੀਆ ਨੇ ਕਿਹਾ ਕਿ ਮਜੀਠੇ ਹਲਕੇ ਦੇ ਨੌਜਵਾਨਾਂ ਵੱਲੋਂ ਲਗਾਤਾਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸੇਵਾ ਕੀਤੀ ਜਾ ਰਹੀ ਹੈ।

## 30000 ਐੱਮ ਐੱਲ ਨਾਜਾਇਜ਼ ਸ਼ਰਾਬ ਸਮੇਤ ਦੋ ਵਿਅਕਤੀ ਕਾਬੂ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਮਾਣਯੋਗ ਡਾਇਰੈਕਟਰ ਜਨਰਲ ਪੁਲਸ ਪੰਜਾਬ ਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਸ ਬਾਰਡਰ ਰੇਂਜ ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਅਨੁਸਾਰ ਥਾਣਾ ਦੀਨਾਨਗਰ ਵਿਖੇ ਰਿੰਕੂ ਅਤੇ ਸਤਨਾਮ ਸਿੰਘ ਨੂੰ ਮੋਟਰਸਾਈਕਲ ਸਮੇਤ ਕਾਬੂ ਕੀਤਾ ਗਿਆ। ਉਨ੍ਹਾਂ ਕੋਲੋਂ 30000 ਐਮ ਐਲ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਏ, ਜਿਸ ਤੇ ਦੋਸ਼ੀਆਂ ਖਿਲਾਫ ਮੁਕਦਮਾ ਦਰਜ ਕਰਕੇ ਥਾਣਾ ਦੀਨਾਨਗਰ ਵਿਖੇ ਪਰਚਾ ਦਰਜ ਕੀਤਾ ਗਿਆ। ਇਸ ਮੌਕੇ ਤੇ ਪੁਲਿਸ ਪ੍ਰਸ਼ਾਸਨ ਨੇ ਵਸਨੀਕਾਂ ਨੂੰ ਅਪੀਲ ਕੀਤੀ ਕੀ ਗੈਰ ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਸ ਨੂੰ ਦਿੱਤੀ ਜਾਵੇ। ਗੈਰ ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



## ਭਗਵਤੀ ਜਾਗਰਣ ਭਲਕੇ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਵੈਲਫੇਅਰ ਕਲੱਬ ਟਾਂਡਾ ਵੱਲੋਂ 8 ਸਤੰਬਰ ਨੂੰ ਤਹਿਸੀਲ ਰੋਡ ਟਾਂਡਾ ਵਿਖੇ ਕਰਵਾਏ ਜਾ ਰਹੇ ਵਿਸ਼ਾਲ ਮਾਂ ਭਗਵਤੀ ਜਾਗਰਣ ਦੀਆਂ ਤਿਆਰੀਆਂ ਮੁਕੰਮਲ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਪ੍ਰਧਾਨ ਕੌਂਸਲਰ ਹਰੀ ਕ੍ਰਿਸ਼ਨ ਸੈਣੀ ਦੀ ਅਗਵਾਈ ਅਤੇ ਗਿੰਨੀ ਅਰੋੜਾ ਦੀ ਦੇਖਰੇਖ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਮੂਹ ਕਲੱਬ ਮੈਂਬਰਾਂ ਨੇ ਭਾਗ ਲਿਆ। ਮਾਂ ਭਗਵਤੀ ਜਾਗਰਣ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਹਰੀ ਕ੍ਰਿਸ਼ਨ ਸੈਣੀ ਨੇ ਕਿਹਾ ਕਿ ਇਸ ਵਿਸ਼ਾਲ ਭਗਵਤੀ ਜਾਗਰਣ ਵਿੱਚ ਇੰਟਰਨੈਸ਼ਨਲ ਗਾਇਕ ਮਨੀ ਲਾਡਲਾ, ਇੰਟਰਨੈਸ਼ਨਲ ਗਾਇਕਾ ਸੰਜਨਾ ਭੋਲਾ ਅਤੇ ਪੰਜਾਬ ਦੇ ਪ੍ਰਸਿੱਧ ਗਾਇਕ ਟਿੰਕੂ ਸ਼ਹਿਜ਼ਾਦਾ ਆਪਣੇ ਭਜਨਾਂ ਰਾਹੀਂ ਮਾਂ ਭਗਵਤੀ ਦਾ ਗੁਣਗਾਨ ਕਰਕੇ ਸ਼ਰਧਾਲੂਆਂ ਨੂੰ ਮਾਂ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦੇਣਗੇ। ਉਨ੍ਹਾਂ ਕਿਹਾ ਕਿ ਇਸ ਜਾਗਰਣ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਉਣਗੇ। ਉਨ੍ਹਾਂ ਕਿਹਾ ਕਿ ਇਸ ਵਿਸ਼ਾਲ ਮਾਂ ਭਗਵਤੀ ਜਾਗਰਣ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਇਸ ਮੌਕੇ ਅਸ਼ੋਕ ਵਰਮਾ, ਗਿੰਨੀ ਅਰੋੜਾ, ਵਿੱਕੀ ਵਰਮਾ, ਬਲਜੀਤ ਰਾਏ, ਵਿਕਰਾਂਤ ਰਾਣਾ, ਅਰੁਣ ਟੰਡਨ, ਪਰਮੋਦ ਕਾਲੀਆ, ਗੁਲਸ਼ਨ ਭੱਟੀ, ਗੌਰਵ ਬੇਦੀ, ਜਤਿੰਦਰ ਸੈਣੀ, ਗਣੇਸ਼ ਵੈਦ, ਪ੍ਰਿੰਸ ਰਾਣਾ, ਮਨਿੰਦਰ, ਨਿਖਲੇਸ਼ ਜਸਰਾ, ਪ੍ਰਵੇਸ਼, ਮੋਹਨ ਸ਼ਰਮਾ, ਜਸਵਿੰਦਰ ਬਸਤੀ, ਮਨਦੀਪ ਸਿੰਘ ਸੈਣੀ, ਸੋਨੀ ਯੂ.ਐਸ.ਏ, ਪੰਡਿਤ ਰਾਮ ਜੀ ਅਤੇ ਹੋਰ ਹਾਜ਼ਰ ਸਨ।

## ਪ੍ਰਗਟ ਸਿੰਘ ਨੇ ਕੈਂਟ ਹਲਕੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਰਾਹਤ ਸਮੱਗਰੀ ਤੇ ਤਰਪਾਲਾਂ ਵੰਡੀਆਂ

**ਜਲੰਧਰ (ਸ਼ੈਲੀ ਐਲਬਰਟ)**- ਵਿਧਾਇਕ ਪਦਮਸ਼੍ਰੀ ਪ੍ਰਗਟ ਸਿੰਘ ਨੇ ਛੌਣ ਹਲਕੇ ਦੇ ਹੜ੍ਹ ਤੇ ਮੀਂਹ ਦੇ ਪਾਣੀ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਰਾਸ਼ਨ ਸਮੱਗਰੀ, ਤਰਪਾਲਾਂ ਅਤੇ ਜ਼ਰੂਰੀ ਸਮਾਨ ਵੰਡਿਆ। ਵਿਧਾਇਕ ਪ੍ਰਗਟ ਸਿੰਘ ਨੇ ਖੁਦ ਟਰੈਕਟਰ ਚਲਾ ਕੇ ਪਾਣੀ ਦੇ ਅੰਦਰ ਫਸੇ ਪਰਵਾਰਾਂ ਨੂੰ ਰਾਹਤ ਸਮੱਗਰੀ ਪਹੁੰਚਾਈ। ਉਨ੍ਹਾਂ ਨੇ ਵਧਦੇ ਪਾਣੀ ਦੇ ਪੱਧਰ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਇਲਾਕੇ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਚਿੱਟੀ ਵੇਈਂ ਵਿੱਚ ਪਾਣੀ ਦਾ ਪੱਧਰ ਵਧ ਰਿਹਾ ਹੈ। ਜਿਸ ਕਾਰਨ ਹੋਰ ਪਿੰਡਾਂ ਵਿੱਚ ਵੀ ਪਾਣੀ ਆਉਣ ਦਾ ਖ਼ਤਰਾ ਵਧ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਸ ਸੰਕਟ ਦੀ ਘੜੀ ਵਿੱਚ ਉਹ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ, ਭੋਜਨ, ਤਰਪਾਲਾਂ ਅਤੇ ਹੋਰ ਜ਼ਰੂਰੀ ਵਸਤੂਆਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਲੋਕਾਂ ਨੂੰ ਡਰਨ ਜਾਂ ਘਬਰਾਉਣ ਦੀ ਲੋੜ ਨਹੀਂ ਹੈ। ਉਹ ਖੁਰਲਾ ਕਿੰਗਰਾ, ਪਿੰਡ ਚਿੱਟਾਣੀ, ਪਿੰਡ ਦੀਵਾਲੀ, ਪਿੰਡ ਦਾਦੂਵਾਲ, ਪਿੰਡ ਚਾਚੋਵਾਲ, ਪਿੰਡ ਖੁਨ-ਖੁਨ ਅਤੇ ਹੋਰ ਪਿੰਡਾਂ ਵਿੱਚ ਗਏ ਅਤੇ ਵੱਡੇ ਪੱਧਰ ਤੇ ਰਾਹਤ ਸਮੱਗਰੀ ਵੰਡੀ ਅਤੇ ਲੋੜਵੰਦਾਂ ਨੂੰ ਤਰਪਾਲਾਂ ਵੀ ਦਿੱਤੀਆਂ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇਨ੍ਹਾਂ ਪਿੰਡਾਂ ਵਿੱਚ ਜ਼ਰੂਰੀ ਪ੍ਰਬੰਧ ਕਰਨ ਲਈ ਫ਼ੋਨ 'ਤੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਕਾਂਗਰਸੀ ਆਗੂ ਮਨਮੋਹਨ ਬੰਗਾ, ਅਨੁਰਾਧਾ ਬੰਗਾ, ਸੁਰਿੰਦਰ ਬੰਗਾ, ਪ੍ਰਤਾਪ ਚਾਹਲ, ਨਲਿਨ ਸ਼ਰਮਾ, ਪੁਰਸ਼ੋਤਮ ਦਾਦਰਾ ਅਤੇ ਹੋਰ ਆਗੂ ਮੌਜੂਦ ਸਨ।



## ਸੁਖਬੀਰ ਬਾਦਲ ਨੇ ਮੁਹਾਲੀ ਦੇ ਸਨਅਤਕਾਰਾਂ ਤੇ ਨਿਵੇਸ਼ਕਾਂ ਨਾਲ ਕੀਤੀ ਮੀਟਿੰਗ

**● ਹੜ੍ਹ ਪੀੜਤ ਖੇਤਰਾਂ ਲਈ 50 ਟਰੱਕ ਪਸ਼ੂਆਂ ਦਾ ਆਚਾਰ ਤੇ ਫ਼ੀਡ ਭੇਜਣ ਦਾ ਫੈਸਲਾ**

**ਐੱਸ ਏ ਐੱਸ ਨਗਰ (ਮੁਹਾਲੀ) (ਗੁਰਜੀਤ ਬਿੱਲਾ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁਹਾਲੀ ਦੇ ਫੇਜ਼ ਸੱਤ ਦੇ ਸਨਅਤੀ ਖੇਤਰ ਵਿਖੇ ਸਨਅਤਕਾਰਾਂ ਨਾਲ ਅਤੇ ਸੈਕਟਰ 78 ਵਿਖੇ ਰੀਅਲ ਅਸਟੇਟ ਦੇ ਕਾਰੋਬਾਰੀਆਂ ਅਤੇ ਨਿਵੇਸ਼ਕਾਂ ਨਾਲ ਮੀਟਿੰਗ ਕੀਤੀ। ਦੋਹਾਂ ਥਾਵਾਂ ਉੱਤੇ ਸਨਅਤਕਾਰਾਂ ਅਤੇ ਨਿਵੇਸ਼ਕਾਂ ਵੱਲੋਂ ਸੁਖਬੀਰ ਬਾਦਲ ਦੀ ਪ੍ਰੇਰਨਾ ਉੱਤੇ ਹੜ ਪੀੜਤ ਖੇਤਰਾਂ ਵਿਖੇ ਪਸ਼ੂਆਂ ਲਈ 50 ਟਰੱਕ ਫੀਡ ਅਤੇ ਪਸ਼ੂ ਆਚਾਰ ਭੇਜਣ ਦਾ ਫੈਸਲਾ ਕੀਤਾ। ਇਨ੍ਹਾਂ ਵਸਤਾਂ ਉੱਤੇ ਪੰਜਾਹ ਲੱਖ ਦੇ ਕਰੀਬ ਰਾਸ਼ੀ ਖਰਚ ਹੋਵੇਗੀ, ਜਿਹੜੀ ਕਿ ਸਨਅਤਕਾਰ ਅਤੇ ਕਾਰੋਬਾਰੀ ਅਦਾ ਕਰਨਗੇ। ਸੁਖਬੀਰ ਬਾਦਲ ਨੇ ਇਨ੍ਹਾਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਸਥਿਤੀ ਅਤੇ ਲੋਕਾਂ ਦੇ ਦਰਦ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਵਰਕਰਾਂ ਨਾਲ ਉਹ ਪਹਿਲੇ ਦਿਨ ਤੋਂ ਹੜ੍ਹ ਪੀੜਤਾਂ ਖੇਤਰਾਂ ਵਿਚ ਵਿਚਰ ਰਹੇ ਹਨ।ਲੋਕਾਂ ਨੂੰ ਲੋੜ ਅਨੁਸਾਰ ਰਸਦਾਂ ਅਤੇ ਵਸਤਾਂ ਮੁਹੱਈਆ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਪਸ਼ੂਆਂ ਲਈ ਚਾਰੇ ਦੀ ਬਹੁਤ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿਹਾ ਕਿ ਅਕਾਲੀ ਦਲ ਵੱਲੋਂ ਜਲੰਧਰ ਵਿਖੇ ਬਾਕਾਇਦਾ ਰਾਹਤ ਕੈਂਪ ਚਾਲੂ ਕਰਕੇ ਲੋਕਾਂ ਦੀ ਮੰਗ ਦੀ ਪੂਰਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਪੰਜਾਬ ਵਿੱਚੋਂ ਅਕਾਲੀ ਵਰਕਰ ਰਾਹਤ ਸਮੱਗਰੀ ਭੇਜ ਰਹੇ ਹਨ।ਇਸ ਮੌਕੇ ਅਕਾਲੀ ਦਲ ਦੇ ਜਨਰਲ ਸਕੱਤਰ ਡਾ ਦਲਜੀਤ ਸਿੰਘ ਚੀਮਾ, ਮੁਹਾਲੀ ਜ਼ਿਲ੍ਹੇ ਦੇ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ, ਤੇਜਿੰਦਰ ਸਿੰਘ ਮਿੱਡੂਖੇੜਾ, ਪ੍ਰਿਥੀਪਾਲ ਸਿੰਘ ਬੋਲਪਾਰਾਏ, ਗੁਰਮੀਤ ਸਿੰਘ ਭਾਟੀਆ, ਡਾ ਕਰਨਪ੍ਰੀਤ ਸਿੰਘ ,ਹਰਜੀਤ ਸਿੰਘ ਜਗਦੀਪ ਸਿੰਘ ,ਇਕਬਾਲ ਸਿੰਘ , ਜਸਦੀਪ ਸਿੰਘ ਬਰਾੜ, ਮਨਵੀਰ ਸਿੰਘ ਸਿੱਧੂ, ਜਸਪ੍ਰੀਤ ਸਿੰਘ ਸੋਨੀ ਬੜੀ, ਰਮਨਦੀਪ ਸਿੰਘ ਬਾਵਾ, ਹਰਪ੍ਰੀਤ ਸਿੰਘ ਡਡਵਾਲ, ਸਰਬਜੀਤ ਸਿੰਘ ਪਾਰਸ, ਸੁਖਵਿੰਦਰ ਸਿੰਘ ਛਿੰਦੀ,ਜਸਬੀਰ ਸਿੰਘ ਜੱਸਾ, ਹਰਮਨਪ੍ਰੀਤ ਸਿੰਘ ਪ੍ਰਿੰਸ,ਕਰਮ ਸਿੰਘ ਬੱਬਰਾਂ, ਮਨਜੀਤ ਸਿੰਘ ਮਾਨ,ਪ੍ਰਦੀਪ ਭਾਰਜ ਆਦਿ ਹਾਜ਼ਰ ਸਨ।



## ਐੱਚ ਡੀ ਐੱਫ ਸੀ ਬੈਂਕ ਨੇ ਕਿਊਐਨਯੂ ਲੈਬਜ਼ ਵਿੱਚ ਨਿਵੇਸ਼ ਦਾ ਕੀਤਾ ਐਲਾਨ

**ਜਲੰਧਰ** - ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ, ਐੱਚ ਡੀ ਐੱਫ ਸੀ ਬੈਂਕ ਨੇ ਕਿਊ ਐ ਨਯੂ ਲੈਬਜ਼ ਵਿੱਚ ਨਿਵੇਸ਼ ਦਾ ਐਲਾਨ ਕੀਤਾ । ਐੱਚ ਡੀ ਐੱਫ ਸੀ ਬੈਂਕ ਦੇ ਖਜ਼ਾਨਾ ਵਿਭਾਗ ਦੇ ਸਮੂਹ ਮੁਖੀ, ਅਰੂਪ ਰਕਸ਼ਿਤ ਨੇ ਕਿਹਾ, ਕਿਊ ਐਨ ਯੂ ਵਿੱਚ ਨਿਵੇਸ਼ ਸਾਨੂੰ ਇੱਕ ਸਵਦੇਸ਼ੀ ਅਤੇ ਭਵਿੱਖ ਲਈ ਤਿਆਰ ਨਵੀਨਤਾ ਦਾ ਸਮਰਥਨ ਕਰਨ ਦਾ ਮੌਕਾ ਦਿੰਦਾ ਹੈ। ਕੁਆਂਟਮ ਸਾਈਬਰ ਸੁਰੱਖਿਆ ਸਪੇਸ ਵਿੱਚ ਕਿਰਿਆਸ਼ੀਲ ਹੱਲ ਵਿਕਸਤ ਕਰਕੇ, ਕਿਊਐਨਯੂ ਲੈਬਜ਼ ਆਪਣੇ ਕੁਆਂਟਮ-ਸੁਰੱਖਿਅਤ ਸੰਚਾਰ ਨੈਟਵਰਕ ਨਾਲ ਵਿੱਤੀ ਖੇਤਰ ਵਿੱਚ ਇੱਕ ਕੀਮਤੀ ਯੋਗਦਾਨ ਪਾਉਂਦੀ ਹੈ। ਸੁਨੀਲ ਗੁਪਤਾ, ਸੀ ਈ ਓ, ਕਿਊ ਐਨ ਯੂ ਲੈਬਜ਼ ਨੇ ਕਿਹਾ, "ਅਸੀਂ ਐੱਚ.ਡੀ.ਐੱਫ.ਸੀ. ਬੈਂਕ ਨਾਲ ਆਪਣੀ ਸੀਰੀਜ਼ ਏ ਫੰਡਿੰਗ ਨੂੰ ਬੰਦ ਕਰ ਕੇ ਬਹੁਤ ਖੁਸ਼ ਹਾਂ। ਇਹ ਰਣਨੀਤਕ ਮੀਲ ਪੱਥਰ ਰਵਾਇਤੀ ਅਤੇ ਵਿਰਾਸਤੀ ਏ ਆਈ -ਅਧਾਰਿਤ ਸੁਰੱਖਿਆ ਤਰੀਕਿਆਂ ਉੱਤੇ ਕੁਆਂਟਮ ਭੌਤਿਕ ਵਿਗਿਆਨ ਦਾ ਲਾਭ ਉਠਾਉਣ ਦੇ ਸਾਡੇ ਵਿਘਨਕਾਰੀ ਦ੍ਰਿਸ਼ਟੀਕੋਣ ਨੂੰ ਪ੍ਰਮਾਣਿਤ ਕਰਦਾ ਹੈ।"


ਜਗਦੀਪ ਸਿੱਧੂ ਦੀਆਂ ਨਵੀਆਂ ਕਵਿਤਾਵਾਂ
(ਆਖ਼ਰੀ ਤੋਂ ਪਹਿਲੇ ਸਫ਼ੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਵੇਚੇ, ਵੱਢੇ, ਸਾੜੇ, ਵਾਹੇ,
ਸੁੱਕਦੇ, ਘਟਦੇ, ਮੁੱਕਦੇ ਜਾਂਦੇ
ਸ਼ੀਸ਼ੇ ਦੇ ਦਫ਼ਤਰ ਵਿੱਚ ਬੈਠੇ
'ਜੰਗਲ' ਬਾਰੇ ਬੋਲ ਰਹੇ ਨੇ।
- ਅਨੀ ਕਾਠਗੜ੍ਹ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 7 ਸਤੰਬਰ 2025 www.nawanzamana.in ਕੀਮਤ 5.00 ਰੁਪਏ


# ਸਿਰੜੀ ਤੇ ਪ੍ਰਤੀਬੱਧ ਕਮਿਊਨਿਸਟ ਆਗੂ-ਐੱਸ ਜੀ ਸਰਦੇਸਾਈ

CENTENARY OF STRUGGLES & SACRIFICES


ਅਨਿਲ ਰਾਜ਼ੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ


ਸ੍ਰੀਨਿਵਾਸ ਗਣੇਸ਼ ਸਰਦੇਸਾਈ ਦਾ ਜਨਮ 3 ਮਈ 1907 ਨੂੰ ਸ਼ੋਲਾਪੁਰ (ਮਹਾਰਾਸ਼ਟਰ) ਵਿੱਚ ਹੋਇਆ ਸੀ। ਉਹ ਪ੍ਰਸਿੱਧ ਇਤਿਹਾਸਕਾਰ ਜੀ.ਐੱਸ. ਸਰਦੇਸਾਈ ਦੇ ਭਤੀਜੇ ਸਨ। ਉਨ੍ਹਾਂ ਦੀ ਮਾਂ ਦਾ ਦੇਹਾਂਤ ਉਦੋਂ ਹੋਇਆ, ਜਦੋਂ ਉਹ ਸਿਰਫ਼ 4 ਸਾਲ ਦੇ ਸਨ। ਸਰਦੇਸਾਈ ਕਿਰਲੋਸਕਰ ਦੇ ਪ੍ਰਸਿੱਧ ਸਾਹਿਤਕ ਅਤੇ ਉਦਯੋਗਪਤੀ ਪਰਵਾਰ ਨਾਲ ਸੰਬੰਧਤ ਸਨ।

ਐੱਸ.ਜੀ. ਸਰਦੇਸਾਈ ਨੂੰ 1920 ਵਿੱਚ ਸਿਰਫ਼ 13 ਸਾਲ ਦੀ ਉਮਰ ਵਿੱਚ ਬੜੌਦਾ ਹਾਈ ਸਕੂਲ ਵਿੱਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਨੂੰ ਨਾਬਾਲਗ ਹੋਣ ਕਰਕੇ ਮੈਟ੍ਰਿਕ ਦੀ ਪ੍ਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਨਹੀਂ ਸੀ! ਉਹ ਅਗਲੇ ਸਾਲ 1923 ਵਿੱਚ ਹੀ ਬੈਠ ਸਕੇ। ਉਨ੍ਹਾਂ ਦੇ ਚਾਚਾ ਜੀ.ਐੱਸ. ਸਰਦੇਸਾਈ ਰਾਜ ਕੁਮਾਰ ਪ੍ਰਤਾਪ ਅਤੇ ਗਾਇਕਵਾੜ ਪਰਵਾਰ ਦੇ ਹੋਰ ਮੈਂਬਰਾਂ ਦੇ ਅਧਿਆਪਕ ਸਨ। ਇਸ ਤਰ੍ਹਾਂ ਸ੍ਰੀਨਿਵਾਸ ਨੂੰ ਸ਼ਾਹੀ ਪਰਵਾਰ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲਿਆ।

ਸ੍ਰੀਨਿਵਾਸ ਨੂੰ 1923 ਵਿੱਚ ਸਾਂਗਲੀ ਕਾਲਜ ਵਿੱਚ ਦਾਖਲਾ ਮਿਲਿਆ। ਉੱਥੇ ਉਨ੍ਹਾਂ ਨੇ ਅੰਗਰੇਜ਼ੀ, ਸੰਸਕ੍ਰਿਤ, ਭੌਤਿਕ ਵਿਗਿਆਨ ਅਤੇ ਗਣਿਤ ਦੀ ਪੜ੍ਹਾਈ ਕੀਤੀ, ਪਰ ਉਨ੍ਹਾਂ ਨੂੰ ਵਿਸ਼ੇ ਆਪਣੀ ਪਸੰਦ ਦੇ ਨਹੀਂ ਸਨ ਮਿਲੇ, ਇਸ ਲਈ ਉਨ੍ਹਾਂ ਨੇ ਬੰਬੇ ਦੇ ਕਾਲਜ ਆਫ਼ ਕਾਮਰਸ ਵਿੱਚ ਵਣਜ, ਅਰਥ ਸ਼ਾਸਤਰ, ਅੰਗਰੇਜ਼ੀ ਆਦਿ ਵਿਸ਼ੇ ਲਏ। ਇਸ ਦੇ ਨਾਲ ਹੀ ਉਹਨਾਂ ਨੇ ਭਾਰਤੀ ਦਰਸ਼ਨ, ਸਵਾਮੀ ਵਿਵੇਕਾਨੰਦ, ਰਾਮਤੀਰਥ ਅਤੇ ਹੋਰਾਂ ਵਿੱਚ ਬਹੁਤ ਦਿਲਚਸਪੀ ਲਈ। ਉਹ ਕਾਲਜ ਵਿੱਚ ਬਹਿਸਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਸਨ ਅਤੇ ਉਹਨਾਂ ਨੇ ਕਾਲਜ ਮੈਗਜ਼ੀਨ ਦਾ ਸੰਪਾਦਨ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਨੂੰ ਪ੍ਰੋਫੈਸਰ ਪੀ.ਏ ਵਾਡੀਆ ਅਤੇ ਬੀ.ਟੀ ਸ਼ਾਹ ਵਰਗੇ ਵਿਦਵਾਨਾਂ ਦੇ ਭਾਸ਼ਣ ਸੁਣਨ ਦਾ ਮੌਕਾ ਮਿਲਿਆ। ਉਹਨਾਂ ਨੂੰ ਮਸ਼ਹੂਰ ਬ੍ਰਿਟਿਸ਼ ਕਮਿਊਨਿਸਟ ਸ਼ਾਪੁਰਜੀ ਸਕਲਤਵਾਲਾ ਦੇ ਭਾਸ਼ਣ ਸੁਣਨ ਦਾ ਵੀ ਮੌਕਾ ਮਿਲਿਆ। ਉਹ 1927 ਵਿੱਚ ਐੱਮ.ਕਾਮ ਦੀ ਪੜ੍ਹਾਈ ਕਰਨ ਲਈ ਇਲਾਹਾਬਾਦ ਯੂਨੀਵਰਸਿਟੀ ਗਏ। ਬੰਬਈ ਵਿੱਚ ਸਿਡਨਹੈਮ ਕਾਲਜ ਦੇ ਪ੍ਰਿੰਸੀਪਲ ਨੇ ਭਾਰਤ ਸਰਕਾਰ ਦੀ ਸੇਵਾ ਲਈ ਉਹਨਾਂ ਦੇ ਨਾਂਅ ਦੀ ਸਿਫ਼ਾਰਸ਼ ਕਰਨ ਦੀ ਪੇਸ਼ਕਸ਼ ਕੀਤੀ ਪਰ ਸ੍ਰੀਨਿਵਾਸ ਨੇ ਨਿਮਰਤਾ ਸਹਿਤ ਇਨਕਾਰ ਕਰ ਦਿੱਤਾ।

**ਰਾਜਨੀਤੀ ਵਿੱਚ**

ਇਲਾਹਾਬਾਦ ਵਿੱਚ ਇੱਕ ਘਟਨਾ ਨੇ ਉਨ੍ਹਾਂ ਦੇ ਜੀਵਨ ਵਿੱਚ ਬਦਲਾਅ ਲਿਆਂਦਾ। ਲਾਰਡ ਬਿਰਕਨਹੈੱਡ ਉਸ ਸਮੇਂ ਭਾਰਤ ਆਏ ਸਨ। ਉਨ੍ਹਾਂ ਕਿਹਾ ਕਿ ਭਾਰਤੀ ਲੋਕ ਆਪਣਾ ਸੰਵਿਧਾਨ ਤਿਆਰ ਕਰਨਾ ਵੀ ਨਹੀਂ ਜਾਣਦੇ ਸਨ। ਫਿਰ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਇੱਕ ਸੰਵਿਧਾਨ ਕਮੇਟੀ ਬਣਾਈ ਗਈ। ਸਰ ਤੇਜ ਬਹਾਦਰ ਸਪਰੂ ਨੂੰ ਇੱਕ ਖਰੜਾ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ। ਉਨ੍ਹਾਂ ਨੂੰ ਇੱਕ ਸਹਾਇਕ ਦੀ ਲੋੜ ਸੀ। ਉਸ ਸਮੇਂ ਸਰਦੇਸਾਈ ਆਪਣੇ ਐੱਮ.ਕਾਮ. ਥੀਸਿਸ 'ਤੇ ਕੰਮ ਕਰ ਰਹੇ ਸਨ। ਉਨ੍ਹਾਂ ਨੂੰ ਪੰਡਿਤ ਕੁੰਜਰੂ ਨੇ ਇਹ ਅਹੁਦਾ ਸੰਭਾਲਣ ਲਈ ਕਿਹਾ । ਸਰਦੇਸਾਈ ਨੇ 1928 ਤੋਂ ਆਨੰਦ ਭਵਨ ਤੋਂ ਸਪਰੂ ਦੇ ਸਹਾਇਕ ਵਜੋਂ ਕੰਮ ਕਰਨਾ ਸ਼ੁਰੂ ਕੀਤਾ। ਇਹ ਨਹਿਰੂ ਪਰਵਾਰ ਦਾ ਨਿਵਾਸ ਸਥਾਨ ਸੀ। ਇਸ ਨਾਲ ਸਰਦੇਸਾਈ ਦੇ ਜੀਵਨ ਦੀ ਦਿਸ਼ਾ ਬਦਲ ਗਈ।

ਪੰਡਿਤ ਮੋਤੀ ਲਾਲ ਨਹਿਰੂ ਕਹਿੰਦੇ ਸਨ ਕਿ ਸਰਦੇਸਾਈ ਹਮੇਸ਼ਾ ਕੰਮ ਵਿੱਚ ਰੁੱਝੇ ਹੋਏ ਦਿਖਾਈ ਦਿੰਦੇ ਹਨ । ਸਰਦੇਸਾਈ ਮੀਟਿੰਗਾਂ ਲਈ ਨੋਟਸ ਤਿਆਰ ਕਰਦੇ ਸਨ। ਉਨ੍ਹਾਂ ਨੇ ਬ੍ਰਿਟਿਸ਼ ਸੰਵਿਧਾਨ ਦਾ ਵਿਸਥਾਰ ਨਾਲ ਅਧਿਐਨ ਕੀਤਾ ਅਤੇ ਹੋਰ ਸੰਵਿਧਾਨਾਂ ਦਾ ਵੀ। ਮੋਤੀ ਲਾਲ ਨਹਿਰੂ ਅਤੇ ਸਪਰੂ ਭਾਰਤੀ ਸੰਵਿਧਾਨ ਦੇ ਖਰੜੇ ਦੇ ਮੁੱਖ ਲੇਖਕ ਸਨ। ਸਰਦੇਸਾਈ ਨੂੰ ਮੌਲਾਨਾ ਆਜ਼ਾਦ ਅਤੇ ਹੋਰਾਂ ਦੇ ਵਿਚਾਰ ਸੁਣਨ ਦਾ ਮੌਕਾ ਮਿਲਿਆ।

ਇਸ ਦੌਰਾਨ ਸਰਦੇਸਾਈ ਦੀ ਜਾਣ-ਪਛਾਣ ਜਵਾਹਰ ਲਾਲ ਨਹਿਰੂ ਅਤੇ ਪੀ.ਸੀ. ਜੋਸ਼ੀ ਨਾਲ ਹੋਈ। ਨਹਿਰੂ ਉਦੋਂ ਹੀ ਸੋਵੀਅਤ ਯੂਨੀਅਨ ਤੋਂ ਵਾਪਸ ਆਏ ਸਨ ਅਤੇ ਉੱਥੇ ਸਮਾਜਵਾਦ ਤੋਂ ਬਹੁਤ ਪ੍ਰਭਾਵਿਤ ਹੋਏ ਸਨ। ਉਹ 1929 ਵਿੱਚ ਬ੍ਰਸੇਲਜ਼ ਵਿੱਚ ਲੀਗ ਅਗੇਂਸਟ ਇੰਪੀਰੀਅਲਿਜ਼ਮ ਦੀ ਕਾਂਗਰਸ ਵਿੱਚ ਵੀ ਸ਼ਾਮਲ ਹੋਏ ਸਨ। ਸਰਦੇਸਾਈ ਦੱਸਦੇ ਹਨ ਕਿ ਨਹਿਰੂ ਨੇ ਸਰਦੇਸਾਈ ਨੂੰ ਬਹੁਤ ਸਾਰਾ ਮਾਰਕਸਵਾਦੀ ਸਾਹਿਤ ਦਿੱਤਾ, ਜਿਸ ਵਿੱਚ ਕਮਿਊਨਿਸਟ ਮੈਨੀਫੈਸਟੋ, ਸਟੇਟ ਐਂਡ ਰੈਵੋਲਿਊਸ਼ਨ, ਬੁਖਾਰਿਨ ਦਾ ਇਤਿਹਾਸਕ ਭੌਤਿਕਵਾਦ ਆਦਿ ਸ਼ਾਮਲ ਸਨ।

ਸਰਦੇਸਾਈ ਇਲਾਹਾਬਾਦ ਦੇ ਹਾਲੈਂਡ ਹਾਲ ਹੋਸਟਲ ਵਿੱਚ ਪੀ.ਸੀ. ਜੋਸ਼ੀ ਨੂੰ ਮਿਲੇ। ਜੋਸ਼ੀ ਨੇ ਉੱਥੇ ਇੱਕ ਮਾਰਕਸਵਾਦੀ ਅਧਿਐਨ ਸਰਕਲ ਬਣਾਇਆ ਸੀ। ਜੋਸ਼ੀ ਨੂੰ ਮੇਰਠ ਸਾਜ਼ਿਸ਼ ਕੇਸ (1929-33) ਵਿੱਚ ਗ੍ਰਿਫਤਾਰ ਕੀਤਾ ਗਿਆ । ਸਰਦੇਸਾਈ ਨੇ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ। ਬਾਅਦ ਵਿੱਚ ਸਰਦੇਸਾਈ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਣ ਅਤੇ ਇੱਕ ਕੁੱਲਵਕਤੀ ਬਣਨ ਬਾਰੇ ਸੋਚਣ ਲੱਗੇ। ਉਹਨਾਂ ਨੇ ਸਪਰੂ ਅਤੇ ਹੋਰਾਂ ਨੂੰ ਆਪਣਾ ਮਨ ਦੱਸਿਆ, ਜਿਨ੍ਹਾਂ ਨੇ ਉਹਨਾਂ ਨੂੰ ਧਿਆਨ ਨਾਲ ਵਿਚਾਰ ਕਰਨ ਤੋਂ ਬਾਅਦ ਕੋਈ ਵੀ ਫ਼ੈਸਲਾ ਲੈਣ ਲਈ ਕਿਹਾ। ਉਹਨਾਂ ਨੂੰ ਕਿਰਲੋਸਕਰ ਬ੍ਰਦਰਜ਼ ਅਤੇ ਅਖ਼ਬਾਰਾਂ ਵਿੱਚ ਕੰਮ ਕਰਨ ਦੀਆਂ ਪੇਸ਼ਕਸ਼ਾਂ ਵੀ ਮਿਲੀਆਂ, ਪਰ ਸਰਦੇਸਾਈ ਨੇ ਵਣਜ ਵਿੱਚ ਆਪਣੀ ਖੋਜ ਪੂਰੀ ਨਹੀਂ ਕੀਤੀ ਅਤੇ ਪਾਰਟੀ ਦੇ ਕੰਮ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋ ਗਏ।

**ਬੰਬਈ ਵਿੱਚ**

ਐੱਮ.ਕਾਮ ਛੱਡਣ ਅਤੇ ਪੀ.ਸੀ. ਜੋਸ਼ੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਰਦੇਸਾਈ ਬੰਬਈ ਚਲੇ ਗਏ। ਉੱਥੇ ਉਨ੍ਹਾਂ ਨੇ 1929 ਤੋਂ ਦਾ ਗਰੇਟ ਇੰਡੀਅਨ ਪੈਨਿਨਸੁਲਰ (ਜੀ ਆਈ ਪੀ) ਰੇਲਵੇ ਵਰਕਰਜ਼ ਯੂਨੀਅਨ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹ ਐੱਸ.ਵੀ ਦੇਸ਼ਪਾਂਡੇ ਅਤੇ ਬੀ.ਟੀ ਰਣਦੀਵੇ ਦੇ ਸੰਪਰਕ ਵਿੱਚ ਆਏ। ਜੀ ਆਈ ਪੀ ਰੇਲਵੇ ਵਰਕਰ 1930 ਵਿੱਚ ਹੜਤਾਲ 'ਤੇ ਚਲੇ ਗਏ। ਸਰਦੇਸਾਈ ਨੂੰ ਉਨ੍ਹਾਂ ਨੂੰ ਸੰਗਠਿਤ ਕਰਨ ਲਈ ਮਨਮਾੜ ਭੇਜਿਆ ਗਿਆ। ਉਨ੍ਹਾਂ ਨੂੰ ਪੁਲਸ ਅਤੇ ਪ੍ਰਸ਼ਾਸਨ ਦੇ ਬਹੁਤ ਸਾਰੇ ਦਮਨ ਦਾ ਸਾਹਮਣਾ ਕਰਨਾ ਪਿਆ।ਉਹ ਬੰਬਈ ਵਾਪਸ ਆ ਗਏ। ਇਹ ਉਹ ਸਮਾਂ ਸੀ ਜਦੋਂ ਨਮਕ ਸੱਤਿਆਗ੍ਰਹਿ ਚੱਲ ਰਿਹਾ ਸੀ। ਸਰਦੇਸਾਈ ਇਸ ਵਿੱਚ ਸ਼ਾਮਲ ਹੋਣਾ ਚਾਹੁੰਦੇ ਸਨ, ਪਰ ਦੂਸਰੇ ਸਹਿਮਤ ਨਹੀਂ ਸਨ, ਜਿਸ ਨੂੰ ਉਹ ਸਮਝ ਨਹੀਂ ਸਕੇ। ਫਿਰ ਵੀ ਸਰਦੇਸਾਈ ਡਾਂਡੀ ਮਾਰਚ ਅਤੇ ਗਾਂਧੀ ਜੀ ਦੀ ਅਗਵਾਈ ਵਾਲੇ ਅੰਦੋਲਨਾਂ ਵਿੱਚ ਸ਼ਾਮਲ ਹੋ ਗਏ। ਉਹ ਅਹਿਮਦਨਗਰ ਵਿੱਚ ਜੰਗਲ ਸੱਤਿਆਗ੍ਰਹਿ ਵਿੱਚ ਸ਼ਾਮਲ ਹੋ ਗਏ ਅਤੇ ਉਨ੍ਹਾਂ ਨੂੰ ਯਰਵਦਾ ਅਤੇ ਨਾਸਿਕ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ। ਗਾਂਧੀ-ਇਰਵਿਨ ਸਮਝੌਤੇ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਸਰਦੇਸਾਈ ਨੇ ਰੇਲਵੇ ਵਰਕਰ (ਅੰਗਰੇਜ਼ੀ) ਅਤੇ ਰੇਲਵੇ ਮਜ਼ਦੂਰ (ਹਿੰਦੀ) ਰਸਾਲਿਆਂ ਦਾ ਸੰਪਾਦਨ ਕੀਤਾ।

ਫਿਰ ਉਹ ਕਾਨਪੁਰ ਚਲੇ ਗਏ, ਜਿੱਥੇ ਉਨ੍ਹਾਂ ਨੂੰ 1932 ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਉਹ ਜੇਲ੍ਹ ਵਿੱਚ ਅਜੋਏ ਘੋਸ਼ ਨੂੰ ਮਿਲੇ। ਸਰਦੇਸਾਈ ਨੇ ਅਜੋਏ ਘੋਸ਼ ਦੇ ਕਮਿਊਨਿਸਟ ਅੰਦੋਲਨ ਬਾਰੇ ਬਹੁਤ ਕੁਝ ਦੱਸਿਆ। ਰਿਹਾਈ ਤੋਂ ਬਾਅਦ ਸਰਦੇਸਾਈ ਬੰਬਈ ਵਾਪਸ ਆਏ ਅਤੇ ਲੋਕਾਂ ਦੇ ਉੱਭਰ ਰਹੇ ਅਤੇ ਕਮਿਊਨਿਸਟ ਅੰਦੋਲਨਾਂ ਵਿੱਚ ਸਰਗਰਮ ਹੋਣ ਲੱਗੇ।1934 ਵਿੱਚ ਇੱਕ ਲੰਬੀ ਹੜਤਾਲ ਦੌਰਾਨ ਉਹਨਾਂ ਨੂੰ ਦੁਬਾਰਾ ਗ੍ਰਿਫ਼ਤਾਰ ਕੀਤਾ ਗਿਆ ਅਤੇ ਦੋ ਸਾਲ ਜੇਲ੍ਹ ਵਿੱਚ ਰਹੇ। ਉਹਨਾਂ ਨੇ ਮਾਰਕਸਵਾਦੀ ਸਾਹਿਤ ਦਾ ਬਹੁਤ ਅਧਿਐਨ ਕੀਤਾ ਅਤੇ ਬਹੁਤ ਸਾਰੇ ਮਾਰਕਸਵਾਦੀ ਸਾਹਿਤ ਦਾ ਮਰਾਠੀ ਵਿੱਚ ਅਨੁਵਾਦ ਕੀਤਾ।



ਰਿਹਾਈ ਤੋਂ ਬਾਅਦ ਉਹਨਾਂ ਨੂੰ ਕਾਂਗਰਸ ਸੋਸ਼ਲਿਸਟ ਪਾਰਟੀ (ਸੀ ਐੱਸ ਪੀ) ਨਾਲ ਸੰਪਰਕ ਕਰਨ ਲਈ ਕਿਹਾ ਗਿਆ। ਇਸ ਦੌਰਾਨ ਉਹਨਾਂ ਨੂੰ ਕੌਂਸਲ ਚੋਣਾਂ ਦਾ ਆਯੋਜਨ ਕਰਨ ਲਈ ਸੋਲਾਪੁਰ ਭੇਜਿਆ ਗਿਆ। ਪੁਲਸ ਦਮਨ ਦੇ ਬਾਵਜੂਦ ਪਾਰਟੀ ਉਮੀਦਵਾਰ ਨੇ ਜਿੱਤ ਪ੍ਰਾਪਤ ਕੀਤੀ। ਸਰਦੇਸਾਈ ਨੇ ਸੋਲਾਪੁਰ ਵਿੱਚ ਕਾਫ਼ੀ ਸਮਾਂ ਕੰਮ ਕੀਤਾ। ਉੱਥੇ ਵੱਡੀ ਗਿਣਤੀ ਵਿੱਚ ਬੀੜੀ ਮਜ਼ਦੂਰ ਸਨ, ਜਿਨ੍ਹਾਂ ਵਿੱਚੋਂ ਲੱਗਭੱਗ ਅੱਧੀਆਂ ਔਰਤਾਂ ਸਨ। ਸਰਦੇਸਾਈ ਦੀ ਛੋਟੀ ਭੈਣ ਮੀਨਾਕਸ਼ੀ ਵੀ ਉਨ੍ਹਾਂ ਵਿੱਚ ਕੰਮ ਕਰਦੀ ਸੀ।

ਸੋਲਾਪੁਰ ਵਿੱਚ ਸਰਦੇਸਾਈ ਇੱਕ ਮਰਾਠੀ ਰਸਾਲਾ 'ਏਕਜੂਤ' ('ਸੰਯੁਕਤ') ਵੀ ਕੱਢਦੇ ਸਨ। ਉਹਨਾਂ ਨੂੰ ਦੁਬਾਰਾ ਗ੍ਰਿਫਤਾਰ ਕੀਤਾ ਗਿਆ ਅਤੇ ਬੀਜਾਪੁਰ ਅਤੇ ਯਰਵਦਾ ਜੇਲ੍ਹਾਂ ਵਿੱਚ ਰੱਖਿਆ ਗਿਆ। ਨਵੰਬਰ 1938 ਵਿੱਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਰਿਹਾਈ ਤੋਂ ਬਾਅਦ ਸਰਦੇਸਾਈ ਨੂੰ ਬੰਬਈ ਪ੍ਰਦੇਸ਼ ਕਾਂਗਰਸ ਕਮੇਟੀ ਦਾ ਮੈਂਬਰ ਚੁਣਿਆ ਗਿਆ ਅਤੇ ਏ ਆਈ ਸੀ ਸੀ ਦਾ ਮੈਂਬਰ ਵੀ ਚੁਣਿਆ ਗਿਆ। ਉਹ ਭਾਰਤੀ ਰਾਸ਼ਟਰੀ ਕਾਂਗਰਸ ਦੇ ਤ੍ਰਿਪੁਰੀ (1939) ਅਤੇ ਕਲਕੱਤਾ ਸੈਸ਼ਨਾਂ ਵਿੱਚ ਸ਼ਾਮਲ ਹੋਏ। ਉਨ੍ਹਾਂ ਨੇ ਬਹੁਤ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ, ਜਿਨ੍ਹਾਂ ਦੀ ਸਾਰਿਆਂ ਨੇ ਸ਼ਲਾਘਾ ਕੀਤੀ।

ਦੂਜੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਤੋਂ ਬਾਅਦ ਉਹ ਅਕਤੂਬਰ 1939 ਵਿੱਚ ਰੂਪੋਸ਼ ਹੋ ਗਏ। ਉਹ 1940 ਵਿੱਚ ਸੋਲਾਪੁਰ ਵਿੱਚ ਮਹਿੰਗਾਈ ਭੱਤੇ ਲਈ ਸੰਘਰਸ਼ ਵਿੱਚ ਸਰਗਰਮ ਸਨ, ਪਰ ਉਨ੍ਹਾਂ ਨੂੰ ਨਵੰਬਰ 1940 ਵਿੱਚ ਦੁਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਨਾਸਿਕ ਜੇਲ੍ਹ ਵਿੱਚ ਰੱਖਿਆ ਗਿਆ। ਉਨ੍ਹਾਂ ਨੂੰ ਜੁਲਾਈ 1942 ਵਿੱਚ ਹੀ ਰਿਹਾਅ ਕੀਤਾ ਗਿਆ।

ਉਨ੍ਹਾਂ ਨੇ ਅਗਸਤ 1942 ਵਿੱਚ ਬੰਬਈ ਵਿੱਚ ਹੋਈ ਏ ਆਈ ਸੀ ਸੀ ਦੀ ਮੀਟਿੰਗ ਵਿੱਚ ਕਮਿਊਨਿਸਟ ਸਮੂਹ ਦੇ ਨੇਤਾ ਵਜੋਂ ਹਿੱਸਾ ਲਿਆ।ਸਤੰਬਰ 1942 ਵਿੱਚ ਉਨ੍ਹਾਂ ਨੂੰ ਪਾਰਟੀ ਕੇਂਦਰ ਤੋਂ ਕੰਮ ਕਰਨ ਲਈ ਕਿਹਾ ਗਿਆ। ਉਹ ਯੂਪੀ, ਬਿਹਾਰ ਅਤੇ ਹੋਰ ਰਾਜਾਂ ਵਿੱਚ ਵੀ ਗਏ, ਜਿਸ ਵਿੱਚ ਪਾਰਟੀ ਸਿੱਖਿਆ ਕਾਰਜ ਵੀ ਸ਼ਾਮਲ ਸੀ। ਉਨ੍ਹਾਂ ਨੇ ਬਿਹਾਰ ਦੇ ਲਖੀਸਰਾਏ ਦੇ ਪਿੰਡਾਂ ਦਾ ਦੌਰਾ ਕੀਤਾ। ਉਹ ਪਾਰਟੀ ਦੇ ਰਸਾਲੇ 'ਲੋਕਯੁਧ' ਲਈ ਨਿਯਮਿਤ ਤੌਰ 'ਤੇ ਲਿਖਦੇ ਸਨ।

**ਪਹਿਲੀ ਸੀ ਪੀ ਆਈ ਕਾਂਗਰਸ, 1943**

ਜੁਲਾਈ 1942 ਵਿੱਚ ਸੀ ਪੀ ਆਈ ਤੋਂ ਪਾਬੰਦੀ ਹਟਾ ਦਿੱਤੀ ਗਈ । ਪਹਿਲੀ ਪਾਰਟੀ ਕਾਂਗਰਸ 23 ਮਈ ਤੋਂ 1 ਜੂਨ 1943 ਤੱਕ ਬੰਬਈ ਵਿੱਚ ਖੁੱਲ੍ਹੇ ਤੌਰ 'ਤੇ ਹੋਈ। 16,000 ਮੈਂਬਰਾਂ ਦੀ ਨੁਮਾਇੰਦਗੀ ਕਰਨ ਵਾਲੇ 139 ਡੈਲੀਗੇਟਾਂ ਨੇ ਪਾਰਟੀ ਕਾਂਗਰਸ ਵਿੱਚ ਹਿੱਸਾ ਲਿਆ। ਚੋਟੀ ਦੇ ਕਮਿਊਨਿਸਟ ਨੇਤਾ ਜਿਵੇਂ ਕਿ ਐੱਸ ਏ ਡਾਂਗੇ, ਪੀ ਸੀ ਜੋਸ਼ੀ, ਐੱਸ ਜੀ ਸਰਦੇਸਾਈ, ਡਾ. ਜੀ. ਅਧਿਕਾਰੀ, ਐੱਸ ਵੀ ਘਾਟੇ, ਈ ਐੱਮ ਐੱਸ ਨੰਬੂਦਰੀਪਾਦ, ਸੋਹਨ ਸਿੰਘ ਜੋਸ਼ ਅਤੇ ਹੋਰਾਂ ਨੇ ਹਿੱਸਾ ਲਿਆ।

ਐੱਸ ਜੀ ਸਰਦੇਸਾਈ ਨੂੰ ਸੀ ਪੀ ਆਈ ਦੀ ਕੇਂਦਰੀ ਕਮੇਟੀ ਦਾ ਮੈਂਬਰ ਚੁਣਿਆ ਗਿਆ। ਉਹ ਅਤੇ ਡਾ. ਅਧਿਕਾਰੀ ਅਜਿਹੇ ਮੈਂਬਰ ਸਨ, ਜੋ ਉਮਰ ਭਰ ਮੈਂਬਰ ਰਹੇ ਜਦੋਂ ਤੱਕ ਉਨ੍ਹਾਂ ਨੇ ਖੁਦ ਆਪਣੇ ਨਾਂਅ ਵਾਪਸ ਨਹੀਂ ਲੈ ਲਏ। ਸਰਦੇਸਾਈ 1982 ਤੱਕ ਕੌਮੀ ਕੌਂਸਲ ਦੇ ਮੈਂਬਰ ਰਹੇ। ਉਹ ਲੰਬੇ ਸਮੇਂ ਤੱਕ ਸੀ ਪੀ ਆਈ ਦੀ ਕੇਂਦਰੀ ਕਾਰਜਕਾਰਨੀ ਅਤੇ ਫਿਰ ਸਕੱਤਰੇਤ ਦੇ ਮੈਂਬਰ ਰਹੇ।

**ਹੋਰ ਗਤੀਵਿਧੀਆਂ**

ਐੱਸ ਜੀ ਸਰਦੇਸਾਈ ਨੇ ਕਈ ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਸੀ ਪੀ ਆਈ ਦੀ ਨੁਮਾਇੰਦਗੀ ਕੀਤੀ, ਜਿਸ ਵਿੱਚ 1969 ਵਿੱਚ ਮਾਸਕੋ ਵਿੱਚ ਹੋਈ ਵਿਸ਼ਵ ਕਮਿਊਨਿਸਟ ਪਾਰਟੀਆਂ ਦੀ ਕਾਨਫਰੰਸ ਵੀ ਸ਼ਾਮਲ ਹੈ। ਉਹ ਸੈਂਟਰਲ ਪਾਰਟੀ ਸਕੂਲ ਦੇ ਸਰਗਰਮ ਅਧਿਆਪਕ ਸਨ। ਉਹ 1970 ਤੋਂ 1976 ਤੱਕ ਰਾਜ ਸਭਾ ਦੇ ਮੈਂਬਰ ਰਹੇ। ਉਹ ਵਰਲਡ ਮਾਰਕਸਿਸਟ ਰਿਵਿਊ ਦੇ ਸੰਪਾਦਕੀ ਬੋਰਡ ਵਿੱਚ ਵੀ ਸਨ।

ਉਨ੍ਹਾਂ ਦਾ ਵਿਆਹ 1957 ਵਿੱਚ ਡਾ. ਗਾਰਗੀ ਭਟਵੇਕਰ ਨਾਲ ਹੋਇਆ ਸੀ।ਉਨ੍ਹਾਂ ਨੇ ਆਪਣੇ ਆਖਰੀ ਦਿਨ ਤਾਲੇਗਾਂਵ (ਮਹਾਰਾਸ਼ਟਰ) ਵਿੱਚ ਬਿਤਾਏ।

ਵੱਖ-ਵੱਖ ਘਟਨਾਵਾਂ 'ਤੇ ਉਨ੍ਹਾਂ ਦੇ ਵਿਚਾਰ ਅਤੇ ਲਿਖਤਾਂ

ਉਨ੍ਹਾਂ ਨੇ 'ਸਟਾਲਿਨਵਾਦੀ ਕੱਟੜਤਾ' ਅਤੇ ਨੌਕਰਸ਼ਾਹੀ ਦਾ ਖੁੱਲ੍ਹ ਕੇ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਮਾਰਕਸਵਾਦ ਨੂੰ ਬਦਲਦੇ ਰਹਿਣਾ ਚਾਹੀਦਾ ਹੈ, ਨਵੇਂ ਵਿਕਾਸ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਨਹੀਂ ਤਾਂ ਇਹ ਖੜੋਤ ਵਿੱਚ ਆ ਜਾਵੇਗਾ।


ਉਨ੍ਹਾਂ ਨੇ ਡਾ. ਅੰਬੇਡਕਰ 'ਤੇ ਕਈ ਲੇਖ ਲਿਖੇ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਤੁਲਨਾ ਮਾਰਕਸ ਅਤੇ ਹੋਰ ਚਿੰਤਕਾਂ ਦੇ ਵਿਚਾਰਾਂ ਨਾਲ ਕੀਤੀ। ਉਨ੍ਹਾਂ ਨੇ ਦਸੰਬਰ 1969 ਵਿੱਚ ਨਵੇਂ ਯੁੱਗ ਵਿੱਚ 'ਅੰਬੇਦਕਰ ਅਤੇ ਅਨੁਸੂਚਿਤ ਜਾਤੀਆਂ' ਲਿਖਿਆ।ਉਨ੍ਹਾਂ ਦੀਆਂ ਸਭ ਤੋਂ ਮਸ਼ਹੂਰ ਕਿਤਾਬਾਂ ਵਿੱਚੋਂ 'ਪ੍ਰਾਚੀਨ ਭਾਰਤ ਵਿੱਚ ਤਰੱਕੀ ਅਤੇ ਰੂੜੀਵਾਦ' ਹੈ।ਐੱਸ ਜੀ ਸਰਦੇਸਾਈ ਦਾ ਦੇਹਾਂਤ 18 ਨਵੰਬਰ 1996 ਨੂੰ ਹੋਇਆ।


ਸੰਪਰਕ : 99884-91002


# ਪੰਜਾਬੀ ਚਿੰਤਨ ਅਤੇ ਖੋਜ ਦੇ ਖੇਤਰ 'ਚ ਸੰਵਾਦਕਾਰੀ ਦਾ ਝੰਡਾਬਰਦਾਰ : ਪ੍ਰੋ. ਕਿਸ਼ਨ ਸਿੰਘ


ਡਾ. ਕੁਲਦੀਪ ਸਿੰਘ ਦੀਪ



ਪੰਜਾਬੀ ਅਦਬ ਦੇ ਵੱਡੇ ਅਦਾਰੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਉੱਘੇ ਚਿੰਤਕ ਅਤੇ ਆਲੋਚਕ ਪ੍ਰੋ. ਕਿਸ਼ਨ ਸਿੰਘ ਦੀਆਂ ਨੌਂ ਪੁਸਤਕਾਂ ਦਾ ਸੈੱਟ ਪੁਨਰ-ਪ੍ਰਕਾਸ਼ਿਤ ਕਰਕੇ ਚਿੰਤਨ ਦੇ ਖੜ੍ਹੇ ਪਾਣੀਆਂ ਵਿਚ ਪੱਥਰ ਸੁੱਟਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਪੰਜਾਬੀ ਵਿਚ ਵੀਹਵੀਂ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਵਿਚ ਹੋਏ ਗਹਿਰ-ਗੰਭੀਰ ਚਿੰਤਨ ਅਤੇ ਖੋਜ ਉੱਪਰ ਮੁੜ ਸੰਵਾਦ ਉਸਾਰਿਆ ਜਾ ਸਕੇ। ਇਸ ਸਾਰਥਿਕ ਸੰਵਾਦ ਦੀ ਪੁਨਰ-ਉਸਾਰੀ ਦੇ ਆਗਾਜ਼ ਲਈ ਪ੍ਰੋ. ਕਿਸ਼ਨ ਸਿੰਘ ਤੋਂ ਢੁਕਵਾਂ ਬੰਦਾ ਹੋਰ ਕੋਈ ਨਹੀਂ ਹੋ ਸਕਦਾ ਸੀ, ਕਿਉਂਕਿ ਪ੍ਰੋ. ਕਿਸ਼ਨ ਸਿੰਘ ਸੱਠਵਿਆਂ ਤੇ ਸੱਤਰਵਿਆਂ ਵਿਚ ਪੰਜਾਬ ਦੇ ਚਿੰਤਨੀ ਧਰਾਤਲ 'ਤੇ ਪੈਦਾ ਹੋਈ ਅਜਿਹੀ ਸ਼ਖ਼ਸੀਅਤ ਸੀ, ਜਿਸ ਨੇ ਪੰਜਾਬ ਦੇ ਚਿੰਤਨੀ ਖੇਮਿਆਂ ਵਿਚ ਆਪਣੀਆਂ ਮੌਲਿਕ ਧਾਰਨਾਵਾਂ ਨਾਲ 'ਤਹਿਲਕਾ' ਮਚਾਉਣ ਵਰਗੀ ਸਥਿਤੀ ਪੈਦਾ ਕੀਤੀ ਸੀ। ਉਸ ਨੇ ਉਸ ਦੌਰ ਵਿਚ ਸਥਾਪਤ ਚਿੰਤਨ ਦੀਆਂ ਦੋ ਧਾਰਾਵਾਂ ਨੂੰ ਸਿੱਧੀ ਚੁਣੌਤੀ ਦਿੱਤੀ।



ਪਹਿਲੀ ਧਾਰਾ ਮਾਰਕਸੀ ਨਜ਼ਰੀਏ ਤੋਂ ਪੰਜਾਬੀ ਅਦਬ ਨੂੰ ਸਮਝਣ ਵਾਲੇ ਵਿਦਵਾਨਾਂ ਦੀ ਸੀ।


ਦੂਜੀ ਧਾਰਾ ਰੂਪਵਾਦੀਆਂ ਤੇ ਸੰਰਚਨਾਵਾਦੀਆਂ ਵੱਲੋਂ ਪ੍ਰਚਾਰੀ ਟੈਕਸਟ ਮੁੱਖ ਆਲੋਚਨਾ ਦੇ ਪ੍ਰਯੋਗ ਦੀ ਸੀ।

ਪਹਿਲੀ ਧਾਰਾ ਵਿਚ ਉਸ ਵੇਲੇ ਸੰਤ ਸਿੰਘ ਸੇਖੋਂ ਪੰਜਾਬੀ ਆਲੋਚਨਾ ਦਾ ਸਥਾਪਤ ਨਾਂਅ ਸੀ ਅਤੇ ਅਦਬੀ ਗਲਿਆਰਿਆਂ ਵਿਚ ਸੇਖੋਂ ਇਕ 'ਬਰੈਂਡ' ਸੀ। ਪੰਜਾਬੀ ਖੋਜ ਅਤੇ ਆਲੋਚਨਾ ਵਿਚ ਮਾਰਕਸਵਾਦੀ ਸੁਹਜ-ਸ਼ਾਸਤਰ ਤਹਿਤ ਕਿਹੜੀ ਸਿਧਾਂਤਕ ਧਾਰਨਾ ਦਾ ਪੰਜਾਬੀ ਸੰਦਰਭ ਕੀ ਹੈ? ਇਹ ਸੇਖੋਂ ਦੀ ਆਲੋਚਨਾ ਪੱਧਤੀ ਰਾਹੀਂ ਤੈਅ ਹੁੰਦਾ ਸੀ। ਮਸਲਨ ਸੇਖੋਂ ਦੀ ਇਕ ਮਹੱਤਵਪੂਰਨ ਧਾਰਨਾ ਇਹ ਸੀ ਕਿ ਹਰ ਰਚਨਾ ਕਿਸੇ ਲੇਖਕ ਦੀ ਸੁਚੇਤ ਰੂਪ ਵਿਚ ਵਿਚਾਰਧਾਰਕ ਕਿਰਤ ਹੁੰਦੀ ਹੈ ਜਾਂ ਹੋਣੀ ਚਾਹੀਦੀ ਹੈ ਅਤੇ ਕਿਸੇ ਰਚਨਾ ਦਾ ਮੁਲਾਂਕਣ ਵੀ ਵਿਚਾਰਧਾਰਾ ਦੇ ਇਸ ਚੌਖਟੇ ਵਿਚ ਰਹਿ ਕੇ ਹੀ ਕੀਤਾ ਜਾਣਾ ਚਾਹੀਦਾ ਹੈ।



ਦੂਜੀ ਧਾਰਾ ਦੇ ਤਹਿਤ ਇਸ ਮਾਰਕਸਵਾਦੀ ਸੁਹਜ-ਸ਼ਾਸਤਰ ਦੇ ਸਮਾਂਤਰ ਸੰਰਚਨਾਵਾਦੀ ਜਾਂ ਰੂਪਵਾਦੀ ਆਲੋਚਨਾ ਦਾ ਮਾਡਲ ਵਿਕਸਿਤ ਹੋਇਆ, ਜਿਸ ਨੇ ਕਿਸੇ ਟੈਕਸਟ ਨੂੰ ਸਮਝਣ ਲਈ ਮਾਰਕਸਵਾਦੀ ਸੁਹਜ ਸ਼ਾਸਤਰ ਦੇ ਵਿਰੋਧ ਵਿਚ ਆਪਣਾ ਵਿਲੱਖਣ ਨੇਮ ਪ੍ਰਬੰਧ ਦਿੱਤਾ, ਜਿਸ ਅਨੁਸਾਰ ਹਰ ਪੁਸਤਕ ਆਪਣੇ ਆਪ ਵਿਚ ਇਕ ਮੁਕੰਮਲ, ਸੁਤੰਤਰ ਅਤੇ ਨਿਰਪੇਖ ਟੈਕਸਟ ਹੁੰਦੀ ਹੈ ਅਤੇ ਇਸ ਦਾ ਬਾਹਰਲੇ ਵਰਤਾਰਿਆਂ ਨਾਲ ਕੋਈ ਸੰਬੰਧ ਨਹੀਂ ਹੁੰਦਾ ਅਤੇ ਇਸ ਦਾ ਅਧਿਐਨ ਇਸ ਦੇ ਰੂਪ ਅਤੇ ਇਸ ਦੀਆਂ ਅੰਦਰੂਨੀ ਪਰਤਾਂ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ।ਵਿਸ਼ੇਸ਼ ਤੌਰ 'ਤੇ ਇਹਨਾਂ ਨੇ ਮਾਰਕਸਵਾਦੀ ਆਲੋਚਨਾ ਦੀ ਇਸ ਧਾਰਨਾ ਦਾ ਖੰਡਨ ਕੀਤਾ ਕਿ ਰੂਪ ਤੇ ਵਸਤੂ ਦਾ ਸੰਬੰਧ ਦਵੰਦਾਤਮਿਕ ਹੁੰਦਾ ਹੈ। ਇਸ ਦੇ ਸਮਾਂਤਰ ਇਹਨਾਂ ਨੇ ਰੂਪ ਨੂੰ ਵਧੇਰੇ ਤਵੱਜੋ ਦਿੰਦੇ ਹੋਏ ਵਸਤੂ ਅਤੇ ਇਸ ਵਸਤੂ ਦੇ ਵਸਤੂ-ਬਾਹਰਲੇ ਸਰੋਕਾਰਾਂ ਨੂੰ ਨਿਗੂਣਾ ਰੁਤਬਾ ਦੇ ਕੇ ਰੂਪ ਦੀ ਮਨਾਪਲੀ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ।

ਇਹਨਾਂ ਦੋਵਾਂ ਧਾਰਾਵਾਂ ਦੇ ਸਮਾਨਾਂਤਰ ਕਿਸ਼ਨ ਸਿੰਘ ਆਪਣੀ ਮੌਲਿਕ ਖੋਜ ਅਤੇ ਆਲੋਚਨਾ ਦ੍ਰਿਸ਼ਟੀ ਰਾਹੀਂ ਖੋਜ ਅਤੇ ਆਲੋਚਨਾ ਦਾ ਆਪਣਾ ਮੌਲਿਕ ਮਾਡਲ ਦਿੰਦਾ ਹੈ। ਉਹ ਸਿਰਜਣਾਤਮਕ ਸਾਹਿਤ ਦੇ ਪ੍ਰਸੰਗ ਵਿਚ ਸੰਤ ਸਿੰਘ ਸੇਖੋਂ ਦੀ 'ਸੁਚੇਤ ਵਿਚਾਰਧਾਰਕ ਕਿਰਤ' ਦੀ ਧਾਰਨਾ ਨੂੰ ਵੀ ਰੱਦ ਕਰਦਾ ਹੈ ਅਤੇ ਸੰਰਚਨਾਵਾਦੀਆਂ ਦੀ 'ਵਸਤੂ-ਬਾਹਰਲੇ ਸਰੋਕਾਰਾਂ ਨਾਲੋਂ ਤੋੜ ਕੇ ਆਲੋਚਨਾ ਕਰਨ ਦੀ ਧਾਰਨਾ ਨੂੰ ਵੀ ਰੱਦ ਕਰਦਾ ਹੈ। ਇਸੇ ਕਰਕੇ ਕਿਸ਼ਨ ਸਿੰਘ ਦਾ ਇਹ ਕਾਰਜ ਲੰਮਾ ਸਮਾਂ ਵਕਤ ਦੀ 'ਪਾਈਪ ਲਾਈਨ' ਵਿਚ ਹੀ ਰਿਹਾ। ਦੋਵੇਂ ਸਥਾਪਤ ਧਾਰਾਵਾਂ ਨੇ ਇਹਨਾਂ ਦੋਵਾਂ ਨਾਲ ਦਸਤਪੰਜਾ ਲੈਂਦੀ ਤੀਜੀ ਤੇ ਨਵੀਂ ਧਾਰਾ ਨੂੰ ਪਨਪਣ ਤੋਂ ਰੋਕਣ ਲਈ 'ਬਹੁਤ ਕੁਝ' ਕੀਤਾ। ਕਿਸ਼ਨ ਸਿੰਘ ਦੇ ਬਹੁਤ ਨੇੜਲਿਆਂ ਵਿੱਚੋਂ ਇਕ ਡਾ. ਗੁਰਮੀਤ ਸਿੰਘ ਟਿਵਾਣਾ ਦੱਸਦੇ ਹਨ ਕਿ ਉਸ ਸਮੇਂ ਦਾ ਕੋਈ ਰਸਾਲਾ ਜਾਂ ਅਖ਼ਬਾਰ ਪੰਜਾਬੀ ਜਾਂ ਪੰਜਾਬੀ ਸਾਹਿਤ ਸਮੀਖਿਆ ਲਈ ਉਨ੍ਹਾਂ ਦੇ ਲੇਖ ਛਾਪਣ ਬਾਰੇ ਤਿਆਰ ਨਹੀਂ ਸੀ। ਭਾਵੇਂ ਭਾਸ਼ਾ ਵਿਭਾਗ ਯੂਨੀਵਰਸਿਟੀ ਦੇ ਰਸਾਲੇ 'ਪੰਜਾਬੀ ਦੁਨੀਆ' ਤੇ ਸਾਹਿਤ ਅਕਾਡਮੀ ਲੁਧਿਆਣਾ ਦੇ ਰਸਾਲੇ 'ਆਲੋਚਨਾ' ਵਿਚ ਕਦੇ-ਕਦਾਈਂ ਉਨ੍ਹਾਂ ਦਾ ਕੋਈ ਲੇਖ ਛਪ ਜਾਇਆ ਕਰਦਾ ਸੀ। ਕੇਵਲ 1972 ਤੋਂ ਹੀ ਸ. ਗੁਰਵੇਲ ਸਿੰਘ ਪੰਨੂੰ ਦੁਆਰਾ ਪ੍ਰਕਾਸ਼ਿਤ ਮਾਹਵਾਰੀ ਰਸਾਲੇ 'ਸੇਧ' ਵਿਚ ਉਨ੍ਹਾਂ ਦੀਆਂ ਲਿਖਤਾਂ ਮੋਹਰੀ ਲੇਖਾਂ ਵਜੋਂ ਛਪਣੀਆਂ ਸ਼ੁਰੂ ਹੋਈਆਂ। 1972 ਤੋਂ ਲੈ ਕੇ 1980 ਤੱਕ ਇਹ ਰਸਾਲਾ ਐੱਮ.ਏ. ਪੰਜਾਬੀ ਦੇ ਵਿਦਿਆਰਥੀਆਂ, ਕਾਲਜਾਂ, ਯੂਨੀਵਰਸਿਟੀਆਂ ਦੇ ਅਧਿਆਪਕਾਂ ਦੁਆਰਾ ਬੜੀ ਦਿਲਚਸਪੀ ਨਾਲ ਪੜ੍ਹਿਆ ਤੇ ਮਾਰਕਸੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਤੇ ਗੁਰਬਾਣੀ ਦੇ ਕੀਤੇ ਜਾਂਦੇ ਮੁਲਾਂਕਣ ਦਾ ਕੇਂਦਰੀ ਬਿੰਦੂ ਬਣਿਆ ਰਿਹਾ।





ਕਿਸ਼ਨ ਸਿੰਘ ਦਾ ਬਹੁਤਾ ਅਧਿਐਨ ਜਾਂ ਤਾਂ ਸਿਧਾਂਤਕ ਹੈ ਜਾਂ ਮੱਧਕਾਲੀ ਸਾਹਿਤ ਦੇ ਸੰਦਰਭ ਵਿਚ ਹੈ। ਮੱਧਕਾਲੀ ਸਾਹਿਤ ਵਿੱਚੋਂ ਵੀ ਜ਼ਿਆਦਾ ਕਾਰਜ ਗੁਰਬਾਣੀ ਖੋਜ ਉੱਪਰ ਹੈ। ਉਹਨਾਂ ਦੇ ਚਿੰਤਨ ਅਤੇ ਖੋਜ ਨੂੰ ਹੁਣ ਪੁਨਰ-ਪ੍ਰਕਾਸ਼ਿਤ ਨੌਂ ਪੁਸਤਕਾਂ ਦੇ ਆਧਾਰ 'ਤੇ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ।



ਪਰਤੱਖ ਰੂਪ ਵਿਚ ਸਿਧਾਂਤਕ ਖੋਜ : ਇਸ ਵਰਗ ਵਿਚ 'ਸਾਹਿਤ ਦੀ ਸਮਝ', 'ਵਿਚਾਰਧਾਰਾ : ਸਾਹਿਤ ਤੇ ਮਨੁੱਖ', 'ਕਲਚਰਲ ਇਨਕਲਾਬ' ਅਤੇ 'ਅਜ਼ਾਦ ਔਰਤ' ਪੁਸਤਕਾਂ ਆਉਂਦੀਆਂ ਹਨ।

ਕਿਸੇ ਵਿਸ਼ੇਸ਼ ਲਹਿਰ/ਮੁੱਦੇ ਜਾਂ ਵਰਤਾਰੇ ਨਾਲ ਸੰਬੰਧਤ ਖੋਜ : ਇਸ ਵਰਗ ਵਿਚ 'ਸਿੱਖ ਲਹਿਰ', 'ਗੁਰਬਾਣੀ ਦਾ ਸੱਚ', 'ਗੁਰਬਾਣੀ ਦਾ ਇਤਿਹਾਸਿਕ ਵਿਰਸਾ' ਪੁਸਤਕਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

ਕਿਸੇ ਵਿਸ਼ੇਸ਼ ਰਚਨਾ ਦੇ ਪ੍ਰਸੰਗ ਵਿਚ ਖੋਜ : ਇਸ ਵਰਗ ਵਿਚ 'ਵਾਰ ਮਲਾਰ ਕੀ ਮਹਲਾ੧ ਅਤੇ ਆਸਾ ਦੀ ਵਾਰ' ਅਤੇ 'ਵਾਰ ਮਾਝ ਅਤੇ ਸਿਧ ਗੋਸ਼ਟਿ' ਪੁਸਤਕਾਂ ਆਉਂਦੀਆਂ ਹਨ।

ਉਪਰੋਕਤ ਸਾਰੀਆਂ ਪੁਸਤਕਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਪੁਸਤਕ 'ਸਾਹਿਤ ਦੀ ਸਮਝ' ਹੈ, ਜਿਸ ਨੂੰ ਨਵੇਂ ਰੂਪ ਵਿਚ ਡਾ. ਸੁਖਦੇਵ ਸਿੰਘ ਸਿਰਸਾ ਨੇ ਸੰਪਾਦਿਤ ਕੀਤਾ ਹੈ। ਅਸਲ ਵਿਚ ਇਹ ਪੁਸਤਕ ਕਿਸ਼ਨ ਸਿੰਘ ਦੀਆਂ ਸਾਰੀਆਂ ਸਿਧਾਂਤਕ ਧਾਰਨਾਵਾਂ ਦਾ ਮੌਲਿਕ ਅਤੇ ਸੂਤਰਬੱਧ 'ਵਿਸਫੋਟ' ਸੀ। 'ਵਿਸਫੋਟ' ਇਸ ਰੂਪ ਵਿਚ ਸੀ ਕਿ ਇਸ ਨੇ ਪਹਿਲੀ ਵਾਰ ਉਸ ਦੌਰ ਵਿਚ ਪ੍ਰਚਲਿਤ ਸਾਰੇ ਆਲੋਚਨਾਤਮਕ ਪੈਟਰਨਾਂ ਨੂੰ 'ਗਿੱਚੀਓਂ ਫੜਨ' ਵਰਗਾ ਕਾਰਜ ਕੀਤਾ ਅਤੇ ਪਹਿਲੀ ਵਾਰ ਪੰਜਾਬੀ ਅਦਬੀ ਚਿੰਤਨ ਵਿਚ ਦੋ ਪ੍ਰਵਚਨਾਂ ਦੇ ਸਮਾਂਤਰ ਤੀਜਾ ਸ਼ਕਤੀਸ਼ਾਲੀ ਪ੍ਰਵਚਨ ਉਸਰਿਆ।



ਇਸ ਪੁਸਤਕ ਰਾਹੀਂ ਪੇਸ਼ ਪ੍ਰਮੁੱਖ ਧਾਰਨਾਵਾਂ ਨੂੰ ਸਮਝਦਿਆਂ ਇਹ ਤੱਥ ਨਿੱਤਰ ਕੇ ਸਾਹਮਣੇ ਆਉਂਦਾ ਹੈ ਕਿ ਪ੍ਰੋ. ਕਿਸ਼ਨ ਸਿੰਘ ਆਪਣੇ ਸਿਧਾਂਤਕ ਮਾਡਲ ਵਿਚ ਸੰਤ ਸੇਖੋਂ ਦੀ ਇਸ ਧਾਰਨਾ ਨਾਲ ਤਾਂ ਸਹਿਮਤ ਹੈ ਕਿ ਜਮਾਤੀ ਸਮਾਜ ਵਿਚ ਸਾਹਿਤ ਵੀ ਜਮਾਤੀ ਹੁੰਦਾ ਹੈ ਅਤੇ ਸਮਾਜਿਕ ਸੰਰਚਨਾ ਦੇ ਅੰਦਰ ਛਿਪੇ ਦਵੰਦਾਂ ਨੂੰ ਸਮਝਦਾ ਹੋਇਆ ਉਸ ਨੂੰ ਜਮਾਤੀ ਹਿੱਤਾਂ ਦੇ ਤਣਾਅ ਦੇ ਰੂਪ ਵਿਚ ਪ੍ਰਸਤੁਤ ਕਰਦਾ ਹੈ। ਉਸ ਦਾ ਵਿਰੋਧ ਇਸ ਦੀ ਪੇਸ਼ਕਾਰੀ ਦੀ ਵਿਲੱਖਣਤਾ 'ਤੇ ਹੈ। ਉਹ ਜਿਸ ਸੁਆਲ 'ਤੇ ਵੱਖਰਾ ਰਾਹ ਅਪਣਾਉਂਦਾ ਹੈ, ਉਹ ਇਹ ਹੈ ਕਿ ਸਾਹਿਤ ਇਸ ਜਮਾਤੀ ਤਣਾਓ ਦੀ ਪੇਸ਼ਕਾਰੀ ਕਿਵੇਂ ਕਰਦਾ ਹੈ? ਉਹ ਆਪਣੀ ਟੈਕਸਟ ਰਾਹੀਂ ਕਿਸੇ ਸਿਧਾਂਤਕ ਕਾਰਕੁਨ ਵਾਂਗ ਸਿਧਾਂਤਕ ਧਾਰਨਾਵਾਂ ਦੀ ਸੁਚੇਤ ਪੇਸ਼ਕਾਰੀ ਨਹੀਂ ਕਰਦਾ, ਬਲਕਿ ਉਸ ਦੀ ਪੇਸ਼ਕਾਰੀ ਵਧੇਰੇ ਸੂਖਮ ਅਤੇ ਸਿਰਜਣਾਤਮਕ ਹੁੰਦੀ ਹੈ, ਜਿਸ ਨੂੰ ਉਹ 'ਮਨੁੱਖੀ ਚਿੱਤਰ' ਕਹਿੰਦਾ ਹੈ। ਉਹ ਕਹਿੰਦਾ ਹੈ ਕਿ ਸਾਹਿਤ ਦੀ ਤਾਕਤ ਇਸ ਗੱਲ ਵਿਚ ਪਈ ਹੁੰਦੀ ਹੈ ਕਿ ਉਸ ਦੁਆਰਾ ਸਿਰਜੇ ਗਏ ਚਿੱਤਰ ਸਮਾਜ ਵਿਚ ਪਏ ਜਮਾਤੀ ਤਣਾਓ ਨੂੰ ਕਿੰਨੀ ਕੁ ਗਹਿਰਾਈ ਨਾਲ ਅਤੇ ਪ੍ਰਮਾਣਿਕਤਾ ਨਾਲ ਸਮਝ ਸਕੇ ਹਨ ਅਤੇ ਪ੍ਰਗਟਾਅ ਸਕੇ ਹਨ। ਉਹ ਦੋ ਟਰਮਾਂ ਵਰਤਦਾ ਹੈ : ਸਾਇੰਟਿਫਿਕ ਜਨਰਲਾਈਜ਼ੇਸ਼ਨ ਅਤੇ ਕਾਵਿਕ ਜਨਰਲਾਈਜ਼ੇਸ਼ਨ। ਉਸ ਅਨੁਸਾਰ ਸਿਧਾਂਤਕਾਰ ਸਾਇੰਟਿਫਿਕ ਜਨਰਲਾਈਜ਼ੇਸ਼ਨ ਕਰਦਾ ਹੈ, ਜਿਸ ਦਾ ਪਿੰਡਾ ਬਾਹਰਮੁਖੀ ਹੁੰਦਾ ਹੈ, ਜਦ ਕਿ ਸਾਹਿਤਕਾਰ ਕਾਵਿਕ ਜਨਰਲਾਈਜ਼ੇਸ਼ਨ ਕਰਦਾ ਹੈ, ਜਿਸ ਦਾ ਸੰਬੰਧ ਅੰਤਰਮੁਖਤਾ ਨਾਲ ਹੁੰਦਾ ਹੈ। ਇਸ ਤਰ੍ਹਾਂ ਕਰਨ ਲਈ ਕਲਪਨਾ ਬਹੁਤ ਮਹੱਤਵਪੂਰਨ ਤੱਥ ਹੈ। ਸਿੱਧੇ ਰੂਪ ਵਿਚ ਸਾਇੰਟਿਫਿਕ ਜਨਰਲਾਈਜ਼ੇਸ਼ਨ ਕਰਨ ਵਾਲਾ ਸਾਹਿਤ ਪ੍ਰਾਪੇਗੰਡਾ, ਪ੍ਰਚਾਰ ਅਤੇ ਮਕਾਨਕੀ ਹੋ ਜਾਂਦਾ ਹੈ, ਸਾਹਿਤ ਨਹੀਂ ਰਹਿੰਦਾ। ਇਸ ਲਈ ਸਾਹਿਤਕਾਰ ਪ੍ਰਤੀਨਿਧ ਪਾਤਰਾਂ ਰਾਹੀਂ ਪ੍ਰਤੀਨਿਧ ਯਥਾਰਥ ਦੀ ਪੇਸ਼ਕਾਰੀ ਕਰਦਾ ਹੈ। ਸਾਹਿਤਕਾਰ ਦੁਆਰਾ ਪੇਸ਼ ਚਿੱਤਰ ਵਿਚ ਲੁਕੇ ਅਸਲੇ ਦੀ ਵਿਆਖਿਆ ਕਰਨਾ ਆਲੋਚਕ ਦਾ ਕਰਤੱਵ ਹੈ।



ਇੱਥੇ ਕਿਸ਼ਨ ਸਿੰਘ ਇਕ ਹੋਰ ਬਹੁਤ ਮਹੱਤਵਪੂਰਨ ਧਾਰਨਾ ਇਹ ਪੇਸ਼ ਕਰਦਾ ਹੈ ਕਿ ਕਿਸੇ ਵੀ ਸਮਾਜ ਵਿਚ ਕਿਸੇ ਦੌਰ ਦਾ ਸਾਹਿਤਕ ਵਿਕਾਸ ਅਤੇ ਵਿਗਿਆਨਕ ਵਿਕਾਸ ਸਮਾਂਤਰ ਨਹੀਂ ਹੁੰਦਾ, ਬਲਕਿ ਆਪੋ ਆਪਣੇ ਤਰੀਕਿਆਂ ਨਾਲ ਹੁੰਦਾ ਹੈ। ਉਸ ਅਨੁਸਾਰ ਸਾਹਿਤ ਦਾ ਸੱਚ ਸਦੀਵੀ ਹੁੰਦਾ ਹੈ ਅਤੇ ਸਮੇਂ ਦੀ ਮਾਰ ਤੇ ਸਥਾਨ ਦੀ ਮੁਥਾਜੀ ਤੋਂ ਮੁਕਤ ਹੁੰਦਾ ਹੈ, ਕਿਉਂਕਿ ਸਾਹਿਤ ਤੇ ਕਲਾ ਦੀ ਉਸਾਰੀ ਦਾ ਕਾਨੂੰਨ ਸਾਇੰਸ ਦੀ ਉਸਾਰੀ ਦੇ ਕਾਨੂੰਨ ਨਾਲੋਂ ਵੱਖਰਾ ਹੈ। ਪ੍ਰਚੱਲਿਤ ਸਾਇੰਸ ਲਾਜ਼ਮੀ ਨੀਗੇਟ ਹੁੰਦੀ ਹੈ।... ਮੁਢਲੇ ਨਿਜ਼ਾਮਾਂ ਦੀ ਸਾਇੰਸ, ਮਗਰੋਂ ਆਏ ਨਿਜ਼ਾਮਾਂ ਦੀ ਸਾਇੰਸ ਨਾਲੋਂ ਕਦੇ ਵੀ ਜ਼ਿਆਦਾ ਸਹੀ ਨਹੀਂ ਹੋ ਸਕਦੀ। ਦੂਸਰੇ ਪਾਸੇ, ਨਾ ਸਿਰਫ਼ ਮਹਾਨ ਸਾਹਿਤਕ ਕਿਰਤਾਂ ਨੀਗੇਟ ਨਹੀਂ ਹੁੰਦੀਆਂ, ਬਲਕਿ ਇਹ ਵੀ ਲਾਜ਼ਮੀ ਨਹੀਂ ਕਿ ਉਚੇਰੇ ਸਮਾਜਿਕ ਨਿਜ਼ਾਮਾਂ ਦਾ ਪੈਦਾ ਕੀਤਾ ਸਾਹਿਤ, ਆਪਣੇ ਤੋਂ ਪਹਿਲਿਆਂ ਦੇ ਪੈਦਾ ਕੀਤੇ ਸਾਹਿਤ ਨਾਲੋਂ ਮਹਾਨ ਹੋਵੇ। ਸਾਹਿਤ ਦੀ ਉਸਾਰੀ ਨਾਹਮਵਾਰ (uneven development) ਹੁੰਦੀ ਹੈ। ਮੁਢਲੇ ਨਿਜ਼ਾਮਾਂ ਵਿੱਚ ਮਹਾਨ ਸਾਇੰਸ ਤਾਂ ਪੈਦਾ ਨਹੀਂ ਹੋਈ... ਪਰ ਮਹਾਨ ਸਾਹਿਤ ਤੇ ਕਲਾ ਪੈਦਾ ਹੋਈਆਂ ਹਨ। ਹੋਮਰ ਦੀ ਐਪਿਕ ਦੇ ਤੁਲ ਅਤੇ ਸ਼ੈਕਸਪੀਅਰ ਦੇ ਦੁਖਾਂਤ ਦੇ ਪੱਧਰ ਦੇ ਨਾਟਕ ਫਿਰ ਨਹੀਂ ਲਿਖੇ ਗਏ। ਐਸਕੀਲਸ ਦੇ ਮਹਾਨ ਦੁਖਾਂਤ ਮੁਢਲੀ ਸਮਾਜਿਕ ਬਣਤਰ ਵਿੱਚ ਹੀ ਪੈਦਾ ਹੋਏ।



ਸਿਧਾਂਤਕ ਸੰਦਰਭ ਵਿਚ ਉਸ ਦੀ ਦੂਜੀ ਅਹਿਮ ਪੁਸਤਕ 'ਵਿਚਾਰਧਾਰਾ : ਸਾਹਿਤ ਤੇ ਮਨੁੱਖ' ਹੈ, ਜਿਸ ਦਾ ਸੰਪਾਦਨ ਡਾ. ਭੀਮਇੰਦਰ ਨੇ ਕੀਤਾ ਹੈ। ਇਸ ਪੁਸਤਕ ਰਾਹੀਂ ਪ੍ਰੋ. ਕਿਸ਼ਨ ਸਿੰਘ ਸਾਹਿਤ-ਆਲੋਚਨਾ ਦੇ ਮਕਸਦ 'ਤੇ ਚਰਚਾ ਕਰਦਾ ਹੈ। ਉਸ ਅਨੁਸਾਰ ਸਧਾਰਨ ਪਾਠਕ ਦਾ ਪਾਠ ਅਤੇ ਆਲੋਚਕ ਦਾ ਪਾਠ ਵੱਖਰਾ ਹੈ। ਸਧਾਰਨ ਮਨੁੱਖ ਦਾ ਪਾਠ ਨਿੱਜੀ ਹੈ, ਜਦ ਕਿ ਆਲੋਚਕ ਦਾ ਪਾਠ ਸਮਾਜਿਕ ਹੈ, ਕਿਉਂਕਿ ਆਲੋਚਕ ਨੇ ਪੜ੍ਹੀ ਹੋਈ ਟੈਕਸਟ ਤੇ ਇਕ ਹੋਰ ਟੈਕਸਟ ਦੀ ਸਿਰਜਣਾ ਕਰਨੀ ਹੈ, ਜਿਸ ਦੇ ਅੱਗਿਓਂ ਕਈ ਹੋਰ ਪਾਠਕ ਹੁੰਦੇ ਹਨ ਅਤੇ ਇਸ ਤਰ੍ਹਾਂ ਆਲੋਚਕ ਦੁਆਰਾ ਕਿਸੇ ਵੀ ਟੈਕਸਟ ਦੇ ਪਾਠ ਤੋਂ ਬਾਅਦ ਸਿਰਜੇ ਗਏ ਬਿਰਤਾਂਤ ਨਿੱਜੀ ਨਹੀਂ ਹੁੰਦੇ, ਬਲਕਿ ਸਮਾਜ ਦੇ ਇਕ ਸਮੂਹ 'ਤੇ ਅਸਰਅੰਦਾਜ਼ ਹੁੰਦੇ ਹਨ। ਉਸ ਦਾ ਮੰਨਣਾ ਹੈ ਕਿ ਸਾਹਿਤ ਦਾ ਮੁਹਾਵਰਾ ਮਨੁੱਖੀ ਚਿੱਤਰ ਦੀ ਪੇਸ਼ਕਾਰੀ ਹੈ, ਜਦੋਂ ਕਿ ਆਲੋਚਨਾ ਦਾ ਮੁਹਾਵਰਾ ਦਿਮਾਗੀ ਵਿਸ਼ਲੇਸ਼ਣ ਰਾਹੀਂ ਮਨੁੱਖ ਨੂੰ ਉਸ ਦੇ ਗੁੰਝਲਦਾਰ ਮਸਲਿਆਂ ਦੇ ਹੱਲ ਦੇ ਰਾਹ ਪਾਉਣਾ ਹੈ। ਜਿੰਨੀ ਦੇਰ ਆਲੋਚਕ ਨੂੰ ਮਨੁੱਖ ਦੀ ਆਜ਼ਾਦੀ ਦਾ ਸੰਕਲਪ ਹੀ ਸਪੱਸ਼ਟ ਨਾ ਹੋਵੇ, ਉਹ ਸਾਹਿਤਕ ਰਚਨਾ ਦੀ ਪੁਣ-ਛਾਣ ਨਹੀਂ ਕਰ ਸਕਦਾ।



ਇਸ ਪੁਸਤਕ ਵਿਚ ਪੇਸ਼ ਅਗਲਾ ਨੁਕਤਾ ਇਹ ਹੈ ਕਿ ਕਿਸ਼ਨ ਸਿੰਘ ਮਨੁੱਖ ਨੂੰ ਸਿਰਫ਼ ਜੀਵ ਵਿਗਿਆਨਕ ਸੰਰਚਨਾ ਨਹੀਂ ਸਵੀਕਾਰਦਾ, ਬਲਕਿ


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਚਰਚਾ ਚਲਦੀ ਬੇਸ਼ੱਕ ਬਿਹਾਰ ਦੀ, ਮੁੱਦਾ ਪੰਜਾਬ ਦਾ ਵੀ ਨਾਲ ਜੁੜਿਐ

**ਦ੍ਰਿਸ਼ਟੀਕੋਣ**
**ਜਤਿੰਦਰ ਪਨੂੰ**

ਭਾਰਤ ਵਿੱਚ ਗਰੀਬੀ ਅਤੇ ਇਸ ਦੀਆਂ ਹੋਰ ਅਲਾਮਤਾਂ ਤੋਂ ਧਿਆਨ ਹਟਾਉਣ ਦੇ ਰਾਜਸੀ ਆਗੂਆਂ ਦੇ ਚਾਲਿਆਂ ਨੂੰ ਕਈ ਲੇਖਕ ਬੇਲਗਾਮ ਹੁੰਦੀ ਦਹਿਸ਼ਤਗਰਦੀ ਤੇ ਇਸ ਨਾਲ ਸਿੱਝਣ ਦੇ 'ਅਪਰੇਸ਼ਨ ਸਿੰਧੂਰ' ਵਰਗੇ ਅਪਰੇਸ਼ਨ ਨਾਲ ਜਾ ਜੋੜਦੇ ਹਨ, ਪਰ ਮੈਂ ਕਦੇ ਇਸ ਹੱਦ ਤੱਕ ਨਹੀਂ ਜਾਂਦਾ। ਇਸ ਦੇ ਬਾਵਜੂਦ ਇਹ ਮੰਨਣ ਦਾ ਕੋਈ ਹਰਜ ਨਹੀਂ ਹੋਣਾ ਚਾਹੀਦਾ ਕਿ ਭਾਰਤ ਦੀ ਰਾਜਨੀਤੀ ਤੇ ਖਾਸ ਕਰ ਕੇ ਰਾਜ ਕਰ ਰਹੀ ਹਰ ਸਿਆਸੀ ਧਿਰ ਦੇਸ਼ ਦੇ ਲੋਕਾਂ ਨੂੰ ਮੂਲ ਮੁੱਦੇ ਤੋਂ ਭਟਕਾਉਣ ਤੇ ਨਿਗੂਣੇ ਮੁੱਦਿਆਂ ਵੱਲ ਸੇਧਣ ਕਰਨ ਦਾ ਯਤਨ ਸਦਾ ਕਰਦੀ ਰਹਿੰਦੀ ਹੈ। ਚਾਹੁੰਣਾ ਹੋਣ ਦੇ ਬਾਵਜੂਦ ਇਸ ਵਕਤ ਮੈਂ ਪੰਜਾਬ ਵਿੱਚ ਆਏ ਹੜ੍ਹਾਂ ਬਾਰੇ ਗੱਲ ਕਰਨ ਦੀ ਥਾਂ ਹੜ੍ਹਾਂ ਦਾ ਪਾਣੀ ਉਤਰਨ ਨੂੰ ਉਡੀਕ ਲੈਣ ਤੇ ਇੱਕ ਹਫਤਾ ਬਾਅਦ ਗੱਲ ਕਰਨ ਦਾ ਫੈਸਲਾ ਕੀਤਾ ਤੇ ਵਿਚਲੇ ਸਮੇਂ ਨੂੰ ਭਾਰਤ ਦੀ ਇਸ ਕੁਰਾਹੇ ਪਾਊ ਰਾਜਨੀਤੀ ਦੀ ਨਬਜ਼ ਟੋਹਣ ਵੱਲ ਲਾਉਣ ਬਾਰੇ ਸੋਚਿਆ ਹੈ। ਇਸ ਦੀ ਸਭ ਵੱਡੀ ਧੜਕਣ ਅੱਜਕੱਲ੍ਹ ਬਿਹਾਰ ਵਿੱਚ ਹੈ, ਜਿੱਥੇ ਚੋਣਾਂ ਹੋਣ ਵਿੱਚ ਮਸਾਂ ਇੱਕ ਜਾਂ ਡੇਢ ਮਹੀਨਾ ਰਹਿ ਗਿਆ ਲੱਗਦਾ ਹੈ ਅਤੇ ਜੇ ਵੋਟ ਰੇੜਕਾ ਵਧ ਨਾ ਗਿਆ ਅਤੇ ਸੁਪਰੀਮ ਕੋਰਟ ਤੱਕ ਗੱਲ ਦੋਬਾਰਾ ਨਾ ਜਾ ਪਹੁੰਚੀ ਤਾਂ ਅਕਤੂਬਰ ਦੇ ਅੰਤ ਜਾਂ ਨਵੰਬਰ ਦੇ ਸ਼ੁਰੂ ਵਿੱਚ ਹੋ ਜਾਣਗੀਆਂ।

ਬਿਹਾਰ ਭਾਰਤ ਦੇ ਉਨ੍ਹਾਂ ਚਾਰ ਰਾਜਾਂ ਵਿੱਚੋਂ ਇੱਕ ਹੈ, ਜਿਹੜੇ ਆਬਾਦੀ ਪੱਖੋਂ ਵੀ ਬਾਕੀਆਂ ਤੋਂ ਉੱਪਰ ਹਨ ਅਤੇ ਰਾਜਨੀਤੀ ਦੇ ਹਿਲਜੁਲ ਨਾਲ ਦੇਸ਼ ਦੀ ਰਾਜਨੀਤੀ ਨੂੰ ਝੰਜੋੜਨ ਪੱਖੋਂ ਵੀ। ਦੂਸਰੇ ਰਾਜਾਂ ਵਿੱਚੋਂ ਬਿਨਾਂ ਸ਼ੱਕ ਉੱਤਰ ਪ੍ਰਦੇਸ਼ ਬਾਕੀ ਰਾਜਾਂ ਤੋਂ ਆਬਾਦੀ ਪੱਖੋਂ ਵੱਡਾ ਹੈ, ਪੱਛਮੀ ਬੰਗਾਲ, ਮਹਾਰਾਸ਼ਟਰ ਤੇ ਤਾਮਿਲ ਨਾਡੂ ਵਰਗੇ ਰਾਜ ਛੋਟੇ ਹੁੰਦੇ ਹੋਏ ਵੀ ਕਈ ਵਾਰੀ ਪੂਰੇ ਦੇਸ਼ ਦੀ ਰਾਜਨੀਤੀ ਦੀ ਦਿਸ਼ਾ ਮੋੜਨ ਵਾਲੇ ਸਾਬਤ ਹੋ ਚੁੱਕੇ ਹਨ। ਇਸ ਵੇਲੇ ਦੇਸ਼ ਦੀ ਰਾਜਨੀਤੀ ਦਾ ਸਭ ਤੋਂ ਵੱਡਾ ਤੇ ਨੇੜ-ਭਵਿੱਖ ਦਾ ਰੁਝਾਨ ਦੱਸਣ ਵਾਲਾ ਮੋਰਚਾ ਕਿਉਂਕਿ ਬਿਹਾਰ ਵਿੱਚ ਲੱਗਣ ਦਾ ਸਮਾਂ ਨਜ਼ਦੀਕ ਹੈ, ਇਸ ਲਈ ਉਹ ਰਾਜ ਹਰ ਥਾਂ ਚਰਚਾ ਦਾ ਕੇਂਦਰ ਹੈ। ਉਸ ਰਾਜ ਦੀ ਰਾਜਨੀਤੀ ਦਾ ਧੁਰਾ ਕਦੇ ਦੋ ਪੁਰਾਣੇ ਦੋਸਤਾਂ ਤੇ ਰਾਜਸੀ ਖੇਤਰ ਦੇ ਵੱਡੇ ਚੁਣੌਤੀਬਾਜ਼ਾਂ ਨਿਤੀਸ਼ ਕੁਮਾਰ ਅਤੇ ਲਾਲੂ ਪ੍ਰਸਾਦ ਯਾਦਵ ਵਿਚਾਲੇ ਘੁੰਮਦਾ ਹੁੰਦਾ ਸੀ। ਇਸ ਵਕਤ ਲਾਲੂ ਪ੍ਰਸਾਦ ਸਰੀਰਕ ਪੱਖੋਂ ਬਹੁਤੀ ਸਰਗਰਮੀ ਕਰਨ ਜੋਗਾ ਨਹੀਂ ਰਿਹਾ ਤੇ ਉਸ ਦਾ ਵੱਡਾ ਪੁੱਤ ਆਪਣੇ ਪੱਖ ਦੀ ਅਗਵਾਈ ਕਰਦਾ ਹੈ, ਨਿਤੀਸ਼ ਕੁਮਾਰ ਵੀ ਬਿਹਾਰ ਦੀ ਰਾਜਨੀਤੀ ਦਾ ਮੁਹਰੈਲ ਨਹੀਂ ਰਿਹਾ ਜਾਂ ਠੀਕ ਕਹੋ ਤਾਂ ਨਹੀਂ ਰਹਿਣ ਦਿੱਤਾ ਗਿਆ ਅਤੇ ਹੌਲੀ-ਹੌਲੀ ਉਹ ਅਗਲੇ ਚੋਣ ਅਖਾੜੇ ਦਾ ਭਾਜਪਾ ਦੇ ਪਿੱਛੇ ਚੱਲਣ ਜੋਗਾ ਵਕਤ ਵਿਹਾਅ ਚੁੱਕਾ ਵਿਅਕਤੀ ਲੱਗਦਾ ਹੈ। ਪਿਛਲੀ ਵਾਰ ਦੀਆਂ ਚੋਣਾਂ ਹੋਣ ਤੋਂ ਪਹਿਲਾਂ ਅਸੀਂ ਇਹ ਸਾਫ ਕਿਹਾ ਸੀ ਕਿ ਭਾਜਪਾ ਅਤੇ ਨਿਤੀਸ਼ ਕੁਮਾਰ ਦੀ ਜਨਤਾ ਦਲ (ਯੂ) ਪਾਰਟੀ ਭਾਵੇਂ ਭਾਈਵਾਲ ਹਨ ਤੇ ਸੀਟਾਂ ਵੀ ਨਿਤੀਸ਼ ਨੂੰ ਵੱਧ ਛੱਡ ਦਿੱਤੀਆਂ ਹਨ, ਪਰ ਭਾਜਪਾ ਨੇ ਐਤਕੀਂ ਉਸ ਦੇ ਪਰ ਕੁਤਰ ਕੇ ਏਨਾ ਛੋਟਾ ਕਰ ਦੇਣਾ ਹੈ ਕਿ ਮੁੱਖ ਮੰਤਰੀ ਵੀ ਬਣੇਗਾ ਤਾਂ ਇਸ ਭਾਈਵਾਲ ਪਾਰਟੀ ਦੇ ਰਹਿਮ ਦਾ ਮੁਥਾਜ ਹੋਵੇਗਾ। ਹੋਇਆ ਵੀ ਇਹੋ ਕਿ ਭਾਜਪਾ ਆਪਣੀਆਂ ਸੀਟਾਂ ਵੱਧ ਜਿੱਤ ਗਈ ਅਤੇ ਨਿਤੀਸ਼ ਕੁਮਾਰ ਦੀਆਂ ਸੀਟਾਂ ਦਾ ਜੋੜ ਹੀ ਨਾ ਲਾਇਆ, ਜਿਸ ਕਾਰਨ ਉਹ ਭਾਜਪਾ ਤੋਂ ਘੱਟ ਰਹਿ ਗਈਆਂ ਸਨ। ਇਸ ਮਗਰੋਂ ਸਰਕਾਰ ਬਣਾਉਣ ਤੋਂ ਨਿਤੀਸ਼ ਕੁਮਾਰ ਸਿਰ ਫੇਰਨ ਲੱਗਾ ਤਾਂ ਦਿੱਲੀ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫੋਨ ਕਰ ਕੇ ਮਨਾ ਲਿਆ ਸੀ, ਪਰ ਉਸ ਵਕਤ ਵਾਲੀ ਕੁੜੱਤਣ ਇਸ ਵਾਰ ਅੰਦਰਖਾਤੇ ਦੋਵਾਂ ਧਿਰਾਂ ਵਿੱਚ ਏਸ ਤਰ੍ਹਾਂ ਧੁਖਦੀ ਹੈ ਕਿ ਅਗਲੇ ਚੋਣਾਂ ਦੌਰਾਨ ਇੱਕ-ਦੂਸਰੇ ਦੀਆਂ ਸੀਟਾਂ ਉੱਤੇ ਚੋਖਾ ਅਸਰ ਪਾ ਕੇ ਨਤੀਜੇ ਪ੍ਰਭਾਵਤ ਕਰ ਸਕਦੀ ਹੈ।

ਦੂਸਰਾ ਪੱਖ ਇਹ ਹੈ ਕਿ ਕਾਂਗਰਸ ਪਾਰਟੀ ਦਾ ਸਭ ਤੋਂ ਵੱਡੇ ਆਗੂ ਰਾਹੁਲ ਗਾਂਧੀ ਨੇ ਵੋਟਾਂ ਦੀ ਚੋਰੀ ਦਾ ਮੁੱਦਾ ਚੁੱਕ ਕੇ ਜਿਵੇਂ ਇਸ ਨੂੰ ਦੇਸ਼ ਦੀ ਰਾਜਨੀਤੀ ਦਾ ਮੁੱਦਾ ਬਣਾ ਧਰਿਆ ਅਤੇ ਇਸ ਦੇ ਦੇਸ਼ ਦੀ ਸੁਪਰੀਮ ਕੋਰਟ ਵਿੱਚ ਵੀ ਚੋਣ ਕਮਿਸ਼ਨ ਦੀ ਬੇਇੱਜ਼ਤੀ ਹੋ ਚੁੱਕੀ ਹੈ, ਉਹ ਬਿਹਾਰ ਦੀਆਂ ਚੋਣਾਂ ਵਿੱਚ ਚੋਖਾ ਅਸਰ ਪਾਉਣ ਵਾਲਾ ਹੋ ਸਕਦਾ ਹੈ। ਇਸ ਮੌਕੇ ਬਿਹਾਰ ਵਿੱਚ ਕਾਂਗਰਸ ਪਾਰਟੀ ਨੂੰ ਕਦੇ ਬਹੁਤ ਸੰਭਲ ਕੇ ਚੱਲਣ ਦੀ ਲੋੜ ਸੀ, ਇਸ ਦੇ ਸਥਾਨਕ ਆਗੂਆਂ ਦੀ ਬੇਵਕੂਫੀ ਕਹਿ ਲਓ ਜਾਂ ਕੋਈ ਸਾਜ਼ਿਸ਼ ਸਮਝੋ ਕਿ ਇਸ ਦੇ ਇੱਕ ਛੋਟੇ ਸਿਆਸੀ ਕੱਦ ਦੇ ਆਗੂ ਨੂੰ ਰਾਹੁਲ ਗਾਂਧੀ ਦੀ ਸਟੇਜ ਤੋਂ ਬੋਲਣ ਦਾ ਮੌਕਾ ਦੇ ਦਿੱਤਾ ਗਿਆ, ਜਿਹੜਾ ਪੁਆੜੇ ਦਾ ਕਾਰਨ ਬਣ ਗਿਆ। ਉਸ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਾਂ ਦੀ ਗਾਲ੍ਹ ਕੱਢਣ ਨੂੰ ਭਾਜਪਾ ਨੇ ਚੁੱਕ ਲਿਆ ਅਤੇ ਖੁਦ ਮੋਦੀ ਨੇ ਵੀ ਆਪਣੇ ਭਾਸ਼ਣਾਂ ਦਾ ਹਿੱਸਾ ਬਣਾਉਣ ਦਾ ਰਾਹ ਫੜਿਆ ਤਾਂ ਕਾਂਗਰਸ ਨੂੰ ਇਸ ਕਾਰਨ ਚੋਖਾ ਨੁਕਸਾਨ ਲੱਗਣ ਦਾ ਡਰ ਸਤਾਉਣ ਲੱਗ ਪਿਆ ਹੈ। ਪਹਿਲਾਂ ਇੱਕ ਵਾਰੀ ਇੱਕ ਰਾਜ ਦੀ ਚੋਣ ਮੌਕੇ ਕਾਂਗਰਸ ਦੇ ਸੀਨੀਅਰ ਆਗੂ ਮਣੀ ਸ਼ੰਕਰ ਅਈਅਰ ਨੇ ਅੰਗਰੇਜ਼ੀ ਵਿੱਚ ਬਿਆਨ ਲਿਖਿਆ ਤੇ ਜਾਰੀ ਕਰਨ ਵੇਲੇ ਹਿੰਦੀ ਦੇ ਏਨੇ ਗਲਤ ਲਫਜ਼ਾਂ ਦੀ ਵਰਤੋਂ ਕਰ ਬੈਠਾ ਕਿ ਮੋਦੀ ਨੇ ਉਸ ਨੂੰ ਆਪਣੀ ਜਾਤ ਵਿਰੁੱਧ ਟਿੱਪਣੀ ਬਣਾ ਕੇ ਸਾਰੀ ਚੋਣ ਦੌਰਾਨ ਹਰ ਇੱਕ ਰੈਲੀ ਵਿੱਚ ਕਾਂਗਰਸ ਦੇ ਵਿਰੁੱਧ ਚੁੱਕਿਆ ਸੀ। ਕਾਂਗਰਸ ਨੂੰ ਅਈਅਰ ਦੀ ਇਹ ਟਿੱਪਣੀ ਆਪਣੇ ਖਿਲਾਫ ਵਰਤੀ ਜਾਣ ਦੇ ਨੁਕਸਾਨ ਨੇ ਏਨਾ ਬਚਾਅ ਦੇ ਪੈਂਤੜੇ ਉੱਤੇ ਲੈ ਆਂਦਾ ਕਿ ਜਵਾਬ ਦੇਣਾ ਮੁਸ਼ਕਲ ਹੋ ਗਿਆ ਸੀ। ਇਸ ਵਾਰੀ ਇਸ ਚੋਣ ਰੈਲੀ ਵਿੱਚ ਕਿਸੇ ਅਣਜਾਣੇ ਜਿਹੇ ਬੰਦੇ ਵੱਲੋਂ ਕੱਢੀ ਗਈ ਗਾਲ੍ਹ ਨੇ ਓਦਾਂ ਦੀ ਸਥਿਤੀ ਬਣਾ ਦਿੱਤੀ ਹੈ। ਸ਼ਾਇਦ ਇਸ ਵਿੱਚ ਕਾਂਗਰਸ ਆਗੂ ਜੋ ਮਰਜ਼ੀ ਸਫਾਈਆਂ ਦੇਂਦੇ ਰਹਿਣ, ਨੁਕਸਾਨ ਤਾਂ ਉਹ ਆਪਣਾ ਕਰਵਾ ਚੁੱਕੇ ਹਨ।

ਜਿਹੜਾ ਅਗਲਾ ਮੁੱਦਾ ਇਸ ਵੇਲੇ ਸਾਰੇ ਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣਿਆ ਪਿਆ ਹੈ, ਉਹ ਬਿਨਾਂ ਸ਼ੱਕ ਵੋਟਾਂ ਬਣਾਉਣ, ਕਟਾਉਣ ਤੇ ਭੁਗਤਾਉਣ ਪਿੱਛੋਂ ਨਤੀਜੇ ਵਿੱਚ ਗੜਬੜ ਦੇ ਦੋਸ਼ਾਂ ਦਾ ਹੈ। ਉਹ ਮੁੱਦਾ ਸਮੁੱਚੇ ਭਾਰਤ ਦੇ ਰਾਜਾਂ ਵਿੱਚ ਚਰਚਾ ਦਾ ਕੇਂਦਰ ਬਣਨ ਦੇ ਬਾਵਜੂਦ ਕਾਂਗਰਸ ਪਾਰਟੀ ਦੇ ਆਗੂ ਆਪਣੀਆਂ ਵਾਦੜੀਆਂ-ਸਜਾਦੜੀਆਂ ਕਾਰਨ ਅੱਗੇ ਵਧਾਉਣ ਜੋਗੇ ਸਾਬਤ ਨਹੀਂ ਹੋ ਰਹੇ। ਜਦੋਂ ਅਤੇ ਜਿੱਥੇ ਕਦੇ ਕੋਈ ਪਾਰਟੀ ਪ੍ਰੋਗਰਾਮ ਹੁੰਦਾ ਹੈ, ਪਾਰਟੀ ਦੇ ਲੀਡਰ ਭਾਜਪਾ ਜਾਂ ਪ੍ਰਧਾਨ ਮੰਤਰੀ ਦੇ ਖਿਲਾਫ ਮੋਰਚਾਬੰਦੀ ਕਰਨ ਦੀ ਥਾਂ ਆਪੋ ਵਿੱਚ ਇਸ ਗੱਲ ਉੱਤੇ ਫਸੇ ਦਿਖਾਈ ਦੇਂਦੇ ਹਨ ਕਿ ਫਲਾਣਾ ਬੰਦਾ ਸਟੇਜ ਉੱਤੇ ਆਵੇਗਾ ਤੇ ਫਲਾਣਾ ਆਇਆ ਤਾਂ ਫਲਾਣਾ ਨਹੀਂ ਰਹੇਗਾ, ਉਹ ਉੱਠ ਕੇ ਚਲਾ ਜਾਵੇਗਾ। ਹਰ ਛੋਟੀ-ਵੱਡੀ ਗੱਲ ਪਾਰਟੀ ਦੀ ਹਾਈ ਕਮਾਨ ਤੱਕ ਪਹੁੰਚਦੀ ਅਤੇ ਫਿਰ ਆਸ ਰੱਖੀ ਜਾਂਦੀ ਹੈ ਕਿ ਓਥੋਂ ਕੋਈ ਨਿਬੇੜਾ ਹੋ ਜਾਵੇਗਾ, ਪਰ ਪਾਰਟੀ ਦੀ ਹਾਈ ਕਮਾਨ ਏਨੀ ਨਾਕਸ ਹੋ ਚੁੱਕੀ ਹੈ ਕਿ ਹਰਿਆਣਾ ਵਿੱਚ ਵਿਧਾਨ ਸਭਾ ਚੋਣ ਪਿਛਲੇ ਸਾਲ ਹੋਈ ਸੀ ਤੇ ਇੱਕ ਸਾਲ ਲੰਘਣ ਪਿੱਛੋਂ ਵੀ ਪਾਰਟੀ ਓਥੇ ਵਿਰੋਧੀ ਧਿਰ ਦੇ ਨੇਤਾ ਬਾਰੇ ਫੈਸਲਾ ਕਰਨ ਜੋਗੀ ਸਾਬਤ ਨਹੀਂ ਹੋ ਸਕੀ। ਭਾਜਪਾ ਵਾਲੇ ਓਥੇ ਸਰਕਾਰ ਚਲਾਈ ਜਾਂਦੇ ਹਨ ਤੇ ਨਾਲੇ ਕਾਂਗਰਸ ਵਾਲਿਆਂ ਨੂੰ ਮਸ਼ਕਰੀ ਕਰਨ ਲੱਗੇ ਰਹਿੰਦੇ ਹਨ ਕਿ ਤੁਹਾਡੇ ਆਪੋਜ਼ੀਸ਼ਨ ਲੀਡਰ ਦੀ ਕੁਰਸੀ ਖਾਲੀ ਪਈ ਹੈ, ਆਪਣੇ ਲੀਡਰ ਦਾ ਫੈਸਲਾ ਕਿਸੇ ਦਿਨ ਕਰ ਲਵੋ। ਏਦਾਂ ਦੇ ਪਾਟਕ ਦੇ ਹਾਲਾਤ ਕਈ ਰਾਜਾਂ ਵਿੱਚ ਇਸ ਪਾਰਟੀ ਦੇ ਬਣੇ ਦਿੱਸਦੇ ਹਨ।

ਦੇਸ਼ ਦੀ ਰਾਜਨੀਤੀ ਵਿੱਚ ਅੱਜ ਦੀ ਘੜੀ ਵਿਰੋਧ ਦੀ ਸਭ ਤੋਂ ਵੱਡੀ ਧਿਰ ਕਾਂਗਰਸ ਪਾਰਟੀ ਦੇ ਆਪਣੇ ਏਦਾਂ ਦੇ ਹਾਲਾਤ ਹਨ ਤਾਂ ਆਢਾ ਉਸ ਪਾਰਟੀ ਨਾਲ ਲੈਣਾ ਹੈ, ਜਿਸ ਕੋਲ ਬਿਨਾਂ ਕਿਸੇ ਅਹੁਦੇ ਦੀ ਝਾਕ ਜਾਂ ਮਾਇਆ ਦੇ ਲੋਭ ਤੋਂ ਕੰਮ ਕਰਨ ਵਾਸਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਲੱਖਾਂ ਵਲੰਟੀਅਰਾਂ ਦੀ ਫੌਜ ਮੌਜੂਦ ਰਹਿੰਦੀ ਹੈ। ਚੋਣ ਭਾਰਤ ਦੇ ਕਿਸੇ ਵੀ ਰਾਜ ਵਿੱਚ ਹੋਣੀ ਹੋਵੇ, ਇਹ ਲੋਕ ਮਹੀਨਾ ਪਹਿਲਾਂ ਓਥੇ ਪਹੁੰਚ ਕੇ ਲੋਕਾਂ ਦੇ ਘਰ ਘੰਟੀ ਵਜਾਉਣ ਲੱਗਦੇ ਹਨ ਅਤੇ ਕੋਈ ਇਨ੍ਹਾਂ ਦੇ ਆਖੇ ਵੋਟ ਪਾਉਣ ਦੀ ਹਾਂ ਕਰੇ ਜਾਂ ਨਾ ਕਰੇ, ਸਥਿਤੀ ਸੁੰਘ ਕੇ ਪਾਰਟੀ ਨੂੰ ਇਸ ਤੋਂ ਅਗੇਤਾ ਜਾਣੂ ਕਰਵਾਉਣ ਦਾ ਕੰਮ ਕਿਸੇ ਸਰਕਾਰੀ ਵਿਭਾਗ ਵਾਂਗ ਕਰਦੇ ਹਨ। ਇੱਕ ਵੀ ਹੋਰ ਪਾਰਟੀ ਇਸ ਪੱਧਰ ਦੀ ਚੋਣ ਤਕਨੀਕ ਨਾਲ ਕੰਮ ਕਰਦੀ ਵਿਖਾਈ ਨਾ ਦੇਣ ਕਾਰਨ ਇਸ ਇਕੱਲੀ ਪਾਰਟੀ ਦੇ ਵਰਕਰ ਆਪਣੀਆਂ ਕਈ ਪੱਧਰਾਂ ਅਧੀਨ ਜਦੋਂ ਕੰਮ ਕਰਦੇ ਹਨ ਤਾਂ ਸਿਰਫ ਚੋਣਾਂ ਦਾ ਨਹੀਂ ਕਰਦੇ, ਸਮਾਜ ਵਿੱਚ ਧਰਮ ਆਧਾਰਤ ਕਤਾਰਬੰਦੀ ਦਾ ਉਹ ਕੰਮ ਵੀ ਨਾਲ ਹੀ ਕਰਦੇ ਰਹਿੰਦੇ ਹਨ, ਜਿਹੜਾ ਭਵਿੱਖ ਵਿੱਚ ਸੰਘ ਪਰਵਾਰ ਦੇ ਅੰਤਮ ਨਿਸ਼ਾਨੇ ਲਈ ਵਰਤਿਆ ਜਾ ਸਕਦਾ ਹੈ। ਵੋਟਾਂ ਵਾਲੇ ਹਰ ਬੂਥ ਤੱਕ ਵਰਕਰਾਂ ਦੀ ਏਨੀ ਪੱਕੀ ਜ਼ਿੰਮੇਵਾਰੀ ਲਾਉਣ ਵਾਲੀ ਇੱਕ ਵੀ ਪਾਰਟੀ ਲੱਭਣੀ ਸਾਨੂੰ ਔਖੀ ਲੱਗਦੀ ਹੈ, ਪਰ ਭਾਜਪਾ ਵੱਲੋਂ ਸਿਰਫ ਬੂਥਾਂ ਤੀਕਰ ਨਹੀਂ, ਹਰ ਬੂਥ ਵਾਲੇ ਵੋਟਾਂ ਦੀ ਦਸ-ਬਾਰਾਂ ਸਫੇ (ਪੰਨੇ) ਦੀ ਸੂਚੀ ਦੇ ਹਰ ਇੱਕ ਪੰਨੇ ਲਈ ਆਪਣਾ ਇੱਕ-ਇੱਕ ਪੱਕਾ ਪੰਨਾ-ਪ੍ਰਮੁੱਖ, ਭਾਵ ਕਿ ਉਸ ਪੰਨੇ ਦੇ ਵੋਟਰਾਂ ਤੱਕ ਪਹੁੰਚ ਅਤੇ ਵੋਟਾਂ ਵਾਲੇ ਦਿਨ ਉਨ੍ਹਾਂ ਨੂੰ ਭੁਗਤਾਉਣ ਦਾ ਜ਼ਿੰਮੇਵਾਰ ਥਾਪ ਰੱਖਣ ਬਾਰੇ ਪਤਾ ਲੱਗਦਾ ਹੈ। ਇਹ ਪੰਨਾ-ਪ੍ਰਮੁੱਖ ਸਥਾਨਕ ਪੱਧਰ ਦੇ ਵਰਕਰ ਹੁੰਦੇ ਹਨ, ਪਰ ਇਨ੍ਹਾਂ ਦੀ ਕਮਾਂਡ ਦੂਸਰੇ ਰਾਜਾਂ ਤੋਂ ਆਏ ਜਾਂ ਬੁਲਾਏ ਹੋਏ ਚੋਣ ਤਕਨੀਕਾਂ ਦੇ ਮਾਹਰ ਵਰਕਰਾਂ ਦੇ ਹੱਥ ਹੁੰਦੀ ਹੈ। ਉਹ ਮਹਾਰਾਸ਼ਟਰ ਦਾ ਤਜਰਬਾ ਉੱਤਰ ਪ੍ਰਦੇਸ਼ ਵਿੱਚ, ਕਰਨਾਟਕਾ ਦਾ ਤਜਰਬਾ ਹਰਿਆਣੇ ਵਿੱਚ ਤੇ ਰਾਜਸਥਾਨ ਦਾ ਤਜਰਬਾ ਬਿਹਾਰ ਜਾਂ ਆਸਾਮ ਵਿੱਚ ਵਰਤਣ ਲਈ ਪੂਰੀ ਤਰ੍ਹਾਂ ਸਿਰ ਪਰਨੇ ਹੋ ਜਾਂਦੇ ਹਨ।

ਅਸੀਂ ਜਦੋਂ ਇਸ ਵੇਲੇ ਬਿਹਾਰ ਦੀ ਚਰਚਾ ਕਰ ਰਹੇ ਹਾਂ ਤਾਂ ਇਹ ਚਰਚਾ ਸਿਰਫ ਉਸ ਰਾਜ ਬਾਰੇ ਨਹੀਂ, ਭਾਰਤ ਦੇ ਹਰ ਉਸ ਰਾਜ ਬਾਰੇ ਹੈ, ਜਿਸ ਦੀ ਚੋਣ ਅਗਲੇ ਜਾਂ ਅਗਲੇਰੇ ਸਾਲ ਆਉਣ ਵਾਲੀ ਹੈ। ਇਹੋ ਜਿਹੇ ਰਾਜਾਂ ਵਿੱਚ ਸਾਡੇ ਪੰਜਾਬ ਦਾ ਨਾਂਅ ਵੀ ਆਉਂਦਾ ਹੈ, ਜਿਸ ਵਿੱਚ ਅਗਲੀ ਚੋਣ ਵਿੱਚ ਮਸਾਂ ਡੇਢ ਸਾਲ ਰਹਿੰਦਾ ਹੈ ਤੇ ਜਿਸ ਪੱਧਰ ਦੀ ਚੋਣ ਮੋਰਚਾਬੰਦੀ ਦੀ ਗੱਲ ਅਸੀਂ ਬਿਹਾਰ ਵਿੱਚ ਹੋ ਰਹੀ ਦੱਸੀ ਹੈ, ਉਹ ਡੇਢ ਸਾਲ ਬਾਕੀ ਹੋਣ ਦੇ ਬਾਵਜੂਦ ਅੱਜਕੱਲ੍ਹ ਪੰਜਾਬ ਵਿੱਚ ਸ਼ੁਰੂ ਹੋ ਚੁੱਕੀ ਹੈ। ਕੱਲ੍ਹ ਨੂੰ ਕਿਸੇ ਵੀ ਨਤੀਜੇ ਬਾਰੇ ਜਿਨ੍ਹਾਂ ਨੇ ਦੁਹਾਈ ਪਾਉਣੀ ਤੇ ਸੁਪਰੀਮ ਕੋਰਟ ਵੱਲ ਨੂੰ ਦੌੜਾਂ ਲਾਉਣੀਆਂ ਹਨ, ਉਹ ਇਸ ਵੇਲੇ ਇਸ ਦੀਆਂ ਖਬਰਿਆਂ ਵਿੱਚ ਡੁੱਬੇ ਪਏ ਹਨ ਕਿ ਕਾਂਗਰਸ ਦੀ ਫਲਾਣੇ ਥਾਂ ਸਟੇਜ ਲੱਗੀ ਤਾਂ ਫਲਾਣਾ ਆਗੂ ਨਹੀਂ ਆਉਣ ਦੇਣਾ ਤੇ ਜੇ ਫਲਾਣਾ ਆਗੂ ਤਾਂ ਫਲਾਣੇ ਨੇ ਸਟੇਜ ਤੋਂ ਚਲੇ ਜਾਣਾ ਹੈ। ਏਥੋਂ ਤੱਕ ਕਿ ਹੜ੍ਹ ਪੀੜਤਾਂ ਕੋਲ ਜਾਂਦੇ ਵਕਤ ਵੀ ਇੱਕ-ਦੂਸਰੇ ਦਾ ਰਸਤਾ ਕੱਟਣ ਅਤੇ ਅਖਬਾਰਾਂ ਲਈ ਖਬਰਾਂ ਪੈਦਾ ਕਰਦੇ ਹਨ। ਬੀਤੇ ਦਿਨੀਂ ਇੱਕ ਗੱਲ ਖੁਦ ਕਾਂਗਰਸੀ ਆਗੂਆਂ ਵਿੱਚ ਚੱਲੀ ਸੀ ਕਿ ਅਗਲੀ ਚੋਣ ਲਈ ਪੰਜਾਬ ਵਿੱਚ ਖੱਬੇ ਪੱਖੀ ਧਿਰਾਂ ਅਤੇ ਬਹੁਜਨ ਸਮਾਜ ਪਾਰਟੀ ਨਾਲ ਗੱਠਜੋੜ ਕਰਨ ਦਾ ਰਾਹ ਲੱਭਿਆ ਜਾਵੇ ਤਾਂ ਕੁਝ ਲਾਭ ਹੋ ਸਕਦਾ ਹੈ, ਪਰ ਪਿਛਲਾ ਮਾੜਾ ਤਜਰਬਾ ਇਹ ਹੈ ਕਿ ਕਾਂਗਰਸ ਪਾਰਟੀ ਸੀਟਾਂ ਵੀ ਛੱਡ ਦੇਂਦੀ ਹੈ ਤੇ ਆਪਣੇ ਲੀਡਰਾਂ ਨੂੰ ਕਾਮਰੇਡਾਂ ਲਈ ਛੱਡੀਆਂ ਸੀਟਾਂ ਉੱਤੇ ਖੜੇ ਹੋਣ ਤੋਂ ਵੀ ਰੋਕਦੀ ਨਹੀਂ। ਏਦਾਂ ਦੇ ਹਾਲਾਤ ਵਿੱਚ ਖੱਬੇ-ਪੱਖੀ ਧਿਰਾਂ ਦੇ ਲੋਕ ਵੀ ਸਿਰਫ ਕਾਂਗਰਸ ਪਾਰਟੀ ਨੂੰ ਜਿਤਾਉਣ ਵਾਸਤੇ ਉਨ੍ਹਾਂ ਦੇ ਨਾਲ ਤੁਰਨ ਵਾਸਤੇ ਤਿਆਰ ਨਹੀਂ ਹੋਣ ਲੱਗੇ ਅਤੇ ਅਗਲੀ ਚੋਣ ਵਿੱਚ ਕੋਈ ਸਾਂਝਾ ਮੋਰਚਾ ਬਣਾਉਣ ਦੀ ਕਿਸੇ ਵੀ ਪੱਧਰ ਦੀ ਕੋਈ ਮੁਹਿੰਮ ਸਿਰੇ ਨਹੀਂ ਚੜ੍ਹਨ ਵਾਲੀ ਜਾਪਦੀ।

ਇਹੋ ਜਿਹੇ ਕੰਮ ਉਹ ਪਾਰਟੀ ਕਰ ਸਕਦੀ ਹੈ, ਜਿਸ ਦੀ ਕੇਂਦਰੀ ਕਮਾਨ ਏਨੀ ਮਜ਼ਬੂਤ ਹੋਵੇ ਕਿ ਜੋ ਵੀ ਸੁਨੇਹਾ ਓਥੋਂ ਆਵੇ, ਹਰ ਕੋਈ ਆਗੂ ਉਸੇ ਮੁਤਾਬਕ ਕੰਮ ਕਰੇ, ਪਰ ਜਿਸ ਪਾਰਟੀ ਦਾ ਪਾਟਕ ਨਾ ਬਿਹਾਰ ਅਤੇ ਨਾ ਹਰਿਆਣੇ ਤੇ ਹੋਰ ਥਾਂ ਬੰਦ ਕਰਾਉਣ ਮੁਕਾਇਆ ਜਾ ਰਿਹਾ ਹੋਵੇ, ਉਸ ਕੋਲੋਂ ਪੰਜਾਬ ਵਿੱਚ ਵੀ ਕੀ ਆਸ ਹੈ? ਇਸ ਵੇਲੇ ਬਿਹਾਰ ਦੀ ਤਾਂ ਸਿਰਫ ਚਰਚਾ ਹੈ, ਮਾਮਲਾ ਇਹ ਹੈ ਕਿ ਅਗਲੇ ਸਾਲ ਪੰਜਾਬ ਵਿੱਚ ਕੀ ਬਣ ਸਕਦਾ ਹੈ। ਇਸ ਸਵਾਲ ਦੇ ਜਵਾਬ ਲਈ ਜਿਹੜਾ ਕੋਈ ਵੀ ਮੱਥਾ ਮਾਰਦਾ ਹੈ, ਆਖਰ ਵਿੱਚ ਇਹ ਮੰਨਣ ਨੂੰ ਮਜਬੂਰ ਹੁੰਦਾ ਹੈ ਕਿ ਇਸ ਵੱਡੀ ਪਾਰਟੀ ਦੇ ਹਾਲਾਤ ਹੀ ਬੇੜੀ ਕਿਸੇ ਬੰਨੇ ਨਹੀਂ ਲੱਗਣ ਦੇਣਗੇ। ਕੀ ਕਾਂਗਰਸ ਪਾਰਟੀ ਦੇ ਆਗੂਆਂ ਨੂੰ ਪਤਾ ਹੈ ਇਸ ਸਥਿਤੀ ਦਾ!

# ਆਪਣੇ ਆਗੋਸ਼ 'ਚ ਬੜਾ ਕੁਝ ਲੁਕੋਈ ਬੈਠਾ ਹੈ : ਬਜਵਾੜਾ

**ਪਿੰਡ ਵਸਿਆ-43**
**ਵਿਜੈ ਬੰਬੇਲੀ**

ਰੋਪੜ, ਜਿਸ ਨੂੰ ਇਤਿਹਾਸਕਾਰਾਂ ਨੇ ਪਹਾੜਾਂ ਦਾ ਦਾਮਨ ਆਖਿਆ ਹੈ, ਤੋਂ ਸਦੀਆਂ ਪਹਿਲਾਂ ਇੱਕ ਆਵਾਜਾਈ ਪੈਹਾ ਤੁਰਦਾ ਸੀ। ਜੋ ਸ਼ਿਵਾਲਕ ਕੰਢੀ ਦੇ ਪਹਾੜਾਂ ਦੀ ਮੁੱਕਦੀ ਢਾਲੇ, ਯਾਨੀ ਪਹਾੜੀ ਤਲਹੱਟੀ ਨਾਲ ਖਹਿੰਦਾ, ਜੈਜੋਂ-ਕੋਠੀ-ਬਜਵਾੜਾ-ਮਲੋਤ (ਹਰਿਆਣਾ) ਹੁੰਦਾ ਹੋਇਆ ਤਲਵਾੜਿਓਂ ਥਾਣੀਂ ਪਠਾਨਕੋਟ ਜਾ ਪੁੱਜਦਾ ਸੀ। ਮੱਧ ਭਾਰਤੀ ਇਤਿਹਾਸ ਅਨੁਸਾਰ, ਪਰਾਈਆਂ ਧਰਤੀਆਂ ਦੇ ਕਈ ਧਾੜਵੀਆਂ ਦਾ ਜੰਗੀ ਰਾਹ ਇਹੀ ਮਾਰਗ ਰਿਹਾ। ਇਹ ਸਾਰੇ ਨਗਰ ਪ੍ਰਾਚੀਨ ਹਨ ਅਤੇ ਨਾਮਵਰ ਸਨ। ਇਸ ਕਾਲਮ ਵਿੱਚ ਅਸੀਂ ਬਾਤ ਪਾਵਾਂਗੇ ਬਜਵਾੜੇ ਦੀ, ਜਿਹੜਾ ਪਹਿਲ-ਪਲੱਕੜਿਆਂ ਵਿੱਚ ਇੱਕ ਉੱਘੇ ਸ਼ਹਿਰ ਅਤੇ ਹੇਠਲੇ ਹਿਮਾਚਲ ਦੇ ਵਪਾਰਕ ਦਰ੍ਹੇ ਵਜੋਂ ਵੱਸਦਾ ਸੀ। ਹੁਣ ਇਹ ਨਗਰ, ਹੁਸ਼ਿਆਰਪੁਰ ਸ਼ਹਿਰ ਨੂੰ ਗਲਵੱਕੜੀ ਪਾਈ ਬੈਠਾ ਹੈ। ਹੁਸ਼ਿਆਰਪੁਰ, ਇਸ ਤੋਂ ਕਿਤੇ ਮਗਰੋਂ ਵੱਸਦਾ ਹੈ ਅਤੇ ਇਹ ਢੇਰ ਵਰ੍ਹੇ ਪਹਿਲਾਂ। ਪਰ, ਕਦੋਂ ਕੁ ਵਸਿਆ, ਦੀ ਥਹੁ ਲਾਉਣ ਵਿੱਚ ਮੈਂ ਅਸਫਲ ਰਿਹਾਂ।

ਹਾਂ; ਲੋਕ-ਪੱਖੀ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਦੀ ਇਹ ਜੰਮਣ ਭੋਇੰ ਹੈ ਅਤੇ ਧਰਮ-ਨਿਰਪੱਖ ਪਾਤਸ਼ਾਹ ਅਕਬਰ ਦੇ ਨੌਂ ਰਤਨਾਂ (ਆਹਲਾਂ ਵਜ਼ੀਰਾਂ) ਵਿੱਚੋਂ ਇੱਕ ਮਾਲ ਮੰਤਰੀ ਟੋਡਰ ਮੱਲ ਦਾ ਨਾਨਕਾ ਪਿੰਡ। ਗਨੀਮਤ ਵੇਖੋ, ਜਿੱਥੇ ਸ਼ੇਰ ਸ਼ਾਹ ਸੂਰੀ ਆਪਣੀ ਬੁਲੰਦੀ ਸਮੇਂ, ਜਲੰਧਰ ਵੱਲ ਆਇਆ, ਜਦ ਉਹ ਸ਼ੇਰ ਸ਼ਾਹ ਸੂਰੀ ਸ਼ਾਹ-ਮਾਰਗ ਦੀ ਤਾਮੀਰ ਕਰਵਾ ਰਿਹਾ ਸੀ, ਆਪਣੀ ਜੰਮਣ ਭੋਇੰ ਨੂੰ ਸਪਾਟ ਲੰਮਾ ਪੈ, ਇਸ ਦੀ ਮਿੱਟੀ ਨੂੰ ਸਿਜਦਾ ਕਰ, ਇੱਥੋਂ ਦੇ ਵਸਨੀਕਾਂ ਨੂੰ ਡੰਡੌਤ-ਬੰਦਤ ਹੋ ਪੁੱਛਦਾ ਹੈ, "ਆਪਣੇ ਇਸ ਅਦਨੇ ਪੁੱਤ ਤੋਂ ਕੀ ਚਾਹੁੰਦੇ ਹੋ ਤੁਸੀਂ?" ਉਥੇ ਟੋਡਰ ਮੱਲ ਨੇ ਆਪਣੇ ਨਾਨਕੇ ਪਿੰਡ ਤੋਂ ਇਸ ਗੱਲੋਂ ਗੁੱਸੇ ਹੋ ਕੇ ਕਿ ਉਹਨੀਂ ਕਿ ਉਸ ਦੀ ਉਸ ਦੇ ਰੁਤਬੇ ਮੁਤਾਬਿਕ ਆਓ-ਭਗਤ ਨਹੀਂ ਸੀ ਕੀਤੀ, ਆਪਣੇ ਇੱਕ ਅਹਿਲਕਾਰ ਹੁਸ਼ਿਆਰ ਖਾਨ ਦੇ ਵਪਾਰਕ-ਹਮਜੋਲੀ ਹਰਗੋਬਿੰਦ-ਰਾਮ ਚੰਦ ਰਾਹੀਂ ਇਸ ਨਗਰ ਦੀ ਵਪਾਰਕ ਚੜ੍ਹਤ ਨੂੰ ਖੋਰਾ ਲਾਣ ਲਈ ਐਨ ਨਾਲ ਖਹਿੰਦੀ ਇੱਕ ਮੰਡੀ ਵਿਕਸਤ (ਹੁਸ਼ਿਆਰਪੁਰ) ਕਰਵਾਉਣ ਦਾ ਮੁੱਢ ਬੰਨ੍ਹ ਦਿੱਤਾ। ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਸ਼ੇਰ ਸ਼ਾਹ ਸੂਰੀ (ਫਰੀਦ) ਦਾ ਜਨਮ ਇਸ ਖੇੜੇ ਦੀ ਜੂਹ ਵਿੱਚ ਗੱਡੇ ਇੱਕ ਵਿਸ਼ਾਲ ਤੰਬੂ ਵਿੱਚ ਹੋਇਆ ਸੀ, ਜਿਹੜਾ ਘੋੜਿਆਂ ਦੇ ਮਸ਼ਹੂਰ ਘੁਮੰਤਰ ਵਪਾਰੀ ਉਸ ਦੇ ਅਫਗਾਨ ਪਿਤਾ ਹਸਨ ਦਾ ਸੀ ਅਤੇ ਇੱਥੋਂ ਦਾ ਸੁ-ਪ੍ਰਸਿੱਧ ਸੋਨੀ ਖੱਤਰੀਆਂ ਦਾ ਧੜਵੈਲ ਵਪਾਰੀ ਕੁਨਬਾ ਟੋਡਰ ਮੱਲ ਦਾ ਨਾਨਕਾ ਪਰਵਾਰ ਸੀ, ਜਿਸ ਦੇ ਲੇਖੇ ਇਸ ਕਰਕੇ ਬਜਵਾੜੀਆਂ ਉਸ ਦੀ ਅਗੰਮੀ ਟਹਿਲ ਸੇਵਾ ਨਹੀਂ ਸੀ ਕੀਤੀ ਕਿ ਇਹ ਤਾਂ ਸਾਡਾ ਦੋਹਤਾ-ਭਾਣਜਾ ਹੈ।

ਇਸ ਕਸਬੇ ਦੀ ਇਤਿਹਾਸਕਤਾ ਦੇ ਅਨੇਕਾਂ ਪ੍ਰਮਾਣ ਹਨ। ਦੂਰ-ਦੁਰੇਡੇ ਮੀਲਾਂ ਤੱਕ ਖਿੰਡੀਆਂ ਨਾਨਕ ਸ਼ਾਹੀ ਇੱਟਾਂ, ਸਿੱਲ ਪੱਥਰ ਅਤੇ ਵੇਲੇ ਦੀਆਂ ਸ਼ਾਨਾਮੱਤੀਆਂ ਇਮਾਰਤਾਂ ਦੇ ਖੰਡਰਾਤ ਮਿਲਦੇ ਹਨ। ਮੈਦਾਨੀ ਅਤੇ ਪਹਾੜੀ ਰਾਜਾਂ ਦੀ ਜੂਹਬੰਦੀ ਵੀ ਇਥੇ ਹੀ ਸੀ। ਕਟੋਚ ਰਾਜਾ ਸੰਸਾਰ ਚੰਦ ਕਾਂਗੜੇ ਨੇ ਇੱਥੇ ਇੱਕ ਜੰਗੀ ਕਿਲ੍ਹਾ ਬਣਵਾਇਆ ਸੀ। ਮਗਰੋਂ ਇਹ ਪਹਿਲਾਂ ਫੈਜ਼ਲਪੁਰੀਏ ਭੂਪ ਸਿੰਘ, ਫੇਰ ਕਰੋੜ ਸਿੰਘੀਆਂ ਮਿਸਲ ਦੇ ਬਘੇਲ ਸਿੰਘ ਦੇ ਹੱਥ ਆ ਗਿਆ, ਦੁਬਾਰਾ ਫੇਰ ਸੰਸਾਰ ਚੰਦ ਅਤੇ ਮਗਰੋਂ ਰਣਜੀਤ ਸਿੰਘ ਨੇ ਹਥਿਆ ਲਿਆ। ਇਸ ਕਿਲ੍ਹੇ ਵਿੱਚ ਹੀ ਇਸ ਨੂੰ ਢਹਿ-ਢੇਰੀ ਕਰਨ ਤੋਂ ਪਹਿਲਾਂ ਬ੍ਰਿਟਿਸ਼ ਸਾਮਰਾਜ ਨੇ 1857 ਦੇ ਕੁੱਝ ਗਦਰੀਆਂ, ਜਿਹੜੇ ਜਲੰਧਰ-ਹੁਸ਼ਿਆਰਪੁਰ ਰਾਹੀਂ ਨਾਲਾਗੜ੍ਹ-ਅੰਬਾਲਾ-ਦਿੱਲੀ ਜਾਣ ਲਈ ਤੱਤਪਰ ਸਨ, ਨੂੰ ਫਾਹੇ ਲਾਇਆ ਸੀ। ਇਸ ਨਗਰੀ, ਜਿਸ ਨੂੰ ਜੇਜੋਂ ਤੋਂ ਬਾਅਦ ਉਚੇਰੇ ਪਹਾੜੀ ਨਗਰਾਂ ਨਾਲ ਸੰਬੰਧਤ ਵਪਾਰ ਦੇ ਦੂਜੇ ਸ਼ਾਹੀ ਦਰਵਾਜ਼ੇ ਦਾ ਰੁਤਬਾ ਪ੍ਰਾਪਤ ਹੈ, ਦੀ ਜੂਹ ਨਾਲ ਵੱਸਦੇ ਪਿੰਡ ਫਤਿਹਗੜ੍ਹ, ਜਿਹੜਾ ਹੁਣ ਹੁਸ਼ਿਆਰਪੁਰ ਦਾ ਨਾਮਵਰ ਮੁਹੱਲਾ ਹੈ, ਦੇ ਘੁਮਿਆਰਾਂ ਬਦੌਲਤ ਜਿਹੜੇ ਇੱਥੋਂ ਮੰਡੀ-ਸੁਕੇਤ-ਲੇਹ-ਲਦਾਖ ਨੂੰ ਖੱਚਰ-ਭਾੜਾ ਵਾਹੁੰਦੇ ਸਨ, ਰਾਹੀਂ ਗ਼ਦਰ ਲਹਿਰ ਵੇਲੇ ਪਹਾੜੀ ਬਗਾਵਤ (ਮੰਡੀ ਸਾਜ਼ਿਸ਼ ਕੇਸ) ਵਿੱਚ ਪੀਢਾ ਹਿੱਸਾ ਪਾਉਣ ਦਾ ਵੀ ਮਾਣ ਪ੍ਰਾਪਤ ਹੈ।

ਇਹ ਨਗਰ ਇੱਥੋਂ ਦੇ ਚਰਚਿਤ ਦੇਸ਼ ਭਗਤਾਂ ਕਾਰਨ ਸੁਤੰਤਰਤਾ ਸੰਗਰਾਮੀਆਂ ਦਾ ਪੁਖਤਾ ਭ੍ਰਮਣ ਤੇ ਪਨਾਹ ਸਥੱਲ ਅਤੇ ਸਿਰਮੌਰ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਇਹੀ ਨਹੀਂ, ਬਹੁਤ ਸਾਰੇ ਵਿੱਦਿਅਕ ਦਾਨੀਆਂ, ਪ੍ਰਾਚੀਨ ਵਿੱਦਿਅਕ ਅਦਾਰਿਆਂ, ਸ਼ਾਸਤਰੀਆਂ ਅਤੇ ਸਮਾਜ-ਸੇਵੀ ਅਦਾਰਿਆਂ ਤੋਂ ਬਿਨਾਂ ਇਹ ਵਿਲੱਖਣ ਕਿਰਤੀ-ਸ਼ਿਲਪੀਆਂ ਤੇ ਸੰਗੀਤ ਵੇਤਿਆਂ ਦੀ ਕਰਮ-ਭੂਮੀ ਵੀ ਰਿਹਾ। ਉੱਚ-ਵਿਦਿਅਕ ਤੇ ਇਨਕਲਾਬੀ ਰਹੱਸਵਾਦੀ ਦੇਸ਼ ਭਗਤ ਬਲਰਾਜ ਭੱਲਾ, ਜਿਸ ਨੂੰ ਪਹਿਲਾਂ ਫਾਂਸੀ, ਮਗਰੋਂ ਤਨਹਾਈ ਕੈਦ ਹੋਈ ਸੀ, ਵੀ ਇੱਥੋਂ ਦੇ ਦਾਨੇ ਧੰਨ-ਕੁਬੇਰਾਂ ਦਾ ਪੁੱਤ ਸੀ। ਸੁ-ਪ੍ਰਸਿੱਧ ਸੰਗੀਤਵੇਤਾ ਬੈਜੂ ਬਾਵਰਾ ਵੀ ਲਗਾਤਾਰ ਤੋੜ ਹਿਆਤੀ ਤੱਕ ਇਥੋਂ ਹੀ ਆਪਣੇ ਫੰਨ ਦਾ ਮੁਜ਼ਾਹਰਾ ਕਰਦਾ ਰਿਹਾ। ਕਿਹਾ ਜਾਂਦਾ ਹੈ ਕਿ ਉਸ ਬੇਜੋੜ ਗਵੱਈਏ ਦੀ ਧਰੂ-ਤਾਰਾ ਜਲੌਅ ਕਾਰਨ ਹੀ ਇਸ ਪ੍ਰਾਚੀਨ ਖੇੜੇ ਦਾ ਨਾਂਅ ਬਜਵਾੜਾ ਪੈ ਗਿਆ ਸੀ। ਇਹੀ ਨ੍ਹੀਂੜ ਕਲਾਸੀਕਲ ਸੰਗੀਤ-ਵੇਤਾ ਹਰਬੱਲਭ, ਜਿਸ ਦੇ ਨਾਵੇਂ ਜਲੰਧਰ ਦਾ ਸੁ-ਪ੍ਰਸਿੱਧ ਹਰਬੱਲਭ ਸੰਗੀਤ ਸੰਮੇਲਨ ਹੁੰਦਾ ਹੈ, ਵੀ ਇਸੇ ਨਗਰੀ ਦਾ ਜੰਮਪਲ ਸੀ।

ਇਹ ਕਸਬਾ ਸਦੀਆਂ ਤੱਕ ਪ੍ਰਮੁੱਖ ਵਪਾਰਕ ਅਤੇ ਪੈਦਾਵਾਰੀ ਕੇਂਦਰ ਬਣਿਆ ਰਿਹਾ। ਕਿਹਾ ਜਾਂਦਾ ਹੈ ਕਿ ਲਾਹੌਰ, ਸਿਆਲਕੋਟ, ਮੁਲਤਾਨ, ਗੁਜਰਾਤ (ਪਾਕਿਸਤਾਨ) ਤੋਂ ਬਾਅਦ ਸ਼ਿਲਪਕਾਰੀ ਵਿੱਚ ਬਜਵਾੜੇ ਦੀ ਤੂਤੀ ਬੋਲਦੀ ਸੀ। ਸਹੀ ਮਾਇਨਿਆਂ ਵਿੱਚ ਬਜਵਾੜੇ ਦਾ ਜਲੌਅ ਇਥੇ ਤੇ ਇਸ ਦੇ ਆਸਪਾਸ ਦੀ ਅਫਗਾਨ (ਪਠਾਣ) ਚੜ੍ਹਤ, ਜਿਸ ਨੇ ਬਜਵਾੜੇ ਨੂੰ ਆਪਣੇ ਸੁੱਘੜ ਕਲਾਵੇ ਵਿੱਚ ਲੈ ਲਿਆ ਸੀ, ਸਮੇਂ ਬੱਝਾ ਸੀ। ਸੁਨਹਿਰੀ ਕਢਾਈ ਵਾਲੇ ਕੱਪੜੇ, ਕਾਲੀ ਸੂਫ (ਚਾਦਰਾ-ਘੁਗਰਾ), ਦੋ ਘੋੜੇ ਮਾਰਕਾ ਚਿੱਟੀ ਬੋਸਕੇ (ਕਮੀਜ਼ਾਂ-ਕੁੜਤੇ) ਅਤੇ ਤਿੰਨ ਸੌ ਛਿਅੱਤਰ ਦੀ ਮਲਮਲ (ਪਗੜੀਆਂ) ਦਾ ਬਜਵਾੜਾ ਪ੍ਰਸਿੱਧ ਧੁਰਾ ਸੀ। ਕਮਰਬੰਧਾਂ 'ਤੇ ਸੋਨੇ ਦੀ ਅਤੇ ਪੱਗਾਂ 'ਤੇ ਤਿੱਲੇ ਦੀ ਕਢਾਈ, ਫਿਰ ਖੁੱਸੇ-ਜੁੱਤੀਆਂ ਅਤੇ ਲੱਕੜ ਉੱਤੇ ਕਸ਼ੀਦਾਕਾਰੀ ਬਜਵਾੜੇ ਦਾ ਕੇਂਦਰੀ ਹੁਨਰ ਸੀ। ਲੇਹ-ਲਦਾਖ ਤੋਂ ਊਨੀ, ਕਸ਼ਮੀਰ ਤੇ ਉੱਪਰ ਲੱਗਦੇ ਅਫਗਾਨਿਸਤਾਨ ਤੋਂ ਕੇਸਰ, ਮੇਵੇ ਅਤੇ ਮਸਾਲਾ ਇੱਥੇ ਪਹੁੰਚਦਾ। ਇੱਥੋਂ ਨਮਕ, ਤੇਲ, ਕੱਪੜਾ, ਅਨਾਜ ਅਤੇ ਹੋਰ ਕਈ ਕੁੱਝ ਜਾਂਦਾ। ਬਹੁਤੀ ਆਵਾਜਾਈ ਮੰਡੀ ਰਵਾਲਸਰ ਥਾਣੀਂ ਸੀ। ਦੂਜਾ ਰਸਤਾ, ਬਰਾਸਤਾ, ਰਾਮਪੁਰ-ਬੁਸ਼ੈਹਰ ਸੀ, ਜਿੱਥੋਂ ਦੇ ਬੋਧੀ ਜਲੌਅ ਨੇ ਬਜਵਾੜੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ।

ਸਿੱਟਾ; ਬਜਵਾੜਾ ਬੋਧ-ਰੰਗ 'ਚ ਵੀ ਰੰਗਿਆ ਗਿਆ, ਚਾਹੇ ਉਹ ਸਹਿਜ ਜੀਵਨ ਸੀ, ਭਵਨ ਉਸਾਰੀ ਸੀ ਜਾਂ ਸ਼ਾਂਤੀ ਦਾ ਸੰਦੇਸ਼ਾ। ਸ਼ਾਇਦ; ਇਸੇ ਅੰਤਰ ਸੰਬੰਧਤਾਂ ਦਾ ਨਤੀਜਾ ਸੀ ਕਿ ਹਿੰਦੂ ਸੰਗੀਤਵੇਤਾ ਹਰੀ ਦਾਸ (ਹਰਿਆਣਾ) ਨੇ ਆਪਣੇ ਮੁਸਲਿਮ ਚੇਲੇ ਬੇਜੂ (ਅਫਗਾਨ) 'ਤੇ ਸੁਰ-ਗੁਣ ਨਿਸ਼ਾਵਰ ਕੀਤੇ ਅਤੇ ਬੇਜੂ ਜੋ, ਸੰਗੀਤਕ ਲੈਆਂ ਵਿੱਚ ਬਾਵਰਾ ਹੋ ਉੱਠਦਾ, ਬੈਜੂ ਬਾਵਰਾ ਸਦਵਾਇਆ, ਨੇ ਆਪਣੀ ਕਲਾ ਆਪਣੇ ਹਿੰਦੂ ਅਨੁਆਈ ਤਾਨਸੈਨ 'ਤੇ ਨਿਸ਼ਾਵਰ ਕਰ ਦਿੱਤੀ। ਹੁਣ ਤੁਸੀਂ ਮੈਨੂੰ ਇਹ ਦੱਸਦਿਆਂ ਇਹ ਲੇਖ ਮੁਕਾਉਣ ਦੀ ਆਗਿਆ ਦਿਓ ਕਿ, "ਇਸ ਨਗਰ ਵਿੱਚ ਜਿੱਥੇ ਬਾਬਾ ਬੰਦਾ ਸਿੰਘ ਬਹਾਦੁਰ ਦੀਆਂ ਕੁਮਕਾਂ ਦੇ ਫੇਰੇ ਪਾਉਣ ਦੀ ਕਨਸੋਅ ਹੈ, ਉੱਥੇ ਜੰਗੀ-ਹਥਿਆਰ ਬਣਾਉਣ ਦੇ ਪ੍ਰਵੀਨ ਕਾਰੀਗਰ ਭਾਈ ਹਰਦਾਸ, ਜੋ ਜੱਸਾ ਸਿੰਘ ਰਾਮਗੜ੍ਹੀਏ ਦਾ ਦਾਦਾ ਸੀ, ਦਾ ਸ਼ਹੀਦੀ ਅਸਥਾਨ ਵੀ ਇਹੀ ਭੋਇੰ ਬਣੀ। ਉੱਘੀ ਗੱਲ ਇਹ, ਜਿਹੜੀ ਪਹਿਲਾਂ ਦੱਸਣੀ ਬਣਦੀ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸੁਪਤਨੀ ਮਾਤਾ ਸੁੰਦਰੀ ਜੀ ਦੀ ਮਾਂ ਸ਼ਿਵ ਦੇਈ ਵੀ ਇੱਥੋਂ ਦੇ ਖੱਤਰੀਆਂ ਦੀ ਹੀ ਧੀ ਸੀ।"

**ਮੋਬਾ. 94634-39075**

# ਉੱਜੜ-ਉੱਜੜ ਕੇ ਵਸਣਾ ਸਿੱਖ ਲਿਆ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-31**
**ਸੁਰਜੀਤ ਸੁਮਨ**

ਅਨੇਕ ਦ੍ਰਿਸ਼ ਹਨ ਜੋ ਮੇਰੇ ਮਨ ਦੇ ਚਿੱਤਰਪਟ 'ਤੇ ਵਾਰ ਵਾਰ ਉੱਭਰਦੇ ਹਨ। ਇਨ੍ਹਾਂ ਦ੍ਰਿਸ਼ਾਂ ਦੀਆਂ ਅਨੇਕ ਵੀਡੀਓ ਕਲਿੱਪਜ਼ ਮੇਰੇ ਮਨ-ਮਸਤਕ ਦੀ ਗੈਲਰੀ ਵਿੱਚ ਸੇਵ ਹੋ ਗਈਆਂ ਹਨ। ਇਨ੍ਹਾਂ ਨੂੰ ਮੈਂ ਵਾਰ ਵਾਰ ਦੇਖਦਾ ਹਾਂ। ਕਈ ਤਾਂ ਆਪ-ਮਹਾਰੇ ਹੀ ਚੱਲਣ ਲੱਗ ਪੈਂਦੀਆਂ ਹਨ, ਜੋ ਧੁਰ ਅੰਦਰ ਤੱਕ ਪ੍ਰੇਸ਼ਾਨ ਕਰਦੀਆਂ ਹਨ। ਤੋੜ ਸੁੱਟਦੀਆਂ ਹਨ। ਸਾਨੂੰ-ਤੁਹਾਨੂੰ ਸਾਰਿਆਂ ਨੂੰ ਇਨ੍ਹਾਂ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ ਹੋਇਆ ਹੈ। ਮਨ ਉੱਖੜ ਜਾਂਦਾ ਹੈ। ਅੱਖਾਂ ਭਰ ਆਉਂਦੀਆਂ ਹਨ। ਸਾਡੇ ਇਹ ਲੋਕ ਹੜ੍ਹ ਦੇ ਪਾਣੀਆਂ ਨਾਲ਼ ਦਸਤਪੰਜ ਲੈ ਰਹੇ ਹਨ। ਕਿਧਰੇ ਮੂੰਹਜ਼ੋਰ ਹੜ੍ਹ ਜਿੱਤ ਰਿਹਾ ਹੈ ਤੇ ਕਿਧਰੇ ਇਹ ਲੋਕ। ਸੋਚਣ ਲਗਦਾ ਹਾਂ। ਇਹ ਲੋਕ ਅੱਜ ਹੀ ਤਾਂ ਨਹੀਂ ਲੜਨ ਲੱਗੇ? ਇਹ ਸਦੀਆਂ ਤੋਂ ਅਜਿਹੇ ਹਾਲਾਤਾਂ ਨਾਲ਼ ਟੱਕਰ ਲੈਂਦੇ ਆਏ ਹਨ। ਜਿੱਤੇ ਵੀ ਹਨ ਤੇ ਹਾਰੇ ਵੀ। ਇਹ ਉਦੋਂ ਵੀ ਲੜੇ ਸਨ, ਜਦੋਂ ਰਾਵੀ-ਪਰੁਸ਼ਨੀ ਕਹਿਲਾਉਂਦਾ ਸੀ, ਸਤਲੁਜ-ਸ਼ਤਾਦਰੂ। ਇਹ ਉਦੋਂ ਵੀ ਲੜੇ ਹੋਣਗੇ, ਜਦੋਂ ਬਿਆਸ-ਬਿਪਾਸ਼ਾ, ਝਨਾਂ-ਚੰਦ੍ਰਭਾਗਾ ਤੇ ਜੇਹਲਮ-ਵੀਤਾਸਤਾ ਦੇ ਨਾਵਾਂ ਨਾਲ਼ ਜਾਣੇ ਜਾਂਦੇ ਇਹ ਦਰਿਆ, ਮਨੁੱਖ ਨੂੰ ਨਿੱਤ ਨਵੀਆਂ ਆਫਤਾਂ ਨਾਲ਼ ਨਿਵਾਜਦੇ। ਅੱਜ ਦੇ ਹਾਕਮਾਂ ਵਾਂਗ, ਓਸ ਵੇਲ਼ੇ ਦੇ ਹਾਕਮਾਂ ਵੀ ਇਨ੍ਹਾਂ ਵੱਲੋਂ ਕੰਡ ਕਰੀ ਰੱਖੀ, ਪਰ ਇਨ੍ਹਾਂ ਦੀ ਦਲੇਰੀ ਨੇ ਕਦੋਂ ਅਜਿਹੇ ਹਾਕਮਾਂ ਦੀ ਪ੍ਰਵਾਹ ਕੀਤੀ ਹੈ? ਇਹ ਆਪਣੀ ਮਦਦ ਆਪ ਕਰਨਾ ਜਾਣਦੇ ਹਨ। ਹਜ਼ਾਰਾਂ ਦ੍ਰਿਸ਼ਾਂ ਵਿੱਚੋਂ ਇੱਕ ਇੱਕ ਦਿਸ੍ਰ ਦੇਖਣ ਦਾ ਯਤਨ ਕਰਦਾ ਹਾਂ। ਕੰਢਿਆਂ ਨੂੰ ਖੋਰ ਰਹੇ ਦਰਿਆ ਅੱਗੇ ਪਿੰਡਾਂ ਦੇ ਡਟੇ ਹੋਏ ਲੋਕ ਦਰੱਖਤ ਵੱਢ-ਵੱਢ ਸੁੱਟ ਰਹੇ ਹਨ। ਮਿੱਟੀ ਦੀਆਂ ਬੋਰੀਆਂ ਭਰ-ਭਰ ਕੇ ਪਾੜ ਅੱਗੇ ਸੁੱਟ ਰਹੇ ਹਨ। ਟਰੈਕਟਰ-ਟਰਾਲੀਆਂ ਬੇਰੋਕ ਦੌੜ ਰਹੇ ਹਨ। ਜੂਝ ਰਹੀਆਂ ਸਮਾਜ-ਸੇਵੀ ਜਥੇਬੰਦੀਆਂ ਸਿਰ ਸੁੱਟ ਕੇ ਲੋਕ ਸੇਵਾ ਵਿੱਚ ਤਨ, ਮਨ, ਧਨ ਨਾਲ਼ ਜੁਟੀਆਂ ਹੋਈਆਂ ਹਨ। ਇੱਕ ਹੋਰ ਦ੍ਰਿਸ਼ - ਦ੍ਰਿੜ ਇਰਾਦੇ ਵਾਲ਼ਾ ਗੁਰੂ ਦਾ ਸਿੱਖ ਇੱਕ ਬਜ਼ੁਰਗ ਕਿਸਾਨ, ਸ਼ੂਕਦੇ ਦਰਿਆ ਵਿੱਚੋਂ ਤੈਰਦਿਆਂ ਬਾਹਰ ਆਉਂਦਾ ਹੈ। ਕੰਢੇ 'ਤੇ ਖੜ੍ਹੇ ਲੋਕ ਉਸ ਦੀ ਹੌਸਲਾ-ਅਫਜ਼ਾਈ ਕਰਦੇ ਹਨ। ਉਹ ਇੱਕ ਜੇਤੂ ਵਾਂਗ ਇਨ੍ਹਾਂ ਲੋਕਾਂ ਵਿੱਚ ਤੁਰਿਆ ਜਾ ਰਿਹਾ ਹੈ। ਇਸ ਨੇ ਆਪਣੀ ਖੱਬੀ ਕੱਛ ਵਿੱਚ ਰੱਸੀ ਨਾਲ਼ ਬੰਨ੍ਹ ਕੇ ਇੱਕ ਪੀਪੀ ਲਟਕਾਈ ਹੋਈ ਹੈ। ਤੁਰਿਆ ਜਾਂਦਾ ਇਹ ਬੜੇ ਜ਼ਬ੍ਹੇ ਨਾਲ਼ ਮੁਸਕਰਾਉਂਦਿਆਂ ਕਵਿਤਾ ਗਾਉਂਦਾ ਹੈ, ਜੋ ਸ਼ਾਇਦ ਉਸ ਹੁਣੇ ਹੁਣੇ ਜੋੜੀ ਹੈ। ਉਹ ਮੈਨੂੰ ਇੰਝ ਭਾਸ ਰਿਹੈ, ਜਿਵੇਂ ਕਿਸੇ ਕਵੀ ਦਰਬਾਰ ਦੇ ਡਾਇਸ 'ਤੇ ਜੋਸ਼ੀਲੀ ਕਵਿਤਾ ਪੜ੍ਹ ਰਿਹਾ ਹੋਵੇ। ਉਹ ਬੋਲਦਾ ਹੈ, 'ਓਏ ਅਸੀਂ ਜਾਣਦੇ ਹਾਂ ਘੁੰਮਣ-ਘੇਰੀਆਂ ਨੂੰ/ ਤੇ ਅਸੀਂ ਥੰਮ ਲਈਏ ਝੱਖੜ-ਨ੍ਹੇਰੀਆਂ ਨੂੰ/ ਓਏ ਅਸੀਂ ਗਜਨੀ, ਅਬਦਾਲੀ ਮੂੰਹ ਮੋੜ ਘੱਲੇ/ ਕੀ ਹੋਇਆ ਜੇ ਮਾਰ ਲਏ ਆਫਤਾਂ ਨੇ/ ਸਾਡੇ ਜ਼ਖ਼ਮ ਤਾਂ ਰਹਿੰਦੇ ਨੇ ਸਦਾ ਅੱਲੇ/ ਓਏ ਕਦੇ ਪੀਪੀ ਉੱਤੇ ਤੇ ਕਦੀ ਮੈਂ ਥੱਲੇ।' ਦਰਅਸਲ ਹੜ੍ਹਦਿਆਂ-ਤਰਦਿਆਂ ਜਦੋਂ ਉਹ ਥੱਕ ਜਾਂਦਾ, ਤਾਂ ਕੱਛ ਵਿੱਚ ਪਾਈ ਏਸੇ ਪੀਪੀ ਨੂੰ ਉਹ ਆਪਣੇ ਢਿੱਡ ਹੇਠ ਕਰਕੇ ਆਰਾਮ ਕਰ ਲੈਂਦਾ ਹੋਊ, ਮੈਨੂੰ ਇੰਝ ਪ੍ਰਤੀਤ ਹੋਇਆ।

'ਵਾਹ', ਇਹ ਸ਼ਬਦ ਮੇਰੇ ਮੂੰਹੋਂ ਹੀ ਨਹੀਂ, ਓਹਦੇ ਇਰਦ-ਗਿਰਦ ਤੁਰੀ ਜਾਂਦੀ ਜੋਸ਼ੀਲੀ ਸੰਗਤ ਦੇ ਮੂੰਹੋਂ ਵੀ ਕਿਰਿਆ। ਇਹੋ ਖਸਲਤ ਹੈ ਪੰਜਾਬ ਦੇ ਦਰਿਆਵਾਂ ਕੰਢੇ ਵਸੇ ਲੋਕਾਂ ਦੀ, ਜਿਹੜੀ ਸ਼ੂਕਦੇ ਆਬ 'ਚੋਂ ਵੀ ਆਪਣੇ ਹਿੱਸੇ ਦੇ ਖ਼ਾਬ ਬੁਣ ਲੈਂਦੇ ਹਨ। ਬਹੁਤ ਦ੍ਰਿਸ਼ ਹਨ, ਦਿਲ ਦਹਿਲਾ ਦੇਣ ਵਾਲ਼ੇ। ਸਾਰੀ ਲੋਕਾਈ ਦੇਖ ਰਹੀ ਹੈ। ਕੀ ਕੀ ਬੀਤਦੀ ਹੋਵੇਗੀ, ਉਨ੍ਹਾਂ ਲੋਕਾਂ ਦੇ ਦਿਲਾਂ 'ਤੇ ਜਿਨ੍ਹਾਂ ਦੇ ਹੱਥੀਂ ਬਣਾਏ ਘਰ ਦੇਖਦਿਆਂ ਹੀ ਦੇਖਦਿਆਂ ਅੱਖ ਦੇ ਫੋਰ ਵਿੱਚ ਹੀ ਰੁੜ ਗਏ। ਹੱਥੀਂ ਪਾਲ਼ੇ ਹੋਏ ਪਸ਼ੂ ਧਨ ਨੂੰ ਇਸ ਆਫਤ ਨੇ ਦਰਿਆ-ਬੁਰਦ ਕਰ ਲਿਆ। ਇੱਕ ਹੋਰ ਦ੍ਰਿਸ਼ ਅੱਖਾਂ ਤੋਂ ਓਝਲ ਨਹੀਂ ਹੋ ਰਿਹਾ। ਇੱਕ ਕਿਸਾਨ, ਆਪਣੀ ਪੰਦਰਾਂ-ਵੀਹ ਕਿੱਲੇ ਲਹਿ-ਲਹਾਉਂਦੀ ਧਾਨ ਦੀ ਫਸਲ ਨੂੰ ਡੁੱਬੀ ਦੇਖ, ਕਿਨਾਰੇ ਖੜ੍ਹੇ ਲੋਕਾਂ ਵਿੱਚੋਂ ਰੋਂਦਾ-ਕੁਰਲਾਉਂਦਾ ਆਪਣੇ ਖੇਤ ਵੱਲ ਨੂੰ ਭੱਜਦਾ ਉੱਠਦਾ ਹੈ, ਜਿੱਥੇ ਦਸ-ਦਸ ਫੁੱਟ ਤੱਕ ਪਾਣੀ ਵਗ ਰਿਹਾ ਹੈ। ਉਸ ਨੂੰ ਲੋਕ ਫੜ ਲੈਂਦੇ ਹਨ, ਦਿਲਾਸਾ ਦਿੰਦੇ ਹਨ। ਉਸ ਕਿਸਾਨ ਦੀਆਂ ਅੱਖਾਂ ਵਿੱਚੋਂ ਹੰਝੂ ਮੁੱਕ ਗਏ ਹਨ। ਸੁਫਨੇ ਮਰ ਗਏ ਹਨ। ਉਹ ਆਪਣੇ ਆਪ ਨੂੰ, ਆਪਣੇ ਪਰਿਵਾਰ ਨੂੰ ਕਰਜ਼ੇ ਵਿੱਚ ਡੁੱਬਿਆ ਤਸੱਵਰ ਕਰਦਾ ਹੈ। ਇਨ੍ਹਾਂ ਪਲਾਂ ਦੇ ਬੋਝ ਨੂੰ ਨਾ ਸਹਾਰਦਿਆਂ ਉਹ ਏਸੇ ਪਾਣੀ ਵਿੱਚ, ਇਸੇ ਆਫਤ ਵਿੱਚ ਡੁੱਬ ਜਾਣਾ ਚਾਹੁੰਦਾ ਹੈ। ਹੋਰ ਬਹੁਤ ਸਾਰੇ ਅਭਾਗਿਆਂ ਵਾਂਗ। ਇਹਨੀਂ ਪਲੀਂ ਉਹਦੇ ਵਿੱਚ ਜੀਣ ਦੀ ਰੀਣ ਭਰ ਇੱਛਾ ਨਹੀਂ ਬਚੀ ਜਾਪਦੀ। ਦੁਆਲ਼ੇ ਖੜ੍ਹੀ ਸੰਗਤ ਉਸ ਦਾ ਧੀਰਜ ਬੰਨ੍ਹਾਉਂਦੀ ਹੈ। ਅਚਾਨਕ ਓਹਦੇ ਸਬਰ ਦਾ ਬੰਨ੍ਹ ਫਿਰ ਟੁੱਟ ਜਾਂਦਾ ਹੈ, ਓਹਦਾ ਕੜ ਪਾਟ ਜਾਂਦਾ ਹੈ। ਓਹਦੀਆਂ ਅੱਖਾਂ ਡਬ-ਡਬ ਵਰਸਣ ਲਗਦੀਆਂ ਹਨ, ਓਵੇਂ ਜਿਵੇਂ ਅੰਬਰੋਂ ਬੱਦਲ਼ ਵਰ੍ਹਦੇ ਹਨ। ਇਹ ਮੋਹਲ਼ੇਧਾਰ ਵਰਸ ਰਹੇ ਬੱਦਲ਼ ਧਰਤੀ 'ਤੇ ਡਿੱਗਦਿਆਂ ਬੰਬ ਵਾਂਗ ਫਟਦੇ ਹਨ, ਪਰ ਬੇਵਸ ਕਿਸਾਨ ਦੀਆਂ ਅੱਖਾਂ ਵਿੱਚੋਂ ਤਿੱਪ-ਤਿੱਪ ਵਰਸਦੇ ਹੰਝੂ ਬੇਵਸ ਹਨ। ਇਹ ਹੰਝੂ ਅਜਿਹੇ ਹੋਰ ਕਿਸਾਨਾਂ ਦੀਆਂ ਅੱਖਾਂ ਦੇ ਕੋਇਆਂ ਨੂੰ ਖਾਰਦੇ ਚਿਹਰਿਆਂ 'ਤੇ ਗਹਿਰੇ ਨਿਸ਼ਾਨ ਪਾਉਂਦੇ, ਉਨ੍ਹਾਂ ਦੀਆਂ ਦਾਹੜੀਆਂ ਵਿੱਚ ਛਪਨ ਹੁੰਦੇ ਰਹਿੰਦੇ ਹਨ। ਮੇਰੇ ਮਨ ਦਾ ਪੰਛੀ ਸ੍ਰੀ ਚਮਕੌਰ ਸਾਹਿਬ ਦੇ ਕਸਬਾ ਬੇਲੇ-ਰਸੀਦਪੁਰ-ਦਾਊਦਪੁਰ ਨੇੜੇ ਦਰਿਆ-ਬੁਰਦ ਹੋਏ ਨਾਨਕਾ ਪਿੰਡ ਮਾਲ਼ੇਵਾਲ ਦਰਿਆ ਕੰਢੇ ਪੱਥਰ ਦੀ ਠੋਕਰ 'ਤੇ ਜਾ ਬਹਿੰਦਾ ਹੈ, ਜਿਸ ਨਾਲ ਸਤਲੁਜ ਦੀਆਂ ਉੱਚੀਆਂ-ਉੱਚੀਆਂ ਲਹਿਰਾਂ ਟਕਰਾ ਰਹੀਆਂ ਹਨ। ਅੱਜ ਤੋਂ 47 ਵਰ੍ਹੇ ਪਹਿਲਾਂ ਵਾਂਗ ਅੱਜ ਵੀ ਸਤਲੁਜ ਉਨ੍ਹਾਂ ਥਾਵਾਂ 'ਤੇ ਪਾੜ ਪਾਉਂਦਾ ਹੋਇਆ ਜ਼ਮੀਨ ਨੂੰ ਖੋਰਦਾ ਅੱਗੇ ਵਧ ਰਿਹਾ ਹੈ। ਰਾਵੀ, ਬਿਆਸ ਵਾਂਗ ਸਤਲੁਜ ਵੀ ਹੁਣ ਪਿੱਛੇ ਨਹੀਂ ਰਹਿਣਾ ਚਾਹੁੰਦਾ, ਪਰ ਅਸ਼ਕੇ ਇਨ੍ਹਾਂ ਦਰਿਆਵਾਂ ਦੇ ਜਾਇਆਂ ਦੇ, ਜਿਹੜੇ ਹਾਰ ਨਹੀਂ ਮੰਨਦੇ। ਦਲਜੀਤ ਦੋਸਾਂਝ ਸਹੀ ਕਹਿ ਰਿਹੈ, 'ਪੰਜਾਬ ਜ਼ਖ਼ਮੀ ਹੋਇਆ ਹੈ, ਪਰ ਹਾਰਿਆ ਨਹੀਂ।' ਫਿਰ ਮੇਰੇ ਮਨ ਦਾ ਪੰਛੀ ਪਿੰਡ ਰਾਮਪੁਰ ਫੱਸੇ-ਸਾਰੰਗਪੁਰ, ਲੱਗੀ ਢਾਅ ਦੇਖਣ ਲਈ ਉੱਡਿਆ ਹੈ। ਏਥੇ ਦੇ ਜਾਂਬਾਜ਼ ਗੱਭਰੂ ਵੀ ਕਾਰਜਸ਼ੀਲ ਹਨ। ਮੈਂ ਬਾਈ ਦਲੇਰ ਸਿੰਘ ਨਾਲ਼ ਗੱਲ ਕਰਦਾ ਹਾਂ। ਉਤਸ਼ਾਹ ਨਾਲ਼ ਭਰਿਆ ਬਾਈ ਦਲੇਰ ਸਿੰਘ ਦਾ ਜਾਮਾ ਗਾਰੇ ਨਾਲ਼ ਲੱਥਪੱਥ ਹੈ, ਬਾਕੀ ਸਾਰਿਆਂ ਵਾਂਗ। ਮੈਂ ਓਹਦਾ ਹੱਥ ਫੜ ਕੇ ਪਲ਼ੋਸਦਾ ਹਾਂ। ਓਹਦੇ ਹੱਥਾਂ ਦੇ ਅੱਟਣਾਂ ਨੂੰ ਮੇਰੇ ਕੋਮਲ ਹੱਥ ਮਹਿਸੂਸਦੇ ਹਨ। ਉਹ ਮੈਨੂੰ ਦੋ ਰੋਟੀਆਂ 'ਤੇ ਸੁੱਕੀ ਸਬਜ਼ੀ ਧਰ ਛਕਣ ਲਈ ਦਿੰਦਾ ਹੈ। ਮੈਨੂੰ ਬਾਬਾ ਨਾਨਕ ਦੇ ਲੰਗਰ-ਪੰਗਤ-ਸੰਗਤ ਯਾਦ ਆਉਂਦੇ ਹਨ। 'ਛੋਟੇ ਭਾਈ ਇਸ ਸਾਲ ਮੈਂ ਦਸ ਕਿੱਲੇ ਠੇਕੇ ਤੇ ਲੈ ਕੇ ਧਾਨ ਲਾਏ ਤੇ' ਕਹਿੰਦਿਆਂ ਓਹਦਾ ਗੱਚ ਭਰ ਆਉਂਦਾ ਹੈ। ਮੇਰੀ ਨਜ਼ਰ ਪਰ੍ਹਾਂ ਜਾਂਦੀ ਹੈ, ਜਿੱਥੇ ਫੌਜ ਦੇ ਜਵਾਨ ਰੁਝੇ ਹੋਏ ਹਨ। ਦੂਰ ਤੱਕ ਨਜ਼ਰ ਮਾਰਦਾ ਹਾਂ। ਬੰਨ੍ਹ ਤੇ ਲੋਕਾਂ ਦਾ ਹੜ੍ਹ ਆਇਆ ਪਿਆ ਹੈ। ਦੂਰ-ਨੇੜਲੇ ਪਿੰਡਾਂ ਦੇ ਲੋਕ ਮਦਦ ਲਈ ਬਹੁੜੇ ਹੋਏ ਹਨ। ਇਸ ਵੇਲ਼ੇ ਇਨ੍ਹਾਂ ਵਿੱਚ ਕੋਈ ਭੇਦ-ਭਾਵ ਨਹੀਂ। ਇੱਕ ਜੁੱਟ ਹੋਏ ਸਾਰੇ ਇਸ ਆਫਤ ਦੀ ਘੜੀ ਟਾਲ਼ਣ ਲਈ ਪੂਰਾ ਤਾਣ ਲਗਾ ਰਹੇ ਹਨ। ਸੋਸ਼ਲ ਮੀਡੀਆ ਰਾਹੀਂ ਪਲ ਪਲ ਦੀਆਂ ਖ਼ਬਰਾਂ ਵੀ ਡਿਸਕਸ ਕਰਦੇ ਜਾਂਦੇ ਹਨ। ਪਰ੍ਹੇ ਕੁਝ ਲੀਡਰ ਲੋਕ ਫੋਟੋਆਂ ਖਿਚਵਾ ਰਹੇ ਹਨ। ਜਦੋਂ ਕਿਸੇ ਪਾਰਟੀ ਨਾਲ਼ ਸਬੰਧਤ ਕੋਈ ਲੀਡਰ ਆਉਂਦਾ ਹੈ, ਇਨ੍ਹਾਂ ਦੇ ਧਿਆਨ ਨੂੰ ਭਟਕਾਅ ਦਿੰਦਾ ਹੈ। ਇਨ੍ਹਾਂ ਵਿੱਚੋਂ ਕੁਝ ਕੁ ਓਸ ਵੱਲ ਹੋ ਤੁਰਦੇ ਹਨ। ਉਹ ਸਿਆਸਤ ਕਰ ਰਹੇ ਹਨ। ਨਾਲ਼ੋ-ਨਾਲ਼ ਗੁੱਝੀ ਸ਼ਰਾਰਤ ਵੀ ਕਰ ਰਹੇ ਹਨ। ਆਫਤ ਵਿੱਚੋਂ ਅਵਸਰ ਲੱਭ ਰਹੇ ਹਨ। ਸਤਲੁਜ ਦੇ ਪਾਣੀ ਦਾ ਵਹਾਅ ਤੇਜ਼ ਹੋਰ ਤੇਜ਼ ਹੁੰਦਾ ਜਾ ਰਿਹਾ ਹੈ। ਸੁਖਨਾ ਦੇ ਫਲੱਡ ਗੇਟ ਖੁੱਲ੍ਹਣ 'ਤੇ ਘੱਗਰ ਦੇ ਕਹਿਰ ਦੀਆਂ ਖ਼ਬਰਾਂ ਆ ਰਹੀਆਂ ਹਨ। ਸ਼ਾਹੀ ਮਹਿਲ ਵਿੱਚੋਂ ਹਾਲੇ ਨੱਥ-ਚੂੜੇ ਦੀ ਕੋਈ ਕਨਸੋਅ ਨਹੀਂ ਆਈ। ਚਮਕੌਰ ਦੀ ਕੱਚੀ ਗੜ੍ਹੀ ਚੋਂ ਨਿਕਲ਼ ਕੱਲਾ ਕੱਲਾ ਸਿੰਘ ਸਵਾ ਸਵਾ ਲੱਖ ਨਾਲ਼ ਮੱਥਾ ਲਾ ਰਿਹਾ, ਮਹਿਸੂਸਦਾ ਹਾਂ। ਹੜ੍ਹ ਵਾਂਗ ਚੜ੍ਹੇ ਆ ਰਹੇ ਸਿਕੰਦਰ ਨੂੰ ਰੋਕਣ ਲਈ ਪੰਜ-ਆਬ ਦਾ ਯੂਥ ਹਿੱਕ ਡਾਹੀ ਖੜ੍ਹਾ ਹੈ। ਇਨ੍ਹਾਂ ਲੋਕਾਂ ਦੇ ਬੁਲੰਦ ਹੌਸਲੇ ਨੂੰ ਵੇਖਦਿਆਂ ਸਿਫਤ ਵਜੋਂ, ਬੁੱਲ੍ਹਾਂ 'ਤੇ ਮੇਰੇ ਆਪਣੇ ਗੀਤ ਦਾ ਅੰਤਰਾ ਤੇ ਮੁਖੜਾ ਆ ਬਹਿੰਦੇ ਹਨ, 'ਦਰਿਆਵਾਂ ਦੀ ਛਾਤੀ ਤੇ ਚੜ੍ਹ ਕੇ/ ਜੀਵਨ ਮਿਲ਼ਦਾ ਏ ਲੜ ਲੜ ਕੇ/ ਹਾਕਮ ਵੇਂਹਦੈ ਬੰਨ੍ਹ 'ਤੇ ਖੜ੍ਹ ਕੇ/ ਬੇਸ਼ੱਕ ਸੀਨਾ ਧੱਕ-ਧੱਕ ਧੜਕੇ/ ਅੜ ਕੇ ਹੜ੍ਹ ਨੂੰ ਡੱਕਣਾ ਸਿੱਖ ਲਿਆ/ ਉੱਜੜ-ਉੱਜੜ ਕੇ ਵਸਣਾ ਸਿੱਖ ਲਿਆ/ ਅਸੀਂ ਰੋਂਦਿਆਂ-ਰੋਂਦਿਆਂ ਹੱਸਣਾ ਸਿੱਖ ਲਿਆ।'

**ਸੰਪਰਕ : 98144 30874**

# ਕਾਲਜ ਅਧਿਆਪਕ ਦੀ ਅਜੋਕੀ ਸਥਿਤੀ

**ਅਰਵਿੰਦਰ ਕੌਰ ਕਾਕੜਾ (ਡਾ.)**

ਅਧਿਆਪਕ ਸਮਾਜ ਦਾ ਨਿਰਮਾਤਾ ਹੁੰਦਾ ਹੈ, ਜੋ ਆਪਣੇ ਵਿਦਿਆਰਥੀਆਂ ਨੂੰ ਠੀਕ ਦਿਸ਼ਾ ਪ੍ਰਦਾਨ ਕਰ ਸਮਾਜ ਵਿੱਚ ਆਪਣੀ ਮਹਾਨ ਭੂਮਿਕਾ ਨਿਭਾਉਂਦਾ ਹੈ। ਸਾਡੀ ਪ੍ਰੰਪਰਾ ਅਨੁਸਾਰ ਗੁਰੂ ਬਿਨਾਂ ਮਨੁੱਖ ਹਨੇਰੇ ਵਿਚ ਹੀ ਹੈ। ਸੂਫ਼ੀ ਪ੍ਰੰਪਰਾ ਨੇ ਵੀ ਮੰਨਿਆ ਹੈ ਕਿ ਮੁਰਸ਼ਿਦ ਬਿਨਾਂ ਸੇਧ ਨਹੀਂ। ਦੁਨੀਆ ਵੱਲ ਝਾਤੀ ਮਾਰੀਏ ਤਾਂ ਬਹੁਤ ਸਾਰੀਆਂ ਉਦਾਹਰਣਾਂ ਅਜਿਹੀਆਂ ਪਈਆਂ ਹਨ, ਜੋ ਅਧਿਆਪਕ ਦੇ ਸਤਿਕਾਰਤ ਰੁਤਬੇ ਨੂੰ ਦਰਸਾਉਂਦੀਆਂ ਹਨ। ਅਮਰੀਕਾ ਤੇ ਕੋਰੀਆ ਆਦਿ ਵਰਗੇ ਮੁਲਕਾਂ ਵਿਚ ਅਧਿਆਪਕ ਨੂੰ ਵੀ.ਆਈ.ਪੀ. ਸਹੂਲਤਾਂ ਮਿਲਦੀਆਂ ਹਨ, ਇੱਥੋਂ ਤੱਕ ਕਿ ਫ਼ਰਾਂਸ ਦੀ ਅਦਾਲਤ ਵਿਚ ਅਧਿਆਪਕ ਤੋਂ ਬਿਨਾਂ ਕਿਸੇ ਹੋਰ ਨੂੰ ਕੁਰਸੀ 'ਤੇ ਬੈਠਣ ਲਈ ਨਹੀਂ ਕਿਹਾ ਜਾਂਦਾ। ਅਜਿਹੇ ਦੇਸ਼ ਜੋ ਅਧਿਆਪਕ ਦੇ ਕਦਰਦਾਨ ਹਨ, ਉਹ ਵਿਕਾਸ ਦੀਆਂ ਲੀਹਾਂ 'ਤੇ ਤੁਰ ਰਹੇ ਹਨ।ਉਹ ਅਧਿਆਪਕ ਦੇ ਹੱਕਾਂ ਦੀ ਰਾਖੀ ਨੂੰ ਪਹਿਲ ਦੇ ਆਧਾਰ 'ਤੇ ਤਰਜੀਹ ਦਿੰਦੇ ਹਨ, ਜਦੋਂ ਕਿ ਅਧਿਆਪਕ ਹੀ ਵਿਦਿਆਰਥੀ ਦਾ ਸਰਬਪੱਖੀ ਵਿਕਾਸ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇੱਕ ਚੇਤਨ ਅਧਿਆਪਕ ਕੋਲ ਗਿਆਨ ਦਾ ਭੰਡਾਰ ਹੁੰਦਾ ਹੈ, ਜੋ ਉਸ ਦੇ ਅਨੁਭਵ, ਤਜਰਬਿਆਂ ਅਤੇ ਨਤੀਜਿਆਂ ਦਾ ਜੋੜ ਹੁੰਦਾ ਹੈ ਤੇ ਜਿਸ ਨੂੰ ਉਸ ਨੇ ਵਿਹਾਰਕ ਤੌਰ 'ਤੇ ਅਭਿਆਸ ਰਾਹੀਂ ਪ੍ਰਾਪਤ ਕੀਤਾ ਹੁੰਦਾ ਹੈ। ਅਧਿਆਪਕ ਵਿਦਿਆਰਥੀ ਦੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝ ਕੇ ਤਰਕਮਈ ਢੰਗ ਨਾਲ ਉਸ ਦਾ ਮਾਰਗ-ਦਰਸ਼ਕ ਬਣ ਸਕਦਾ ਹੈ, ਪਰ ਇਹ ਤਾਂ ਹੀ ਸੰਭਵ ਹੋਵੇਗਾ, ਜੇਕਰ ਅਧਿਆਪਕ ਸਰੀਰਕ ਅਤੇ ਮਾਨਸਿਕ ਪੱਖੋਂ ਤੰਦਰੁਸਤ ਹੋਵੇ।ਜਦੋਂ ਅੱਜ ਅਸੀਂ ਸਮਾਜ ਵਿੱਚ ਅਧਿਆਪਕ ਦੀ ਦਸ਼ਾ ਵੇਖਦੇ ਹਾਂ, ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਸ ਵਰਗ ਦਾ ਵੱਡਾ ਹਿੱਸਾ ਮਾਨਸਿਕ ਪ੍ਰੇਸ਼ਾਨੀ ਵਿੱਚੋਂ ਲੰਘ ਰਿਹਾ ਹੈ।

ਅੱਜ ਅਧਿਆਪਕ ਦੀ ਸਥਿਤੀ ਤਰਸਯੋਗ ਹੈ। ਉਨ੍ਹਾਂ ਦੇ ਹੱਕਾਂ ਉੱਤੇ ਲਗਾਤਾਰ ਡਾਕਾ ਮਾਰਿਆ ਜਾ ਰਿਹਾ ਹੈ ਤੇ ਅਧਿਆਪਕ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਨਿੱਤ ਸੰਘਰਸ਼ ਕਰਦੇ ਵੇਖੇ ਜਾ ਰਹੇ ਹਨ।ਉਹ ਦਰੀਆਂ ਵਿਛਾਈ ਸੜਕਾਂ 'ਤੇ ਬੈਠੇ, ਕਿਤੇ ਪਾਣੀ ਦੀਆਂ ਬੁਛਾੜਾਂ ਸਹਿੰਦੇ, ਲਾਠੀਆਂ ਦੀ ਮਾਰ ਤੇ ਜੇਲ੍ਹਾਂ ਦਾ ਸਫਰ ਕਰਦੇ ਵੇਖੇ ਜਾ ਰਹੇ ਹਨ ।ਅਧਿਆਪਕ ਵਰਗ ਨੂੰ ਇੱਜ਼ਤ ਨਾ ਦੇਣਾ ਬਹੁਤ ਚਿੰਤਾ ਅਤੇ ਸ਼ਰਮ ਵਾਲੀ ਗੱਲ ਹੈ।

ਸਿੱਖਿਆ ਨੂੰ ਭਾਰਤੀ ਸੰਵਿਧਾਨ ਵਿੱਚ ਮੁੱਢਲੇ ਅਧਿਕਾਰਾਂ ਵਜੋਂ ਸ਼ਾਮਲ ਕੀਤਾ ਗਿਆ ਹੈ। ਸਿੱਖਿਆ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸਿੱਖਿਆ ਸ਼ਾਸਤਰੀ ਅਤੇ ਨਿੱਤ ਨਵੀਆਂ ਸਿੱਖਿਆ ਨੀਤੀਆਂ ਘੜਨ ਵਾਲੇ ਵੀ ਇਸ ਖੇਤਰ ਵਿੱਚ ਕੋਈ ਸੁਧਾਰ ਨਹੀਂ ਲਿਆ ਸਕੇ, ਕਿਉਂਕਿ ਇਸ ਦਾ ਆਧਾਰ ਸਿੱਖਿਆ ਦੇ ਨਿੱਜੀਕਰਨ 'ਤੇ ਟਿਕਿਆ ਹੋਇਆ ਹੈ। ਨਿੱਜੀਕਰਨ ਦਾ ਆਰੰਭ 1947 ਤੋਂ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ, ਪਰ ਇਸ ਦੀ ਤਸਵੀਰ ਉਸ ਸਮੇਂ ਪ੍ਰਤੱਖ ਰੂਪ ਵਿੱਚ ਸਾਹਮਣੇ ਆਈ, ਜਦੋਂ ਆਰਥਰ ਡੰਕਲ ਨੇ 20 ਦਸੰਬਰ 1991 ਨੂੰ ਇੱਕ ਖਰੜਾ ਪੇਸ਼ ਕੀਤਾ, ਜਿਸ ਵਿੱਚ ਗਾਟ ਸਮਝੌਤੇ ਤਹਿਤ ਸਾਮਰਾਜੀ ਦੇਸ਼ਾਂ ਨੇ ਆਪਣਾ ਮਕਸਦ ਪੂਰਾ ਕਰਨ ਲਈ ਵਿਸ਼ਵੀਕਰਨ, ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਦਾ ਇਸ ਢੰਗ ਨਾਲ ਪਾਸਾਰ ਕੀਤਾ ਕਿ ਉਹ ਪੱਛੜੇ ਦੇਸ਼ਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਗੇ। ਸਾਲ 1992 ਵਿੱਚ ਨਰਸਿਮਹਾ ਰਾਓ, ਮਨਮੋਹਨ ਸਿੰਘ ਨੇ ਮਿਲ ਕੇ ਤਰੱਕੀ, ਵਿਕਾਸ ਅਤੇ ਖ਼ੁਸ਼ਹਾਲੀ ਦਾ ਯੁੱਗ ਸਿਰਜਣ ਦਾ ਭੁਲੇਖਾਪਾਊ ਸੁਪਨਾ ਲੋਕਾਂ ਵਿੱਚ ਸਿਰਜ ਕੇ ਵਿਦੇਸ਼ੀ ਪੂੰਜੀ ਨੂੰ ਬਿਨਾਂ ਕਿਸੇ ਰੋਕ-ਟੋਕ ਭਾਰਤ ਅੰਦਰ ਦਖ਼ਲ ਦੇਣ ਦੀ ਆਗਿਆ ਦਿੱਤੀ। ਇਸ ਸਮਝੌਤੇ ਤਹਿਤ ਵਿਸ਼ਵ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਨੇ ਨਿੱਜੀ ਖੇਤਰ ਨੂੰ ਤਰਜੀਹ ਦਿੱਤੀ। ਸਰਕਾਰ ਨੇ ਕੁਝ ਸਰਕਾਰੀ ਅਦਾਰੇ ਛੱਡ ਕੇ ਬਾਕੀ ਅਦਾਰਿਆਂ ਨੂੰ ਨਿੱਜੀ ਹੱਥਾਂ ਵਿੱਚ ਦੇਣਾ ਸ਼ੁਰੂ ਕਰ ਦਿੱਤਾ। ਇਸ ਨਵੇਂ ਸਮਝੌਤੇ ਤਹਿਤ ਹੀ ਸਿੱਖਿਆ ਢਾਂਚੇ ਨੂੰ ਨਿਰਧਾਰਤ ਕੀਤਾ ਗਿਆ, ਜਿਸ ਵਿੱਚ ਠੇਕੇਦਾਰੀ ਸਿਸਟਮ ਲਾਗੂ ਕਰਕੇ ਸਿੱਖਿਆ ਕਰਮੀ ਸਕੀਮ ਅਤੇ ਸਵੈ ਇੱਛਾ ਰਿਟਾਇਰਮੈਂਟ ਸਕੀਮ ਲਾਗੂ ਕਰ ਦਿੱਤੀ ਗਈ । ਕਾਲਜਾਂ ਦੀ ਗ੍ਰਾਂਟ ਵਿੱਚ ਕਟੌਤੀ ਕਰ ਦਿੱਤੀ ਗਈ ਹੈ।

ਅਸਲ ਵਿੱਚ ਭਾਰਤੀ ਸਿੱਖਿਆ ਪ੍ਰਬੰਧ 1947 ਤੋਂ ਪਹਿਲਾਂ ਦੇ ਅੰਗਰੇਜ਼ੀ ਰਾਜ ਵਿਚਲੀ ਲਾਰਡ ਮੈਕਾਲੇ ਦੀ ਸਿੱਖਿਆ ਪ੍ਰਣਾਲੀ ਅਨੁਸਾਰ ਚੱਲ ਰਿਹਾ ਹੈ। ਜੇਕਰ ਸਰਕਾਰ ਉੱਪਰ ਸਿੱਖਿਆ ਪ੍ਰਬੰਧ ਸੁਧਾਰਨ ਦਾ ਜ਼ੋਰ ਪਾਇਆ ਜਾਂਦਾ ਹੈ ਤਾਂ ਉਹ ਸਿੱਖਿਆ ਪ੍ਰਬੰਧ ਵਿੱਚ ਲੋਕ ਪੱਖੀ ਸੁਧਾਰ ਕਰਨ ਦੀ ਬਜਾਏ ਪ੍ਰਾਈਵੇਟ ਹਿੱਤਾਂ ਮੁਤਾਬਿਕ ਸੁਧਾਰ ਕਰਦੀ ਹੈ। ਰਾਸ਼ਟਰੀ ਸਿੱਖਿਆ ਨੀਤੀ 2020 ਨੇ ਸਿੱਖਿਆ ਦੇ ਵਪਾਰੀਕਰਨ ਦਾ ਰਾਹ ਖੋਲ੍ਹ ਦਿੱਤਾ ਹੈ, ਜਿਸ ਨੇ ਅਧਿਆਪਕਾਂ 'ਤੇ ਵਧੇਰੇ ਬੋਝ ਪਾ ਕੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਹੋਰ ਬੇਚੈਨੀ ਵਿੱਚ ਸੁੱਟਿਆ ਹੈ । ਸਿੱਖਿਆ ਨੂੰ ਨਿੱਜੀ ਹੱਥਾਂ ਵਿੱਚ ਸੌਂਪ ਕੇ ਸਰਕਾਰ ਆਪਣੇ ਫਰਜ਼ਾਂ ਤੋਂ ਭੱਜ ਰਹੀ ਹੈ, ਇਸੇ ਕਰਕੇ ਸਿੱਖਿਆ ਬਜਟ ਵਧਣ ਦੀ ਬਜਾਏ ਲਗਾਤਾਰ ਘਟਦਾ ਜਾ ਰਿਹਾ ਹੈ। ਪੰਜਾਬ ਦੀ ਉੱਚ ਸਿੱਖਿਆ ਵੱਲ ਝਾਤੀ ਮਾਰੀਏ ਤਾਂ ਇਸ ਵਿੱਚ 28 ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾ ਪ੍ਰਾਈਵੇਟ ਹਨ। ਪ੍ਰਾਈਵੇਟ ਕਾਲਜਾਂ ਵਿੱਚ ਆਰਟਸ, ਪ੍ਰੋਫੈਸ਼ਨਲ ਕੋਰਸ ਤੇ ਇੰਜੀਨੀਅਰ ਕਾਲਜਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੈ। ਕੁਝ ਐਫੀਲੀਏਟਡ ਕਾਲਜਾਂ ਨੂੰ ਛੱਡ ਕੇ ਸਾਰੇ ਪ੍ਰਾਈਵੇਟ ਕਾਲਜ ਆਪਣੀਆਂ ਦੁਕਾਨਾਂ ਚਲਾਉਂਦੇ ਹਨ ।ਵਿਦਿਅਕ ਸੰਸਥਾਵਾਂ ਦੇ ਤਿੰਨ ਹਿੱਸਿਆਂ ਉੱਪਰ ਪ੍ਰਾਈਵੇਟ ਮਾਲਕਾਂ ਦਾ ਕੰਟਰੋਲ ਹੈ ਤੇ ਇੱਕ ਹਿੱਸੇ ਵਿੱਚ ਸਰਕਾਰੀ ਸੰਸਥਾਵਾਂ ਆਉਂਦੀਆਂ ਹਨ ।ਪ੍ਰਾਈਵੇਟ ਅਦਾਰਿਆਂ ਦਾ ਮੁੱਖ ਮਕਸਦ ਵੱਧ ਤੋਂ ਵੱਧ ਮੁਨਾਫ਼ਾ ਹਾਸਲ ਕਰਨਾ ਹੈ। ਪੰਜਾਬ ਵਿੱਚ 240 ਦੇ ਕਰੀਬ ਆਰਟਸ/ਕਾਮਰਸ/ਸਾਇੰਸ ਕਾਲਜ ਤੇ 84 ਦੇ ਕਰੀਬ ਇੰਜੀਨੀਅਰ ਕਾਲਜ, 8 ਮੈਡੀਕਲ ਕਾਲਜ ਤੇ 187 ਐਜੂਕੇਸ਼ਨ ਕਾਲਜ ਅਤੇ ਹੋਰ ਵੀ ਬਹੁਤ ਸਾਰੇ ਛੋਟੇ-ਮੋਟੇ ਪ੍ਰੋਫੈਸ਼ਨਲ ਕਾਲਜ ਹਨ। ਜਦੋਂ ਅਸੀਂ ਇਨ੍ਹਾਂ ਕਾਲਜਾਂ ਦੇ ਅਧਿਆਪਕਾਂ ਦੀ ਦਸ਼ਾ ਦੇਖਦੇ ਹਾਂ ਤਾਂ ਉਨ੍ਹਾਂ ਦਾ ਆਰਥਿਕ, ਸਮਾਜਿਕ, ਮਾਨਸਿਕ ਤੇ ਜਿਸਮਾਨੀ ਸ਼ੋਸ਼ਣ ਲਗਾਤਾਰ ਵਧ ਰਿਹਾ ਹੈ। ਅਧਿਆਪਕਾਂ ਦੀ ਦਸ਼ਾ ਬਾਰੇ ਦੋ ਵਿਚਾਰ ਸਾਹਮਣੇ ਆਉਂਦੇ ਹਨ-ਇੱਕ ਤਾਂ ਇਹ ਕਿ ਸਰਕਾਰ ਨੇ ਪੱਕੇ ਤੌਰ 'ਤੇ ਭਰਤੀ ਕੀਤੇ ਅਧਿਆਪਕਾਂ ਦੀਆਂ ਤਨਖ਼ਾਹਾਂ ਵਿੱਚ ਅਥਾਹ ਵਾਧਾ ਕੀਤਾ ਹੈ, ਜਿਸ ਕਰਕੇ ਜ਼ਿਆਦਾਤਰ ਅਧਿਆਪਕ ਆਪਣੇ ਕਿੱਤੇ ਪ੍ਰਤੀ ਅਵੇਸਲੇ ਹੋ ਕੇ ਆਪਣੇ ਫਰਜ਼ਾਂ ਨੂੰ ਭੁੱਲ ਰਹੇ ਹਨ, ਜਿਸ ਦਾ ਸਿੱਖਿਆ ਖੇਤਰ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ।ਦੂਜਾ ਇਹ ਕਿ ਵਧੀਆਂ ਹੋਈਆਂ ਤਨਖ਼ਾਹਾਂ ਦਾ ਲਾਹਾ ਕਿੰਨੇ ਪ੍ਰਤੀਸ਼ਤ ਅਧਿਆਪਕ ਲੈ ਰਹੇ ਹਨ? ਪੱਕੇ ਤੌਰ 'ਤੇ ਅਤੇ ਠੇਕੇ 'ਤੇ ਭਰਤੀ ਕੀਤੇ ਜਾ ਰਹੇ ਅਧਿਆਪਕਾਂ ਵਿਚਲਾ ਅਨੁਪਾਤ ਲਗਾਤਾਰ ਵਧ ਰਿਹਾ ਹੈ ।ਅਧਿਆਪਕ ਇਸ ਦਰਜਾਬੰਦੀ ਦਾ ਸ਼ਿਕਾਰ ਬਣ ਗਿਆ ਹੈ, ਜਿਸ ਵਿੱਚ ਪੱਕੇ, ਕੱਚੇ, ਠੇਕੇ 'ਤੇ, ਪਾਰਟ-ਟਾਇਮ, ਗੈਸਟ ਫੈਕਲਟੀ ਵਰਗੀਆਂ ਕਈ ਸ਼੍ਰੇਣੀਆਂ ਹਨ।ਸਰਕਾਰੀ ਕਾਲਜਾਂ ਵਿਚ ਤਾਂ ਅਸਾਮੀਆਂ ਕਢਵਾਉਣ ਤੋਂ ਲੈ ਕੇ ਨਿਯੁਕਤੀ ਪੱਤਰ ਲੈਣ ਤੱਕ ਵੀ ਧਰਨੇ, ਮੁਜ਼ਾਹਰਿਆਂ ਦੇ ਦੌਰ ਵਿੱਚੋਂ ਲੰਘਣਾ ਪੈਂਦਾ ਹੈ। ਫੇਰ ਵੀ ਨੌਕਰੀ ਦਾ ਕੋਈ ਵਸਾਹ ਨਹੀਂ ਹੈ। ਪ੍ਰਾਈਵੇਟ ਅਦਾਰਿਆਂ ਵਿੱਚ ਨਿਗੂਣੀਆਂ ਤਨਖਾਹਾਂ 'ਤੇ ਅਧਿਆਪਕਾਂ ਦੀ ਭਰਤੀ ਕੀਤੀ ਜਾਂਦੀ ਹੈ।ਕੱਚੀਆਂ ਨੌਕਰੀਆਂ 'ਤੇ ਕੰਮ ਕਰ ਰਿਹਾ ਅਧਿਆਪਕ ਜਮਾਤੀ ਵੰਡ ਦਾ ਸ਼ਿਕਾਰ ਹੋ ਰਿਹਾ ਹੈ। ਏਡਿਡ ਕਾਲਜਾਂ ਵਿੱਚ ਤਾਂ ਇਹ ਸਥਿਤੀ ਹੋਰ ਵੀ ਮਾੜੀ ਸਾਹਮਣੇ ਆਉਂਦੀ ਹੈ, ਜਦੋਂ ਸਹਾਇਤਾ ਪ੍ਰਾਪਤ ਅਸਾਮੀਆਂ 'ਤੇ ਕੰਮ ਕਰ ਰਹੇ ਅਧਿਆਪਕ ਖੁਦ ਗੈਰ ਸਹਾਇਤਾ ਪ੍ਰਾਪਤ ਅਸਾਮੀਆਂ ਦੇ ਅਧਿਆਪਕਾਂ ਦੇ ਨਾਲ ਕਈ ਤਰ੍ਹਾਂ ਦਾ ਵਿਤਕਰਾ ਕਰਦੇ ਹਨ।ਬਹੁਤਾਤ ਅਧਿਆਪਕ ਜੋ ਏਡਿਡ ਕਾਲਜਾਂ ਵਿੱਚ ਗੈਰ ਸਹਾਇਤਾ ਪ੍ਰਾਪਤ ਅਸਾਮੀਆਂ 'ਤੇ ਕੰਮ ਕਰ ਰਹੇ ਹਨ, ਉਹ ਆਰਥਿਕ, ਸਮਾਜਿਕ ਤੇ ਮਾਨਸਿਕ ਆਦਿ ਕਈ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਇਹ ਇਸ ਸਮੇਂ ਦੀ ਵਿਡੰਬਨਾ ਹੈ ਕਿ ਬਰਾਬਰ ਦੀ ਯੋਗਤਾ ਹਾਸਲ ਕੀਤੇ ਬਰਾਬਰ ਦਾ ਕਾਲਜ ਵਿਚ ਕੰਮ ਕਰ ਰਹੇ ਅਧਿਆਪਕ ਅਜਿਹੇ ਸ਼ੋਸ਼ਣ ਦਾ ਸ਼ਿਕਾਰ ਕਿਉਂ ਹਨ।

ਇਹ ਸਭ ਇਸ ਸਿੱਖਿਆ ਪ੍ਰਬੰਧ ਤੇ ਸਰਕਾਰ ਦੀ ਸਿੱਖਿਆ ਨੀਤੀ ਦੀ ਦੇਣ ਹੈ।ਜਿਸ ਵਿਚ ਪੱਕੀਆਂ ਅਸਾਮੀਆਂ ਉੱਤੇ ਅਧਿਆਪਕਾਂ ਦੀ ਭਰਤੀ ਘੱਟ ਹੁੰਦੀ ਹੋਣ ਕਰਕੇ ਕਾਲਜਾਂ ਵਿੱਚ ਅਧਿਆਪਕਾਂ ਨੂੰ ਐਡਹਾਕ, ਪਾਰਟ ਟਾਈਮ ਜਾਂ ਫਿਰ ਮੈਨੇਜਮੈਂਟ ਵੱਲੋਂ ਰੈਗੂਲਰ ਅਧਿਆਪਕ ਨਿਯੁਕਤ ਕੀਤੇ ਜਾਂਦੇ।ਉਚੇਰੀ ਸਿੱਖਿਆ ਦਾ ਪੱਧਰ ਦੇਖਦੇ ਹਾਂ ਤਾਂ ਵੀ ਸਪੱਸ਼ਟ ਹੈ ਕਿ ਸਿੱਖਿਆ ਦਾ ਅਧਿਕਾਰ ਖੋਹਿਆ ਜਾ ਰਿਹਾ ਹੈ।ਸਟੇਟ ਉੱਚ ਸਿੱਖਿਆ 'ਤੇ ਪੈਸੇ ਖਰਚਣ ਦੀ ਬਜਾਏ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਆਪਣੇ ਪੱਧਰ 'ਤੇ ਵਿੱਤੀ ਸਾਧਨ ਪੈਦਾ ਕਰਨ ਲਈ ਕਿਹਾ ਗਿਆ ਹੈ। ਇੱਕ ਪਾਸੇ ਸਰਕਾਰੀਤੰਤਰ ਅਧਿਆਪਕਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕਰ ਰਿਹਾ, ਦੂਜੇ ਪਾਸੇ ਅਧਿਆਪਕ ਜਥੇਬੰਦੀਆਂ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਲੜ ਰਹੀਆਂ ਹਨ।

ਪਿਛਲੇ ਸਾਲਾਂ ਤੋਂ ਕਾਲਜ ਅਧਿਆਪਕਾਂ ਨੇ ਵੀ ਸੱਤਵੇਂ ਪੇਅ ਕਮਿਸ਼ਨ ਵਿਰੁੱਧ ਆਪਣੀ ਲੜਾਈ ਸ਼ੁਰੂ ਕੀਤੀ ਸੀ, ਜਿਸ ਦਾ ਲਾਭ ਅਜੇ ਕੁਝ ਅਧਿਆਪਕਾਂ ਨੂੰ ਮਿਲਿਆ ਹੈ, ਜੋ ਲੜਾਈ ਅਜੇ ਜਾਰੀ ਹੈ । ਇਸ ਤੋਂ ਬਿਨਾਂ ਕਈ ਵਿਦਿਅਕ ਸੰਸਥਾਵਾਂ ਵਿੱਚ ਤਨਖਾਹ ਨਾ ਮਿਲਣ ਦੇ ਰੋਸ ਪ੍ਰਦਰਸ਼ਨ, ਸਰਕਾਰੀ ਕਾਲਜਾਂ ਵਿੱਚ ਖਾਲੀ ਅਸਾਮੀਆਂ 'ਤੇ ਭਰਤੀ ਹੋਏ ਅਧਿਆਪਕਾਂ ਦੀਆਂ ਮੰਗਾਂ, ਕਾਂਸਟੀਚਿਊਐਂਟ ਕਾਲਜਾਂ ਵਿੱਚ ਰੈਗੂਲਰ ਭਰਤੀ ਕਰਨ ਆਦਿ ਆਪਣੀਆਂ ਬਣਦੀਆਂ ਮੰਗਾਂ, ਸਰਕਾਰ ਵੱਲ ਅਧਿਆਪਕਾਂ ਦੇ ਪਏ ਬਕਾਏ ਤੇ ਪ੍ਰਾਪਤੀ ਦੀਆਂ ਹੋਰ ਕਈ ਮੰਗਾਂ ਨੂੰ ਲੈ ਕੇ ਸੰਘਰਸ਼ ਹੋ ਰਿਹਾ ਹੈ, ਜੋ ਊਰਜਾ ਅਧਿਆਪਕ ਨੇ ਵਿਦਿਆਰਥੀ ਦੇ ਵਿਕਾਸ ਲਈ ਲਗਵਾਉਣੀ ਹੁੰਦੀ ਹੈ, ਉਹ ਇਸ ਤ੍ਰਾਸਦਿਕ ਸਥਿਤੀ ਨਾਲ ਜੂਝਦਿਆਂ ਖਰਚ ਹੋ ਰਹੀ ਹੈ।

ਅਧਿਆਪਕਾਂ ਦੀਆਂ ਹੋ ਰਹੀਆਂ ਰੈਲੀਆਂ, ਮੁਜ਼ਾਹਰੇ ਤੇ ਧਰਨੇ ਇਸ ਗੱਲ ਦਾ ਸੰਕੇਤ ਹਨ ਕਿ ਸਿੱਖਿਆ ਤੰਤਰ ਮਾਨਵ-ਵਿਰੋਧੀ ਹੋ ਨਿੱਬੜਿਆ ਹੈ। ਅਧਿਆਪਕ ਦਿਵਸ 'ਤੇ ਅਧਿਆਪਕ ਦਾ ਫਰਜ਼ ਬਣਦਾ ਹੈ ਕਿ ਉਹ ਸਿੱਖਿਆ ਪ੍ਰਤੀ ਨਿੱਜੀਕਰਨ ਦੀਆਂ ਨੀਤੀਆਂ ਵਿਰੁੱਧ ਜਥੇਬੰਦ ਹੋ ਕੇ ਤਿੱਖਾ ਸੰਘਰਸ਼ ਕਰੇ। ਸਟੇਟ ਦੀ ਮਿਆਰੀ ਗਿਆਨ ਪ੍ਰਦਾਨ ਕਰਨ ਲਈ ਬਣਦੀ ਜ਼ਿੰਮੇਵਾਰੀ ਖੋਖਲੀ ਸਾਬਤ ਹੋ ਚੁੱਕੀ ਹੈ। ਇਸ ਲਈ ਅਧਿਆਪਕ ਨੂੰ ਆਪਣੀ ਸਮਾਜ ਪ੍ਰਤੀ ਜ਼ਿੰਮੇਵਾਰੀ ਨਿਭਾਉਂਦਿਆਂ ਵਿੱਦਿਆ ਨੂੰ ਬਚਾਉਣ ਲਈ ਧਰਾਤਲੀ ਪੱਧਰ 'ਤੇ ਹੋਰ ਤਿੱਖੀ ਲੜਾਈ ਛੇੜਨ ਦੀ ਲੋੜ ਹੈ। ਸਿਰਫ਼ ਕੁਝ ਅਧਿਆਪਕਾਂ ਦਾ ਸਨਮਾਨ ਕਰਕੇ ਅਧਿਆਪਕ ਦਿਵਸ ਮਨਾਉਣ ਦਾ ਮਕਸਦ ਵਿਖਾਵਾ ਬਣ ਰਹਿ ਜਾਂਦਾ ਹੈ। ਅਸਲ ਵਿੱਚ ਅਧਿਆਪਕ ਦਿਵਸ ਦੀ ਨੁਹਾਰ ਸਮੁੱਚੇ ਅਧਿਆਪਕ ਵਰਗ ਦੀ ਦਸ਼ਾ ਦੇ ਉੱਪਰ ਨਿਰਭਰ ਹੁੰਦੀ ਹੈ। ਅਧਿਆਪਕ ਦੀ ਸਥਿਤੀ ਨੂੰ ਵਾਚਦਿਆਂ ਇਹ ਸਮਾਜ ਦੇ ਵਿਕਾਸ ਤੋਂ ਪਹਿਚਾਣੀ ਜਾ ਸਕਦੀ ਹੈ। ਆਓ, ਅਧਿਆਪਕ ਦੀ ਸਥਿਤੀ ਨੂੰ ਸਨਮਾਨਜਨਕ ਬਣਾਉਣ ਲਈ ਬਣਦੀ ਕੋਸ਼ਿਸ਼ ਕਰੀਏ।

**ਸੰਪਰਕ : 94636-15536**

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸਮਾਜਿਕ ਸਰੋਕਾਰਾਂ ਵਾਲੇ ਬਿਰਤਾਂਤ ਨਾਲ ਸੰਵਾਦ




ਫੋ
ਕ
ਸ



**ਚਰਚਾ ਇਕ ਪੁਸਤਕ ਦੀ**

**ਬਲਬੀਰ ਮਾਧੋਪੁਰੀ**

## ਰੰਗਾਂ ਦੀ ਖੇਡ

(ਕਹਾਣੀ ਸੰਗ੍ਰਹਿ)
**ਸੁਰਿੰਦਰ ਗੀਤ**
**ਪੰਨੇ-143, ਮੁੱਲ-250 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਪਿਛਲੇ ਪੰਜ ਦਹਾਕਿਆਂ ਤੋਂ ਪਰਵਾਸ ਹੰਢਾਉਂਦੀ ਸੁਰਿੰਦਰ ਗੀਤ ਦਾ ਇਹ ਦੂਜਾ ਕਹਾਣੀ ਸੰਗ੍ਰਹਿ ਹੈ, ਜਿਸ ਵਿੱਚ ਗਿਆਰਾਂ ਕਹਾਣੀਆਂ ਸ਼ਾਮਲ ਹਨ। ਇਸ ਉੱਤੇ ਚਰਚਾ ਕਰਨ ਤੋਂ ਪਹਿਲਾਂ ਲੇਖਿਕਾ ਦੇ ਸਮੁੱਚੇ ਸਾਹਿਤ ਉੱਤੇ ਤਰਦੀ ਜਿਹੀ ਨਜ਼ਰ ਮਾਰਨੀ ਜ਼ਰੂਰੀ ਹੈ। ਹੁਣ ਤੱਕ ਉਸ ਦੀਆਂ ਗਿਆਰਾਂ ਕਾਵਿ-ਪੁਸਤਕਾਂ, ਤੁਰੀ ਸਾਂ ਮੈਂ ਉਥੋਂ (1996), ਸੁਣ ਨੀ ਜਿੰਦੇ (1999, 2018), ਚੰਦ ਸਿਤਾਰੇ ਮੇਰੇ ਵੀ ਨੇ (2005, 2018), ਮੋਹ ਦੀਆਂ ਛੱਲਾਂ (ਗ਼ਜ਼ਲ-ਸੰਗ੍ਰਹਿ, 2011, 2018), ਕਾਨੇ ਦੀਆਂ ਕਲਮਾਂ (2014, 2018), ਰੁੱਖ ਤੇ ਪੰਛੀ (2017), ਸ਼ਬਦ ਸੁਨੱਖੇ (2019), ਗੁਸਤਾਖ਼ ਹਵਾ (2020), ਖੇਤਾਂ ਦਾ ਸਫ਼ਰ (2021), ਦਿਲ ਦੀ ਮਮਟੀ (ਗ਼ਜ਼ਲ ਸੰਗ੍ਰਹਿ, 2022), ਮੇਰੀ ਚੋਣਵੀਂ ਕਵਿਤਾ (2023), ਤੋਹਫ਼ਾ (ਕਹਾਣੀ ਸੰਗ੍ਰਹਿ, 2023), ਧੀ ਦਾ ਕਰਜ਼ (ਵਾਰਤਕ, 2019) ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਹਦੇ ਸਾਹਿਤ ਦੀ ਲਗਾਤਾਰ ਵਹਿੰਦੀ ਧਾਰਾ ਸਦਕਾ ਉਹ ਪੰਜਾਬੀ ਸਾਹਿਤਕਾਰੀ ਦੇ ਖੇਤਰ ਵਿਚ ਸਜੱਗ, ਪ੍ਰਤੀਬੱਧ ਪ੍ਰਵਾਨ ਕੀਤੀ ਗਈ ਰਚਨਾਕਾਰ ਹੈ। ਉਸ ਦੀ ਕਵਿਤਾਕਾਰੀ ਤੇ ਗ਼ਜ਼ਲਕਾਰੀ ਦਾ ਮੁੱਖ ਵਿਸ਼ਾ-ਵਸਤੂ ਮਨੁੱਖ ਵੱਲੋਂ ਮਨੁੱਖ ਦੀ ਬਹੁ-ਕਿਸਮੀ ਸਮਾਜਿਕ-ਆਰਥਿਕ, ਧਰਮਾਂ, ਜਾਤਾਂ, ਰੰਗਾਂ ਦੇ ਨਾਂਅ 'ਤੇ ਅਵਿਗਿਆਨਕ, ਤਰਕਹੀਣ, ਦੰਭਾਂ, ਪਾਖੰਡਾਂ, ਅਡੰਬਰਾਂ ਜ਼ਰੀਏ ਸਰੀਰਕ ਤੇ ਮਾਨਸਿਕ ਸ਼ੋਸ਼ਣ ਹੈ। ਉਹ ਸਰਲ ਤੇ ਸਹਿਜ ਜੁਗਤ ਨਾਲ ਉਸ ਵਰਗ ਦੇ ਹਿੱਤ 'ਤੇ ਹੱਕ ਵਿਚ ਆਪਣੇ ਚਿੰਤਨ ਤੇ ਚੇਤਨਾ ਦਾ ਪਾਸਾਰਾ ਬਤੌਰ ਜ਼ਿੰਮੇਦਾਰ ਸਾਹਿਤਕਾਰ ਵਜੋਂ ਕਰਦੀ ਹੋਈ ਹਨੇਰਗਰਦੀ, ਦਹਿਸ਼ਤਗਰਦੀ ਤੇ ਬੁਰਛਾਗਰਦੀ ਦੇ ਖ਼ਿਲਾਫ਼ ਆਪਣੀ ਵਿੱਤ ਮੂਜ਼ਬ ਸਮਕਾਲੀ ਸਥਿਤੀਆਂ ਉੱਤੇ ਵਾਰ-ਵਾਰ ਵਾਰ ਕਰਦੀ ਹੈ। ਉਹ ਸਮਾਜਿਕ ਗ਼ੈਰ-ਬਰਾਬਰੀ ਦੇ ਪਾੜੇ ਤੇ ਪੁਆੜੇ ਵਾਲੀ ਗ਼ੈਰ-ਜ਼ਿੰਮੇਦਾਰ ਧਿਰ ਨੂੰ ਆਪਣੇ ਕਾਵਿ-ਕੇਂਦਰ ਵਿਚ ਰੱਖ ਕੇ ਉਸ ਦੀ ਵਿਸ਼ਲੇਸ਼ਣੀ ਪੁਣਛਾਣ ਕਰਦੀ ਹੈ। ਦੂਜੇ ਸ਼ਬਦਾਂ ਵਿਚ ਉਹ ਹੱਕ, ਸੱਚ ਤੇ ਇਨਸਾਫ਼ ਖਾਤਰ ਨਿਮਾਣਿਆਂ, ਨਿਤਾਣਿਆਂ, ਬੰਦੇ ਦੇ ਜਾਮੇ ਵਿਚ 'ਕੁਬੰਦੇ' ਵਜੋਂ ਵਿਚਰਦੇ ਵਰਗ ਦੀ ਧਿਰ ਬਣ ਕੇ ਖੜ੍ਹਦੀ ਹੋਈ ਕਾਵਿ-ਸਿਰਜਣਾ ਕਰਦੀ ਹੈ। ਗੌਰਤਲਬ ਹੈ ਕਿ ਉਸ ਦੀ ਕਾਵਿ-ਰਚਨਾ ਵਿੱਚੋਂ ਇਹ ਹਕੀਕਤ ਉੱਭਰਦੀ ਹੈ ਕਿ ਉਹ ਕਿਸੇ ਵਿਸ਼ੇਸ਼ ਚਿੰਤਨ-ਧਾਰਾ ਨਾਲ ਨਰੜੀ ਜਾਂ ਨੂੜੀ ਹੋਈ ਨਹੀਂ ਤੇ ਨਾ ਹੀ ਨਾਰੀਵਾਦੀ ਕੱਟੜਤਾ ਦੀ ਹਾਮੀ ਭਰਦੀ ਹੈ। ਉਹ ਮਰਦ ਨੂੰ ਔਰਤ ਦਾ ਸਖਾ, ਸੰਗੀ-ਸਾਥੀ, ਦੁੱਖ-ਸੁੱਖ ਦੇ ਭਾਈਵਾਲ ਵਜੋਂ ਵਿਚਾਰਦੀ ਹੈ। ਉਹ ਉਸ ਨੂੰ ਕਿਸੇ ਵੀ ਪੱਧਰ ਉਤੇ ਨੌਲ਼ਦੀ ਨਹੀਂ, ਸਗੋਂ ਉਸ ਦੇ ਪਰਵਾਰਕ, ਸਮਾਜਿਕ, ਆਰਥਿਕ ਪੱਖਾਂ ਦੇ ਯੋਗਦਾਨ ਨੂੰ ਨੀਝ ਨਾਲ ਗੌਲਦੀ ਹੈ। ਸੋ, ਇੱਥੇ ਇਹ ਤੱਥ ਪ੍ਰਤੱਖ ਹੁੰਦਾ ਹੈ ਕਿ ਉਹ ਪ੍ਰਚੱਲਿਤ ਨਾਰੀਵਾਦ ਦੇ ਨਾਂਅ ਉੱਤੇ ਮਰਦ ਨੂੰ ਮਾਰੇ ਜਾਂਦੇ ਤਾਅਨੇ, ਮਿਹਣੇ, ਦਿਲ-ਦੁਖਾਊ, ਢਾਹੂ ਤੇ ਮਾਨਸਿਕ ਪੀੜਾ ਤੋਂ ਪਾਸਾ ਵੱਟਦੀ ਹੈ। ਇਉਂ ਉਹ ਬੇਗਾਨੀ ਲੀਹ 'ਚ ਪੈਰ ਨਹੀਂ ਧਰਦੀ, ਸਗੋਂ ਆਮ ਜਿਹੇ ਮਨੁੱਖ ਮੇਚ ਦੀਆਂ ਨਵੀਆਂ ਲੀਹਾਂ ਤਲਾਸ਼ਦੀ ਆਪਣੀ ਸਿਰਜਣਾ ਦਾ ਸਫ਼ਰ ਤਹਿ ਕਰਦੀ ਜਾ ਰਹੀ ਹੈ।

ਇੰਜ ਹੀ ਉਸ ਦੀ ਵਾਰਤਕ ਪੁਸਤਕ 'ਧੀ ਦਾ ਕਰਜ਼' ਵਿਚ ਉਸ ਦੇ ਲਿਖੇ ਲੋਕ-ਪੱਖੀ ਲੇਖ ਹਨ, ਜੋ ਪੰਜਾਬੀ ਦੀਆਂ ਪ੍ਰਮੁੱਖ ਅਖ਼ਬਾਰਾਂ ਤੇ ਮੈਗਜ਼ੀਨਾਂ ਵਿਚ ਪਹਿਲਾਂ ਪ੍ਰਕਾਸ਼ਿਤ ਹੋਏ ਸਨ। ਇਨ੍ਹਾਂ ਲੇਖਾਂ ਦਾ ਦਾਇਰਾ ਏਨਾ ਵਸੀਹ ਹੈ ਕਿ ਉਹ ਭਾਰਤ ਸਮੇਤ ਪੱਛਮ ਤੇ ਯੋਰਪ ਦੇ ਕਈ ਦੇਸ਼ਾਂ ਵਿਚ ਮੁੜ-ਮੁੜ ਛਪੇ। ਇਸ ਦੇ ਪਿੱਛੇ ਉਸ ਦਾ ਮਨੁੱਖ-ਮੁਖੀ ਨਜ਼ਰੀਆ ਕਾਰਜਸ਼ੀਲ ਹੈ।

ਸੁਰਿੰਦਰ ਗੀਤ ਦਾ ਬਹੁ-ਵਿਧਾਵੀ ਸਾਹਿਤ ਸਮਰੱਥਾ ਪੂਰੇ ਜਲੌਅ ਨਾਲ ਉਦੋਂ ਹੋਰ ਉਜਾਗਰ ਹੋਇਆ, ਜਦੋਂ ਉਸ ਦਾ ਪਲੇਠਾ ਕਹਾਣੀ ਸੰਗ੍ਰਹਿ 'ਤੋਹਫ਼ਾ' (2023) ਪੰਜਾਬੀ ਵਿਦਵਾਨਾਂ, ਸਾਹਿਤ ਸੂਝਵਾਨਾਂ ਸਾਹਮਣੇ ਆਇਆ। ਇਸ ਸੰਗ੍ਰਹਿ ਵਿਚ ਸਤਾਰਾਂ ਕਹਾਣੀਆਂ ਦਰਜ ਹਨ, ਜਿਹੜੀਆਂ ਪੰਜਾਬ ਤੇ ਖ਼ਾਸ ਤੌਰ 'ਤੇ ਪਰਾਈ ਧਰਤੀ ਉਤੇ ਜਾ ਵਸੇ ਤੇ ਉਨ੍ਹਾਂ ਦੀ ਪਰਵਾਸ ਜੂਨ ਭੋਗੇ ਜਾਣ ਉਤੇ ਕੇਂਦਰਤ ਹਨ। ਕਹਾਣੀਆਂ ਦਾ ਬਿਰਤਾਂਤ ਦੱਸ ਪਾਉਂਦਾ ਹੈ ਕਿ ਉਹ ਇਸ ਭੂ-ਹੇਰਵੇ ਲਈ ਖ਼ੁਦ ਹੀ ਜ਼ਿੰਮੇਦਾਰ ਹਨ ਤੇ ਆਪਣੇ ਨਾਲ ਲਿਆਂਦੇ ਭਾਰਤੀ ਸੱਭਿਆਚਾਰ ਜਿਸ ਵਿਚ ਉਨ੍ਹਾਂ ਦੇ ਧਰਮਾਂ ਦੀਆਂ ਗ਼ੈਰ-ਇਨਸਾਨੀ ਬੰਦਿਸ਼ਾਂ, ਅੰਧ-ਵਿਸ਼ਵਾਸ, ਜਾਤਪਾਤ ਤੇ ਹੋਰ ਅਮਾਨਵੀ ਵਰਤਾਰੇ-ਵਿਤਕਰੇ ਸ਼ਾਮਲ ਹਨ। ਉਨ੍ਹਾਂ ਦੇ ਉੱਚ-ਪੱਧਰੀ ਦਿਖਾਵੇ ਵਾਲੇ ਜੀਵਨ, ਜਿਸ ਵਿਚ ਡਾਲਰ ਪ੍ਰਧਾਨ ਹੈ, ਸੱਚੇ-ਸੁੱਚੇ ਰਿਸ਼ਤਿਆਂ ਨੂੰ ਦਾਅ ਉੱਤੇ ਲਾ ਕੇ ਪਿਛਲਿਆਂ ਨੂੰ ਲਿਆਉਣ ਮੰਗਵਾਉਣ ਲਈ ਨਿਮਨ ਪੱਧਰ ਦੀਆਂ ਸਿਖਰਾਂ ਛੋਹਣਾ ਹੈ। ਪਾਤਰਾਂ ਦੀ ਮਾਨਸਿਕਤਾ ਪਿੰਡ ਸੱਭਿਆਚਾਰ ਦੇ ਨੈਤਿਕ-ਅਨੈਤਿਕ ਵਿਹਾਰ ਨਾਲ ਓਤਪੋਤ ਹੈ, ਜੋ ਥੋਥੀਆਂ, ਬੋਦੀਆਂ ਰਸਮਾਂ, ਗੀਤਾਂ, ਰਿਵਾਜ਼ਾਂ ਨੂੰ ਨਵੇਂ ਸੱਭਿਆਚਾਰ ਵਿਚ ਵੀ ਤਿਆਗਣ ਨੂੰ ਤਿਆਰ ਨਹੀਂ। ਇਹ ਸੱਚਾਈ ਜੱਗ ਜ਼ਾਹਿਰ ਹੈ ਕਿ ਭਾਰਤੀ ਸਮਾਜ ਵਿਚ ਮਨੁੱਖਾਂ ਉੱਤੇ ਨੀਵੇਂ ਹੋਣ ਦੇ ਨਫ਼ਰਤੀ ਲੇਬਲ ਲੱਗੇ ਹੋਏ ਹਨ। ਫਿਰ ਵੀ ਨਿਮਨ ਆਖੀਆਂ ਜਾਂਦੀਆਂ ਜਾਤੀਆਂ ਦੀਆਂ ਔਰਤਾਂ ਦਾਬੇਦਾਰ ਜੱਟਾਂ-ਜ਼ਿਮੀਦਾਰਾਂ ਦੀ ਹਵਸ ਦਾ ਸ਼ਿਕਾਰ ਹੋ ਜਾਂਦੀਆਂ ਹਨ। ਮਿਸਾਲ ਦੇ ਤੌਰ 'ਤੇ 'ਕੈਨੇਡਾ ਦੀ ਟਿਕਟ' ਨੂੰ ਲਿਆ ਜਾ ਸਕਦਾ ਹੈ। ਇਉਂ ਹੀ ਉਸ ਦੇ ਕਹਾਣੀ ਸੰਗ੍ਰਹਿ 'ਰੰਗਾਂ ਦੀ ਖੇਡ' ਵਿਚਲੀ ਕਹਾਣੀ 'ਨੀਵਾਂ ਕੌਣ ?' ਨੂੰ ਵਿਚਾਰਿਆ ਜਾ ਸਕਦਾ ਹੈ ਕਿ ਕੈਨੇਡਾ ਪਹੁੰਚ ਮਾਂ-ਪਿਓ ਜਾਤਪਾਤ ਦਾ ਪਾਲਣ ਡੂੰਘੀ ਨਫ਼ਰਤ ਦੀ ਹੱਦ ਤੱਕ ਕਰਦੇ ਹਨ। ...ਤੇ ਜਦੋਂ ਨੂੰਹ ਵੱਲੋਂ ਘਰੋਂ-ਬੇਘਰ ਕਰਨ ਦੀ ਨੌਬਤ ਅਸਲੀਅਤ ਵਿਚ ਸਾਹਮਣੇ ਆ ਜਾਂਦੀ ਹੈ ਤਾਂ ਉਸ ਅਨਪੜ੍ਹ ਹੈਂਕੜਬਾਜ਼ ਜੱਟ ਜੋੜੇ ਦੀ ਮਦਦ ਪਿੰਡ ਦੀਆਂ ਗਲ਼ੀਆਂ-ਨਾਲ਼ੀਆਂ ਸਾਫ਼ ਕਰਦੇ ਪਰਵਾਰ ਦਾ ਮੁੰਡਾ ਕਰਦਾ ਹੈ, ਜਿਹੜਾ ਕੈਨੇਡਾ ਵਿਚ ਉਨ੍ਹਾਂ ਦੇ ਆਪਣੇ ਪੁੱਤ ਦੇ ਘਰ ਦੋਸਤ ਵਜੋਂ ਆਉਂਦਾ ਸੀ ਅਤੇ ਉਹ ਉਸ ਮੁੰਡੇ ਤੇ ਉਸ ਦੀ ਪਤਨੀ ਦਾ ਆਉਣਾ ਬੁਰਾ ਮਨਾਉਂਦੇ ਸਨ। ਅਖੀਰ ਉਹ ਲਾਚਾਰ, ਮਜਬੂਰ ਜੋੜਾ ਮਹਿਸੂਸਦਾ ਹੈ ਕਿ ਅਸਲ ਵਿਚ ਤਾਂ ਉਹ ਖੁਦ ਹੀ ਨੀਵੇਂ ਹਨ, ਜਿਨ੍ਹਾਂ ਨੇ ਗੁਰਮਤਿ ਦੇ ਮਾਨਵ ਹਿਤੈਸ਼ੀ ਅਸੂਲਾਂ ਤੋਂ ਮੂੰਹ ਫੇਰੀ ਰੱਖਿਆ। 'ਸਵਾਲਾਂ 'ਚੋਂ ਸਵਾਲ' ਇਕ ਹੋਰ ਅਜਿਹੀ ਕਹਾਣੀ ਹੈ। ਇਹ 'ਮੈਂ' ਪਾਤਰ ਦੀ ਆਪਣੀ ਦਾਦੀ ਨਾਲ ਸੰਵਾਦ ਦੇ ਰੂਪ 'ਚ ਹੈ। ਕੀਰਤਨ ਕਰਨ ਵਾਲਾ ਰਾਗੀ ਸਿੰਘ ਮਜ਼ਬੀ ਬਿਰਾਦਰੀ ਦਾ ਹੈ ਤੇ ਦਾਦੀ ਨੂੰ ਪੋਤੀ ਦੇ ਸਹਿਜ-ਸੁਭਾਅ ਉਸ ਨੂੰ ਮਿਲਣ ਦੀ ਬਿਰਤੀ ਰਾਸ ਨਹੀਂ ਆਉਂਦੀ। ਦਾਦੀ ਰਾਗੀ ਸਿੰਘ ਦੇ ਨਿਮਨ ਜਾਤੀ ਹੋਣ ਉਤੇ ਸਵਾਲੀਆ ਨਿਸ਼ਾਨ ਲਾਉਂਦੀ ਹੈ, ਪਰ ਪੋਤੀ ਪ੍ਰਤੀ ਉੱਤਰ ਵਜੋਂ ਗੁਰਮਤਿ ਸਿਧਾਂਤਾਂ ਦਾ ਸੰਵਾਦ ਰਚਾਉਂਦੀ ਹੈ, ਜਿਸ ਨਾਲ ਦਾਦੀ ਮੂਕ ਹੋ ਜਾਂਦੀ ਹੈ।

ਕਹਾਣੀ ਸੰਗ੍ਰਹਿ ਦੇ ਸਿਰਲੇਖ ਵਾਲੀ ਕਹਾਣੀ 'ਰੰਗਾਂ ਦੀ ਖੇਡ' ਵਿਚ ਸਰਕਾਰੀ ਦਫ਼ਤਰਾਂ 'ਚ ਮਨੁੱਖੀ ਵਿਤਕਰੇ, ਅੰਦਰਖ਼ਾਤੇ ਸਾਜ਼ਿਸ਼ਾਂ ਤੇ ਬੇਇਨਸਾਫ਼ੀ ਵਾਲੇ ਮਾਹੌਲ ਦਾ ਪਰਦਾਫ਼ਾਸ਼ ਹੋਇਆ ਹੈ ਕਿ ਗੋਰੇ ਆਪਣੀ ਦਿਮਾਗ਼ੀ ਹੁਸ਼ਿਆਰੀ ਨਾਲ ਏਸ਼ੀਆਈ ਤੇ ਅਮਰੀਕੀ-ਅਫ਼ਰੀਕੀ ਮੂਲ ਦੇ ਪਿਛੋਕੜ ਵਾਲੇ ਮੁਲਾਜ਼ਮਾਂ ਉਤੇ ਮਾਨਸਿਕ ਤਸ਼ੱਦਦ ਕਰਦੇ ਹਨ। ਵਿਹਾਰਕ ਤੌਰ 'ਤੇ ਵੀ ਵਿੱਥ ਬਣਾ ਕੇ ਗੱਲ ਕਰਦੇ ਹਨ। ਇਹ ਵੱਖਰੀ ਗੱਲ ਹੈ ਕਿ ਭਾਰਤ ਵਾਂਗ ਸਮਾਨਤਾ ਵਾਲੇ ਕਾਨੂੰਨ ਹੋਂਦ ਵਿਚ ਹਨ। ...ਇਹ ਕਹਾਣੀ ਪੜ੍ਹਦਿਆਂ ਭਾਰਤ ਦੇ ਸਮਾਜਿਕ-ਆਰਥਿਕ ਤੇ ਦਫ਼ਤਰੀ ਵਰਤੋਂ-ਵਿਹਾਰ ਸਹਿਜ ਹੀ ਅੱਖਾਂ ਮੋਹਰੇ ਆ ਜਾਂਦੇ ਹਨ। ਗੱਲ ਕੀ, ਵਿਕਸਤ ਆਖੇ ਜਾਂਦੇ ਦੇਸ਼ ਵਿੱਚ ਨਸਲਵਾਦ ਆਪਣਾ ਰੰਗ ਹਰ ਥਾਂ ਦਿਖਾਉਂਦਾ ਹੈ। ਸੰਗ੍ਰਹਿ ਵਿਚਲੀਆਂ ਕਹਾਣੀਆਂ 'ਟੈਟੂ', 'ਪਰਛਾਵਾਂ', 'ਪਾਪਾ... ਮੁਆਫ਼ ਕਰ ਦੇਵੋ', 'ਅਖ਼ਬਾਰ' ਜੁਆਨੀ ਵੇਲੇ ਦੇ ਪ੍ਰੇਮ ਪ੍ਰਸੰਗਾਂ ਨਾਲ ਸੰਬੰਧਤ ਹਨ, ਜਿਨ੍ਹਾਂ ਵਿਚ ਸੁਆਰਥੀ ਚਾਲਾਂ ਰਾਹੀਂ ਮਨੁੱਖ ਦੀ ਲੋਭੀ-ਲਾਲਚੀ ਬਿਰਤੀ ਦਾ ਬਿਰਤਾਂਤ ਹੈ।

ਜਿਵੇਂ 'ਟੈਟੂ' ਕਹਾਣੀ ਵਿਚ ਅੰਤਾਂ ਦੀ ਖ਼ੂਬਸੂਰਤ ਗੋਰੀ ਕੁੜੀ ਲੀਜ਼ਾ ਦਾ ਹਰਨੇਕ ਸਿੰਘ ਮੱਲ੍ਹੀ ਨਾਲ ਪਿਆਰ ਹੋ ਜਾਂਦਾ ਹੈ। ਹਰਨੇਕ ਨੇ ਆਪਣੇ ਤੇ ਉਸ ਦੇ ਹੱਥ ਉਤੇ ਖੰਡੇ ਦੇ ਟੈਟੂ ਨੂੰ ਬਣਵਾ ਲਿਆ। ਉੱਚੀ ਚੜ੍ਹੀ ਪਿਆਰ-ਪੀਂਘ ਇਕ ਝਟਕੇ ਨਾਲ ਉਦੋਂ ਥੱਲੇ ਆ ਗਈ, ਜਦੋਂ ਨੇਕ ਦੀ ਮਾਂ ਨੇ ਲੀਜ਼ਾ ਕੋਲ ਤਜਵੀਜ਼ ਰੱਖੀ, "ਨੇਕ ਦੇ ਮਾਮੇ ਦੇ ਮੁੰਡੇ ਨਾਲ ਵਿਆਹ ਕਰਵਾ ਕੇ ਉਸ ਨੂੰ ਪੱਕਾ ਕਰਵਾ ਦੇ ਤੇ ਫਿਰ ਉਸ ਨਾਲ ਤਲਾਕ ਕਰਕੇ ਨੇਕ ਨਾਲ ਤੇਰਾ ਵਿਆਹ ਕਰ ਦੇਵਾਂਗੇ। ਮੇਰੇ ਭਤੀਜੇ ਨਾਲ ਤੂੰ ਵਿਆਹ ਕੱਚਾ ਹੀ ਕਰਵਾਉਣਾ ਹੈ। ...ਕੰਮ-ਕੁਮ 'ਤੇ ਕਿਸੇ ਪੰਜਾਬੀ ਨਾਲ ਗੱਲਬਾਤ ਕਰਨ ਦੀ ਜ਼ਰੂਰਤ ਨਹੀਂ। ਸਾਡੇ ਲੋਕ ਬਣਦਾ ਕੰਮ ਖਰਾਬ ਕਰ ਦਿੰਦੇ ਆ।" (ਪੰਨਾ-46) ਉਪਰਲਾ ਬਿਰਤਾਂਤ ਲੀਜ਼ਾ 'ਮੈਂ' ਪਾਤਰ ਨੂੰ ਆਪਣੀ ਰਾਜ਼ਦਾਰ ਸਮਝ ਕੇ ਦੱਸਦੀ ਹੈ। "ਨੇਕ ਨੇ ਮੇਰੇ ਹੱਥ 'ਤੇ ਟੈਟੂ ਬਣਵਾ ਕੇ ਮੇਰੀਆਂ ਭਾਵਨਾਵਾਂ ਦਾ ਕਤਲ ਕੀਤਾ ਹੈ। ਆਪਣਾ ਕੰਮ ਕੱਢਣ ਲਈ ਧਰਮ ਮੂਹਰੇ ਕਰ ਦਿੱਤਾ। ਮੈਂ ਹਰ ਧਰਮ ਦੀ ਕਦਰ ਕਰਦੀ ਹਾਂ, ਪਰ ਧਰਮ ਨੂੰ ਝੂਠ ਬੋਲਣ ਲਈ ਵਰਤਣਾ ਪਾਪ ਹੈ।" ਕਹਾਣੀ ਦੀ ਅੰਤਲੀ ਸਤਰ ਬਹੁਤ ਅਰਥ-ਭਰਪੂਰ ਦਿਲ ਟੁੰਬਵੀਂ ਹੈ, "ਹੁਣ ਲੀਜ਼ਾ ਇਸ ਟੈਟੂ ਨੂੰ ਆਪਣੇ ਹੱਥ ਤੋਂ ਮਿਟਾਉਣ ਦੀ ਕੋਸ਼ਿਸ਼ ਵਿਚ ਹੈ।" (ਪੰਨਾ-48)

ਕਹਾਣੀ ਦਾ ਬਿਰਤਾਂਤ ਯਥਾਰਥ ਸਾਹਮਣੇ ਲਿਆਉਂਦਾ ਹੈ ਕਿ ਆਪਣੇ ਖ਼ਾਨਦਾਨ ਨੂੰ 'ਤਾਰਨ' ਦੀਆਂ ਲਾਲਚੀ ਚਾਲਾਂ ਪ੍ਰੇਮੀ ਜੋੜੇ ਦੇ ਪਿਆਰ ਤੇ ਉਨ੍ਹਾਂ ਦੇ ਭਵਿੱਖ ਨੂੰ ਨ੍ਹੇਰੇ ਵੱਲ ਧੱਕਣ ਤੋਂ ਸੰਗ-ਸ਼ਰਮ ਮਹਿਸੂਸ ਨਹੀਂ ਕਰਦਾ। ਪੱਛਮੀ ਸੱਭਿਅਤਾ ਤੇ ਸੱਭਿਆਚਾਰ ਵਾਲੇ ਲੋਕਾਂ ਦੀ ਨਜ਼ਰ ਵਿਚ ਡਿੱਗ ਜਾਣ ਅਤੇ ਦੇਸ਼ ਤੇ ਧਰਮ ਉੱਤੇ ਲੱਗਦੇ ਕਲੰਕ ਦੀ ਪਰਵਾਹ ਨਹੀਂ ਕਰਦਾ।

ਉਪਰੋਕਤ ਦ੍ਰਿਸ਼ਟੀ ਤੋਂ 'ਪਰਛਾਵਾਂ' ਕਹਾਣੀ ਵਿਚ ਨਿਆਣੀ ਉਮਰੇ ਮਾਂ-ਪਿਓ ਦੇ ਗੁਜ਼ਰ ਜਾਣ ਮਗਰੋਂ ਹਰਦੇਵ ਸਿੰਘ ਨੂੰ ਉਹਦਾ ਮਾਮਾ ਪਾਲਦਾ ਤੇ ਪੜ੍ਹਾਉਂਦਾ ਹੈ। ਉਸ ਦੇ ਮਾਮੇ ਨੇ ਕਿਸੇ ਤਰ੍ਹਾਂ ਏਜੰਟ ਰਾਹੀਂ ਉਸ ਨੂੰ ਵੈਨਕੂਵਰ ਜਾਂਦੇ ਜਹਾਜ਼ ਵਿਚ ਚਾੜ੍ਹ ਦਿੱਤਾ। ਉਸ ਨੇ ਗੁਰਮੀਤ ਨਾਂਅ ਦੀ ਉੱਚੀ, ਲੰਮੀ ਤੇ ਖ਼ੂਬਸੂਰਤ ਕੁੜੀ ਨੂੰ ਪਸੰਦ ਕਰ ਲਿਆ ਤੇ ਫਿਰ ਉਸ ਨਾਲ ਵਿਆਹ ਕਰ ਲਿਆ। ਮਾਮਾ ਰੋਕਦਾ ਰਿਹਾ ਕਿ ਵੱਡੇ ਘਰ ਦੀ ਕੁੜੀ ਦੇਖ ਲੈ। ਵਿਆਹ ਦੇ ਕੁਝ ਮਹੀਨਿਆਂ ਮਗਰੋਂ ਗੁਰਮੀਤ ਹਰਦੇਵ ਕੋਲ ਪਹੁੰਚ ਗਈ। ਮਾਮਾ ਮੁੜ-ਮੁੜ ਹਰਦੇਵ ਨੂੰ ਆਖੇ ਕਿ ਉਹਦੇ ਛੋਟੇ ਮੁੰਡੇ ਜਿੰਦਰ ਨਾਲ ਗੁਰਮੀਤ ਦੀ ਛੋਟੀ ਭੈਣ ਦਾ ਵਿਆਹ ਕਰਵਾ ਦੇਵੇ। ਆਪਣੇ ਸਹੁਰਾ ਪਰਵਾਰ ਦਾ ਅਪਲਾਈ ਕਰੇ ਤੇ ਕੈਨੇਡਾ ਲੈ ਜਾਵੇ। ਗੁਰਮੀਤ ਪਿੰਡਾਂ ਵਿਚ ਜਿੰਦਰ ਦੀਆਂ ਬਦਫ਼ੈਲੀਆਂ ਤੇ ਬਦਨਾਮੀ ਕਾਰਨ ਨਾਂਹ ਕਰਦੀ ਹੈ ਤਾਂ ਹਰਦੇਵ ਆਪਣੀ ਪਤਨੀ ਗੁਰਮੀਤ ਨੂੰ ਆਖੇ, "ਮੇਰੇ ਮਾਮੇ ਦੇ ਬਹੁਤ ਅਹਿਸਾਨ ਹਨ। ਮੈਂ ਉਨ੍ਹਾਂ ਅਹਿਸਾਨਾਂ ਦੀ ਕੀਮਤ ਚੁਕਾਉਣਾ ਚਾਹੁੰਦਾ ਹਾਂ।" ਕੋਈ ਗੱਲ ਨਾ ਬਣਦੀ ਦੇਖ ਹਰਦੇਵ ਦੇ ਮਾਮੇ ਨੇ ਚਿੱਠੀ ਲਿਖੀ, "ਅਸੀਂ ਤੈਨੂੰ ਟੁਕੜਾ ਪਾਇਆ ਤੇ ਤੂੰ ਸਾਡਾ ਇਹ ਮਾੜਾ ਜਿਹਾ ਕੰਮ ਨਹੀਂ ਕਰਵਾ ਸਕਿਆ। ਆਪਣੀ ਤੀਵੀਂ ਨੂੰ ਜੇਕਰ ਖਿੱਚ ਕੇ ਰੱਖਦਾ ਤਾਂ ਇਹ ਦਿਨ ਨਾ ਦੇਖਣਾ ਪੈਂਦਾ। ਬੈਠ ਕੇ ਚੱਟੀ ਜਾਹ ਉਹਦੀ ਚਿੱਟੀ ਚਮੜੀ।" ਅਜਿਹੀਆਂ ਟਾਹਰਾਂ ਦੀ ਭੜਕਾਹਟ ਨਾਲ ਗੁਰਮੀਤ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਕੁੱਟਮਾਰ ਤੋਂ ਲੈ ਕੇ ਹਰਦੇਵ ਵੱਲੋਂ ਉਸ ਉਤੇ ਪਿਸ਼ਾਬ ਕਰਨ ਤੇ ਫ਼ਰਸ਼ ਤੋਂ ਨਾ ਚੱਟਣ ਕਾਰਨ ਫ਼ਰਸ਼ 'ਤੇ ਪਟਕਾ ਕੇ ਸਿਰ ਮਾਰਨ ਨਾਲ ਜ਼ਖ਼ਮ ਹੋਣਾ, ਪੁਲਸ ਕਾਰਵਾਈ, ਆਖ਼ਿਰ ਤਲਾਕ।...ਹਰਦੇਵ ਦੀ ਇਕੱਲਤਾ, ਦੋਸਤ ਦੇ ਘਰ ਰਹਿਣ, ਅਧਰੰਗ ਦਾ ਦੌਰਾ, ਹਸਪਤਾਲ 'ਚ ਵ੍ਹੀਲਚੇਅਰ 'ਚ ਰਹਿਣਾ ਤੇ ਫਿਰ ਕੇਅਰ ਸੈਂਟਰ 'ਚ ਆਦਿ ਉਸ ਦੀ ਜ਼ਿੰਦਗੀ 'ਚ ਕਈ ਮਾੜੇ ਪੜਾਅ ਆਏ। ... ਜਦੋਂ ਨਾਲ ਦੇ ਮਰੀਜ਼ ਵੱਲੋਂ ਉਸ ਨੂੰ ਜ਼ਾਇਕੇਦਾਰ ਪਰੌਂਠਾ ਖਾਣ ਨੂੰ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਬਹੁਤ ਕੁਝ ਪਿਛਲਾ ਯਾਦ ਆਉਂਦਾ ਹੈ। ਉਸ ਨੂੰ ਇਸ ਪਰਛਾਵੇਂ ਦਾ ਭਚੱਕ ਪੈਂਦਾ, ਪਰ ਚਿਹਰਾ ਨਹੀਂ ਦਿਸਦਾ, ਜਿਹੜਾ ਨਾਲ ਦੇ ਮਰੀਜ਼ ਦੀ ਟਹਿਲ ਸੇਵਾ ਕਰਦਾ ਹੈ। ਫਿਰ ਉਸ ਨੂੰ ਗੁਰਮੀਤ ਦੇ ਆਖੇ ਸ਼ਬਦ ਚੇਤੇ ਆਏ, "ਤੂੰ ਮੇਰਾ ਪਰਛਾਵਾਂ ਦੇਖਣ ਨੂੰ ਵੀ ਤਰਸੇਂਗਾ।" ...ਤੇ ਹਰਦੇਵ ਭੁੱਬਾਂ ਮਾਰ ਰੋਣ ਲੱਗਦਾ ਹੈ। ਲੇਖਿਕਾ ਕਹਾਣੀ ਵਰਣਨ ਵਿਸਥਾਰ ਦੇ ਓਹਲੇ ਵਿਚ ਇਹ ਕਹਿਣ ਦੀ ਕੋਸ਼ਿਸ਼ ਕਰਦੀ ਹੈ ਕਿ ਧੀਆਂ-ਭੈਣਾਂ ਨੂੰ ਸਾਧਨ ਬਣਾ ਕੇ ਸਰਦੇ-ਪੁੱਜਦੇ ਪਰਵਾਰ ਪੱਛਮ ਦੇ ਦੇਸ਼ਾਂ 'ਚ ਜਾ ਵਸਣ ਲਈ ਹਰ ਨੈਤਿਕ-ਅਨੈਤਿਕ ਵਸੀਲਾ ਵਰਤਦੇ ਤੇ ਆਪਣੀਆਂ ਧੀਆਂ-ਭੈਣਾਂ ਦੀਆਂ ਸਧਰਾਂ ਦਾ ਘਾਣ ਕਰਦੇ ਹਨ।

"ਪਾਪਾ...ਮੁਆਫ਼ ਕਰ ਦੇਵੋ" ਕਹਾਣੀ ਸਮਾਜਿਕ ਯਥਾਰਥ ਭਰਪੂਰ ਹੈ। ਇਸ ਵਿਚ ਸ਼ਹਿਰ 'ਚ ਰਹਿ ਕੇ ਚੰਗੇ ਮਾਹੌਲ ਵਿਚ ਪੜ੍ਹੀ-ਲਿਖੀ ਸਿਮਰ ਆਪਣੀ ਯੋਗਤਾ ਦੇ ਆਧਾਰ 'ਤੇ ਕੈਨੇਡਾ ਜਾ ਵਸਦੀ ਹੈ। ਉਹ ਉਥੇ ਰਹਿੰਦੇ ਘੱਟ ਪੜ੍ਹੇ ਤੇ ਕੱਚੇ ਤੌਰ 'ਤੇ ਰਹਿ ਰਹੇ ਮੁੰਡੇ ਮੀਤੇ ਨਾਲ ਮੁਹੱਬਤ ਕਰਦੀ ਹੈ ਤੇ ਫਿਰ ਵਿਆਹ ਰਚਾ ਲੈਂਦੀ ਹੈ। ਮੀਤਾ ਪੱਕਾ ਹੋ ਜਾਂਦਾ ਹੈ। ਉਹ ਇਸ ਦਾ ਲੁਕੋ ਆਪਣੇ ਪਰਵਾਰ ਤੋਂ ਰੱਖਦੀ ਹੈ।...ਤੇ ਜਦੋਂ ਦੋਵੇਂ ਜਣੇ ਪੰਜਾਬ ਵਿਚ ਰਹਿੰਦੇ ਮੀਤੇ ਦੇ ਘਰ ਪੰਜਾਬ ਆਉਂਦੇ ਹਨ ਤਾਂ ਮੀਤੇ ਦੀ ਮਾਂ ਭਾਪਿਆਂ ਦੀ ਕੁੜੀ ਕਹਿ ਕੇ ਸਿਮਰ ਨੂੰ ਨੂੰਹ ਵਜੋਂ ਸਵੀਕਾਰ ਕਰਨ ਤੋਂ ਪਾਸਾ ਵੱਟਦੀ ਹੈ। ਇਸ ਤਲਖ਼ ਮਾਹੌਲ ਵਿਚ ਮੀਤਾ ਖ਼ਾਮੋਸ਼ ਰਹਿੰਦਾ ਹੈ। ਜੱਟ-ਭਾਪੇ ਦਾ ਟਕਰਾਅ ਵਰਣ-ਵਿਵਸਥਾ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਚਿਹਨਕਾਰੀ ਰਾਹੀਂ ਵਿਅੰਗਾਤਮਕ ਬਿਰਤਾਂਤ

**ਸਾਹਿਤ ਚਿੰਤਨ**

**ਡਾ. ਭੁਪਿੰਦਰ ਕੌਰ**

## ਲਾਲਚੀ ਕਾਂ, ਪਿਆਸਾ ਕੁੱਤਾ

(ਨਾਵਲ)
**ਦਵਿੰਦਰ ਗਿੱਲ**
**ਕੁਲ ਸਫੇ : 129, ਕੀਮਤ : 175 ਰੁਪਏ**
**ਆਤਮ ਆਰਟ, ਪਟਿਆਲਾ**

ਲਾਲਚੀ ਕਾਂ, ਪਿਆਸਾ ਕੁੱਤਾ ਦਵਿੰਦਰ ਗਿੱਲ ਦੀ ਲਿਖੀ ਇੱਕ ਵੱਖਰੀ ਕਿਸਮ ਦੀ ਦੂਜੀ ਵਿਅੰਗਾਤਮਕ ਨਾਵਲ ਰਚਨਾ ਹੈ। ਇਸ ਤੋਂ ਪਹਿਲਾਂ ਨਾਵਲਕਾਰ ਦੇ ਨਾਵਲ 'ਐਲਿਸ ਇਨ ਵੰਡਰਲੈਂਡ' ਨੇ ਵੀ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਆਟਮ ਆਰਟਸ, ਪਟਿਆਲਾ ਦੁਆਰਾ ਪ੍ਰਕਾਸ਼ਿਤ ਇਹ ਰਚਨਾ ਸਮਰਪਿਤ ਹੈ ਉਸ ਦੇ ਮਾਤਾ-ਪਿਤਾ ਤੇ ਨਾਨਕੇ ਪਰਵਾਰ ਨੂੰ, ਜਿਨ੍ਹਾਂ ਕਾਰਨ ਉਹ ਪੜ੍ਹ ਸਕਿਆ, ਪੁਸਤਕ ਆਪਣੀ ਪਤਨੀ ਤੇ ਬੇਟੇ ਨੂੰ ਵੀ ਸਮਰਪਿਤ ਹੈ, ਜਿਨ੍ਹਾਂ ਦੀ ਬਦੌਲਤ ਉਹ ਲਿਖਣ ਲਈ ਸਮਾਂ ਕੱਢਦਾ ਰਿਹਾ। ਆਰੰਭ ਵਿੱਚ ਨਾਵਲਕਾਰ ਆਪਣੀ ਰਚਨਾ ਬਾਰੇ ਵਿਚਾਰ ਦਿੰਦਿਆਂ ਲਿਖਦਾ ਹੈ, ਇਹ ਨਾਵਲ ਪੰਜਾਬੀ ਵਿੱਚ ਲਿਖੇ ਜਾ ਰਹੇ ਪ੍ਰਚਲਿਤ ਨਾਵਲਾਂ ਵਿੱਚੋਂ ਵੱਖਰੀ ਸ਼ੈਲੀ ਵਿੱਚ ਲਿਖਿਆ ਗਿਆ ਹੈ। ਹਾਲਾਂਕਿ ਇਹ ਬਿਲਕੁਲ ਹੀ ਕੋਈ ਨਵੀਂ ਵਿਧਾ ਨਹੀਂ ਹੈ। ਵਿਸ਼ਵ ਸਾਹਿਤ ਵਿੱਚ 'ਐਨੀਮਲ ਫਾਰਮ' ਤੇ 'ਡੌਗ ਮੈਨ' ਆਦਿ ਇਸੇ ਸ਼ੈਲੀ ਵਿੱਚ ਲਿਖੇ ਗਏ ਹਨ............ ਇਸ ਨਾਵਲ ਦੇ ਨਾਇਕ ਪਿਆਸਾ ਕਾਂ ਤੇ ਕਾਲੂ ਕੁੱਤਾ ਇਨਸਾਨਾਂ ਵਾਂਗ ਵੀ ਬੋਲ ਲੈਂਦੇ ਹਨ। ਉਹ ਕਦੇ ਜੰਗਲ ਵਿੱਚ ਤੇ ਕਦੇ ਇਨਸਾਨਾਂ ਵਿੱਚ ਵਿਚਰਦੇ ਹਨ। ਵੱਖ-ਵੱਖ ਮਸਲਿਆਂ 'ਤੇ ਆਪਣੀ ਰਾਇ ਰੱਖਦੇ ਹੋਏ ਉਹ ਕੈਨੇਡਾ, ਅਮਰੀਕਾ, ਚੀਨ ਤੇ ਪਾਕਿਸਤਾਨ ਤੱਕ ਜਾਂਦੇ ਹਨ ਤੇ ਕਈ ਕਾਰਨਾਮੇ ਕਰਦੇ ਹਨ। ਕਾਲੂ ਅਤੇ ਕਾਂ ਕੌਣ ਹਨ ? ਪਾਠਕ ਇਸ ਚੱਕਰ ਵਿੱਚ ਪਏ ਬਿਨਾਂ ਇਸ ਰਚਨਾ ਨੂੰ ਮਾਨਣ ਦੀ ਕੋਸ਼ਿਸ਼ ਕਰੇ। ਦਰਅਸਲ ਇਹ ਦੋਵੇਂ ਹੀ ਕਲਪਿਤ ਪਾਤਰ ਹਨ, ਜੋ ਤੁਹਾਨੂੰ ਆਪਣੇ ਆਸ-ਪਾਸ ਲੱਗ ਵੀ ਸਕਦੇ ਹਨ ਤੇ ਨਹੀਂ ਵੀ। ਨਾਵਲ ਦਾ ਆਰੰਭ ਨਾਵਲਕਾਰ ਕਾਲੂ ਤੇ ਕੁੱਤੇ ਦੀ ਮੁਲਾਕਾਤ ਤੋਂ ਕਰਾਉਣ ਦਾ ਹੈ। ਪਾਠਕਾਂ ਨੂੰ ਇੱਕ ਕੁੱਤੇ ਤੇ ਕਾਂ ਦਾ ਇਨਸਾਨਾਂ ਵਾਂਗ ਬੋਲਣਾ ਵਚਿੱਤਰ ਜਿਹਾ ਵੀ ਲੱਗਦਾ ਹੈ ਪਰ ਇਹਨਾਂ ਦੋਹਾਂ ਰਾਹੀਂ ਨਾਵਲ ਦੇ ਸ਼ੁਰੂ ਵਿੱਚ ਮਾਲਵੇ ਦਾ ਪਾਣੀ ਪ੍ਰਦੂਸ਼ਣ, ਨੌਜਵਾਨਾਂ ਅੰਦਰ ਬਾਹਰ ਜਾਣ ਦੀ ਲਾਲਸਾ, ਖੇਤਾਂ ਵਿੱਚ ਜ਼ਹਿਰੀਲਾ ਪਾਣੀ, ਕੀਟਨਾਸ਼ਕਾਂ ਦੁਆਰਾ ਫਸਲਾਂ ਦਾ ਨੁਕਸਾਨ, ਪੂੰਜੀਵਾਦ ਦੀ ਚਾਲ, ਕਾਲੀਆਂ ਕਮਾਈਆਂ ਤੇ ਪਾਬੰਦੀਆਂ ਵਰਗੀਆਂ ਉਹਨਾਂ ਗੱਲਾਂ ਦਾ ਜ਼ਿਕਰ ਮਿਲਦਾ ਹੈ, ਜੋ ਸਾਡੇ ਆਲੇ-ਦੁਆਲੇ ਵਾਪਰਦੀਆਂ ਹਨ।

ਨਾਵਲ ਤੇ ਅਗਲੇ ਹਿੱਸਿਆਂ ਵਿੱਚ ਵੀ ਨਾਵਲਕਾਰ ਉਹਨਾਂ ਗੱਲਾਂ ਵੱਲ ਇਸ਼ਾਰਾ ਕਰਦਾ ਹੈ ਜਿਸ ਵੱਲ ਸਰਕਾਰਾਂ ਦਾ ਧਿਆਨ ਦਿਵਾਉਣਾ ਬੇਹੱਦ ਜ਼ਰੂਰੀ ਹੈ। ਸਰਕਾਰਾਂ ਨੂੰ ਪਤਾ ਵੀ ਹੈ, ਪਰ ਫਿਰ ਵੀ ਕੁਝ ਨਹੀਂ ਕੀਤਾ ਜਾ ਰਿਹਾ। ਮਾਤ-ਭਾਸ਼ਾ ਦਾ ਖਾਤਮਾ ਕਰਨ ਦੀ ਤਿਆਰੀ, ਨਵੀਂ ਪੀੜ੍ਹੀ ਦਾ ਵਟਸਐਪ ਤੇ ਫੇਸਬੁੱਕ ਵਿੱਚ ਮਸਤ ਹੋਣਾ, ਮਾਤ-ਭਾਸ਼ਾ ਦੀ ਬਿਹਤਰੀ ਲਈ ਕਈ-ਕਈ ਮੀਟਿੰਗਾਂ ਤੇ ਕਾਨਫਰੰਸਾਂ ਕਰਵਾਉਣੀਆਂ, ਪਰ ਇਸ ਬਾਰੇ ਦਿੱਤੇ ਗਏ ਲੈਕਚਰ ਸਿਰਫ਼ ਲੈਕਚਰ ਹੀ ਰਹਿ ਜਾਣੇ। ਕੋਈ ਹੱਲ ਨਹੀਂ ਦੱਸਦਾ। ਦੁਨੀਆ ਵਿੱਚ ਵਿਚਰ ਰਹੇ ਬੁੱਧੀਜੀਵੀਆਂ 'ਤੇ ਵੀ ਨਾਵਲਕਾਰ ਵਿਅੰਗ ਕਰਦਾ ਹੈ ਤੇ ਇਹਨਾਂ ਵਿਦਵਾਨਾਂ ਨੂੰ ਜਾਨਵਰਾਂ ਦੇ ਨਾਲ ਮੇਲਦਾ ਨਜ਼ਰ ਆਉਂਦਾ ਹੈ। ਕਾਂ ਇਕ ਐਸਾ ਪਾਤਰ ਹੈ, ਜੋ ਕਦੇ ਮੀਡੀਆ ਵਰਗਾ ਤੇ ਕਦੇ ਵੱਡੇ-ਵੱਡੇ ਰਾਜਨੀਤਕ ਨੇਤਾਵਾਂ ਵਰਗਾ ਜਾਪਦਾ ਤੇ ਕਈਆਂ ਦੇ ਪਰਦੇ ਫਾਸ਼ ਕਰਦਾ ਹੈ। ਮਾਤ-ਭਾਸ਼ਾ ਦੀ ਦੁਹਾਈ ਦੇਣ ਵਾਲੇ ਵਿਦਵਾਨਾਂ ਦੀ ਵੀ ਅਸਲੀਅਤ ਸਾਹਮਣੇ ਲਿਆਉਂਦਾ ਹੈ। ਕਾਂ ਬੜਬੋਲਾ ਜ਼ਰੂਰ ਹੈ ਤੇ ਕੁੱਤਾ ਪੜ੍ਹਿਆ-ਲਿਖਿਆ ਤੇ ਹਰ ਗੱਲ ਸੋਚ-ਵਿਚਾਰ ਕੇ ਕਰਨ ਵਾਲਾ ਹੈ। ਕਾਂ ਕਾਲੂ ਕੁੱਤੇ ਨੂੰ ਆਪਣਾ ਥਿੰਕ ਟੈਂਕ ਕਹਿੰਦਾ ਹੈ। ਕਾਲੂ ਕੁੱਤੇ ਤੇ ਕਾਂ ਦੋਹਾਂ ਦੀਆਂ ਗੱਲਾਂਬਾਤਾਂ ਤੋਂ ਨਾਵਲਕਾਰ ਇਹ ਵੀ ਦੱਸਦਾ ਹੈ ਕਿ ਨਵੀਂ ਪੀੜ੍ਹੀ ਬਦਲਾਵ ਲਿਆਉਣ ਲਈ ਤਿਆਰ ਬੈਠੀ ਹੈ, ਉਹ ਕਿਸੇ ਵੀ ਕੀਮਤ 'ਤੇ ਬਦਲਾਵ ਚਾਹੁੰਦੀ ਹੈ। 'ਚਵਲ ਮਾਰ' ਚੈਨਲ ਦਾ ਸੋ ਕਾਲਡ ਪੱਤਰਕਾਰ ਹੈ। ਕਾਂ ਜਿਸ ਦਾ ਕੋਈ ਸਟੈਂਡ ਨਹੀਂ, ਭਾਵ ਮੀਡੀਆ ਦਾ ਵੀ ਕੋਈ ਸਟੈਂਡ ਨਹੀਂ ਹੈ, ਜੋ ਅੱਜ ਕਿਸੇ ਨੂੰ ਚੰਗਾ ਕਹਿ ਰਿਹਾ ਹੈ ਤੇ ਕੱਲ੍ਹ ਨੂੰ ਮਾੜਾ ਵੀ ਕਹਿ ਸਕਦਾ ਹੈ ।ਸਮਾਜ ਮੀਡੀਆ 'ਤੇ ਅੰਨ੍ਹਾ ਵਿਸ਼ਵਾਸ ਕਰਦਾ ਹੈ। ਮੀਡੀਆ ਉਹੀ ਖਬਰਾਂ ਦਿੰਦਾ ਹੈ, ਜੋ ਸਿਰਫ਼ ਜਨਤਾ ਨੂੰ ਸਵਾਦ ਦਿੰਦੀਆਂ ਹਨ ਤੇ ਜਨਤਾ ਸਵਾਦ ਚਾਹੁੰਦੀ ਹੈ। ਮੀਡੀਆ ਜੇ ਬਹਿਸਾਂ ਵੀ ਕਰਾਉਂਦਾ ਹੈ ਤਾਂ ਸਿਰਫ਼ ਤੇ ਸਿਰਫ਼ ਆਪਣੀ ਟੀ ਆਰ ਪੀ ਵਧਾਉਣ ਦੇ ਲਾਲਚ ਵਿੱਚ।




ਦਵਿੰਦਰ ਗਿੱਲ ਨੇ 2017 ਵਿੱਚ ਚੱਲੀ ਮੀ ਟੂ ਮੂਵਮੈਂਟ ਦਾ ਵੀ ਜ਼ਿਕਰ ਕੀਤਾ ਹੈ। 'ਚਵਲ ਮਾਰ' ਵਰਗੇ ਚੈਨਲਾਂ ਨੂੰ ਸਟੋਰੀਆਂ ਚਾਹੀਦੀਆਂ ਹਨ, ਇਸ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਹ ਕਿਸੇ ਨੂੰ ਬਿਨਾਂ ਪਾਸਪੋਰਟ 'ਤੇ ਕਿਤੇ ਵੀ ਭੇਜ ਸਕਦੇ ਹਨ। ਜਿਵੇਂ ਕਾਂ ਤੇ ਕਾਲੂ ਨੂੰ ਕੈਨੇਡਾ, ਚੀਨ, ਅਮਰੀਕਾ ਤੇ ਪਾਕਿਸਤਾਨ ਵਰਗੇ ਮੁਲਕਾਂ ਵਿੱਚ ਭੇਜਿਆ ਗਿਆ, ਉਹ ਵੀ ਬਿਨਾਂ ਵੀਜ਼ੇ ਤੋਂ। ਕਾਲੂ ਤੇ ਕਾਂ ਨੂੰ ਚੀਨ ਵਿੱਚ ਜਾ ਕੇ ਚੀਨ ਵਰਗੇ ਮੁਲਕ ਦੀ ਅਸਲੀਅਤ ਪਤਾ ਲੱਗਦੀ ਹੈ। ਨਾਵਲਕਾਰ ਨਾਵਲ ਰਾਹੀਂ ਚੀਨ ਦੀ ਤਸਵੀਰ ਸਭ ਦੇ ਸਾਹਮਣੇ ਰੱਖਦਾ, ਵਿਆਹ ਤੇ ਸਰਕਾਰਾਂ ਵੱਲੋਂ ਨਿਰਧਾਰਤ ਗਿਣਤੀ ਅਨੁਸਾਰ ਹੀ ਮਹਿਮਾਨ ਬੁਲਾਏ ਜਾ ਸਕਦੇ ਹਨ। ਖਾਣਾ ਖਰਾਬ ਕਰਨ 'ਤੇ ਜੁਰਮਾਨੇ ਲੱਗਦੇ ਹਨ। ਲੋਕਾਂ ਨੂੰ ਤਨਖਾਹਾਂ ਵੀ ਇੰਨੀਆਂ ਕੁ ਦਿੱਤੀਆਂ ਜਾਂਦੀਆਂ ਹਨ ਕਿ ਬਸ ਗੁਜ਼ਾਰਾ ਹੀ ਹੋ ਸਕੇ। ਨਾ ਕੋਈ ਪਸੰਦ ਦੀ ਜੁੱਤੀ ਖਰੀਦ ਸਕਦਾ ਹੈ, ਨਾ ਕਾਰ। ਘਰ ਖਰੀਦਣ ਲਈ ਤਾਂ ਸੌ ਥਾਵਾਂ 'ਤੇ ਮਨਜ਼ੂਰੀ ਲੈਣੀ ਪੈਂਦੀ ਹੈ । ਇੰਸਪੈਕਟਰੀ ਰਾਜ ਕਾਰਨ ਹਰ ਥਾਂ ਰਿਸ਼ਵਤ ਦਾ ਬੋਲਬਾਲਾ ਸੀ। ਸਰਕਾਰ ਆਮ ਲੋਕਾਂ ਤੋਂ ਗਧਿਆਂ ਵਾਂਗੂ ਕੰਮ ਕਰਾਉਂਦੀ ਸੀ। ਸੁਪਰ ਪਾਵਰ ਬਣਨ ਦੇ ਝੱਲ ਵਿੱਚ ਸਰਕਾਰ ਨੇ ਆਪਣੇ ਹੀ ਲੋਕਾਂ ਦਾ ਕਚੂੰਮਰ ਕੱਢਿਆ ਹੋਇਆ ਹੈ। ਚੀਨ ਵਿੱਚ ਕਾਂ ਤੇ ਕਾਲੂ ਗਧਿਆਂ ਬਾਰੇ ਜਾਣਕਾਰੀ ਲੈ ਕੇ ਵਾਪਸ ਆ ਗਏ। 'ਚਵਲ ਮਾਰ' ਟੀਵੀ ਦੇ ਸੋ ਕਾਲਡ ਪੱਤਰਕਾਰ ਕਾਂ ਤੇ ਕਾਲੂ ਦੀ ਟੀ ਵੀ ਰਿਪੋਰਟ ਨੇ ਕਾਂ ਨੂੰ ਹੀਰੋ ਬਣਾ ਦਿੱਤਾ। ਕਾਂ ਤੇ ਕਾਲੂ ਪਾਤਰ ਰਾਹੀਂ ਕਿਸਾਨੀ ਸੰਕਟ, ਸਕੂਲ ਦੇ ਬੱਚਿਆਂ 'ਤੇ ਪੜ੍ਹਾਈ ਦਾ ਬੋਝ, ਜ਼ਮੀਨ ਵੇਚ ਕੇ ਜੱਟਾਂ ਦੇ ਮੁੰਡਿਆਂ ਨੂੰ ਬਾਹਰ ਭੇਜਣਾ, ਏਜੰਟਾਂ ਦੀਆਂ ਠੱਗੀਆਂ, ਬਾਹਰ ਜਾਣ ਲਈ ਕੰਟਰੈਕਟ ਮੈਰਿਜ ਵਰਗੀਆਂ ਸਮਾਜਿਕ ਕੁਰੀਤੀਆਂ ਦੀ ਜੋ ਅਸਲੀਅਤ ਹੈ, ਉਸ ਨੂੰ ਵੀ ਬਿਆਨ ਕੀਤਾ ਹੈ। ਕਾਂ ਤੇ ਕਾਲੂ ਦਾ ਕੈਨੇਡਾ ਜਾਣਾ, ਕੈਨੇਡਾ ਜਾ ਕੇ ਬੱਚਿਆਂ ਦੀ ਹਾਲਤ ਵੇਖਣੀ, ਪੰਜਾਬ ਦੇ ਬੁੱਧੀਜੀਵੀਆਂ ਜੋ ਮਾਂ ਬੋਲੀ ਨੂੰ ਬਚਾਉਣ ਦੀਆਂ ਗੱਲਾਂ ਕਰਦੇ ਹਨ, ਉਹਨਾਂ ਦੇ ਹੀ ਬੱਚਿਆਂ ਨੂੰ ਬਦੇਸ਼ਾਂ ਵਿੱਚ ਵੇਖ ਕੇ ਕਾਲੂ ਮਨ ਹੀ ਮਨ ਮੋਟੀਆਂ-ਮੋਟੀਆਂ ਗਾਲਾਂ ਕੱਢਦਾ ਹੈ।ਨਾਵਲ ਰਚਨਾ ਇਕ ਸੁਨੇਹਾ ਵੀ ਦਿੰਦੀ ਹੈ ਕਿ ਮੁਲਕ ਉਹੀ ਸੋਹਣਾ, ਜਿਹੜਾ ਤੁਹਾਨੂੰ ਰੋਟੀ ਤੇ ਇੱਜ਼ਤ ਦੇਵੇ। ਨਵੀਂ ਪੀੜ੍ਹੀ ਤੇ ਪੁਰਾਣੀ ਪੀੜ੍ਹੀ ਦੇ ਦਰਦ ਨੂੰ ਵੀ ਬਿਆਨਿਆ ਹੈ।ਨਵੀਂ ਪੀੜ੍ਹੀ ਪਿੱਛੇ ਜਾਣਾ ਨਹੀਂ ਚਾਹੁੰਦੇ, ਪਰ ਪੁਰਾਣੀ ਪੀੜ੍ਹੀ ਨੂੰ ਪਿੱਛੇ ਦਾ ਮੋਹ ਨਹੀਂ ਛੱਡਦਾ। ਕੈਨੇਡਾ ਵਰਗੇ ਮੁਲਕ ਵਿੱਚ ਜਾ ਕੇ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਹੀ ਨਹੀਂ, ਬਲਕਿ ਕੈਨੇਡਾ ਵਿੱਚ ਇਲੈਕਸ਼ਨ ਦੀ ਅਸਲੀਅਤ ਕੀ ਹੈ। ਵਿਰੋਧੀ ਧਿਰ ਕਿਸੇ ਨੂੰ ਬਦਨਾਮ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ ।ਅਖੀਰਲੇ ਹਿੱਸੇ ਵਿੱਚ ਮੀਡੀਆ ਦਾ ਪਰਦਾਫਾਸ਼ ਕੀਤਾ ਹੈ। ਮੀਡੀਆ ਮਸਾਲਾ ਲਾ ਕੇ ਉਹ ਦਿਖਾਉਂਦਾ ਹੈ, ਜਿਸ ਨਾਲ ਜਨਤਾ ਨੂੰ ਸਵਾਦ ਆਵੇ। ਟੀ ਆਰ ਪੀ ਵਧਾਉਣ ਦੇ ਲਾਲਚ ਵਿੱਚ ਸ਼ੈਲੀ ਵਰਗੀ ਐਂਕਰਾਂ ਦੇ ਪੈਕਜ ਵਿੱਚ ਵੀ ਵਾਧੇ ਕੀਤੇ ਗਏ। ਜਦੋਂ ਮੀਡੀਆ ਵੱਲੋਂ ਅੰਦਾਜ਼ੇ ਦੇ ਨਾਲ ਜਦੋਂ ਕਿਸੇ ਵੀ ਖਬਰ ਨੂੰ ਪ੍ਰਸ਼ਨ ਚਿੰਨ੍ਹ ਲਾ ਕੇ ਦਿਖਾ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਹੀ ਸੱਚਾ ਸਮਝ ਕੇ ਏਸ਼ੀਆ ਤੇ ਯੂਰਪ ਵਿੱਚ ਤਰਥੱਲੀ ਮਚ ਜਾਂਦੀ ਹੈ ।ਦੁਨੀਆ ਮੂਰਖ ਹੈ, ਜੋ ਮੀਡੀਆ ਦੁਆਰਾ ਪਰੋਸੇ ਝੂਠ ਤੇ ਰਿਐਕਟ ਕਰਦੀ ਹੈ। ਵੱਡੀਆਂ ਅਖਬਾਰਾਂ ਤੇ ਟੀ ਵੀ ਫੰਡਿੰਗ ਤੋਂ ਬਿਨਾਂ ਚੱਲ ਨਹੀਂ ਸਕਦੇ। ਨਿਰਪੱਖ ਮੀਡੀਆ ਅਖਵਾਉਣ ਵਾਲੇ ਅਸਲ ਵਿੱਚ ਨਿਰਪੱਖ ਨਹੀਂ ਹੁੰਦੇ, ਸਿਰਫ਼ ਤੇ ਸਿਰਫ਼ ਦਿਖਾਵਾ ਹੀ ਹੁੰਦਾ ਹੈ। ਅਮਰੀਕਾ ਵਿੱਚ ਨਿਰਪੱਖ ਤੇ ਮਸ਼ਹੂਰ ਮੰਨੇ ਜਾਂਦੇ ਮੀਡੀਆ ਅਦਾਰੇ ਡੀ ਡੀ ਸੀ ਦੀ ਪੱਤਰਕਾਰ ਮਾਰੀਆ ਤੇ ਕਾਂ ਦੀ ਮੀਟਿੰਗ ਵਿੱਚ ਕਾਂ ਨੇ ਮੀਡੀਆ ਨੂੰ ਨਿਰੁੱਤਰ ਕਰ ਦਿੱਤਾ। ਕਾਂ ਨੇ ਆਪਣੀ ਚਲਾਕੀ ਨਾਲ ਮੀਡੀਆ ਅਦਾਰਿਆਂ ਦੀ ਨਿਰਪੱਖਤਾ ਨੂੰ ਢਹਿ-ਢੇਰੀ ਕਰ ਦਿੱਤਾ। ਨਾਵਲਕਾਰ ਆਪਣੀ ਰਚਨਾ ਰਾਹੀਂ ਸਮਾਜ ਵਿੱਚ ਤਬਦੀਲੀ ਚਾਹੁੰਦਾ ਹੈ।ਨਾਵਲ ਅਸਲੀਅਤ ਤੋਂ ਪਰਦਾ ਹਟਾਉਂਦਾ ਹੈ ਕਿ ਵੱਡੇ-ਵੱਡੇ ਪ੍ਰੋਡਕਟ ਲਾਂਚ ਕਰਨ ਤੋਂ ਪਹਿਲਾਂ ਸਰਕਾਰਾਂ ਕਿਸ ਤਰ੍ਹਾਂ ਜ਼ਮੀਨ ਤਿਆਰ ਕਰਦੀਆਂ ਹਨ। ਅਮਰੀਕਾ ਨੇ ਜਿਹੜੀ ਰਾਸ਼ੀ ਪਾਕਿਸਤਾਨ ਦੇ ਖੋਤਿਆਂ 'ਤੇ ਲਾਉਣੀ ਸੀ। ਕਾਂ ਤੇ ਕਾਲੂ ਦੀ ਚਲਾਕੀ ਨੇ ਓਨੀ ਹੀ ਰਾਸ਼ੀ ਭਾਰਤ ਦੇ ਖੋਤਿਆਂ 'ਤੇ ਵੀ ਲਾਉਣ ਲਈ ਮਨਾ ਲਿਆ।

ਨਾਵਲ ਵਿਚਲੇ ਵਿਅੰਗ ਰਾਹੀਂ ਗਿੱਲ ਨੇ ਕੋਈ ਵੀ ਐਸੀ ਸਮੱਸਿਆ ਨਹੀਂ ਹੈ, ਜਿਸ ਦੀ ਗੱਲ ਇਸ ਨਾਵਲ ਵਿੱਚ ਨਾ ਕੀਤੀ ਹੋਵੇ।ਉਹ ਇਨਸਾਨਾਂ ਦੀ ਥਾਂ ਜਾਨਵਰ ਪਾਤਰਾਂ ਰਾਹੀਂ ਕਈ ਕੁਝ ਕਹਿ ਜਾਂਦਾ ਹੈ ਤੇ ਇਸ਼ਾਰਾ ਕਈ ਪਾਸੇ ਕਰ ਜਾਂਦਾ ਹੈ, ਕਿਉਂਕਿ ਅਸੀਂ ਆਪਣੇ ਆਲੇ-ਦੁਆਲੇ ਅਜਿਹੇ ਪਾਤਰ ਤੁਰੇ-ਫਿਰਦੇ ਦੇਖਦੇ ਹੀ ਰਹਿੰਦੇ ਹਾਂ। ਗਿੱਲ ਕਹਾਣੀ ਦਾ ਕਥਾਨਕ ਇਸ ਪ੍ਰਕਾਰ ਬੁਣਦਾ ਹੈ ਕਿ ਉਤਸੁਕਤਾ ਬਣੀ ਰਹਿੰਦੀ ਹੈ। ਕੜੀ ਨਾਲ ਕੜੀ ਜੁੜਦੀ ਜਾਂਦੀ ਹੈ ਤੇ ਕਹਾਣੀ ਅੱਗੇ ਵਧਦੀ ਹੈ । ਕਈ ਵਾਰ ਜੰਗਲ ਵੀ ਆਪਣਾ ਮੁਲਖ ਹੀ ਲੱਗਦਾ ਹੈ ਤੇ ਤੁਰੇ ਫਿਰਦੇ ਵਿਦਵਾਨ, ਲੇਖਕ, ਅਧਿਆਪਕ ਵੀ ਇਸ ਵਿਚਲੇ ਜਾਨਵਰਾਂ ਵਰਗੇ ਹੀ ਲਗਦੇ ਹਨ। ਨਾਵਲ ਰਾਹੀਂ ਗਿੱਲ ਦੁਨੀਆ ਰੂਪੀ ਜੰਗਲ ਵਿੱਚ ਬਦਲਾਵ ਦਾ ਹੋਕਾ ਦਿੰਦਾ ਹੈ, ਜੋ ਇਕਦਮ ਨਹੀਂ ਆਉਣਾ, ਨਵੀਂ ਪੀੜ੍ਹੀ ਚਾਹੁੰਦੀ ਹੈ, ਪਰ ਜੇ ਹੰਭਲਾ ਮਾਰਿਆ ਜਾਵੇ ਤਾਂ ਬਹੁਤ ਕੁਝ ਹੋ ਸਕਦਾ ਹੈ। ਜਿਵੇਂ 'ਐਲਿਸ ਇਨ ਵੰਡਰਲੈਂਡ' ਬਹੁਤ ਪਸੰਦ ਕੀਤਾ ਗਿਆ ।ਆਸ ਹੈ ਇਸ ਨਾਵਲ ਨੂੰ ਵੀ ਪਾਠਕ ਬਹੁਤ ਪਸੰਦ ਕਰਨਗੇ, ਕਿਉਂਕਿ ਦਵਿੰਦਰ ਗਿੱਲ ਦੀ ਖਾਸੀਅਤ ਹੈ ਕਿ ਉਹ ਆਉਣ ਵਾਲੀ ਸਮੱਸਿਆ ਇਸ ਕਦਰ ਬਿਆਨ ਕਰਦਾ ਹੈ ਕਿ ਪਾਠਕਾਂ ਨੂੰ ਸੋਚਣ ਲਾ ਦਿੰਦਾ ਹੈ। ਜੋ ਪਾਠਕਾਂ ਦੀ ਸੋਚ ਨੂੰ ਹਲੂਣ ਦੇਵੇ, ਉਹ ਰਚਨਾ ਵਧੀਆ ਹੈ।ਸੋ ਦਵਿੰਦਰ ਗਿੱਲ ਦੇ ਇਸ ਦੂਜੇ ਨਾਵਲ ਨੂੰ ਸਾਹਿਤ ਜਗਤ ਵਿੱਚ ਜੀ ਆਇਆਂ।

**ਮੋਬਾ. 98555-95818**

# ਅਨੁਵਾਦ ਸਾਹਿਤ

## ਹੀਰੋਸ਼ੀਮਾਂ

**ਮੂਲ : ਜੌਹਨ ਹਰਸੇ**
**ਅਨੁਵਾਦ : ਡਾ. ਮਨਿੰਦਰ**
**ਮੁੱਲ : 150, ਪੰਨੇ : 88**
**ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ**

ਹੱਥਲੀ ਪੁਸਤਕ ਵਿੱਚ ਅਮਰੀਕੀ ਪੱਤਰਕਾਰ ਜੌਹਨ ਹਰਸੇ ਦੇ ਲੰਮੇ ਲੇਖ ਨੂੰ ਪੁਸਤਕ ਦੀ ਸ਼ਕਲ ਵਿੱਚ ਪੇਸ਼ ਕੀਤਾ ਗਿਆ ਹੈ। ਦੂਜੇ ਵਿਸ਼ਵ ਯੁੱਧ ਵਿੱਚ ਅਮਰੀਕਾ ਵੱਲੋਂ ਜਪਾਨ ਦੇ ਸ਼ਹਿਰ ਹੀਰੋਸ਼ੀਮਾਂ ਵਿੱਚ ਸੁੱਟੇ ਗਏ ਐਟਮ ਬੰਬਾਂ ਤੋਂ ਉਪਰੰਤ ਕਿਵੇਂ ਮਨੁੱਖਤਾ ਦਾ ਘਾਣ ਹੋਇਆ, ਕਿਤਾਬ ਦਾ ਬਿਰਤਾਂਤ ਉਸ ਨੂੰ ਬੜੀ ਸੰਵੇਦਨਸ਼ੀਲ ਤਰੀਕੇ ਨਾਲ ਬਿਆਨ ਕਰਦਾ ਹੈ। ਲੇਖਕ ਨੇ ਬਿਰਤਾਂਤ ਵਿੱਚ ਸੰਵੇਦਨਾ ਭਰਨ ਲਈ ਕਾਲਪਨਿਕ ਪਾਤਰਾਂ ਨੂੰ ਘੜਿਆ ਤੇ ਹੀਰੋਸ਼ੀਮਾਂ ਵਿੱਚ ਜੋ ਤਬਾਹੀ ਹੋਈ ਉਸ ਨੂੰ ਐਨੀ ਬਰੀਕੀ ਨਾਲ ਬਿਆਨ ਕੀਤਾ ਕਿ ਪੜ੍ਹਦਿਆਂ ਪਾਠਕ ਦੇ ਲੂੰ-ਕੰਡੇ ਖੜੇ ਹੋ ਜਾਂਦੇ ਨੇ। ਇਹ ਯੁੱਧ ਜੋ 6 ਸਾਲ ਚਲਦਾ ਹੈ ਤੇ ਅਮਰੀਕਾ ਐਟਮ ਬੰਬ ਸੁੱਟ ਕੇ ਲੱਖਾਂ ਲੋਕਾਂ ਦਾ ਘਾਣ ਕਰਕੇ ਆਪਣੇ ਆਪ ਨੂੰ ਜੇਤੂ ਬਣਾ ਲੈਂਦਾ ਹੈ। ਜੌਹਨ ਦੀ ਇਹ ਲਿਖਤ ਯਥਾਰਥਵਾਦੀ ਗਲਪ ਦਾ ਭੁਲੇਖਾ ਪਾਉਂਦੀ ਹੈ। ਜਿਸ ਨੂੰ ਉਸ ਨੇ ਸੱਚੀਆਂ ਘਟਨਾਵਾਂ ਤੇ ਮਰ ਰਹੇ ਮਨੁੱਖਾਂ ਦੇ ਦ੍ਰਿਸ਼ ਪੇਸ਼ ਕਰਕੇ ਪਾਠਕਾਂ ਦੇ ਮਨਾਂ ਵਿੱਚ ਯੁੱਧ ਤੇ ਅਮਰੀਕਾ ਪ੍ਰਤੀ ਨਫ਼ਰਤ ਪੈਦਾ ਕੀਤੀ ਹੈ। ਜੌਹਨ ਇਸ ਲਿਖਤ ਨੂੰ ਚਾਰ ਸਿਰਲੇਖਾਂ, ਮੂਕ ਚਾਨਣ, ਅੱਗ ਦੀਆਂ ਲਾਟਾਂ, ਜਾਂਚ ਪੜਤਾਲ ਦਾ ਵਿਸਤਾਰ ਤੇ ਬੰਬ ਦੇ ਪ੍ਰਭਾਵ ਆਦਿ ਵਿੱਚ ਵੰਡਦਾ ਹੈ। ਹਰ ਕਾਂਡ ਵਿੱਚ ਉਹੀ ਪਾਤਰ ਕਾਰਜ ਕਰਦੇ ਹਨ। 'ਮੂਕ ਚਾਨਣ' ਵਿੱਚ ਉਹ ਉਨ੍ਹਾਂ ਪਲਾਂ ਨੂੰ ਫੜਦਾ ਹੈ ਜਦੋਂ ਐਟਮ ਬੰਬ ਡਿੱਗਦਾ ਹੈ ਤਾਂ ਲੋਕ ਕਿਵੇਂ ਆਪਣੇ ਕੰਮ ਧੰਦਿਆਂ ਵਿੱਚ ਰੁਝੇ ਹੋਏ ਸਨ। ਉਨ੍ਹਾਂ ਨੂੰ ਪਹਿਲੀ ਨਜ਼ਰ ਵਿੱਚ ਜੋ ਦਿਸਦਾ ਹੈ,ਉਹ ਅੱਖਾਂ ਨੂੰ ਚੁੰਧਿਆ ਦੇਣ ਵਾਲਾ ਚਾਨਣ ਦਿਸਦਾ ਹੈ। ਇਸ ਲਿਖਤ ਵਿੱਚ ਤਾਨੀਮੋਟੋ ਹੈ ਜੋ ਪਾਦਰੀ ਦੇ ਘਰ ਰਹਿੰਦਾ ਹੈ, ਦੂਜਾ ਪਾਤਰ ਦਰਜੀ ਦੀ ਵਿਧਵਾ ਹਤਸੂਈਓ ਨਾਕਾਮੂਰਾ ਹੈ, ਤੀਜਾ ਪਾਤਰ ਇਕ ਨਿੱਜੀ ਹਸਪਤਾਲ ਚਲਾਉਣ ਵਾਲਾ ਡਾਕਟਰ ਮਾਸਾਕੂਜੂ ਫੂਜੀ ਹੈ, ਚੌਥਾ ਪਾਤਰ ਯਿਸ਼ੂ ਸੋਸਾਇਟੀ ਦਾ ਫਾਦਰ ਵਿਲਹੈਮ ਕਲੀਨਸੋਰਜ ਹੈ, ਚੌਥਾ ਰੈੱਡ ਕਰਾਸ ਹਸਪਤਾਲ ਦਾ ਡਾਕਟਰ ਤੇਰੂਫੂਮੀ ਹੈ, ਪੰਜਵਾਂ ਈਸਟ ਏਸ਼ੀਆ ਟਿਨ ਵਰਕਸ ਦੀ ਕਲਰਕ ਮਿਸ ਤੋਸ਼ੀਕੋ ਸਸਾਕੀ ਹੈ।




ਜਦੋਂ ਹੀਰੋਸ਼ੀਮਾਂ ਤੇ ਬੰਬ ਡਿੱਗਦਾ ਹੈ ਉਦੋਂ ਇਹ ਪਾਤਰ ਕਿਵੇਂ ਮਹਿਸੂਸ ਕਰਦੇ ਨੇ। ਉਸ ਵੇਲੇ ਜੰਗ ਤਾਂ ਲੱਗੀ ਹੋਈ ਸੀ ਤਾਨੀਮੋਟੋ ਆਪਣਾ ਸਮਾਨ ਸਾਂਭ ਰਿਹਾ ਸੀ। ਉਸ ਨੂੰ ਅਸਮਾਨ ਵਿੱਚ ਤੇਜ ਰੌਸ਼ਨੀ ਦਿਖਾਈ ਦਿੰਦੀ ਹੈ, ਜਿਹੜੀ ਸੂਰਜ ਦੀ ਚਾਦਰ ਵਾਂਗ ਦਿਸਦੀ ਹੈ। ਉਹ ਵੇਖ ਕੇ ਕੰਬ ਜਾਂਦਾ ਹੈ। ਪਲਾ ਵਿੱਚ ਲੱਕੜ ਤੇ ਟਾਈਲਾਂ ਦੇ ਟੁਕੜੇ ਉਸ ਉੱਤੇ ਡਿੱਗਣੇ ਸ਼ੁਰੂ ਹੋ ਜਾਂਦੇ ਨੇ। ਉਸ ਨੂੰ ਚੀਰਵੇਂ ਧਮਾਕੇ ਸੁਣਦੇ ਹਨ। ਮਿੱਟੀ ਘੱਟੇ ਦੇ ਬੱਦਲ ਛਾ ਜਾਂਦੇ ਨੇ। ਅਮੀਰ ਡਾਕਟਰ ਨਾਕਾਮੂਰਾ ਨੂੰ ਵੀ ਬੰਬ ਡਿੱਗਣ ਕਾਰਨ ਤੇਜ ਚਮਕਦਾਰ ਰੌਸ਼ਨੀ ਦਿਖਾਈ ਦਿੰਦੀ ਹੈ ਤਾਂ ਉਹ ਤ੍ਰਬਕ ਕੇ ਉੱਠਦਾ ਹੈ। ਉਦੋਂ ਹੀ ਉਹਨੂੰ ਲੱਗਦਾ ਹੈ ਕਿ ਹਸਪਤਾਲ ਪਿੱਛੇ ਨੂੰ ਝੁਕ ਰਿਹਾ ਹੈ। ਪਲਾ ਵਿੱਚ ਹੀ ਡਰਾਉਣੀ ਆਵਾਜ਼ ਨਾਲ ਦਰਿਆ ਵਿੱਚ ਡਿੱਗ ਜਾਂਦਾ ਹੈ। ਇਕ ਲੱਕੜ ਵੀ ਉਹਦੇ ਉੱਤੇ ਡਿੱਗ ਜਾਂਦੀ ਹੈ ਤੇ ਹਸਪਤਾਲ ਮਲਬੇ ਵਿੱਚ ਬਦਲ ਜਾਂਦਾ ਹੈ। ਇਸੇ ਤਰ੍ਹਾਂ ਫਾਦਰ ਵਿਲਹੈਮ ਦਾ ਸਕਿੰਟਾਂ ਵਿੱਚ ਦਿਮਾਗ ਸੁੰਨ ਹੋ ਜਾਂਦਾ ਹੈ। ਜਦੋਂ ਬੰਬ ਡਿੱਗਦਾ ਹੈ ਤਾਂ ਰੈਡ ਕਰਾਸ ਵਾਲੀ ਪੰਜਵੀਂ ਪਾਤਰ ਤੇਰੂਫੂਮੀ ਹਸਪਤਾਲ ਵਿੱਚ ਸੀ ਉਹਦੀਆਂ ਐਨਕਾਂ ਦੂਰ ਜਾ ਡਿੱਗਦੀਆਂ ਹਨ। ਖ਼ੂਨ ਵਾਸੀ ਸ਼ੀਸ਼ੀ ਉੱਛਲ ਕੇ ਕੰਧ ਵਿੱਚ ਵੱਜਦੀ ਹੈ, ਉਹ ਖੌਫਨਾਕ ਮਾਹੌਲ ਵੇਖਦੀ ਹੈ। ਤੋਸ਼ੀਕੋ ਘਰ ਦੀ ਛੱਤ ਹੇਠਾਂ ਆ ਜਾਂਦੀ ਹੈ। ਛੱਤ ਦਾ ਫਰਸ਼ ਟੁੱਕੜੇ ਟੁੱਕੜੇ ਹੋ ਜਾਂਦਾ ਹੈ। ਕਿਤਾਬਾਂ ਦੀ ਅਲਮਾਰੀ ਉਹਦੇ ਉੱਤੇ ਡਿੱਗ ਪੈਂਦੀ ਹੈ। 'ਅਗ ਦੀਆਂ ਲਾਟਾਂ' ਚੈਪਟਰ ਵਿੱਚ ਬੰਬ ਡਿੱਗਣ ਤੋਂ ਉਪਰੰਤ ਇਹ ਪਾਤਰਾਂ ਆਪਣੀ ਭੱਜ ਨੱਠ ਤੇ ਜ਼ਖ਼ਮੀਆਂ ਦੀ ਚੀਕਾਂ, ਸਹਾਇਤਾ ਲਈ ਪੁਕਾਰ ਦਾ ਬਿਰਤਾਂਤ ਦੱਸਦੇ ਹਨ। ਡਾ. ਫੂਜੀ ਉੱਤੇ ਧਮਾਕੇ ਨਾਲ ਗਰਮ ਹਵਾਵਾਂ ਅਤੇ ਜਲੀਆਂ ਹੋਈਅ ਲੱਕੜਾਂ ਦੇ ਕੋਲੇ ਤੇ ਸੁਆਹ ਦੀ ਬਰਸਾਤ ਹੋਣ ਲੱਗ ਪੈਂਦੀ ਹੈ। ਫੱਟੜ ਲੋਕ ਤੇਜ਼ੀ ਨਾਲ ਦੌੜ ਰਹੇ ਨੇ, ਜ਼ਖ਼ਮੀ ਮਰੀਜ਼ ਤੜਪ ਰਹੇ ਨੇ। ਢਾਈ ਲੱਖ ਆਬਾਦੀ ਵਾਲੇ ਸ਼ਹਿਰ ਵਿੱਚ ਇਕ ਲੱਖ ਲੋਕ ਮਰ ਜਾਂਦੇ ਹਨ। ਚਾਰ ਚੁਫੇਰੇ ਖ਼ੂਨ ਤੇ ਮਾਸ ਦੇ ਲੋਥੜੇ ਖਿੰਡੇ ਹੋਏ ਹਨ। ਲੋਕਾਂ ਦੀ ਚਮੜੀ ਲੱਥਦੀ ਜਾਂਦੀ ਹੈ। ਸੜਕਾਂ ਮਕਾਨਾਂ ਦੇ ਟੁਕੜਿਆਂ ਤੇ ਟੈਲੀਫੋਨ ਦੇ ਟੁੱਟੇ ਖੰਭਿਆਂ-ਤਾਰਾਂ ਨਾਲ ਭਰੇ ਹੋਏ ਹਨ। ਉਹ ਉਲਟੀਆਂ ਕਰ ਕਰ ਰਹੇ ਹਨ। ਉਨ੍ਹਾਂ ਦੀ ਚਮੜੀ ਲੀਰਾਂ ਵਾਂਗ ਲਟਕ ਰਹੀ ਹੈ। ਰਾਹਾਂ ਵਿੱਚ ਜਲੇ ਹੋਏ ਲੋਕਾਂ ਦੇ ਭਿਆਨਕ ਦ੍ਰਿਸ਼ ਹਨ। ਤਾਨੀਮੋਟੋ ਨਾਂ ਦਾ ਪਾਤਰ ਬਚ ਜਾਂਦਾ ਹੈ ਤੇ ਉਹ ਵੀ ਨੱਠ ਭੱਜ ਕੇ ਜ਼ਖ਼ਮੀਆਂ ਦੀ ਸੇਵਾ ਕਰਦਾ ਹੈ। ਕੁਮਾਰੀ ਸਿਸਾਕੀ ਦੀ ਲੱਤਾਂ ਵੱਢੀ ਜਾਂਦੀ ਹੈ। ਜਲ਼ੇ ਹੋਏ ਲੋਕਾਂ ਕੋਲੋਂ ਬੂ ਆਉਂਦੀ ਹੈ। ਹਜ਼ਾਰਾਂ ਲੋਕ ਅੱਗ ਨਾਲ ਝੁਲਸੇ ਹੋਏ ਤੜਪ ਰਹੇ ਨੇ। ਉਨ੍ਹਾਂ ਦੀ ਸਹਾਇਤਾ ਕਰਨ ਵਾਲਾ ਡਾ. ਫੂਜੀ ਇਕੱਲਾ ਹੈ। ਉਸ ਵੇਲੇ ਲੋਕਾਂ ਨੂੰ ਪਤਾ ਨਹੀਂ ਲੱਗਦਾ ਕਿ ਕਿਹੜਾ ਬੰਬ ਡਿੱਗਿਆ ਹੈ ਉਹ ਐਟਮ ਬੰਬ ਹੈ। ਉਹ ਅਮਰੀਕਾ ਵੱਲੋਂ ਸੁੱਟੀ ਘਾਤਕ ਗੈਸ ਦੀ ਕਲਪਨਾ ਕਰਦੇ ਹਨ। ਤਾਨੀਮੋਟੋ ਇਕ ਪਾਰਕ ਦਾ ਦ੍ਰਿਸ਼ ਵੇਖਦਾ ਹੈ ਜਿੱਥੇ ਜ਼ਖ਼ਮੀਆਂ ਤੇ ਤੜਫ ਰਹੇ ਲੋਕਾਂ ਦੀ ਭੀੜ ਵੇਖਦਾ ਹੈ ਉਹ ਇਕੱਲਾ ਮੁਸ਼ਕਲ ਨਾਲ ਪਾਣੀ ਪਿਆਉਂਦਾ ਹੈ। ਜਿੱਥੇ ਜਿਉਂਦੇ ਤੇ ਮਰੇ ਹੋਏ ਲੋਕਾਂ ਵਿੱਚ ਫਰਕ ਕਰਨਾ ਮੁਸ਼ਕਲ ਹੈ। ਲੇਖਕ ਸੈਕੜੇ ਮਰ ਰਹੇ ਲੋਕਾਂ ਨੂੰ ਬਚਾਣ ਦੀ ਕੋਸ਼ਿਸ਼ ਕਰ ਰਹੇ ਕੁਝ ਲੋਕਾਂ ਦਾ ਬਿਰਤਾਂਤ ਪੇਸ਼ ਕਰਦਾ ਹੈ। ਜਾਂਚ ਪੜਤਾਲ ਵਾਲੇ ਲੇਖ ਵਿੱਚ ਜਿਉਂਦੇ ਲੋਕ ਅਮਰੀਕੀ ਰਾਸ਼ਟਰਪਤੀ ਦੇ ਬਿਆਨ ਸੁਣਦੇ ਹਨ ਜਿਸ 'ਚ ਇਸ ਬੰਬ ਨੂੰ ਇਕ ਵਿਸ਼ੇਸ਼ ਬੰਬ ਕਹਿੰਦਾ ਹੈ। ਹੀਰੋਸੀਮਾਂ ਦੇ ਖੰਡਰਾਂ ਉੱਤੇ ਪੱਕੀਆਂ ਝੁੱਗੀਆਂ ਬਣਨ ਦੇ ਬਿਰਤਾਂਤ ਨਾਲ ਇਹ ਦੱਸਦਾ ਹੈ ਕਿ ਤਬਾਹੀ ਤੋਂ ਬਾਅਦ ਜਿੰਦਗੀ ਧੜਕਣ ਲੱਗ ਹੀ ਪੈਂਦੀ ਹੈ। ਕਿਤਾਬ ਪ੍ਰੇਸਾਨ ਕਰਨ ਵਾਲੇ ਦ੍ਰਿਸ਼ ਪੇਸ਼ ਕਰਦੀ ਹੈ। ਐਟਮ ਬੰਬ ਨਾਲ ਹੋਈ ਤਬਾਹੀ ਦੇ ਮੰਜ਼ਰ ਨੂੰ ਮਹਿਸੂਸ ਕਰਨ ਵਾਲੀ ਇਸ ਕਿਤਾਬ ਨੂੰ ਮੈਂ ਹਰ ਪਾਠਕ ਨੂੰ ਪੜ੍ਹਨ ਦੀ ਅਪੀਲ ਕਰਦਾ ਹਾਂ।


**-ਭਗਵੰਤ ਰਸੂਲਪੁਰੀ** (94170-64350)

# ਪੁਸਤਕ ਰੀਵਿਊ

## ਪਿੰਡ ਦੀ ਬਿਰਤਾਂਤਕਾਰੀ
## ਅਵਤਾਰ ਸਿੰਘ ਬਿਲਿੰਗ ਦੇ ਨਾਵਲ

**ਡਾ. ਨਵਪ੍ਰੀਤ ਕੌਰ**
**ਪੰਨੇ : 220, ਕੀਮਤ : 320 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਅਵਤਾਰ ਸਿੰਘ ਬਿਲਿੰਗ ਸਾਡੇ ਸਮਿਆਂ ਦਾ ਸਮਰੱਥ ਨਾਵਲਕਾਰ ਹੈ, ਜਿਸ ਨੇ ਬਹੁਤ ਵੱਡੇ ਕੈਨਵਸ 'ਤੇ ਪੰਜਾਬ ਦੇ ਇਕ ਵਿਸ਼ੇਸ਼ ਖਿੱਤੇ ਢਾਹੇ ਦੇ ਧਰਾਤਲ ਨੂੰ ਨਾਵਲਾਂ ਦਾ ਵਿਸ਼ਾ ਬਣਾਇਆ ਹੈ।




ਬਿਲਿੰਗ ਦੀ ਰਚਨਾ ਦਾ ਨੋਟਿਸ ਲਿਆ ਜਾਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਸ ਦੇ ਨਾਵਲਾਂ 'ਤੇ ਡਾ. ਨਵਪ੍ਰੀਤ ਕੌਰ ਨੇ ਬਿਲਿੰਗ ਦੇ ਨਾਵਲਾਂ ਨੂੰ ਆਪਣੇ ਖੋਜ-ਕਾਰਜ ਦਾ ਹਿੱਸਾ ਬਣਾਇਆ ਹੈ ਤੇ ਪ੍ਰਸਿੱਧ ਵਿਦਵਾਨ ਡਾ. ਨਾਹਰ ਸਿੰਘ ਦੀ ਨਿਗਰਾਨੀ ਹੇਠ ਆਪਣਾ ਖੋਜ-ਕਾਰਜ ਮੁਕੰਮਲ ਕੀਤਾ ਹੈ। ਪੁਸਤਕ ਪੜ੍ਹਨ ਉਪਰੰਤ ਨਵਪ੍ਰੀਤ ਵੱਲੋਂ ਕੀਤੀ ਮਿਹਨਤ ਦਾ ਗਿਆਤ ਹੁੰਦਾ ਹੈ। ਡਾ. ਨਵਪ੍ਰੀਤ ਕੌਰ ਨੇ ਬਿਲਿੰਗ ਦੇ ਜੀਵਨ ਵੇਰਵੇ ਵੀ ਦਿੱਤੇ ਹਨ, ਜਿਨ੍ਹਾਂ ਨੂੰ ਜਾਨਣ ਦੀ ਪਾਠਕਾਂ 'ਚ ਅਕਸਰ ਜਗਿਆਸਾ ਹੁੰਦੀ ਹੈ। ਡਾ. ਨਵਪ੍ਰੀਤ ਨੇ ਸਾਰੇ ਨਾਵਲ ਕਈ ਵਾਰ ਪੜ੍ਹੇ ਹੋਣਗੇ ਤਾਂ ਹੀ ਉਹ ਇੰਨੀ ਬਾਰੀਕੀ ਨਾਲ ਨਾਵਲਾਂ 'ਚ ਪੇਸ਼ ਹੋਏ ਸਮਾਜ ਦਾ ਅਧਿਐਨ ਕੀਤਾ ਹੈ। ਪੁਸਤਕ ਪੜ੍ਹਨ ਉਪਰੰਤ ਡਾ. ਨਾਹਰ ਸਿੰਘ ਦਾ ਕਥਨ ਸਹੀ ਜਾਪਦਾ ਹੈ ਕਿ ਡਾ. ਨਵਪ੍ਰੀਤ ਕੌਰ ਕਲਾਤਮਿਕ ਰੁਚੀਆਂ ਵਾਲੀ ਸੰਜੀਦਾ ਖੋਜ ਵਿਦਿਆਰਥੀ ਹੈ। ਵਿਦਵਾਨ ਲੇਖਿਕਾ ਨੇ ਆਪਣੇ ਖੋਜ-ਕਾਰਜ ਨੂੰ ਪੰਜ ਭਾਗਾਂ ਵਿੱਚ ਵੰਡ ਕੇ ਹਰ ਕਾਂਡ ਦੀ ਬਹੁਤ ਵਧੀਆ ਜਾਣਕਾਰੀ ਦਿੱਤੀ ਹੈ। ਸੰਸਾਰ ਪੱਧਰ 'ਤੇ ਬਿਰਤਾਂਤ ਸ਼ਾਸਤਰ ਦਾ ਅਧਿਐਨ ਕਰਕੇ ਪੰਜਾਬੀ ਨਾਵਲ ਦੀ ਮੌਜੂਦਾ ਸਥਿਤੀ ਨੂੰ ਪੇਸ਼ ਕੀਤਾ ਹੈ। ਨਿਰੰਜਨ ਤਸਨੀਮ, ਡਾ. ਕੇਸਰ ਸਿੰਘ ਕੇਸਰ ਅਤੇ ਡਾ. ਟੀ.ਆਰ. ਵਿਨੋਦ ਵਰਗੇ ਵਿਦਵਾਨ ਆਲੋਚਕਾਂ ਦੀਆਂ ਪੁਸਤਕਾਂ ਦੇ ਹਵਾਲੇ ਨਾਲ ਪੰਜਾਬੀ ਨਾਵਲ ਬਾਰੇ ਗੱਲ ਕੀਤੀ ਹੈ।

ਇਸ ਪੁਸਤਕ 'ਚ ਸ੍ਰੀ ਬਿਲਿੰਗ ਦੇ ਜੀਵਨ ਵੇਰਵਿਆਂ ਤੋਂ ਬਿਨਾਂ ਸਮੁੱਚੀ ਰਚਨਾ ਦਾ ਜ਼ਿਕਰ ਹੈ। ਬਿਲਿੰਗ ਕਹਾਣੀ ਤੋਂ ਸ਼ੁਰੂ ਕਰਕੇ ਨਾਵਲ ਤੱਕ ਪਹੁੰਚਿਆ ਹੈ ਤੇ ਆਪਣੇ ਨਾਵਲਾਂ 'ਢਾਹੇ ਦੇ ਖਿੱਤੇ' ਦਾ ਸੱਭਿਆਚਾਰਕ ਅਧਿਐਨ ਕੀਤਾ ਹੈ।

ਲੇਖਿਕਾ ਡਾ. ਨਵਪ੍ਰੀਤ ਕੌਰ ਦੀ ਭਾਵੇਂ ਇਹ ਪਹਿਲੀ ਪੁਸਤਕ ਹੈ, ਪਰ ਜਿੰਨੀ ਮਿਹਨਤ ਉਸ ਨੇ ਕੀਤੀ ਹੈ, ਉਸ ਤੋਂ ਭਵਿੱਖ 'ਚ ਬਹੁਤ ਸੰਭਾਵਨਾਵਾਂ ਦੀ ਆਸ ਕੀਤੀ ਜਾ ਸਕਦੀ ਹੈ। ਨਾਵਲਾਂ ਦੇ ਪਾਤਰਾਂ ਦੀਆਂ ਖੂਬੀਆਂ, ਨਾਕਾਮੀਆਂ ਤੇ ਕਮੀਆਂ ਦਾ ਬਹੁਤ ਵਧੀਆ ਢੰਗ ਨਾਲ ਵਿਸ਼ਲੇਸ਼ਣ ਕੀਤਾ ਹੈ। ਆਪਣੇ ਇਸ ਖੋਜ-ਕਾਰਜ 'ਚ ਨਵਪ੍ਰੀਤ ਨੇ ਅਜੋਕੇ ਪੰਜਾਬ ਦੀ ਦਸ਼ਾ ਤੇ ਦਿਸ਼ਾ ਨੂੰ ਆਪਣੀ ਖੋਜ ਦਾ ਵਿਸ਼ਾ ਚੁਣਿਆ ਹੈ, ਜਿਸ ਬਾਰੇ ਉਹ ਤੱਥਾਂ ਦੇ ਆਧਾਰ 'ਤੇ ਗੱਲ ਕਰਦੀ ਹੈ। ਪੰਜਾਬ ਦੇ ਇੱਕ ਵਿਸ਼ੇਸ਼ ਖਿੱਤੇ ਦੀ ਹੋਣੀ ਵੀ ਸਾਰੇ ਪੰਜਾਬ ਦੀ ਹੋਣੀ ਨਾਲ ਜੁੜੀ ਹੋਈ ਹੈ। ਬਿਲਿੰਗ ਦੇ ਨਾਵਲ 'ਰਿਜਕ' ਦਾ ਵੀ ਜ਼ਿਕਰ ਜਿਹੜਾ ਕਾਫੀ ਵੱਡੀ ਕੈਨਵਸ 'ਤੇ ਲਿਖਿਆ ਗਿਆ ਹੈ, ਜਿਸ 'ਚ ਪਰਵਾਸ ਦੇ ਕਾਰਨ ਪੇਸ਼ ਆਉਂਦੀਆਂ ਮੁਸ਼ਕਲਾਂ ਦਾ ਵਰਨਣ ਹੈ। ਕਿਸੇ ਨਾਵਲਕਾਰ ਬਾਰੇ ਸਟੀਕ ਜਾਣਕਾਰੀ ਦਿੰਦੀ ਇਹ ਪੁਸਤਕ ਡਾ. ਨਵਪ੍ਰੀਤ ਦੀ ਸ਼ਾਨਦਾਰ ਪ੍ਰਾਪਤੀ ਹੈ, ਜਿਸ ਲਈ ਉਹ ਵਧਾਈ ਦੀ ਪਾਤਰ ਹੈ।

**— ਡਾ. ਜਗਤਾਰ ਮਿਸਤਰੀ**

## ਫਿਰਕਾਪ੍ਰਸਤੀ, ਅੱਤਵਾਦ ਅਤੇ ਸਮਾਜਿਕ ਧਾਰਨਾਵਾਂ

**ਰਾਮ ਪੁਨਿਆਨੀ**
**ਅਨੁਵਾਦ : ਬਲਬੀਰ ਲੌਂਗੋਵਾਲ**
**ਸਫ਼ੇ : 80, ਮੁੱਲ : 125**
**ਚਿੰਤਨ ਪ੍ਰਕਾਸ਼ਨ, ਲੁਧਿਆਣਾ**

ਹੱਥਲੀ ਕਿਤਾਬ ਭਾਜਪਾ-ਆਰ. ਐਸ. ਐਸ. ਨੂੰ ਨਿਸ਼ਾਨੇ 'ਤੇ ਲੈਂਦੀ ਹੈ। ਰਾਮ ਪੁਨਿਆਨੀ ਨੇ ਇਸ ਕਿਤਾਬ ਵਿੱਚ ਉਨ੍ਹਾਂ ਝੂਠਾਂ, ਫਰੇਬਾ ਨੂੰ ਜਨਤਕ ਕੀਤਾ ਹੈ ਜੋ ਘੱਟ ਗਿਣਤੀ ਪ੍ਰਤੀ ਇਕ ਪਾਸੜ ਪ੍ਰਵਚਨ ਉਸਾਰਦੀ ਹੈ। ਉਸ ਨੇ ਫਿਰਕੂ ਹਿੰਸਾ, ਘੱਟ ਗਿਣਤੀਆਂ ਸਬੰਧੀ ਗ਼ਲਤ ਫਹਿਮੀਆਂ, ਰਾਜਿਆਂ ਵਿੱਚ ਸੰਧੀਆਂ ਅਤੇ ਯੁੱਧ, ਭਾਰਤ ਵਿੱਚ ਇਸਲਾਮ, ਭਾਰਤ ਦੀ ਮਿਲੀ ਜੁਲੀ ਸੰਸਕ੍ਰਿਤੀ, ਬਸਤੀਵਾਦੀ ਕਾਲ, ਭਾਰਤੀ ਰਾਸ਼ਟਰਵਾਦ, ਕਸ਼ਮੀਰ ਮਸਲਾ, ਆਲਮੀ ਅੱਤਵਾਦ, ਵਰਤਮਾਨ ਸਮੇਂ ਵਿੱਚ ਫਿਰਕਾਪ੍ਰਸਤੀ ਆਦਿ ਮੁੱਦਿਆਂ ਤਹਿਤ ਆਪਣੀਆਂ ਧਾਰਨਾਵਾਂ ਦਿੱਤੀਆਂ ਹਨ।




ਇਹ ਧਾਰਨਾ ਕਿ ਫਿਰਕੂ ਹਿੰਸਾ ਦੋ ਫਿਰਕਿਆਂ ਵਿੱਚ ਟਕਰਾਅ ਦੇ ਕਾਰਣ ਹੁੰਦੀ ਹੈ। ਉਹ ਮੁਸਲਮਾਨ ਪ੍ਰਤੀ ਪ੍ਰਚਲਤ ਕੀਤੀਆਂ ਗਈਆਂ ਧਾਰਨਾਵਾਂ ਨੂੰ ਸਵਾਲਾਂ ਹੇਠ ਲੈ ਕੇ ਆਉਂਦਾ ਹੈ। ਜਿਵੇਂ ਕਿ ਹਿੰਸਾ ਦਾ ਮੁੱਢ ਮੁਸਲਮਾਨ ਕਰਦੇ ਹਨ, ਪਰ ਜਦੋਂ ਜਾਂਚ ਹੁੰਦੀ ਹੈ ਦੋਵਾਂ ਫਿਰਕਿਆਂ ਨੂੰ ਦੋਸ਼ੀ ਮੰਨਿਆ ਜਾਂਦਾ ਹੈ। ਅਗਾਂਹ ਉਹ ਵੱਖ ਵੱਖ ਥਾਵਾਂ ਉੱਤੇ ਹੋਈ ਹਿੰਸਾ ਦੇ ਪ੍ਰਸੰਗ ਦਿੰਦਾ ਹੈ। ਇਹ ਧਾਰਨਾ ਕਿ ਮੁਸਲਮਾਨ ਰਾਜੇ ਹਿੰਦੂਆਂ ਦੇ ਮੰਦਰਾਂ ਨੂੰ ਢਾਹੁੰਦੇ ਰਹੇ। ਲੇਖਕ ਕਹਿੰਦਾ ਹੈ ਟੀਪੂ ਸੁਲਤਾਨ ਨੇ ਹਿੰਦੂ ਮੰਦਰ ਨੂੰ ਢਾਹਿਆ ਸੀ। ਇਹ ਧਾਰਨਾ ਕਿ ਔਰੰਗਜ਼ੇਬ ਹਿੰਦੂ ਵਿਰੋਧੀ ਸੀ। ਇਸ ਧਾਰਨਾ ਨੂੰ ਗਲਤ ਸਿੱਧ ਕਰਨ ਲਈ ਉਹ ਤੱਥ ਦਿੰਦਾ ਹੈ। ਇਹ ਕਿ ਤਾਜ ਮਹਿਲ ਪਹਿਲਾਂ ਹਿੰਦੂ ਮੰਦਰ ਸੀ। ਬਾਬਰੀ ਮਸਜਿਦ ਬਾਰੇ ਧਾਰਨਾ ਨੂੰ ਗ਼ਲਤ ਸਿੱਧ ਕਰਦਾ ਹੈ। ਰਾਣਾ ਪ੍ਰਤਾਪ ਤੇ ਅਕਬਰ ਦੇ ਪ੍ਰਸੰਗ ਵੀ ਤੋੜ ਮਰੋੜ ਕੇ ਪੇਸ਼ ਕੀਤੇ ਜਾਂਦੇ ਹਨ। ਇਨ੍ਹਾਂ ਦੋਹਾਂ ਦੀਆਂ ਸੈਨਾਵਾਂ ਵਿੱਚ ਦੋਵੇਂ ਪਾਸੇ ਸੈਨਿਕ ਹਿੰਦੂ ਮੁਸਲਿਮ ਸਨ। ਇਹ ਯੁੱਧ ਧਰਮ ਨੂੰ ਲੈ ਕੇ ਨਹੀਂ ਬਲਕਿ ਗੱਦੀ ਹਥਿਆਉਣ ਲਈ ਸੀ। ਸ਼ਿਵਾ ਜੀ ਮੁਸਲਿਮ ਵਿਰੋਧੀ ਰਾਜੀ ਦੀ ਧਾਰਨਾ ਕੁਝ ਹੋਰ ਮਿੱਥਾ ਦੇ ਸੱਚ ਨੂੰ ਵੀ ਲੇਖਕ ਪੇਸ਼ ਕਰਦਾ ਹੈ ਜਿਵੇਂ ਕਿ ਅਛੂਤ ਪ੍ਰਥਾ ਇਸਲਾਮ ਦੇ ਕਾਰਣ ਹੋਂਦ ਵਿੱਚ ਆਉਂਦੀ ਹੈ। ਭਾਰਤੀ ਸੰਸਕ੍ਰਿਤੀ ਹਿੰਦੂ ਸੰਸਕ੍ਰਿਤੀ ਹੈ। ਦੋਹਾਂ ਦੀਆਂ ਭਾਸ਼ਾਵਾਂ ਵੱਖ-ਵੱਖ ਹਨ। ਭਾਰਤ ਇਕ ਹਿੰਦੂ ਰਾਸ਼ਟਰ ਹੈ। ਵੰਡ ਲਈ ਸਿਰਫ਼ ਮੁਸਲਿਮ ਲੀਗ ਜ਼ਿੰਮੇਵਾਰ। ਸਾਵਰਕਰ ਆਜ਼ਾਦੀ ਸੰਗਰਾਮੀਏ ਸੀ। ਗੌਡਸੇ ਦਾ ਆਰ. ਐਸ. ਐਸ. ਨਾਲ ਕੋਈ ਸਬੰਧ ਨਹੀਂ। ਗਾਂਧੀ ਦੇ ਕਤਲ ਵਿੱਚ ਆਰ ਐੱਸ ਐੱਸ ਦੀ ਕੋਈ ਭੂਮਿਕਾ ਨਹੀਂ। ਕਸ਼ਮੀਰ ਸਮੱਸਿਆ ਇਸਲਾਮ ਅਤੇ ਮੁਸਲਮਾਨਾਂ ਕਾਰਣ ਪੈਦਾ ਹੋਈ। ਆਲਮੀ ਅੱਤਵਾਦ ਦੇ ਪ੍ਰਸੰਗ ਵਿੱਚ ਸਾਰੇ ਮੁਸਲਮਾਨ ਅੱਤਵਾਦੀ ਨਹੀਂ ਪਰ ਸਾਰੇ ਅੱਤਵਾਦੀ ਮੁਸਲਮਾਨ ਹਨ। ਟੈਗੋਰ ਨੇ ਜਨ ਗਣ ਮਨ ਸਮਰਾਟ ਜਾਰਜ ਪੰਚਮ ਦੀ ਸ਼ਾਨ ਵਿੱਚ ਲਿਖਿਆ। ਤੋਂ ਇਲਾਵਾਂ ਮੁਸਲਮਾਨਾਂ ਪ੍ਰਤੀ ਹੋਰ ਮਿੱਥਾਂ ਨੂੰ ਲੇਖਕ ਨੇ ਤਰਕ ਨਾਲ ਤੋੜਿਆ ਹੈ। ਕਿਤਾਬ ਸਪੱਸ਼ਟ ਤਰੀਕੇ ਨਾਲ ਫਿਰਕੂ ਧਾਰਨਾਵਾਂ 'ਤੇ ਸਵਾਲ ਖੜੇ ਕਰਦੀ ਹੈ।

**- ਸਰੋਜ**

# ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਲ 2025 ਦੇ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਦਾ ਐਲਾਨ

## ਭਗਵੰਤ ਰਸੂਲਪੁਰੀ ਦੀ ਪੁਸਤਕ 'ਡਲਿਵਰੀ ਮੈਨ' ਨੂੰ ਪ੍ਰਿੰ. ਸੁਜਾਨ ਸਿੰਘ ਪੁਰਸਕਾਰ



**ਪਟਿਆਲਾ** : ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ, ਪੰਜਾਬ ਰਾਹੀਂ ਹਰ ਸਾਲ ਪੰਜਾਬੀ, ਹਿੰਦੀ ਅਤੇ ਉਰਦੂ ਭਾਸ਼ਾ ਦੀਆਂ ਪੁਸਤਕਾਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਸਰਵੋਤਮ ਪੁਸਤਕ ਪੁਰਸਕਾਰਾਂ ਤਹਿਤ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਦੇ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ (2025) ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਸਬੰਧੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਜਸਵੰਤ ਸਿੰਘ ਜ਼ਫ਼ਰ, ਨੇ ਦੱਸਿਆ ਕਿ ਇਹ ਪੁਰਸਕਾਰ ਨਵੰਬਰ 2025 ਦੇ ਪਹਿਲੇ ਹਫ਼ਤੇ ਪੰਜਾਬੀ ਮਾਹ ਦੇ ਰਾਜ ਪੱਧਰੀ ਉਦਘਾਟਨੀ ਸਮਾਗਮ ਦੌਰਾਨ ਭਾਸ਼ਾ ਭਵਨ, ਪਟਿਆਲਾ ਵਿਖੇ ਪ੍ਰਦਾਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਰਸਕਾਰਾਂ ਲਈ ਪਿਛਲੇ ਸਾਲ ਦੌਰਾਨ ਛਪੀਆਂ ਪੁਸਤਕਾਂ ਦੀ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਲਈ ਮੰਗ ਕੀਤੀ ਗਈ ਸੀ ਅਤੇ ਵੱਖ-ਵੱਖ ਖੇਤਰਾਂ ਦੇ ਵਿਦਵਾਨ ਵਿਸ਼ਾ ਮਾਹਿਰਾਂ ਤੋਂ ਇਨ੍ਹਾਂ ਪੁਸਤਕਾਂ ਦਾ ਮੁਲਾਂਕਣ ਕਰਵਾਇਆ ਗਿਆ ਅਤੇ ਸਰਵੋਤਮ ਪੁਸਤਕਾਂ ਦੀ ਚੋਣ ਕੀਤੀ ਗਈ। ਇਸ ਪੁਰਸਕਾਰ 'ਚ ਇਨਾਮੀ ਰਾਸ਼ੀ 31,000/- ਦੇ ਨਾਲ-ਨਾਲ ਇਕ ਦੋਸ਼ਾਲਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਇਹ ਪੁਰਸਕਾਰ ਸਾਲ 2024 'ਚ ਛਪੀਆਂ ਪੰਜਾਬੀ ਭਾਸ਼ਾ ਦੀਆਂ ਵੱਖ-ਵੱਖ ਵੰਨਗੀਆਂ ਨਾਲ ਸਬੰਧਤ 10 ਸਰਵੋਤਮ ਪੰਜਾਬੀ ਪੁਸਤਕਾਂ ਨੂੰ ਦਿੱਤੇ ਜਾਣਗੇ। ਇਨ੍ਹਾਂ ਪੁਰਸਕਾਰਾਂ ਲਈ ਵੱਖ-ਵੱਖ ਵਿਧਾਵਾਂ ਦੀਆਂ 273 ਕਿਤਾਬਾਂ ਪ੍ਰਾਪਤ ਹੋਈਆਂ ਸਨ।

ਐਲਾਨੇ ਗਏ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਤਹਿਤ ਭਾਈ ਵੀਰ ਸਿੰਘ ਪੁਰਸਕਾਰ (ਜੀਵਨੀ/ਸਵੈ-ਜੀਵਨੀ/ਯਾਦਾਂ/ਰੇਖਾ ਚਿੱਤਰ) ਗੁਰਿੰਦਰਜੀਤ ਦੀ ਪੁਸਤਕ 'ਬਰਫ਼ 'ਚ ਉੱਗੇ ਅਮਲਤਾਸ' ਨੂੰ, ਨਾਨਕ ਸਿੰਘ ਪੁਰਸਕਾਰ (ਨਾਵਲ) ਜਸਵੀਰ ਸਿੰਘ ਰਾਣਾ ਦੀ ਪੁਸਤਕ '70% ਪ੍ਰੇਮ ਕਥਾ' ਨੂੰ, ਪ੍ਰਿੰ. ਸੁਜਾਨ ਸਿੰਘ ਪੁਰਸਕਾਰ (ਕਹਾਣੀ/ਮਿੰਨੀ ਕਹਾਣੀ ਸੰਗ੍ਰਹਿ) ਭਗਵੰਤ ਰਸੂਲਪੁਰੀ ਦੀ ਪੁਸਤਕ 'ਡਲਿਵਰੀ ਮੈਨ' ਨੂੰ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ/ਸਫ਼ਰਨਾਮਾ/ਵਿਅੰਗ) ਡਾ. ਪਰਮਜੀਤ ਢੀਂਗਰਾ ਦੀ ਪੁਸਤਕ 'ਕਿਤਾਬ ਜੋ ਅਜੇ ਬਾਕੀ ਹੈ' ਨੂੰ, ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੁਰਸਕਾਰ (ਕਵਿਤਾ) ਸ਼ਮੀਲ ਦੀ ਪੁਸਤਕ 'ਤੇਗ' ਨੂੰ, ਪ੍ਰੋ. ਗੁਰਦਿਆਲ ਸਿੰਘ ਪੁਰਸਕਾਰ (ਅਨੁਵਾਦ) ਸੁਭਾਸ਼ ਭਾਸਕਰ ਦੀ ਪੁਸਤਕ 'ਅਣਵੰਡਿਆ ਪੰਜਾਬ (ਡਾ. ਚੰਦਰ ਤ੍ਰਿਖਾ)' ਨੂੰ, ਐੱਮ.ਐੱਸ. ਰੰਧਾਵਾ ਪੁਰਸਕਾਰ (ਗਿਆਨ ਸਾਹਿਤ/ਸੰਪਾਦਨ) ਅਮੀਆ ਕੁੰਵਰ ਦੀ ਪੁਸਤਕ 'ਇਮਰੋਜ਼ਨਾਮਾ' ਨੂੰ, ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ (ਬਾਲ ਸਾਹਿਤ) ਡਾ. ਇੰਦਰਪ੍ਰੀਤ ਸਿੰਘ ਧਾਮੀ ਦੀ ਪੁਸਤਕ 'ਸੁਪਨਸਾਜ਼' ਨੂੰ, ਡਾ. ਅਤਰ ਸਿੰਘ ਪੁਰਸਕਾਰ (ਆਲੋਚਨਾ) ਗੁਰਦੀਪ ਸਿੰਘ ਦੀ ਪੁਸਤਕ 'ਇਹ ਦੇਸ ਪੰਜਾਬ ਦੀ ਸਮਝ ਨਾਹੀਂ' ਨੂੰ ਅਤੇ ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ (ਟੀਕਾਕਾਰੀ/ਕੋਸ਼ਕਾਰੀ/ਭਾਸ਼ਾ ਵਿਗਿਆਨ/ ਵਿਆਕਰਣ/ਹਵਾਲਾ ਗ੍ਰੰਥ) ਜਗਤਾਰ ਸਿੰਘ ਸੋਖੀ ਦੀ ਪੁਸਤਕ 'ਪੰਜਾਬੀ ਸਮਾਨਾਰਥਕ ਕੋਸ਼' ਨੂੰ ਪ੍ਰਦਾਨ ਕੀਤੇ ਜਾਣਗੇ। ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਵਿਭਾਗ ਵੱਲੋਂ ਹਰ ਸਾਲ ਦਿੱਤੇ ਜਾਣ ਵਾਲੇ ਵੱਖ-ਵੱਖ ਭਾਸ਼ਾਵਾਂ ਦੇ ਸਰਵੋਤਮ ਪੁਸਤਕ ਪੁਰਸਕਾਰ ਪੰਜਾਬੀ ਮਾਹ ਦੇ ਸਮਾਗਮਾਂ ਦੌਰਾਨ ਪ੍ਰਦਾਨ ਕਰ ਦਿੱਤੇ ਜਾਣਗੇ।ਬਾਕੀ ਰਹਿੰਦੇ ਹਿੰਦੀ, ਉਰਦੂ ਅਤੇ ਸੰਸਕ੍ਰਿਤ ਦੇ ਪੁਰਸਕਾਰਾਂ ਦਾ ਐਲਾਨ ਜਲਦ ਹੀ ਕਰ ਦਿੱਤਾ ਜਾਵੇਗਾ। ਉਨ੍ਹਾਂ ਸਾਰੇ ਪੁਰਸਕਾਰ ਜੇਤੂਆਂ ਨੂੰ ਵਧਾਈਆਂ ਦਿੱਤੀਆਂ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਇਸੇ ਤਰ੍ਹਾਂ ਨਿਰੰਤਰ ਯਤਨਸ਼ੀਲ ਰਹਿਣ ਦੀ ਅਪੀਲ ਕੀਤੀ।

# 'ਤੇਰੀ ਸੋਚ ਮੇਰੇ ਲਫ਼ਜ਼' ਲੋਕ ਅਰਪਣ



**ਮਾਹਿਲਪੁਰ**-ਨੌਜਵਾਨ ਸ਼ਾਇਰ ਵਿਸ਼ਾਲ ਪੁਆਰ ਟੂਟੋਮਜਾਰਵੀ ਦੀ ਪਲੇਠੀ ਪੁਸਤਕ 'ਤੇਰੀ ਸੋਚ ਮੇਰੇ ਲਫ਼ਜ਼' ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ ਅਤੇ ਡਾਕਟਰ ਅਜੇ ਬੱਗਾ ਵੱਲੋਂ ਜਾਰੀ ਕੀਤੀ ਗਈ। ਉਹਨਾਂ ਪੁਸਤਕ ਨੂੰ ਜਾਰੀ ਕਰਦਿਆਂ ਕਿਹਾ ਕਿ ਇਸ ਨਵੇਂ ਸ਼ਾਇਰ ਕੋਲ ਸਾਹਿਤ ਸਿਰਜਣਾ ਦੀਆਂ ਅਸੀਮ ਸੰਭਾਵਨਾਵਾਂ ਹਨ, ਜਿਨ੍ਹਾਂ ਸਦਕਾ ਉਹ ਉੱਚ ਕੋਟੀ ਦੇ ਸ਼ਾਇਰਾਂ ਵਿੱਚ ਆਪਣਾ ਨਾਂਅ ਦਰਜ ਕਰਵਾਉਣਗੇ। ਪ੍ਰਧਾਨਗੀ ਮੰਡਲ ਵਿੱਚ ਬੱਗਾ ਸਿੰਘ ਆਰਟਿਸਟ, ਰਘੁਵੀਰ ਸਿੰਘ ਕਲੋਆ, ਪ੍ਰਿੰ. ਸਰਬਜੀਤ ਸਿੰਘ, ਜਸਵੀਰ ਬੇਗਮਪੁਰੀ ਅਤੇ ਹਰਕੇਸ਼ ਕੁਮਾਰ ਨੇ ਪੁਸਤਕ ਦੀ ਸਮੀਖਿਆ ਕਰਦਿਆਂ ਕੁਝ ਰਚਨਾਵਾਂ ਪ੍ਰੋਫੈਸਰ ਮੋਹਨ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਦੇ ਹਾਣ ਦੀਆਂ ਰਚਨਾਵਾਂ ਐਲਾਨਿਆ। ਉਹਨਾਂ ਅੱਗੇ ਕਿਹਾ ਕਿ ਸਾਹਿਤ ਦੀ ਸਿਰਜਣਾ ਨਿੱਜ ਤੋਂ ਸ਼ੁਰੂ ਹੋ ਕੇ ਪੂਰੇ ਸੰਸਾਰ ਤੱਕ ਫੈਲ ਜਾਂਦੀ ਹੈ। ਇਸੇ ਤਰ੍ਹਾਂ ਇਹ ਪੁਸਤਕ ਵੀ ਪੂਰੇ ਸੰਸਾਰ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੋਈ ਨਵੀਆਂ ਲੀਹਾਂ ਪਾਉਂਦੀ ਹੈ। ਸ਼ਾਨਦਾਰ ਟਾਈਟਲ ਸਹਿਤ ਕਾਵਿ ਰਸ ਨਾਲ ਭਰਪੂਰ ਇਹ ਇਕ ਮਨੋਰੰਜਕ ਪੁਸਤਕ ਹੈ।

'ਨਿੱਕੀਆਂ ਕਰੂੰਬਲਾਂ' ਪ੍ਰਕਾਸ਼ਨ ਮਾਹਿਲਪੁਰ ਵੱਲੋਂ ਆਯੋਜਿਤ ਇਸ ਲੋਕ ਅਰਪਣ ਸਮਾਗਮ ਦਾ ਮੰਚ ਸੰਚਾਲਨ ਨੌਜਵਾਨ ਸੁਖਮਨ ਸਿੰਘ ਨੇ ਕੀਤਾ। ਇਸ ਪੁਸਤਕ ਦੇ ਪ੍ਰਕਾਸ਼ਕ ਅਜੈ ਕੁਮਾਰ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਉਸ ਲਈ ਇਹ ਮਾਣ ਵਾਲੀ ਗੱਲ ਹੈ ਕਿ ਵਿਸ਼ਾਲ ਪੁਆਰ ਉਸ ਦਾ ਨਿੱਘਾ ਦੋਸਤ ਹੈ। ਸ਼ਾਇਰ ਵਿਸ਼ਾਲ ਪੁਆਰ ਟੂਟੋਮਜਾਰਵੀ ਨੂੰ ਸਨਮਾਨਿਤ ਵੀ ਕੀਤਾ ਗਿਆ। ਦਰਸ਼ਨ ਸਿੰਘ ਦਰਸ਼ੀ ਨੇ ਧੰਨਵਾਦ ਕੀਤਾ।ਇਸ ਮੌਕੇ ਮਾਤਾ ਸਤਵੀਰ ਕੌਰ, ਜਸਕਰਨ ਪੁਆਰ, ਗੁਰਵਿੰਦਰ, ਗੁਲਰਫੀਆ ਪੁਆਰ, ਦਵਿੰਦਰ ਸਿੰਘ, ਬਲਵਿੰਦਰ ਕੌਰ, ਮਦਨ ਲਾਲ ਮੱਦੋ, ਹਰਪ੍ਰੀਤ ਝੱਲੀ, ਸਰਪੰਚ ਨਛੱਤਰ ਸਿੰਘ, ਬਲਜੀਤ ਸਿੰਘ, ਹਰਵੀਰ ਮਾਨ, ਹਰਮਨਪ੍ਰੀਤ ਕੌਰ ਅਤੇ ਰੇਸ਼ਮ ਸਿੰਘ ਸਮੇਤ ਸਾਹਿਤ ਪ੍ਰੇਮੀ ਸ਼ਾਮਲ ਹੋਏ।

# ਚਰਿੱਤਰ ਦੀ ਉਸਾਰੀ ਵਿੱਚ ਬਾਲ ਸਾਹਿਤ ਦੀ ਭੂਮਿਕਾ ਅਹਿਮ : ਬਲਦੇਵ ਸਿੰਘ ਸੜਕਨਾਮਾ

**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਸਿਰਮੌਰ ਪੰਜਾਬੀ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨਾਲ ਰੂ-ਬ-ਰੂ ਸਮਾਗਮ ਰਚਾਇਆ ਗਿਆ, ਜਿਸ ਦੀ ਪ੍ਰਧਾਨਗੀ ਉੱਘੇ ਲੇਖਕ ਅਤੇ ਆਲੋਚਕ ਡਾ. ਸੁਰਜੀਤ ਬਰਾੜ ਨੇ ਕੀਤੀ ਅਤੇ ਡਾ. ਸੰਪੂਰਨ ਸਿੰਘ ਟੱਲੇਵਾਲੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਾਹਿਤਕਾਰਾਂ ਨਾਲ ਸਾਹਿਤਕ ਮਿਲਣੀ ਦੌਰਾਨ ਪਹਿਲੀ ਵਾਰ ਨਾਗਮਣੀ ਵਿੱਚ ਛਪਣ ਤੋਂ ਲੈ ਕੇ ਹੁਣ ਤੱਕ ਦੀਆਂ



ਚੁਣੌਤੀਆਂ ਅਤੇ ਪ੍ਰਾਪਤੀਆਂ ਸੰਬੰਧੀ ਗੱਲਬਾਤ ਕਰਦਿਆਂ ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਪ੍ਰਸਥਿਤੀਆਂ ਹੀ ਵਿਅਕਤੀ ਨੂੰ ਲੇਖਕ ਬਣਾ ਦੇਣ ਦੇ ਸਮਰੱਥ ਹੁੰਦੀਆਂ ਹਨ। ਬਾਲ ਸਾਹਿਤ ਵਿੱਚ ਪਹਿਲੀ ਵਾਰ ਗ਼ਜ਼ਲ ਵਿਧਾ ਲਿਆਉਣ ਵਾਲੇ ਬਾਲ-ਗ਼ਜ਼ਲਕਾਰ ਜਗਜੀਤ ਸਿੰਘ ਲੱਡਾ ਦੇ ਦੋ ਬਾਲ ਗ਼ਜ਼ਲ-ਸੰਗ੍ਰਹਿ 'ਸੁਰੀਲੇ ਸਾਜ਼' ਅਤੇ 'ਪੰਜਾਬੀ ਕਲਮਾਂ' ਲੋਕ ਅਰਪਣ ਕਰਨ ਤੋਂ ਬਾਅਦ ਸਮਕਾਲੀ ਬਾਲ-ਸਾਹਿਤ ਦੀ ਦਸ਼ਾ ਅਤੇ ਦਿਸ਼ਾ ਬਾਰੇ ਚਰਚਾ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਚਰਿੱਤਰ ਦੀ ਉਸਾਰੀ ਵਿੱਚ ਬਾਲ-ਸਾਹਿਤ ਦੀ ਭੂਮਿਕਾ ਅਹਿਮ ਹੁੰਦੀ ਹੈ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਬਲਦੇਵ ਸਿੰਘ ਸੜਕਨਾਮਾ ਦਾ ਅਣਗੌਲੇ ਇਤਿਹਾਸਕ ਨਾਇਕਾਂ ਨੂੰ ਉਭਾਰਨਾ ਹਮੇਸ਼ਾ ਯਾਦ ਰੱਖਿਆ ਜਾਵੇਗਾ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਸੁਰਜੀਤ ਬਰਾੜ ਨੇ ਕਿਹਾ ਕਿ ਬਲਦੇਵ ਸਿੰਘ ਸੜਕਨਾਮਾ ਕੇਵਲ ਪੰਜਾਬ ਵਿੱਚ ਹੀ ਨਹੀਂ, ਬਲਕਿ ਵਿਦੇਸ਼ਾਂ ਵਿੱਚ ਵੀ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ ਹੈ। ਜਗਜੀਤ ਸਿੰਘ ਲੱਡਾ ਨੇ ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸੰਬੰਧੀ ਚਰਚਾ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਵਿਗਿਆਨਕ ਸੂਝ-ਬੂਝ ਦੇਣਾ ਹੀ ਉਨ੍ਹਾਂ ਦੀ ਲੇਖਣੀ ਦਾ ਮੁੱਖ ਮੰਤਵ ਹੈ। ਇਸ ਮੌਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਲਈ ਸਭਾ ਵੱਲੋਂ ਬਲਦੇਵ ਸਿੰਘ ਸੜਕਨਾਮਾ ਅਤੇ ਜਗਜੀਤ ਸਿੰਘ ਲੱਡਾ ਨੂੰ ਸਨਮਾਨਿਤ ਵੀ ਕੀਤਾ ਗਿਆ।

ਉਪਰੰਤ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਜਗਜੀਤ ਸਿੰਘ ਲੱਡਾ, ਹਮੀਰ ਸਿੰਘ, ਰਣਜੀਤ ਕੌਰ, ਦੀਪਿੰਦਰ ਕੌਰ, ਗੋਬਿੰਦ ਸਿੰਘ, ਬਲਦੇਵ ਸਿੰਘ, ਚਰਨਜੀਤ ਸਿੰਘ ਸਮਾਲਸਰ, ਜਸਵੰਤ ਗਿੱਲ ਸਮਾਲਸਰ, ਰਜਿੰਦਰ ਸਿੰਘ ਰਾਜਨ, ਅਵਤਾਰ ਸਿੰਘ ਮਾਨ, ਕਰਮ ਸਿੰਘ ਜ਼ਖ਼ਮੀ, ਹਾਕਮ ਸਿੰਘ ਰੂੜੇਕੇ, ਪੰਥਕ ਕਵੀ ਲਾਭ ਸਿੰਘ ਝੰਮਟ, ਸੁਰਜੀਤ ਸਿੰਘ ਮੌਜੀ, ਗੁਰਜੰਟ ਸਿੰਘ ਫ਼ੌਜੀ, ਜੰਗੀਰ ਖੋਖਰ ਮੋਗਾ, ਦਰਸ਼ਨ ਸਿੰਘ ਗੁਰੂ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਡਾ. ਸੁਰਜੀਤ ਬਰਾੜ, ਕੁਲਵਿੰਦਰ ਸਿੰਘ ਜੱਖਲਾਂ, ਚਰਨਜੀਤ ਸਿੰਘ ਮੀਮਸਾ, ਇੰਦਰਪ੍ਰੀਤ ਕੌਰ, ਗੁਰੀ ਚੰਦੜ, ਨੂਰਪ੍ਰੀਤ ਕੌਰ, ਰਾਜ ਰਾਣੀ, ਸੁਖਨਦੀਪ ਕੌਰ, ਖੁਸ਼ਪ੍ਰੀਤ ਕੌਰ, ਗੁਰਸਿਮਰ ਕੌਰ, ਰੇਣੂ ਬਾਲਾ, ਵਿਧੀ ਸ਼ਰਮਾ, ਪਵਨ ਕੁਮਾਰ ਹੋਸ਼ੀ, ਸਰਬਜੀਤ ਸੰਗਰੂਰਵੀ, ਬਹਾਦਰ ਸਿੰਘ ਧੌਲਾ, ਰਣਬੀਰ ਸਿੰਘ ਪ੍ਰਿੰਸ, ਏਕਮਦੀਪ ਸਿੰਘ, ਹਰਜੋਤ ਸਿੰਘ, ਰਾਜਦੀਪ ਸਿੰਘ, ਬਕਸ਼ੀ ਰਾਮ, ਗੁਰਦਿਆਲ ਸਿੰਘ, ਬਲਬੀਰ ਸਿੰਘ, ਹਰਪ੍ਰੀਤ ਸਿੰਘ, ਬਲਵੰਤ ਸਿੰਘ, ਉਜਾਗਰ ਸਿੰਘ, ਮਨਜੀਤ ਸਿੰਘ ਅਤੇ ਭੁਪਿੰਦਰ ਸਿੰਘ ਆਦਿ ਵੱਡੀ ਗਿਣਤੀ ਵਿੱਚ ਕਵੀਆਂ ਨੇ ਹਿੱਸਾ ਲਿਆ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

# ਅਕਾਦਮੀ ਵੱਲੋਂ ਸੋਮਾ ਸਬਲੋਕ ਦੇ ਸੰਗ੍ਰਹਿ 'ਸਕੂਨ ਭਾਲਦਾ ਮਨੁੱਖ' 'ਤੇ ਚਰਚਾ



**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਗੁਰੂ ਤੇਗ ਬਹਾਦਰ ਨੈਸ਼ਨਲ ਕਾਲਜ ਦਾਖਾ ਵਿਖੇ ਇੱਕ ਪੁਸਤਕ ਸੰਵਾਦ-17ਵਾਂ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਬਲਵਿੰਦਰ ਗਰੇਵਾਲ ਨੇ ਕੀਤੀ ਤੇ ਉਹਨਾਂ ਨਾਲ ਮੁੱਖ ਮਹਿਮਾਨ ਵਜੋਂ ਡਾ. ਪ੍ਰਵੀਨ ਕੁਮਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸ਼ਾਮਲ ਹੋਏ। ਇਸ ਸਮਾਗਮ ਵਿੱਚ ਕਥਾਕਾਰ ਸੋਮਾ ਸਬਲੋਕ ਦੇ ਕਹਾਣੀ ਸੰਗ੍ਰਹਿ 'ਸਕੂਨ ਭਾਲ਼ਦਾ ਮਨੁੱਖ' ਉੱਪਰ ਵਿਚਾਰ ਚਰਚਾ ਕੀਤੀ ਗਈ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਣਧੀਰ ਸਿੰਘ ਸੇਖੋਂ ਨੇ ਹਾਜ਼ਰੀਨ ਨੂੰ ਜੀ ਆਇਆਂ ਕਹਿੰਦੇ ਹੋਏ, ਵਿਦਿਆਰਥੀਆਂ ਨੂੰ ਆਏ ਵਿਦਵਾਨਾਂ ਦੇ ਵਿਚਾਰ ਸੁਣ ਕੇ ਅਮਲ ਕਰਨ ਲਈ ਪ੍ਰੇਰਨਾ ਦਿੱਤੀ। ਲੇਖਕਾਂ ਦਾ ਸੁਆਗਤ ਕਾਲਜ ਦੇ ਪੰਜਾਬੀ ਵਿਭਾਗ ਦੇ ਪ੍ਰੋ. ਡਾ. ਹਰਜੀਤ ਸਿੰਘ ਨੇ ਸਟੇਜ ਸੰਚਾਲਕ ਦੀ ਭੂਮਿਕਾ ਨਿਭਾਉਂਦੇ ਹੋਏ ਸਮਾਗਮ ਦੀ ਰੂਪ-ਰੇਖਾ ਸੰਖੇਪ ਵਿਚ ਸਾਂਝੀ ਕੀਤੀ। ਅਲੋਚਕ ਨਿਰੰਜਨ ਬੋਹਾ ਨੇ ਆਪਣਾ ਪੇਪਰ ਪੜ੍ਹਦਿਆਂ ਕਿਹਾ ਕਿ ਸੰਚਾਰ ਸਾਧਨਾਂ ਨੇ ਮਨੁੱਖ ਨੂੰ ਆਪਣੀ ਗ੍ਰਿਫਤ ਵਿੱਚ ਜਕੜ ਲਿਆ ਹੈ। ਸੰਸਾਰੀਕਰਨ ਨੇ ਬਜ਼ਾਰੀਕਰਨ ਦਾ ਰੂਪ ਧਾਰ ਲਿਆ ਹੈ। ਸਿਰਲੇਖ ਵਾਲੇ ਨਾਂਅ ਦੀ ਭਾਵੇਂ ਕੋਈ ਕਹਾਣੀ ਸੰਗ੍ਰਹਿ ਵਿੱਚ ਨਹੀਂ ਹੈ, ਪਰ ਸਾਰੀਆਂ ਕਹਾਣੀਆਂ ਸਮੁੱਚੇ ਰੂਪ ਵਿੱਚ ਸਕੂਨ ਭਾਲਦੇ ਮਨੁੱਖ ਦੀਆਂ ਕਹਾਣੀਆਂ ਹਨ। ਵਿਚਾਰਧਾਰਕ ਪਰਪੱਕਤਾ ਸਮਾਜਿਕ ਪ੍ਰਬੰਧ ਨੂੰ ਗੈਰ ਜ਼ਿੰਮੇਵਾਰ ਤਰੀਕੇ ਨਾਲ ਨਹੀਂ ਤੋੜਦੀ, ਸਗੋਂ ਦੱਸਦੀ ਹੈ ਕਿ ਮਰਦ ਪ੍ਰਧਾਨ ਸਮਾਜ ਨੂੰ ਚੁਣੌਤੀ ਕਿਵੇਂ ਦਿੱਤੀ ਜਾਵੇ। ਡਾ. ਸੰਦੀਪ ਰਾਣਾ ਨੇ ਆਪਣੇ ਪੇਪਰ ਵਿੱਚ ਕਿਹਾ ਕਿ ਇਸ ਸੰਗ੍ਰਹਿ ਦੀਆਂ ਕਹਾਣੀਆਂ, ਜੀਵਨ ਦੇ ਮਨੋਵਿਗਿਆਨਿਕ ਵਿਸ਼ਲੇਸ਼ਣ ਦੇ ਦਵੰਧਾਂ ਦੀਆਂ ਕਹਾਣੀਆਂ ਹਨ। ਵੱਖੋ-ਵੱਖਰੀਆਂ ਮਨੁੱਖੀ ਭਾਵਨਾਵਾਂ ਨੂੰ ਕਲਾਤਮਿਕ ਢੰਗ ਨਾਲ ਪੇਸ਼ ਕਰਦੀਆਂ ਕਹਾਣੀਆਂ ਹਨ। ਪੜ੍ਹੇ ਗਏ ਪੇਪਰਾਂ ਉੱਤੇ ਸੰਵਾਦ ਦਾ ਆਰੰਭ ਕਰਦਿਆਂ ਡਾ. ਸਰਬਜੋਤ ਸਿੰਘ ਨੇ ਕਿਹਾ ਕਿ ਇਸ ਪੁਸਤਕ ਵਿੱਚ ਦਸ ਕਹਾਣੀਆਂ ਹਨ, ਜੋ ਸਮਾਜਿਕ ਮਨੁੱਖੀ ਮਸਲਿਆਂ ਨਾਲ ਦਸਤਪੰਜਾ ਲੈਂਦੀਆਂ ਹਨ । ਡਾ. ਹਰੀਸ਼ ਸ਼ਰਮਾ ਨੇ ਕਿਹਾ ਕਿ ਕਹਾਣੀਆਂ ਵਿਚ ਹਿੰਦੂ ਸਮਾਜ ਤੇ ਹਿੰਦੀ ਨਾਵਾਂ ਨਾਲ ਕੋਈ ਸਮੱਸਿਆ ਨਹੀਂ ਉਪਜਦੀ। ਇਸਤਰੀ ਹੁਣ ਆਪਣੀ ਗੱਲ ਆਪ ਕਰ ਰਹੀ ਹੈ। ਸ੍ਰੀ ਨਵਤੇਜ ਗੜ੍ਹਦੀਵਾਲਾ ਨੇ ਕਿਹਾ ਕਿ ਕਹਾਣੀਆਂ ਔਰਤਾਂ, ਖਾਸ ਕਰਕੇ ਲੜਕੀਆਂ ਦੇ ਲਈ ਪੜ੍ਹਨ ਯੋਗ ਹਨ। ਡਾ. ਜਗਵਿੰਦਰ ਜੋਧਾ ਨੇ ਕਿਹਾ ਕਿ ਕਹਾਣੀਆਂ ਬਾਰੇ ਘੋਖਵੀਂ ਗੱਲ ਨਹੀਂ ਹੋਈ, ਰਿਵਾਇਤ ਹੀ ਪਾਲੀ ਗਈ ਹੈ। ਕਹਾਣੀਆਂ ਦਾ ਸਾਰ ਸਿਰਲੇਖ ਵਿੱਚ ਪਿਆ ਹੈ। ਮਰਦ ਖਿਲਾਫ ਗੱਲ ਕਰਨ ਦੀ ਥਾਂ ਸਾਨੂੰ ਪਿਤਰਕੀ ਸੰਬੰਧਾਂ ਵੱਲ ਵਧੇਰੇ ਸਪੱਸ਼ਟ ਹੋਣਾ ਪਏਗਾ। ਮੁੱਖ ਮਹਿਮਾਨ ਡਾ. ਪਰਵੀਨ ਕੁਮਾਰ ਨੇ ਕਿਹਾ ਕਿ ਪੇਪਰਾਂ ਵਿੱਚ ਉੱਭਰ ਕੇ ਆਇਆ ਹੈ ਕਿ ਔਰਤਾਂ ਸੰਘਰਸ਼ ਨਹੀਂ ਕਰ ਰਹੀਆਂ, ਪਰ ਸਮਕਾਲ ਨਾਲ ਮੱਥਾ ਲਾਉਣਾ ਸੂਰਮਗਤੀ ਦਾ ਕੰਮ ਹੈ। ਜਿਸ ਵਿੱਚ ਲੇਖਕਾ ਸੋਮਾ ਸਬਲੋਕ ਸਫਲ ਹੋਈ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬਲਵਿੰਦਰ ਗਰੇਵਾਲ ਨੇ ਕਿਹਾ ਕਿ ਵੱਖ-ਵੱਖ ਪਾਤਰਾਂ ਦੀਆਂ ਗੱਲਾਂ ਦੀ ਵਿਆਖਿਆ ਕਰਦੀਆਂ ਔਰਤ ਦੇ ਸੰਘਰਸ਼ ਦੀਆਂ ਇਸ ਪੁਸਤਕ 'ਚ ਕਹਾਣੀਆਂ ਹਨ। ਕਾਲਜ ਦੇ ਪ੍ਰਿੰਸੀਪਲ ਡਾ. ਸੰਦੀਪ ਕਟਾਰੀਆ ਨੇ ਹਾਜ਼ਰੀਨ ਦਾ ਸੁਆਗਤ ਕਰਦੇ ਹੋਏ ਪੰਜਾਬੀ ਸਾਹਿਤ ਅਕਾਡਮੀ ਦੇ ਉਪਰਾਲੇ ਦੀ ਸ਼ਲਾਘਾ ਕਰਦੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਹੋਣ ਨਾਲ ਵਿਦਿਆਰਥੀਆਂ ਨੂੰ ਬਹੁਤ ਲਾਭ ਪ੍ਰਾਪਤ ਹੁੰਦਾ ਹੈ। ਮਨਦੀਪ ?ਕੌਰ ਭੰਵਰਾਂ ਨੇ ਸੰਵਾਦ ਵਿਚ ਭਾਗ ਲੈਂਦਿਆਂ ਸੋਮਾ ਦੀਆਂ ਕਹਾਣੀਆਂ ਨੂੰ ਜੁਅਰਤਮੰਦ ਅਤੇ ਸੰਤੁਲਤ ਪਹੁੰਚ ਦੀਆਂ ਕਹਾਣੀਆਂ ਕਿਹਾ । ਅਖੀਰ ਵਿਚ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਇਸ ਸਮੇਂ ਅਕਾਡਮੀ ਦੇ ਬਹੁਤ ਸਾਰੇ ਅਹੁਦੇਦਾਰ ਪਹੁੰਚੇ ਹਨ। ਉਨ੍ਹਾ ਸਾਰਿਆਂ ਸਮੇਤ ਕਾਲਜ ਪ੍ਰਿੰਸੀਪਲ ਅਤੇ ਕਾਲਜ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਵਿਸ਼ੇਸ਼ ਪੁਸਤਕ 'ਤੇ ਸੰਵਾਦ ਕਿਉਂ ਰਚਾਇਆ ਹੈ। ਅੰਤ ਵਿੱਚ ਲੇਖਿਕਾ ਸੋਮਾ ਸਬਲੋਕ ਨੇ ਪੰਜਾਬੀ ਸਾਹਿਤ ਅਕਾਡਮੀ ਦਾ ਧੰਨਵਾਦ ਕੀਤਾ ।

# ਸੁਰਿੰਦਰਪ੍ਰੀਤ ਘਣੀਆਂ ਦਾ ਸਨਮਾਨ

**ਬਠਿੰਡਾ**-ਸਿੱਖਿਆ, ਸਾਹਿਤ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਦੇਸ਼ ਦੇ 15 ਰਾਜਾਂ ਵਿੱਚ ਕਾਰਜਸ਼ੀਲ ਉੱਤਰ ਪ੍ਰਦੇਸ਼ ਦੀ ਆਸ਼ੀਰਵਾਦ ਸੇਵਾ ਸੰਸਥਾ ਵੱਲੋਂ ਸੁਰਿੰਦਰਪ੍ਰੀਤ ਘਣੀਆਂ ਦੇ ਸਨਮਾਨ ਵਿੱਚ ਸਨਮਾਨ ਸਮਾਰੋਹ ਅਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਗੁਰਦੇਵ ਖੋਖਰ ਨੇ ਕੀਤੀ, ਜਦੋਂ ਕਿ ਸਿੱਖਿਆ ਸ਼ਾਸਤਰੀ ਪ੍ਰਿੰ. ਮੋਨਿਕਾ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਪ੍ਰਧਾਨਗੀ ਮੰਡਲ ਵਿੱਚ ਜਸਪਾਲ ਮਾਨਖੇੜਾ, ਡੀ.ਕੇ. ਗੌਤਮ, ਅੰਮ੍ਰਿਤ ਕਲੇਰ ਅਤੇ ਜਗਮੇਲ ਸਿੰਘ ਜਠੌਲ ਸੁਸ਼ੋਭਤ ਸਨ।ਮੰਚ ਸੰਚਾਲਕ ਮੀਤ ਬਠਿੰਡਾ ਦੇ ਸੱਦੇ 'ਤੇ ਡੀ. ਕੇ. ਗੌਤਮ ਨੇ ਹਾਜ਼ਰੀਨ ਨੂੰ ਹਾਰਦਿਕ ਜੀ ਆਇਆਂ ਕਹਿੰਦਿਆਂ ਆਸ਼ੀਰਵਾਦ ਸੇਵਾ ਸੰਸਥਾ ਦੇ ਉਦੇਸ਼ ਅਤੇ ਕਾਰਜ ਖੇਤਰ ਬਾਰੇ ਜਾਣਕਾਰੀ ਦਿੱਤੀ।



ਸੁਰਿੰਦਰਪ੍ਰੀਤ ਘਣੀਆਂ ਬਾਰੇ ਬੋਲਦਿਆਂ ਜਸਪਾਲ ਮਾਨਖੇੜਾ ਨੇ ਉਸ ਨੂੰ ਨਾਬਰੀ ਦਾ ਸ਼ਾਇਰ ਕਿਹਾ ।ਇਸ ਤੋਂ ਇਲਾਵਾ ਚੰਦ ਸ਼ਰਮਾ ਅਤੇ ਲਛਮਣ ਮਲੂਕਾ, ਦਰਸ਼ਨ ਮੌੜ, ਤਰਸੇਮ ਬਸ਼ਰ, ਗੁਰਦੇਵ ਖੋਖਰ, ਪ੍ਰਿੰ. ਮੋਨਿਕਾ ਸਿੰਘ ਨੇ ਘਣੀਆਂ ਦੀ ਸਿਰਜਣਾ ਤੇ ਸਮਾਜਿਕ ਕਾਰਜਾਂ ਦੀ ਤਰੀਫ਼ ਕੀਤੀ।ਇਸ ਉਪਰੰਤ ਸੁਰਿੰਦਰਪ੍ਰੀਤ ਘਣੀਆਂ ਨੇ ਆਪਣੀ ਕੈਨੇਡਾ ਫੇਰੀ ਦੇ ਅਨੁਭਵ ਅਤੇ ਸ਼ਾਇਰੀ ਸਾਂਝੀ ਕੀਤੀ। ਇਸ ਮੌਕੇ ਉਕਤ ਸੰਸਥਾ ਵੱਲੋਂ ਘਣੀਆਂ ਨੂੰ ਸਨਮਾਨ ਪੱਤਰ ਅਤੇ ਸ਼ਾਲ ਭੇਂਟ ਕਰਕੇ ਉਸ ਦਾ ਸਨਮਾਨ ਕੀਤਾ ਗਿਆ। ਸਮਾਗਮ ਦੇ ਦੂਸਰੇ ਸੈਸ਼ਨ ਵਿੱਚ ਕਵੀ ਦਰਬਾਰ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਸਾਹਿਤ ਦੀ ਸਟਾਲ ਵੀ ਲਗਾਈ ਗਈ। ਸਮਾਗਮ ਦੇ ਅਖੀਰ ਵਿੱਚ ਜਗਮੇਲ ਸਿੰਘ ਜਠੌਲ ਵੱਲੋਂ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ।

# ਭੀਖੀ ਦਾ ਕਾਵਿ ਸੰਗ੍ਰਹਿ 'ਚੁੱਪ ਦੇ ਸਵਾਲ' 'ਤੇ ਵਿਚਾਰ-ਚਰਚਾ

**ਭੀਖੀ**-ਨਵਯੁਗ ਸਾਹਿਤ ਕਲਾ ਮੰਚ ਭੀਖੀ ਵੱਲੋਂ ਹਰਭਗਵਾਨ ਭੀਖੀ ਦੀ ਕਾਵਿ ਪੁਸਤਕ "ਚੁੱਪ ਦਾ ਸਵਾਲ" 'ਤੇ ਉੱਘੇ ਰੰਗਕਰਮੀ ਤੇ ਫਿਲਮੀ ਅਦਾਕਾਰ ਮਨਜੀਤ ਕੌਰ ਔਲਖ ਦੀ ਪ੍ਰਧਾਨਗੀ ਹੇਠ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ ਵਿਖੇ ਵਿਚਾਰ ਚਰਚਾ ਕਰਵਾਈ ਗਈ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਮਨਜੀਤ ਕੌਰ ਔਲਖ,



ਉੱਘੇ ਆਲੋਚਕ ਕੁਲਦੀਪ ਚੌਹਾਨ, ਡਾ. ਲਕਛਮੀ ਨਰਾਇਣ ਭੀਖੀ, ਡਾ. ਬਿਕਰਜੀਤ ਸਾਧੂਵਾਲਾ ਮੰਚ ਪ੍ਰਧਾਨ, ਕਹਾਣੀਕਾਰ ਭੁਪਿੰਦਰ ਫ਼ੌਜੀ ਅਤੇ ਹਰਭਗਵਾਨ ਭੀਖੀ ਸ਼ਾਮਲ ਹੋਏ। ਡਾ. ਕੁਲਦੀਪ ਚੌਹਾਨ ਨੇ ਆਪਣਾ ਪਰਚਾ ਪੜ੍ਹਦਿਆਂ ਕਿਹਾ ਕਿ ਹਰਭਗਵਾਨ ਭੀਖੀ ਦੀ ਪੁਸਤਕ ਸਮਾਜ ਦੇ ਦੱਬੇ-ਕੁਚਲੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਉਨ੍ਹਾਂ ਦੇ ਸਵਾਲਾਂ ਨੂੰ ਮੁਖਾਤਿਬ ਹੁੰਦੀ ਹੈ ਅਤੇ ਸਮਾਜਿਕ ਵਰਤਾਰਿਆਂ 'ਤੇ ਤਿੱਖੇ ਸਵਾਲ ਕਰਦੀ ਹੈ। ਨਿਰੰਜਣ ਬੋਹਾ ਨੇ ਕਿਹਾ ਕਿ ਹਰਭਗਵਾਨ ਪ੍ਰਗਤੀਵਾਦੀ ਵਿਚਾਰਧਾਰਾ ਦਾ ਨੌਜਵਾਨ ਕਵੀ ਹੈ। ਉਸ ਦੀ ਕਵਿਤਾ ਸਿੱਧੇ ਤੌਰ 'ਤੇ ਵਿਵਸਥਾ ਨੂੰ ਵੰਗਾਰਦੀ ਹੈ। ਲਕਸ਼ਮੀ ਨਰਾਇਣ ਭੀਖੀ ਨੇ ਕਿਹਾ ਕਿ ਲੇਖਕ ਨੇ ਆਪਣੀ ਕਵਿਤਾ ਰਾਹੀਂ ਸਮਾਜ ਦੀ ਫੋਟੋਗ੍ਰਾਫੀ ਕੀਤੀ ਹੈ। ਉਸ ਦੀ ਕਵਿਤਾ ਹਮੇਸ਼ਾ ਸੰਘਰਸ਼ ਕਰਨ ਲਈ ਮਜਬੂਰ ਕਰਦੀ ਹੈ। ਸੁਖਵਿੰਦਰ ਪੱਪੀ ਨੇ ਕਿਹਾ ਕਿ ਹਰਭਗਵਾਨ ਨੇ ਕੇਵਲ ਕਵਿਤਾ ਲਿਖੀ ਹੀ ਨਹੀਂ, ਉਸ ਨੇ ਕਵਿਤਾ ਵਿਚਲੀਆਂ ਸਮੱਸਿਆਵਾਂ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਤੇ ਜੀਵਿਆ ਵੀ ਹੈ। ਅੰਤ 'ਚ ਮਨਜੀਤ ਕੌਰ ਔਲਖ ਨੇ ਕਿਹਾ ਕਿ ਹਰਭਗਵਾਨ ਭੀਖੀ ਆਪਣੀ ਕਵਿਤਾ ਰਾਹੀਂ ਦਲਿਤਾਂ ਦੇ ਦੁੱਖਾਂ-ਤਕਲੀਫਾਂ ਨੂੰ ਬਾਖ਼ੂਬੀ ਬਿਆਨਦਾ ਹੈ । ਚਰਚਾ ਵਿੱਚ ਹੋਰਨਾਂ ਤੋਂ ਇਲਾਵਾ ਡਾ. ਕਰਨੈਲ ਬੈਰਾਗੀ, ਬਿੱਕਰਜੀਤ ਸਿੰਘ ਸਾਧੂਵਾਲਾ, ਮਹਿਕਜੋਤ ਕੌਰ, ਕਿਰਨਾ ਭੀਖੀ ਤੇ ਹੋਰਨਾਂ ਨੇ ਵੀ ਭਾਗ ਲਿਆ। ਮੰਚ ਦੇ ਪ੍ਰਧਾਨ ਭੁਪਿੰਦਰ ਫ਼ੌਜੀ ਨੇ ਸਮਾਗਮ 'ਚ ਪਹੁੰਚੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ। ਉਥੇ ਹੀ ਮੰਚ ਦੇ ਪ੍ਰੈੱਸ ਸਕੱਤਰ ਗੁਰਿੰਦਰ ਔਲਖ ਨੇ ਸਭਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਐੱਸ ਅਮਰੀਕ ਭੀਖੀ ਨੇ ਬਾਖ਼ੂਬੀ ਨਿਭਾਇਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਜ. ਲੱਖਾ ਸਿੰਘ, ਕਰਨ ਭੀਖੀ, ਭਰਭੂਰ ਸਿੰਘ ਮੰਨਣ, ਕਾ. ਧਰਮਪਾਲ ਨੀਟਾ, ਰਾਜਿੰਦਰ ਜਾਫਰੀ, ਅਵਤਾਰ ਡਿਜੀਟਲ, ਜਸਵੰਤ ਮੱਤੀ, ਐੱਮ.ਡੀ. ਸੁਰੇਸ਼ ਕੁਮਾਰ ਸਿੰਗਲਾ, ਡਾ. ਦਰਸ਼ਨ ਕੌਰ, ਮੋਹਨਜੀਤ ਦਲਿਓ, ਆਤਮਾ ਪਰਮਾਰ, ਧੰਨਾ ਮੱਲ ਗੋਇਲ, ਸੁਭਾਸ਼ ਬਿੱਟੂ ਮਾਨਸਾ, ਮਨਮੋਹਨ ਜਿੰਦਲ, ਬਲਕਾਰ ਅਤਲਾ, ਪ੍ਰਿੰਸ ਕੁਮਾਰ, ਬਲਰਾਜ ਕੁਮਾਰ, ਦਲੀਪ ਕੁਮਾਰ, ਬੀਰ ਇੰਦਰ ਬਨਭੌਰੀ, ਮਾ. ਸੁਖਜੀਤ ਚੀਮਾ, ਹਰਜੀਤ ਕੌਰ ਆਦਿ ਹਾਜ਼ਰ ਸਨ।

# ਪਾਠਕਾਂ ਦੇ ਝਰੋਖੇ 'ਚੋਂ

## ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ...

31 ਅਗਸਤ ਦੇ ਨਵਾਂ ਜ਼ਮਾਨਾ ਵਿਚ ਮੁੱਖ ਪੰਨੇ 'ਤੇ ਨਾਵਲਕਾਰ ਰਾਮ ਸਰੂਪ ਅਣਖੀ ਦਾ ਲਿਖਿਆ ਸ਼ਬਦ ਚਿਤਰ ਮਹਿਤਾਬੀ ਡਬੀ ਦਾ ਚਾਨਣ ਪੜ੍ਹਿਆ।ਗੁਰਚਰਨ ਚਾਹਲ ਭੀਖੀ ਦੇ ਕਹਾਣੀਕਾਰ ਬਨਣ ਵਿੱਚ ਅਣਖੀ ਦੀ ਸੁਚਜੀ ਅਗਵਾਈ ਸੀ ਨਾਲ ਹੀ ਸ਼ੋਭਾ ਨੂੰ ਗੁਜਰਾਤ ਤੋਂ ਵਿਆਹ ਕੇ ਲਿਆਉਣ ਦਾ ਪ੍ਰਸੰਗ ਬਹੁਤ ਦਿਲਚਸਪੀ ਨਾਲ ਪੜ੍ਹਿਆ। ਭਾਈ ਬਾਲੇ ਦੀ ਜਨਮਸਾਖੀ ਵਿਚ ਭਾਈ ਬਾਲੇ ਦੀ ਹੋਂਦ ਅਣਹੋਂਦ ਬਾਰੇ ਲੰਮੀ ਚੌੜੀ ਖੋਜ ਦੀ ਜਾਣਕਾਰੀ ਡਾ. ਜਵਿੰਦਰ ਸਿੰਘ ਭੁੱਲਰ ਦੇ ਲੇਖ ਵਿੱਚ ਪੜ੍ਹੀ।ਬਾਲਾ ਗੁਰੂ ਨਾਨਕ ਦੇਵ ਦਾ ਸਾਥੀ ਤਾਂ ਸੀ ਕਈ ਤਸਵੀਰਾਂ ਵਿੱਚ ਉਸਦਾ ਜ਼ਿਕਰ ਹੈ, ਕਈ ਪ੍ਰਚਾਰਕ ਵੀ ਮੰਨਦੇ ਹਨ, ਪਰ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਭਾਈ ਬਾਲੇ ਦਾ ਜ਼ਿਕਰ ਨਾ ਹੋਣਾ ਤੇ ਭਾਈ ਬਾਲੇ ਦੀ ਜਨਮਸਾਖੀ ਲਿਖਣ ਦਾ ਅਧਾਰ ਤੇ ਲਿਖਣ ਸਮਾਂ ਨਾ ਪਤਾ ਲੱਗਣਾ ਇਸ ਗੱਲ ਨੂੰ ਪੱਕਾ ਕਰਦੇ ਹਨ ਕਿ ਬਾਲਾ ਗੁਰੂ ਸਾਹਿਬ ਦਾ ਸਾਥੀ ਨਹੀਂ ਸੀ।ਹੋਰ ਵੀ ਕਈ ਪ੍ਰਮਾਣ ਲੇਖਕ ਨੇ ਲਿਖੇ ਹਨ।ਵੱਖ ਵੱਖ ਇਤਿਹਾਸਕਾਰਾਂ ਦੇ ਵਿਚਾਰ ਵੀ ਇਸ ਬਾਰੇ ਵੱਖੋ ਵੱਖਰੇ ਹਨ।ਕਰਤਾਰਪੁਰ ਸਾਹਿਬ ਵਿੱਚ ਬਾਲੇ ਦਾ ਗੁਰੂ ਜੀ ਕੋਲ ਨਾ ਜਾਣਾ ਵੀ ਇਸ ਸ਼ੱਕ ਨੂੰ ਪੱਕਾ ਕਰਦਾ ਹੈ।ਖੈਰ ਇਹ ਇਤਿਹਾਸ ਦੀ ਖੋਜ ਹੈ।ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ ਦੀਆਂ ਮਿੰਨੀ ਕਹਾਣੀਆ ਵਾਕਈ ਆਕਾਰ ਵਿੱਚ ਮਿੰਨੀ ਹਨ।ਫਿਕਰ, ਮਖੌਟਾ ਦਾਜ ਕਤਲ ਧੀ ਚੰਗੀਆਂ ਰਚਨਾਵਾਂ ਹਨ। ਹਿੰਦੀ ਮਿੰਨੀ ਕਹਾਣੀ ਦਾ ਪ੍ਰੋ. ਨਵਸੰਗੀਤ ਸਿੰਘ ਦਾ ਅਨੁਵਾਦ ਬਹੁਤ ਚੰਗਾ ਤੇ ਮਿਆਰੀ ਹੈ। ਸੁਰਜੀਤ ਸੁਮਨ ਦੇ 'ਸ਼ੀਸੇ ਵਾਲੇ' ਕਾਲਮ ਵਿੱਚ ਪੰਜਾਬ ਦੇ ਹੜ੍ਹਾਂ ਦਾ ਜ਼ਿਕਰ ਕੀਤਾ ਹੈ।ਇਸ ਵੇਲੇ ਪਤਾ ਲਗਦਾ ਹੈ ਕਿ ਸਾਡੇ ਦੁੱਖਾਂ ਵੇਲੇ ਸ਼ੁਭ ਚਿੰਤਕ ਕੌਣ ਹਨ।ਕੇਂਦਰ ਨੇ ਅਜੇ ਤੱਕ ਬਣਦੀ ਵਿੱਤੀ ਸਹਾਇਤਾ ਨਹੀਂ ਦਿੱਤੀ। ਪੰਜਾਬ ਸਰਕਾਰ ਕਈ ਵਾਰ ਕਹਿ ਚੁੱਕੀ ਹੈ।ਦੇਸ਼ ਦਾ ਢਿੱਡ ਭਰਨ ਵਾਲਾ ਪੰਜਾਬ ਅੱਜ ਕੇਂਦਰ ਵੱਲ ਵੇਖ ਰਿਹਾ ਹੈ। ਇਹ ਬਹੁਤ ਵਡੀ ਅਕ੍ਰਿਤਘਣਤਾ ਹੈ।ਇਸ ਦਾ ਖਮਿਆਜ਼ਾ ਭਾਜਪਾ ਨੂੰ ਭੁਗਤਣਾ ਪਵੇਗਾ।ਫੋਕਸ ਵਿੱਚ 'ਡਲਿਵਰੀ ਮੈਨ' ਦੀ ਸਮੀਖੀਆ ਪੜ੍ਹ ਕੇ ਕਹਾਣੀਆ ਦੀ ਜਾਣਕਾਰੀ ਮਿਲੀ। ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ ਵਿੱਚ ਦਲਿਤ ਚੇਤਨਾ ਦਾ ਜ਼ਿਕਰ ਅਕਸਰ ਹੁੰਦਾ ਹੈ।

ਡਾ. ਕੁਲਵਿੰਦਰ ਸਿੰਘ ਨੇ ਕਿਤਾਬ ਦਾ ਗਹਿਰਾ ਵਿਸ਼ਲੇਸ਼ਣ ਕੀਤਾ।ਕਿਤਾਬਾਂ ਸਿੱਖ ਰਾਜ ਦਾ ਪਤਨ, ਪਿਆਸੀਆਂ ਚਿੜੀਆ ਤੇ ਮੇਰੇ ਪਿੰਡ ਦੀ ਮਿੱਟੀ ਦੀ ਭਰਵੀਂ ਜਾਣਕਾਰੀ ਗੋਪਾਲ ਸਿੰਘ ਬੁੱਟਰ, ਮਨਦੀਪ ਰਿੰਪੀ ਤੇ ਤੇਜਾ ਸਿੰਘ ਤਿਲਕ ਨੇ ਦਿੱਤੀ ਹੈ।

— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਬਿਜੋਏ ਕੁਮਾਰ ਸਿਨਹਾ : ਅਨਿਲ ਰਾਜੀਮਵਾਲੇ

ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ-3 : ਡਾ. ਜਸਵਿੰਦਰ ਸਿੰਘ ਭੁੱਲਰ

'ਗੁਨਾਹਗਾਰ' : ਹਰੀਸ਼ ਜੈਨ (ਫੋਕਸ) ਡਾ. ਚੰਦਰ ਪ੍ਰਕਾਸ਼

ਸੁਰਿੰਦਰ ਕੈਲੇ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਤਾਸਮਨ : ਸੁਖਪਾਲ ਦੀ ਲੰਮੀ ਕਵਿਤਾ 'ਗੰਧਾਰੀ'

ਤਾਸਮਨ ਦਾ ਨਵਾਂ ਅੰਕ 18 (ਸਤੰਬਰ-ਦਸੰਬਰ, 2025) ਹੁਣੇ ਹੀ ਪੁੱਜਾ ਹੈ। ਪਰਚੇ ਵਿਚ ਹਰ ਵਿਧਾ ਦੇ ਰੰਗ ਨੂੰ ਥਾਂ ਦਿੱਤੀ ਗਈ ਹੈ। ਸੰਪਾਦਕੀ 'ਚ ਸ਼ਬਦਾਂ 'ਤੇ ਪਾਬੰਦੀ' ਤਹਿਤ ਸੱਤਾ ਵੱਲੋਂ ਲਗਾਈ ਕਿਤਾਬਾਂ 'ਤੇ ਪਾਬੰਦੀ ਦੀ ਗੱਲ ਇਤਿਹਾਸਕ ਪ੍ਰਸੰਗ ਵਿੱਚ ਕਰਦਿਆਂ ਸੰਪਾਦਕ ਲਿਖਦਾ ਹੈ, 'ਬਾਜ਼ਾਰ ਵਿਚ ਅਸ਼ਲੀਲਤਾ, ਹਿੰਸਾ, ਹਥਿਆਰ, ਨਸ਼ੇ, ਰਿਸ਼ਤਿਆਂ ਨੂੰ ਬਦਨਾਮ ਕਰਦੇ ਗੀਤ ਧੜਾਧੜ ਪਰੋਸੇ ਜਾ ਰਹੇ ਹਨ। ਫ਼ਿਰਕਾਪ੍ਰਸਤੀ ਪੈਦਾ ਕਰਦੀਆਂ ਫਿਲਮਾਂ ਬਣਾਈਆਂ ਜਾ ਰਹੀਆਂ ਹਨ। ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਮਾਰੂ ਖੇਡਾਂ ਰਾਹੀਂ ਬੱਚਿਆ ਨੂੰ ਮਾਨਸਿਕ ਤੌਰ 'ਤੇ ਬਿਮਾਰ ਕੀਤਾ ਜਾ ਰਿਹਾ ਹੈ। ਸੱਤਾ ਇਹਨਾਂ ਅਲਾਮਤਾਂ ਤੇ ਰੋਕ ਕਿਉਂ ਨਹੀਂ ਲਾ ਰਹੀ ?" ਸੁਖਪਾਲ ਦੀ ਲੰਮੀ ਕਵਿਤਾ 'ਗੰਧਾਰੀ' ਅੰਕ ਦੀ ਪ੍ਰਾਪਤੀ ਹੈ। ਸੁਖਪਾਲ ਨੇ ਮਹਾਂਭਾਰਤ ਦੀਆਂ ਨਾਰੀ ਨਾਇਕਾਵਾਂ ਦ੍ਰੋਪਦੀ ਤੇ ਗੰਧਾਰੀ ਦਾ ਸੰਵਾਦ ਸਿਰਜ ਕੇ ਇਨ੍ਹਾਂ ਨੂੰ ਨਵੇਂ ਅਰਥਾ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ। ਮਹਾਂਭਾਰਤ ਦੀ ਏਸ ਚਿਹਨਕਾਰੀ ਨੂੰ ਸਮਕਾਲ ਨਾਲ ਵੀ ਜੋੜਿਆ ਹੈ। ਅਗਲੇ ਪੰਨਿਆਂ ਉੱਤੇ ਪ੍ਰਸਿੱਧ ਸ਼ਾਇਰ ਕੰਵਲਜੀਤ ਭੁੱਲਰ ਦੇ ਸਵੈ ਕਥਨ ਨਾਲ ਉਸ ਦੀਆਂ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਅੱਗੇ ਬਲਵਿੰਦਰ ਸੰਧੂ, ਸੁਰਿੰਦਰ ਗਿੱਲ ਜੈਪਾਲ, ਦੀਪ ਇੰਦਰ, ਮਨਜੀਤ ਪੁਰੀ, ਰਣਜੀਤ ਸਰਾਂਵਾਲੀ, ਸੁਖਿੰਦਰ, ਕੋਮਲ ਸ਼ਾਇਰ, ਗੁਰਮਾਨ ਸੈਣੀ, ਰਾਜਿੰਦਰ, ਸੁਰਸਿਮਰਨ ਸਿੰਘ, ਸਰਗਮ, ਰਫ਼ਾਤ ਅਲਅਗੀਰ ਦੀਆਂ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਚਰਚਿਤ ਗ਼ਜ਼ਲਗੋ ਵਾਹਿਦ ਦੀਆਂ ਮਹੱਤਵਪੂਰਨ ਚਾਰ ਗ਼ਜ਼ਲਾਂ ਪੜ੍ਹਨਯੋਗ ਹਨ।




ਇਲਿਆਸ ਘੁੰਮਣ ਵੱਲੋਂ ਨੁਸਰਤ ਫ਼ਤਹਿ ਅਲੀ ਖ਼ਾਂ ਬਾਰੇ ਲਿਖੀ ਲਿਖਤ ਕਈ ਪਹਿਲੂਆਂ ਤੋਂ ਮਹੱਤਵਪੂਰਨ ਹੈ। ਘੁੰਮਣ ਨੇ ਸ਼ਬਦਾਂ ਰਾਹੀਂ ਨੁਸਰਤ ਨੂੰ ਸਾਡੇ ਸਾਹਵੇਂ ਖੜਾ ਕਰ ਦਿੱਤਾ ਹੈ। ਇਸ ਦਾ ਲਿਪੀਅੰਤਰ ਜੋਗਿੰਦਰ ਪਾਲ ਮਾਨ ਨੇ ਕੀਤਾ ਹੈ। ਅਗਲੀ ਲਿਖਤ ਮਕਬੂਲ ਫ਼ਿਦਾ ਹੁਸੈਨ ਬਾਰੇ ਹੈ। ਜਿਸ ਨੂੰ ਜਾਵੇਦ ਸਿੱਦੀਕੀ ਨੇ ਲਿਖਿਆ ਹੈ। ਸ਼ਬਦਾਂ ਨਾਲ ਜਾਵੇਦ ਨੇ ਹੱਡ ਮਾਸ ਦਾ ਹੁਸੈਨ ਸ਼ਬਦਾਂ ਨਾਲ ਚਿੱਤਰ ਦਿੱਤਾ ਹੈ। ਅਗਲੇ ਪੰਨਿਆਂ ਉੱਤੇ ਚਾਰ ਪੰਜਾਬੀ ਕਹਾਣੀਆਂ ਛਪੀਆਂ ਹਨ। ਜਤਿੰਦਰ ਹਾਂਸ (ਹੇਠਲ਼ੀ ਉੱਤੇ-ਉਤਲਾ ਹੇਠ), ਅਨੇਮਨ ਸਿੰਘ (13 ਜੋ ਤੇਰਾ ਨਹੀਂ), ਬਲਵਿੰਦਰ ਬੁਲਟ (ਕਿਸ਼ਨ ਕਨ੍ਹੱਈਆ), ਹਰਪਾਲ ਸਿੰਘ ਸੰਧਾਵਾਲੀਆ ( ਆਪਣੀ ਮਰਜ਼ੀ) ਦੀਆਂ ਕਹਾਣੀਆਂ ਦੇ ਮਿਆਰ ਦਾ ਫੈਸਲਾ ਪਾਠਕਾਂ ਖੁਦ ਕਰਨਗੇ। ਆਤਮਜੀਤ ਨੇ ਏ. ਆਈ. ਦੇ ਪ੍ਰਸੰਗ ਵਿੱਚ 'ਕੁਦਰਤ, ਅਦਬ, ਮਸ਼ੀਨ ਤੇ ਮਾਨਵ' ਤਹਿਤ ਅਦਬ ਦੀ ਸਦੀਵੀ ਹੋਂਦ ਦੀ ਗੱਲ ਕੀਤੀ ਹੈ। ਵਰਿਆਮ ਸਿੰਘ ਸੰਧੂ ਨੇ ਮਾਸਟਰ ਸੁਖਦੇਵ ਸਿੰਘ ਦਾ ਸ਼ਬਦ ਚਿੱਤਰ, ਬਲਦੇਵ ਸਿੰਘ ਧਾਲੀਵਾਲ ਦਾ ਕਸੌਲੀ ਦਾ ਸਫ਼ਰ 'ਸਾਡੀ ਮਲਿਕਾ-ਏ-ਹੁਸਨ', ਸੁਰਜੀਤ ਟੋਰਾਂਟੋ ਦਾ ਕੈਨੇਡਾ ਦੇ ਮੂਲ ਵਾਸੀਆਂ ਬਾਰੇ 'ਬੇਘਰ ਹੋਏ ਲੋਕ', ਕਿਰਪਾਲ ਕਜ਼ਾਕ ਦਾ 'ਸੰਸਕ੍ਰਿਤੀ ਅਤੇ ਲੋਕ ਸੰਸਕ੍ਰਿਤੀ' ਆਪਣੋ ਆਪਣੀ ਥਾਂ ਪੜ੍ਹੀਆਂ ਜਾਣ ਵਾਲੀਆਂ ਲਿਖਤਾਂ ਹਨ। ਤਰਸੇਮ ਨੇ ਹਿੰਦੀ ਕਵੀ ਕਮਲਜੀਤ ਚੌਧਰੀ ਨਾਲ ਜਾਣ ਪਛਾਣ ਉਪਰੰਤ ਉਹਦੀਆਂ ਕਵਿਤਾਵਾਂ ਅਤੇ ਹਰਮੀਤ ਵਿਦਿਆਰਥੀ ਨੇ ਵਾਹਗਿਓਂ ਪਾਰ ਦੇ ਸ਼ਾਇਰ ਤਜੱਮਲ ਕਲੀਮ ਬਾਰੇ ਦੱਸ ਕੇ ਉਹਦੀ ਸ਼ਾਇਰੀ ਪੜ੍ਹਨ ਨੂੰ ਦਿੱਤੀ ਹੈ। ਅਗਾਂਹ ਜਗਤਾਰਜੀਤ ਸਿੰਘ ਦੀ ਚਿੱਤਰਕਾਰ ਅਮਰ ਨਾਥ ਸਹਿਗਲ ਦੀ ਲਿਖਤ ਛਪੀ ਹੈ। ਅਗਲੇ ਪੰਨਿਆਂ ਉੱਤੇ ਸ਼ਾਹਮੁੱਖੀ ਦੀ ਕਹਾਣੀ 'ਬਘਿਆੜੀ' (ਮੂਲ. ਤਾਹਿਰ ਸੰਧੂ, ਲਿਪੀਅੰਤਰ ਇਰਫ਼ਾਨ ਮਜੀਦ), 'ਰੇਲ ਦੀ ਪਟੜੀ ਤੇ ਪਈ ਕਹਾਣੀ' (ਮੂਲ. ਜੀਲਾਨੀ ਬਾਨੋ, ਅਨੁ. ਕਿਰਪਾਲ ਕਜ਼ਾਕ), 'ਨਾਗਾਸਾਕੀ 'ਤੇ ਸੌ ਸੂਰਜਾਂ ਦੀ ਰੌਸ਼ਨੀ' (ਮੂਲ ਜਪਾਨੀ ਫ਼ਰੈਂਕ ਡਬਲਯੂ ਚਿਨਾਕ, ਅਨੁ. ਸਤਪਾਲ ਭੀਖੀ) ਤਿੰਨ ਮਹੱਤਵਪੂਰਨ ਕਹਾਣੀਆਂ ਛਪੀਆਂ ਹਨ। ਅੰਤ ਵਿੱਚ ਕੁਝ ਕਿਤਾਬਾਂ ਨਾਲ ਜਾਣ ਪਛਾਣ ਕਰਵਾਈ ਗਈ ਹੈ। ਤਾਸਮਨ ਵਿੱਚ ਛਪਿਆ ਮੈਟਰ ਪਾਠਕ ਨੂੰ ਨਿਰਾਸ਼ ਨਹੀਂ ਕਰਦਾ। ਲਾਗਤ ਮੁੱਲ ਉੱਤੇ ਪਾਠਕ ਨੂੰ ਚੰਗਾ ਸਾਹਿਤ ਪ੍ਰਦਾਨ ਕਰਾ ਦਿੰਦਾ ਹੈ।

'ਤਾਸਮਨ' ਦੇ ਸਫ਼ੇ : 240, ਮੁੱਲ :150 ਰੁਪਏ ਹਨ। ਤਾਸਮਨ ਦੇ ਮੁੱਖ ਸੰਪਾਦਕ ਹਰਮਨਦੀਪ ਗਿੱਲ (+61-430-018-118), ਸੰਪਾਦਕ : ਸਤਪਾਲ ਭੀਖੀ (98761-55530), ਪਤਾ-ਸੰਪਾਦਕ ਤਾਸਮਨ, ਐਮ. ਆਈ. ਜੀ. 578, ਫੇਜ਼-1, ਅਰਬਨ ਅਸਟੇਟ, ਪਟਿਆਲਾ-147002, e.mail : tasmanpunjabi2021@gmail.com

## ਸੰਵਾਦ : ਵਿਸ਼ੇਸ਼ ਅੰਕ 'ਸਾਹਿਤਕ ਟੈਕਸਟ ਕਿਵੇਂ ਸਮਝੀਏ'

ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਰੈਫ਼ਰੀਡ ਰਿਸਰਚ ਜਰਨਲ 'ਸੰਵਾਦ' ਦਾ ਤਾਜਾ ਵਿਸ਼ੇਸ਼ ਅੰਕ 'ਸਾਹਿਤਕ ਟੈਕਸਟ ਨੂੰ ਕਿਵੇਂ ਸਮਝੀਏ' ਦਾ ਪਹਿਲਾ ਭਾਗ ਛਪ ਗਿਆ ਹੈ। ਜਿਸ ਵਿੱਚ ਮਹੱਤਵਪੂਰਨ ਨਵੇਂ ਚਿੰਤਨ ਨੂੰ ਉਭਾਰਨ ਵਾਲੇ ਖੋਜ ਲੇਖ ਛਪੇ ਹਨ। ਸੰਪਾਦਕੀ 'ਸਾਹਿਤਕ ਟੈਕਸਟ ਨੂੰ ਕਿਵੇਂ ਸਮਝੀਏ?' ਤਹਿਤ ਸੰਪਾਦਕ ਨੇ ਪੰਜਾਬੀ ਦੀਆਂ ਵੱਖ ਵੱਖ ਵਿਧਾਵਾਂ ਨੂੰ ਪੜ੍ਹਨ ਦੇ ਤਰੀਕੇ ਬਾਰੇ ਆਪਣੀਆਂ ਮੁੱਲਵਾਨ ਧਾਰਨਾਵਾਂ ਦਿੱਤੀਆਂ ਹਨ। ਸਾਹਿਤ ਵਿਚਲੇ ਸੰਘਣੇਪਨ, ਬਹੁ-ਆਯਾਮੀ ਤੇ ਸਾਹਿਤ ਦੀ ਬਹੁ ਅਰਥੀ ਪ੍ਰਕਿਰਤੀ ਨੂੰ ਸਮਝਣ ਲਈ ਆਲੋਚਕ-ਚਿੰਤਕ, ਨਵੇਂ ਨਵੇਂ ਟੂਲ ਤੇ ਵਿਧੀਆਂ ਦੀ ਤਲਾਸ਼ ਕਰਦੇ ਰਹਿੰਦੇ ਹਨ। ਸੰਪਾਦਕੀ ਵਿੱਚ ਡਾ. ਆਤਮ ਰੰਧਾਵਾ ਹੁਰਾਂ ਦਾ ਜ਼ਿਕਰ ਹੈ, 'ਨਵ-ਸਾਹਿਤਕ ਟੈਕਸਟ ਵਿਚ ਚਿੰਨ੍ਹਾਂ, ਪ੍ਰਤੀਕਾਂ, ਬਿੰਬਾਂ, ਵਿਥਾਂ-ਚੁੱਪਾਂ, ਅਣਕਥਿਤ ਕੋਡਾਂ ਦੀ ਪੱਧਰ 'ਤੇ ਹੋ ਰਹੇ ਪ੍ਰਯੋਗਾਂ ਨੇ ਸੰਚਾਰ ਨੂੰ ਜਟਿਲ ਬਣਾ ਦਿੱਤਾ ਹੈ। ਹਾਜ਼ਰ-ਗ਼ਾਰਹਾਜ਼ਰ ਕਈ ਪਰਤਾਂ ਵਿਚ ਲਿਪਟੇ ਪਾਠ ਨੂੰ ਕਈ ਪਾਸਿਓਂ ਖੋਲੇ ਜਾਣ ਦੀਆਂ ਸੰਭਾਵਨਾਵਾਂ ਉਜਾਗਰ ਹੋਈਆਂ ਹਨ।' ਅੱਗੇ ਸੰਪਾਦਕੀ ਵਿੱਚ ਕਿਹਾ ਗਿਆ ਹੈ ਕਿ ਸਾਹਿਤ ਦੀ ਪੜ੍ਹਤ, ਵਿਸ਼ਲੇਸ਼ਣ ਅਤੇ ਅਧਿਐਨ ਤੇ ਮੁਲਾਂਕਣ ਸਬੰਧੀ ਕਈ ਮਹੱਤਵਪੂਰਨ ਮੁੱਦੇ ਤੇ ਚੁਣੌਤੀਆਂ ਨੂੰ ਨਿੱਜਠਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਗਲੇ ਪੰਨਿਆਂ ਉੱਤੇ ਨਾਮਵਰ ਪ੍ਰਸਿੱਧ ਚਿੰਤਕਾਂ ਦੇ ਵੱਖ ਵੱਖ ਟੈਕਸਟ ਨੂੰ ਸਮਝਣ ਵਾਲੇ ਮਹੱਤਪੂਰਨ ਖੋਜ ਲੇਖ ਪ੍ਰਕਾਸ਼ਤ ਹੋਏ ਹਨ। ਡਾ. ਮਹਿਲ ਸਿੰਘ (ਨਾਵਲ ਦੀ ਪੜ੍ਹਤ 'ਗਰਦਸ਼' ਦੇ ਪ੍ਰਸੰਗ ਵਿੱਚ), ਅਮਰਜੀਤ ਸਿੰਘ ਗਰੇਵਾਲ (ਮੈਟਾਫਰ ਨੂੰ ਸਮਝਦਿਆਂ), ਡਾ. ਧਨਵੰਤ ਕੌਰ (ਕਹਾਣੀ ਕਿਵੇਂ ਸਮਝੀਏ?) ਡਾ. ਮਨਮੋਹਨ (ਕਵਿਤਾ ਕਿਵੇਂ ਪੜ੍ਹੀਏ ਤੇ ਸਮਝੀਏ?), ਡਾ. ਯੋਗਰਾਜ ਅੰਗਰਿਸ਼ (ਕਵਿਤਾ ਦੀ ਸੁਜੱਗ ਪੜ੍ਹਤ), ਡਾ. ਪਰਮਜੀਤ ਸਿੰਘ ਢੀਂਗਰਾ (ਨਾਵਲੀ ਪੜ੍ਹਤ-ਅਣਹੋਏ ਰਿਸ਼ਤਿਆਂ 'ਚੋਂ ਅਰਥਾਂ ਦੀ ਤਲਾਸ਼), ਡਾ. ਸੁਰਜੀਤ ਸਿੰਘ (ਸਫ਼ਰਨਾਮਾ ਕਿਵੇਂ ਪੜ੍ਹੀਏ), ਡਾ. ਪਾਲੀ ਭੁਪਿੰਦਰ ਸਿੰਘ (ਨਾਟਕ ਕਿਵੇਂ ਪੜ੍ਹੀਏ?), ਡਾ. ਯਾਦਵਿੰਦਰ ਸਿੰਘ (ਨਾਵਲ ਕਿਵੇਂ ਪੜ੍ਹੀਏ?, 'ਪ੍ਰਸੰਗ ਚੁਰਾਸੀ ਲੱਖ ਯਾਦਾਂ'), ਡਾ. ਪ੍ਰਵੀਨ ਕੁਮਾਰ (ਸਾਹਿਤਕ ਪਾਠ-ਸਿੱਧਾਂਤਕ ਅਤੇ ਵਿਹਾਰਕ ਪਰਿਪੇਖ), ਡਾ. ਨਛੱਤਰ ਸਿੰਘ ਅਤੇ ਲਖਵੀਰ ਸਿੰਘ (ਨਾਵਲ : ਸ਼ੈਲੀ ਵਿਗਿਆਨ ਪੜ੍ਹਤ-'ਸਹਜ ਗੁਫਾ ਮਹਿ ਆਸਣੁ' ਦੇ ਪ੍ਰਸੰਗ ਵਿਚ), ਡਾ. ਹਰਿੰਦਰ ਕੌਰ ਸੋਹਲ ('ਹਰਿਆ ਨੀ ਮਾਏ' ਲੋਕ ਗੀਤ ਦਾ ਵਿਹਾਰਕ ਅਧਿਐਨ), ਡਾ. ਅਮਰਜੀਤ ਸਿੰਘ (ਸ਼ਬਦ ਨੂੰ ਕਿਵੇਂ ਸਮਝੀਏ?), ਡਾ. ਸਿਮਰਨਜੀਤ ਸਿੰਘ (ਸਾਹਿਤਕ ਗੀਤ ਦੀ ਟੈਕਸਟ ਕਿਵੇਂ ਪੜ੍ਹੀਏ, ਕਿਵੇਂ ਸਮਝੀਏ?), ਡਾ. ਗੁਰਦੀਪ ਸਿੰਘ (ਸਾਹਿਤਕ ਲਿਖਤ ਕਿਵੇਂ ਪੜ੍ਹੀਏ? ਨਵਤੇਜ ਭਾਰਤੀ ਦੀ ਪੁਸਤਕ 'ਪੁਠ ਸਿਧ ਦੇ ਵਿਸ਼ੇਸ਼ ਹਵਾਲੇ ਨਾਲ), ਡਾ. ਜਸਪ੍ਰੀਤ ਕੌਰ (ਸੰਕਟ ਸਮਿਆਂ ਦੇ ਨਾਵਲ ਨੂੰ ਕਿਵੇਂ ਪੜ੍ਹੀਏ, ਨਾਵਲ 'ਚੁਰਾਸੀ ਲੱਖ ਯਾਦਾਂ' ਦੇ ਹਵਾਲੇ ਨਾਲ) ਤੇ ਡਾ. ਸ਼ਮਸ਼ੇਰ ਮੋਹੀ (ਗ਼ਜ਼ਲ ਨੂੰ ਕਿਵੇਂ ਸਮਝੀਏ?) ਆਦਿ ਟੈਕਸਟ ਨੂੰ ਸਮਝਣ ਵਾਲੇ ਖੋਜ ਪੇਪਰ ਪ੍ਰਕਾਸ਼ਤ ਕੀਤੇ ਗਏ ਹਨ। ਕੁਝ ਵਿਦਵਾਨਾਂ ਨੇ ਟੈਕਸਟ ਨੂੰ ਰਵਾਇਤੀ ਸੰਦਾਂ ਤੇ ਰਵਾਇਤੀ ਵਿਧੀਆਂ ਨਾਲ ਸਮਝਣ ਦਾ ਯਤਨ ਕੀਤਾ ਹੈ। 'ਚੁਰਾਸੀ ਲੱਖ ਯਾਦਾਂ' ਨਾਵਲ ਉੱਤੇ ਪਿਛਲੇ ਅੰਕ ਵਿੱਚ ਦੋ ਰੀਵਿਊ ਛਪੇ ਤੇ ਇਸ ਅੰਕ ਵਿੱਚ ਵੀ ਦੋ ਖੋਜ ਪੇਪਰ ਛਪੇ ਹਨ। ਸੰਪਾਦਕੀ ਬੋਰਡ ਨੂੰ ਇਕੋ ਲੇਖਕ ਪ੍ਰਤੀ ਉਲਾਰ ਹੋ ਕੇ ਪੇਪਰਾਂ ਦੀ ਚੋਣ ਕਰਨ ਤੋਂ ਗੁਰੇਜ਼ ਕਰਨ ਦੀ ਲੋੜ ਹੈ। ਅੰਤ ਵਿੱਚ ਵਰ੍ਹਿਆਂ ਪਿੱਛੋਂ (ਵਰਿਆਮ ਸਿੰਘ ਸੰਧੂ), ਸੁਰਖ਼ ਸਾਜ਼ (ਜਸਵਿੰਦਰ ਸਿੰਘ), ਰੌਲ਼ਿਆਂ ਵੇਲੇ (ਬਲਬੀਰ ਪਰਵਾਨਾ), ਨਲਵਾ ਜਰਨੈਲ ਬਾਝੋਂ (ਬਲਦੇਵ ਸਿੰਘ) ਪੁਸਤਕਾਂ ਦੇ ਡਾ. ਮਹਿਲ ਸਿੰਘ ਤੇ ਪਰਮਜੀਤ ਢੀਂਗਰਾ ਵੱਲੋਂ ਕੀਤੀ ਰੀਵਿਊ ਪ੍ਰਕਾਸ਼ਤ ਹੋਏ ਹਨ।




'ਸੰਵਾਦ' ਦੇ ਸਫ਼ੇ : 172, ਮੁੱਲ :200 ਰੁਪਏ ਹਨ। ਸੰਵਾਦ ਦੇ ਸਰਪ੍ਰਸਤ ਤੇ ਮੁੱਖ ਸੰਪਾਦਕ ਡਾ. ਆਤਮ ਸਿੰਘ ਰੰਧਾਵਾ, ਸੰਪਾਦਕ ਡਾ. ਪਰਮਿੰਦਰ ਸਿੰਘ ਹਨ, ਪਤਾ: 'ਸੰਵਾਦ' ਪੰਜਾਬੀ ਰਿਸਰਚ ਜਰਨਲ, ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ. e.mail : sanvadpunjabi@gmail.com

# ਜਗਦੀਪ ਸਿੱਧੂ ਦੀਆਂ ਨਵੀਂਆਂ ਕਵਿਤਾਵਾਂ



## ਪੇਟ ਲਈ

ਕਰਦਾ ਹਾਂ ਕਿੰਨਾ ਕੁਝ
ਝੁਕਦਾ ਹਾਂ ਵਾਰ-ਵਾਰ
ਨੱਠ-ਭੱਜ ਕਰਦਾਂ
ਗਾਹੁਣਾ ਪੈਂਦਾ ਸਾਈਕਲ ਨਾਲ
ਪੈਂਡਾ ਕਿੰਨਾ
ਫਿਕਰਮੰਦ, ਅਵਾਜ਼ਾਰ ਹਾਂ

ਜ਼ਿੰਦਗੀ ਲੰਘੇਗੀ ਕਿਵੇਂ
ਇਸ ਤਰ੍ਹਾਂ
ਗਰਮ ਪਾਣੀ ਪੀਂਦਾਂ ਕਈ ਵਾਰੀ
ਵਧੇ ਢਿੱਡ ਲਈ
ਕਰਨਾ ਪੈਂਦਾ ਕਿੰਨਾ ਕੁਝ।

## ਉਥੇ

ਉਹਨਾਂ
ਉਥੇ ਮਾਰ ਦਿੱਤਾ ਸਾਨੂੰ
ਜਿੱਥੇ ਕਿਸੇ ਦੇ ਪੈਦਾ ਹੋਣ ਦਾ
ਵੱਧ ਹੁੰਦਾ ਮਾਹੌਲ
ਜਿੱਥੇ
ਵੱਧ ਹੁੰਦੀ ਆਕਸੀਜ਼ਨ
ਲੰਮਾ ਜਿਉਣ ਲਈ

ਇਕਾਂਤ 'ਚ ਜਿੱਥੇ
ਆਵਾਜ਼ ਸੁਣਦੀ ਆਪਣੇ ਸਾਹ ਦੀ
ਜਿਸ ਥਾਂ
ਮੁੜ ਆਉਂਦੀ
ਆਪਣੀ ਦਿੱਤੀ ਆਵਾਜ਼ ਵੀ

ਅਸੀਂ ਓਥੋਂ ਨਹੀਂ ਮੁੜਾਂਗੇ।

## ਖੁਸ਼ੀ

ਘਰ ਖਰੀਦਿਆ
ਉਸ ਨੂੰ ਸੋਹਣਾ ਗੇਟ ਲਗਵਾਇਆ
ਸੈਲਫਾਂ ਭਰੀਆਂ ਭਾਡਿਆਂ ਨਾਲ
ਅਲਮਾਰੀਆਂ ਕੱਪੜਿਆਂ ਨਾਲ
ਰੰਗ-ਰੋਗਨ ਨਾਲ
ਮੁਸਕਰਾਇਆ ਘਰ

ਸ਼ੀਸ਼ੇ ਲਗਵਾਏ ਵਿਚ

ਜਦੋਂ ਵੀ ਜਾਨਾ ਬਾਹਰ
ਤੁਰ ਪੈਂਦਾ ਨਾਲ ਮੇਰੇ।

## ਨੇੜਤਾ

ਪਤਨੀ
ਮਿਣਦੀ ਧੀ ਦੀ
ਪੁਰਾਣੀ ਪੈਂਟ-ਕਮੀਜ਼
: ਬਸ ਤਿੰਨ ਉਂਗਲਾਂ ਲੰਮੀ ਲੈ ਆਉਣਾ
ਇਕ ਉਂਗਲ ਖੁੱਲ੍ਹੀ
ਮਿਣਿਆ ਜਾਂਦਾ ਕਈ ਕੁਝ
ਗਿੱਠਾਂ ਨਾਲ
ਮੁੱਠੀਆਂ ਨਾਲ ਵੀ

ਧੀ ਮੇਰੀ
ਮੇਰੇ ਨਾਲ ਲੱਗ-ਲੱਗ
ਮਿਣਦੀ ਕੱਦ ਆਪਣਾ
: ਪਾਪਾ, ਮੈਂ ਤੁਹਾਡੇ ਲੱਕ ਤੱਕ ਆ ਗਈ
ਹੁਣ ਇਕ ਪੋਟਾ ਹੋਰ ਲੰਮੀ ਲੱਕ ਤੋਂ
ਮੈਂ ਉਹਨੂੰ ਘੁੱਟ ਕੇ ਨਾਲ ਹੀ ਲਾ ਲੈਂਦਾ
ਮੈਨੂੰ ਲੱਗਦਾ, ਇਹ ਸਭ ਕਰਨ ਵਿਚ
ਮੇਰੀ ਪਤਨੀ ਦਾ ਵੱਡਾ 'ਹੱਥ' ਹੈ।

## ਏ ਫਾਰ ਐਪਲ

ਵਰ੍ਹਿਆਂ ਬਾਅਦ
ਮਿਲਿਆ ਦੋਸਤ
ਲਗਾਈ ਖੜ੍ਹਾ ਸੀ ਰੇਹੜੀ
ਫਲਾਂ, ਸਬਜ਼ੀਆਂ ਦੀ
ਮਾਂ-ਬਾਪ ਤੁਰ ਗਏ ਸਨ ਉਸ ਦੇ
ਬਚਪਨ ਵਿਚ

ਬੋਲ ਰਿਹਾ ਸੀ
ਉੱਚੀ-ਉੱਚੀ
ਫਲਾਂ, ਸਬਜ਼ੀਆਂ ਦੇ ਨਾਂਅ

ਅੱਜ ਹੋਰ ਵੀ ਜ਼ਿਆਦਾ
ਹੋਇਆ ਮਹਿਸੂਸ
ਇਹ ਅਗਾਂਹ ਪੜ੍ਹ ਨਹੀਂ ਸਕਿਆ।

## ਇਕ ਬਿਰਖ ਲਗਾਈਏ

ਲੱਗਦਾ ਕਿੰਨਾ ਚੰਗਾ
ਬਚਪਨ ਵਿਚ
ਜਾਂ
ਹੁਣ ਦੇਖਦਾਂ ਜਦੋਂ
ਫਿਲਮਾਂ ਪੁਰਾਣੀਆਂ
ਕਰ ਰਹੇ ਕੁੜੀ-ਮੁੰਡਾ ਪਿਆਰ
ਬਿਰਖਾਂ ਦੁਆਲ਼ੇ ਘੁੰਮ-ਘੁੰਮ

ਕਿੰਨਾ ਆਲੌਕਿਕ ਦ੍ਰਿਸ਼, ਪਿਆਰ
ਚਾਹੁੰਦਾ ਹਾਂ
ਖੜ੍ਹਾ ਹੋਵਾਂ, ਚਾਹੇ 'ਕੱਲਾ ਹੀ
ਬਿਰਖ ਕੋਲ਼
ਖ਼ੁਦ ਨਾਲ ਪਿਆਰ ਕਰਾਂ।

## ਵਕਤ

ਸਮਾਂ ਸੀ ਉਹ ਬਸ

ਮਿਲਣਾ ਪਬਲੀਕਲੀ
ਪਰਵਾਹ ਨਾ ਹੁੰਦੀ ਸੀ ਕਿਸੇ ਦੀ

ਆਸੇ-ਪਾਸੇ ਲੋਕ
ਬਾਰਾਤ ਹੀ ਲੱਗਦੇ
ਕਾਰਾਂ, ਜੀਪਾਂ
ਹੋਰ ਪੱਕਾ ਕਰਦੀਆਂ ਗੱਲ ਨੂੰ
ਖਾਣ-ਪੀਣ
ਸ਼ਾਮਲ ਹੁੰਦਾ ਹੀ ਇਸ ਵਿਚ

ਘੁੰਮਣਾ
ਤੇ
ਫਿਰ ਵਿਦਾ ਹੋਣਾ
'ਕੱਠੇ ਹੀ ਹੁੰਦੇ ਸਾਂ ਅਸੀਂ

ਸੰਪਰਕ 82838-26876

# ਕਰੋਸ਼ੀਆ ਦੇਸ਼ ਦੀ ਸੈਰ

ਕਰੋਸ਼ੀਆ, ਜਿਸ ਨੂੰ ਗਣਰਾਜ ਕਰੋਸ਼ੀਆ ਕਿਹਾ ਜਾਂਦਾ ਹੈ, ਇੱਕ ਦੇਸ਼ ਹੈ, ਜੋ ਕੇਂਦਰੀ ਤੇ ਉੱਤਰ ਪੱਛਮੀ ਯੂਰਪ ਵਿੱਚ ਸਥਿਤ ਹੈ ਤੇ ਐਡਰਾਇਟਕ ਸਮੁੰਦਰ ਦੇ ਤੱਟ 'ਤੇ ਵੱਸਿਆ ਹੈ। ਇਹਦੀ ਹੱਦ ਸਲੋਵੇਨੀਆ ਨਾਲ ਉੱਤਰ ਪੱਛਮ, ਹੰਗਰੀ ਨਾਲ ਉੱਤਰ ਪੂਰਬ, ਸਰਬੀਆ ਨਾਲ ਪੂਰਬ, ਬੋਸਨੀਆ ਤੇ ਹਰਜੋਗੀਵੀਨਾ ਨਾਲ ਦੱਖਣੀ ਪੂਰਬ ਨਾਲ ਜੁੜਿਆ, ਇਟਲੀ ਨਾਲ ਪੱਛਮ ਵੱਲ ਜੁੜਿਆ ਹੋਇਆ ਹੈ, ਜੋ 56,594 ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ ਤੇ ਇਸ ਦੀ ਅਬਾਦੀ 39 ਲੱਖ ਦੇ ਕਰੀਬ ਹੈ, ਜੋ 25 ਜੂਨ 1991 ਨੂੰ ਅਜ਼ਾਦ ਹੋਂਦ ਵਿੱਚ ਆਇਆ ਹੈ ਤੇ ਅੱਜਕੱਲ੍ਹ ਯੂਰਪੀਅਨ ਯੂਨੀਅਨ ਦਾ ਮੈਂਬਰ ਹੈ। ਪਿਛਲੇ ਦਿਨੀਂ ਇਸ ਛੋਟੇ ਸੁੰਦਰ ਦੇਸ਼ ਦੇ ਦੋ ਵੱਡੇ ਸ਼ਹਿਰਾਂ ਦੀ ਯਾਤਰਾ ਕਰਨ ਦਾ ਮੌਕਾ ਮਿਲਿਆ, ਜੋ ਕਿ ਬਹੁਤ ਯਾਦਗਾਰੀ ਰਿਹਾ। ਮੇਰਾ ਬੇਟਾ ਜਰਮਨ ਵਿੱਚ ਸੈਟਲ ਹੋਣ ਕਾਰਨ ਉਹਨੂੰ ਇਸ ਵਾਰ ਮਿਲਣ ਗਏ ਤਾਂ ਉਸ ਨੇ ਇਹਨਾਂ ਸ਼ਹਿਰਾਂ ਨੂੰ ਦੇਖਣ ਦਾ ਪ੍ਰੋਗਰਾਮ ਬਣਾਇਆ। ਉਸ ਦੇ ਆਪਣੇ ਸ਼ਹਿਰ ਐਰਫਰਟ (ਜਰਮਨੀ) ਤੋਂ ਟ੍ਰੇਨ ਫੜ ਨਿਊਰਮਬਰਗ ਜਰਮਨ ਦੇ ਸ਼ਹਿਰ ਪੁੱਜੇ।ਉਥੋਂ ਇੱਕ ਘੰਟੇ ਦਾ ਹਵਾਈ ਸਫਰ ਕਰ ਕਰੋਸ਼ੀਆ ਦੇ ਸ਼ਹਿਰ ਜਦਰ ਰਾਤ ਨੂੰ ਪੁੱਜੇ। ਸਵੇਰੇ ਨਾਸ਼ਤਾ ਕੀਤਾ ਤਾਂ ਇੱਕ ਦਿੱਕਤ ਸ਼ਾਕਾਹਾਰੀ ਬੰਦਿਆਂ ਨੂੰ ਆਈ ਕਿ ਯੂਰਪ ਵਿੱਚ ਮੀਟ ਦਾ ਜ਼ਿਆਦਾ ਪ੍ਰਚਲਣ ਹੈ, ਮਾਸਾਹਾਰੀ ਤੇ ਸ਼ਾਕਾਹਾਰੀ ਆਇਟਮ ਨੇੜੇ-ਨੇੜੇ ਪਈਆਂ ਹੋਣ ਕਾਰਨ ਪਛਾਣ ਨਹੀਂ ਆਉਂਦੀ।ਹੋਟਲ ਦੇ ਸਟਾਫ ਦੀ ਮਦਦ ਨਾਲ ਹੀ ਸ਼ਾਕਾਹਾਰੀ ਭੋਜਨ ਪ੍ਰਾਪਤ ਹੋਇਆ। ਸ਼ਾਕਾਹਾਰੀ ਯਾਤਰੂਆਂ ਨੂੰ ਹੋਟਲ ਸਟਾਫ ਦੀ ਮਦਦ ਲੈਣੀ ਚਾਹੀਦੀ ਹੈ। ਨਾਸ਼ਤਾ ਕਰਨ ਤੋਂ ਬਾਅਦ ਜਦਰ ਦੀ ਬੀਚ 'ਤੇ ਬੋਟਿੰਗ ਤੇ ਤੈਰਾਕੀ ਦਾ ਆਨੰਦ ਮਾਣਿਆ। ਸ਼ਾਮ ਨੂੰ ਸ਼ਹਿਰ ਘੁੰਮਣ ਤੇ ਅਗਲੇ ਦਿਨ ਦੀ ਸਮੁੰਦਰ ਦੀ ਤੇ ਬੀਚਾਂ ਦੀ ਸੈਰ ਲਈ ਜਹਾਜ਼ ਦੀ ਬੁਕਿੰਗ ਕੀਤੀ।

ਅਗਲੇ ਦਿਨ ਸਮੁੰਦਰੀ ਜਹਾਜ਼ ਕਰੀਬ ਸੌ ਕੁ ਯਾਤਰੀਆਂ ਨੂੰ ਲੈ ਜਦਰ ਤੋਂ ਸਮੁੰਦਰ ਤੇ ਬੀਚਾਂ ਦੀ ਯਾਤਰਾ ਲਈ ਰਵਾਨਾ ਹੋਇਆ। ਰਸ-ਭਿੰਨਾ ਸਥਾਨਕ ਸੰਗੀਤ, ਸ਼ਾਂਤ ਸਮੁੰਦਰ, ਸ਼ੀਸ਼ੇ ਵਰਗਾ ਸਾਫ ਪਾਣੀ, ਜਹਾਜ਼ ਦੀ ਸ਼ਾਂਤ ਸਮੁੰਦਰ ਵਿੱਚ ਆਵਾਜ਼ ਕੰਨਾਂ ਵਿੱਚ ਰਸ ਘੋਲ ਰਹੀ ਸੀ। ਜਹਾਜ਼ ਦਾ ਸਟਾਫ ਖਾਣ-ਪੀਣ ਦਾ ਸਾਮਾਨ ਵਰਤਾਅ ਰਿਹਾ ਸੀ।ਯਾਤਰੂ ਜਿਹਨਾਂ ਨੂੰ ਸੰਗੀਤ ਸਮਝ ਆ ਰਿਹਾ ਸੀ, ਲੋਰ ਵਿੱਚ ਆਏ ਡਾਂਸ ਕਰ ਰਹੇ ਸਨ। ਸੰਸਾਰ ਭਰ ਤੋਂ ਯਾਤਰਾ ਜੁਲਾਈ-ਅਗਸਤ ਦੇ ਮਹੀਨੇ ਇਸ ਦੇਸ਼ ਦੇ ਸ਼ਹਿਰਾਂ ਦਾ ਆਨੰਦ ਮਾਨਣ ਆਉਂਦੇ ਹਨ। ਜ਼ਿਆਦਾ ਖਿੱਚ ਦਾ ਕੇਂਦਰ ਬੀਚਾਂ ਹੀ ਬਣਦੀਆਂ ਹਨ, ਜਿੱਥੇ ਯਾਤਰੂ ਤੈਰਾਕੀ ਦਾ ਆਨੰਦ ਮਾਣਦੇ ਹਨ।ਪਹਿਲੀ ਬੀਚ 'ਤੇ ਜਹਾਜ਼ ਰੋਕ ਯਾਤਰੀਆਂ ਨੂੰ ਤੈਰਾਕੀ ਲਈ ਸਮਾਂ ਦਿੰਦੇ ਹਨ।ਸਮੁੰਦਰੀ ਜਹਾਜ਼ ਓਨੇ ਸਮੇਂ ਲਈ ਕਿਨਾਰੇ 'ਤੇ ਰੁਕ ਜਾਂਦਾ ਹੈ।ਜਹਾਜ਼ ਦਾ ਸਟਾਫ ਅਨਾਊਂਸਮੈਂਟ ਕਰਦਾ ਹੈ ਕਿ ਇੰਨੇ ਸਮੇਂ ਦੀ ਸਟੇਅ ਹੈ ਤੇ ਇੰਨੇ ਸਮੇਂ 'ਤੇ ਫਿਰ ਚੱਲਣਾ ਹੈ। ਸਟਾਫ ਸਮੇਂ ਦੇ ਮਾਟੋ ਵੀ ਦਿਖਾਉਂਦਾ ਹੈ, ਤਾਂ ਕਿ ਕੋਈ ਵੀ ਯਾਤਰੂ ਸਮੇਂ ਬਾਰੇ ਭੁਲੇਖੇ ਵਿੱਚ ਨਾ ਰਹੇ, ਸਮੇਂ ਸਿਰ ਮੁੜ ਜਹਾਜ਼ ਵਿੱਚ ਸਵਾਰ ਹੋ ਜਾਵੇ।ਸਮੁੰਦਰ ਦੇ ਕਿਨਾਰੇ ਛੋਟੀਆਂ-ਛੋਟੀਆਂ ਪਹਾੜੀਆਂ ਬਹੁਤ ਸੁੰਦਰ ਨਜ਼ਾਰਾ ਪੇਸ਼ ਕਰਦੀਆਂ ਹਨ।ਇਹਨਾਂ ਪਹਾੜੀਆਂ ਵਿੱਚ ਹੀ ਬੀਚਾਂ ਬਣਦੀਆਂ ਹਨ। ਜੋ ਸਮੁੰਦਰ ਕਰਕੇ ਕਿਨਾਰੇ ਦੇ ਨੇੜੇ ਪਹਾੜੀਆਂ ਵਿਚਕਾਰ ਬਣਦੀਆਂ ਹਨ। ਜਹਾਜ਼ ਰੁਕ ਜਾਂਦਾ ਹੈ।ਯਾਤਰੂ ਪਹਾੜੀਆਂ ਕਰਾਸ ਕਰ ਬੀਚਾਂ 'ਤੇ ਤਾਰੀਆਂ ਲਾਉਂਦੇ ਹਨ। ਕਈ ਵਾਰ ਤੈਰਨਾ ਸੱਟ ਦਾ ਕਾਰਨ ਵੀ ਬਣ ਸਕਦਾ ਹੈ। ਜਦੋਂ ਤੈਰਾਕ ਬੀਚ ਦੇ ਕਿਨਾਰੇ ਤੋਂ ਛਾਲ ਮਾਰ ਦਿੰਦੇ ਹਨ, ਕਿਨਾਰੇ ਨੇੜੇ ਪੱਥਰ ਹੁੰਦੇ ਹਨ, ਜੋ ਸੱਟ ਦਾ ਕਾਰਨ ਬਣ ਜਾਂਦੇ ਹਨ।ਬੀਚ ਦੇ ਅੰਦਰ ਵੜ ਕੇ ਹੀ ਤੈਰਨਾ ਚਾਹੀਦਾ ਹੈ।ਸੱਟ ਦੀ ਹਾਲਤ ਵਿੱਚ ਜਹਾਜ਼ ਦਾ ਅਮਲਾ ਮੱਲ੍ਹਮ ਪੱਟੀ ਕਰ ਦਿੰਦਾ ਹੈ, ਜਿਸ ਕੋਲ ਫਸਟ-ਏਡ ਦਾ ਸਾਮਾਨ ਹੁੰਦਾ ਹੈ।

ਇਸ ਦੇਸ਼ ਦੇ ਲੋਕ ਸਮੇਂ ਦੇ ਬਹੁਤ ਪਾਬੰਦ ਹੁੰਦੇ ਹਨ।ਸਮੇਂ 'ਤੇ ਚੱਲਣਾ, ਸਮੇਂ 'ਤੇ ਪੁੱਜਣਾ ਉਹਨਾਂ ਦੇ ਸੁਭਾਅ ਵਿੱਚ ਸ਼ਾਮਲ ਹੈ।ਇਸ ਸੁਭਾਅ ਦੀ ਇੱਕ ਘਟਨਾ ਸਾਡੇ ਨਾਲ ਵੀ ਵਾਪਰੀ।ਸਫਰ ਦੌਰਾਨ ਬੇਟੇ ਨੇ ਸਾਨੂੰ ਹੋਟਲ ਜਾਣ ਲਈ ਟੈਕਸੀ ਵਿੱਚ ਬਿਠਾ ਦਿੱਤਾ।ਆਪ ਕਿਸੇ ਹੋਰ ਕੰਮ ਨੂੰ ਨਿਪਟਾਉਣ ਲਈ ਰੁਕ ਗਿਆ। ਟੈਕਸੀ ਡਰਾਈਵਰ ਸਮੇਂ ਤੇ ਟਿਕਾਣੇ ਦਾ ਪੱਕਾ।ਉਹਨੇ ਹੋਟਲ ਦਾ ਅਡਰੈਸ ਭਰ ਫੋਨ ਨੈਵੀਗੇਸ਼ਨ 'ਤੇ ਲਗਾ ਲਿਆ। ਨੈਵੀਗੇਸ਼ਨ ਨੇ ਹੋਟਲ ਤੋਂ ਪਹਿਲਾਂ ਹੀ ਦਰਸਾਅ ਦਿੱਤਾ ਕਿ ਹੋਟਲ ਆ ਗਿਆ। ਡਰਾਈਵਰ ਨੇ ਉੱਥੇ ਹੀ ਬ੍ਰੇਕ ਮਾਰ ਦਿੱਤੀ ਕਹਿੰਦਾ ਉੱਤਰੋ ਹੋਟਲ ਆ ਗਿਆ। ਸਾਡੇ ਦਲੀਲ ਦੇਣ 'ਤੇ ਕਿ ਹੋਟਲ ਤਾਂ ਦਿਸਦਾ ਨਹੀਂ, ਹੋਟਲ ਲੈ ਕੇ ਚੱਲ। ਡਰਾਈਵਰ ਕਹੇ ਨੈਵੀਗੇਸ਼ਨ ਦੱਸ ਰਿਹਾ ਹੈ ਹੋਟਲ ਆ ਗਿਆ, ਤੁਸੀਂ ਟੈਕਸੀ ਛੱਡੋ। ਅਸੀਂ ਬੇਗਾਨੇ ਤੇ ਬੇਭੇਤੇ ਦੇਸ਼ ਵਿੱਚ ਗੱਡੀ ਨਾ ਛੱਡੀਏ।ਉਹ ਪਿੱਟਣ ਹੀ ਲੱਗ ਪਿਆ ਕਹੇ ਮੇਰਾ ਨੈਵੀਗੇਸ਼ਨ ਠੀਕ ਹੈ, ਤੁਸੀਂ ਹੋਟਲ ਆਪ ਲੱਭੋ।ਅਸੀਂ ਹਾਰ ਕੇ ਗੱਡੀ ਛੱਡ ਦਿੱਤੀ, ਆਪ ਹੀ ਹੋਟਲ ਲੱਭਿਆ। ਡਰਾਈਵਰ ਨੂੰ ਨੈਵੀਗੇਸ਼ਨ 'ਤੇ ਅਥਾਹ ਯਕੀਨ, ਹੋਟਲ ਨਾ ਵੀ ਦਿਸਦਾ ਹੋਣ 'ਤੇ ਮੰਨੇ ਨਾ। ਹੋਟਲ ਲੱਭਣ ਵਿੱਚ ਕੋਈ ਸਹਿਯੋਗ ਨਾ ਦੇਵੇ।

ਦੂਸਰੇ ਦਿਨ ਜਦਰ ਦੇ ਵਿੱਚ ਕਰਕਾ ਕਰਕੇ ਇੱਕ ਜਗ੍ਹਾ ਹੈ, ਜਿੱਥੇ ਵਾਟਰ ਫਾਲਜ ਤੇ ਬੀਚਾਂ ਹਨ। ਸਵੇਰੇ ਅੱਠ ਵਜੇ ਬੱਸ ਰਾਹੀਂ ਉਸ ਅਦਭੁੱਤ ਪਾਰਕ ਜੋ ਪਹਾੜੀਆਂ ਵਿਚਕਾਰ ਬਣਿਆ ਹੋਇਆ ਹੈ ਤੇ ਵਾਟਰ ਫਾਲਜ ਹਨ, ਪਹੁੰਚੇ।ਪਾਰਕ ਵਿੱਚ ਤਿੰਨ ਕਿਲੋਮੀਟਰ ਲੱਕੜ ਦੀ ਪਟੜੀ ਹੈ, ਜਿੱਥੇ ਲੋਕ ਘੁੰਮ ਕੇ ਵਾਟਰ ਫਾਲਜ ਤੇ ਪਾਰਕ ਦੇ ਅਦਭੁੱਤ ਨਜ਼ਾਰੇ ਦਾ ਆਨੰਦ ਮਾਣਦੇ ਹਨ। ਇਸ ਥਾਂ 'ਤੇ ਬੱਸ ਦੇ ਸਫਰ ਤੋਂ ਬਾਅਦ ਸਮੁੰਦਰੀ ਜਹਾਜ਼ ਰਾਹੀਂ ਜਾ ਸਕਦੇ ਹਾਂ।ਬੱਸ ਦੇ ਸਮੇਂ ਮੁਤਾਬਕ ਵਾਪਸ ਮੁੜਨਾ ਪੈਂਦਾ ਹੈ।ਇੱਥੇ ਬੀਚਾਂ ਹਨ, ਜਿੱਥੇ ਯਾਤਰੂ ਤੈਰਾਕੀ ਦਾ ਆਨੰਦ ਮਾਣਦੇ ਹਨ।ਸ਼ਾਮ ਨੂੰ ਚਾਰ ਵਜੇ ਯਾਤਰੀਆਂ ਨੂੰ ਜਦਰ ਸ਼ਹਿਰ ਵਾਪਸ ਲੈ ਆਉਂਦੇ ਹਨ।ਦੂਸਰੇ ਦਿਨ ਕਰੋਸ਼ੀਆ ਦੇ ਇੱਕ ਹੋਰ ਸ਼ਹਿਰ ਡੂਬਰੋਵਨਿਕ, ਜਦਰ ਤੋਂ ਟੈਕਸੀ ਰਾਹੀਂ ਪੁੱਜੇ ।ਉੱਥੇ ਐਡਰਾਇਟਕ ਸਮੁੰਦਰ ਦੇ ਕਿਨਾਰੇ ਇੱਕ ਪ੍ਰਾਈਵੇਟ ਘਰ ਬੁੱਕ ਸੀ।

ਡੂਬਰੋਵਨਿਕ ਵਿੱਚ ਮੱਧ ਯੁੱਗ ਦੀਆਂ ਦੀਵਾਰਾਂ ਹਨ, ਜੋ ਉਸ ਸਮੇਂ ਦੀ ਇਮਾਰਤਸਾਜ਼ੀ ਦਾ ਅਦਭੁੱਤ ਤੇ ਸੁੰਦਰ ਨਮੂਨਾ ਹਨ।ਇਹ ਸ਼ਹਿਰ ਐਡਰਾਇਟਕ ਸਮੁੰਦਰ ਦੇ ਕਿਨਾਰੇ ਵਸਿਆ ਸ਼ਹਿਰ ਹੈ, ਜੋ ਪੁਰਾਤਨ ਪੱਥਰਾਂ ਦਾ ਬਣਿਆ ਹੋਇਆ ਹੈ, ਜੋ 16ਵੀਂ ਸਦੀ ਵਿੱਚ ਪੂਰਾ ਹੋਇਆ ਹੈ।ਇਹ ਮੱਧ ਯੁੱਗੀ ਇਤਿਹਾਸਕ ਸ਼ਹਿਰ ਹੈ।ਸੰਸਾਰ ਪ੍ਰਸਿੱਧ ਸੀਰੀਅਲ 'ਗੇਮਜ਼ ਆਫ ਥਰੋਨਜ' ਦੀ ਸ਼ੂਟਿੰਗ ਇੱਥੇ ਹੋਈ ਹੈ। ਮੱਧ ਯੁੱਗ ਦੀ ਇਮਾਰਤਸਾਜ਼ੀ ਦਾ ਨਮੂਨਾ ਹੋਣ ਕਰਕੇ ਯੂਨੈਸਕੋ ਨੇ ਇਸ ਨੂੰ 1979 ਵਿੱਚ ਵਿਰਾਸਤੀ ਜਗ੍ਹਾ ਦਾ ਖਿਤਾਬ ਦਿੱਤਾ ਹੈ।ਇਹ ਸ਼ਹਿਰ ਵੱਡੀਆਂ-ਵੱਡੀਆਂ ਚੌੜੀਆਂ ਕੰਧਾਂ ਦਾ ਬਣਿਆ ਹੋਇਆ ਹੈ। ਕਈ ਜਗ੍ਹਾ ਤਾਂ ਕੰਧਾਂ ਛੇ ਮੀਟਰ ਵੀ ਚੌੜੀਆਂ ਹਨ।ਇਹ ਇੱਕ ਵੱਡਾ ਕੰਪਲੈਕਸ ਹੈ, ਜੋ ਦੱਸਦਾ ਹੈ ਕਿ ਉਸ ਸਮੇਂ ਰਾਜਾ ਤੇ ਪਰਜਾ ਇੱਕ ਪਿੰਡ ਵਾਂਗ ਰਹਿੰਦੇ ਸਨ। ਪੂਰਾ ਸ਼ਹਿਰ ਇਹਨਾਂ ਕੰਧਾਂ ਦੇ ਵਿਚਕਾਰ ਹੀ ਬਣਿਆ ਹੋਇਆ ਹੈ। ਕੰਧਾਂ ਵਿਚਕਾਰ ਦੁਕਾਨਾਂ, ਚਰਚ, ਰੈਸਟੋਰੈਂਟ ਬਣੇ ਹਨ। ਇਹ ਸੋਲਾਂ ਸੌ ਸਾਲ ਪੁਰਾਣਾ ਸ਼ਹਿਰ ਹੈ, ਜੋ ਸੱਤਵੀਂ ਸਦੀ ਵਿੱਚ ਉਸਰਨਾ ਸ਼ੁਰੂ ਹੋਇਆ ।

ਯਾਤਰੂ ਇੱਥੇ ਦੀ ਫੋਟੋਗ੍ਰਾਫੀ ਦਾ ਖੂਬ ਆਨੰਦ ਮਾਣਦੇ ਹਨ।ਪਹਾੜਾਂ ਵਿੱਚ ਇੱਕ ਬਹੁਤ ਉੱਚੀ ਥਾਂ ਹੈ, ਜਿੱਥੇ ਖੜ੍ਹ ਕੇ ਵਿਸ਼ਾਲ ਸਮੁੰਦਰ ਦਾ ਨਜ਼ਾਰਾ ਦੇਖਿਆਂ ਹੀ ਬਣਦਾ ਹੈ।ਲੋਕ ਇੱਥੇ ਟੈਕਸੀ ਤੇ ਟਿੰਬਰ ਟ੍ਰੇਲ ਰਾਹੀਂ ਜਾਂਦੇ ਹਨ ਤੇ ਪਹਾੜਾਂ ਤੋਂ ਸਮੁੰਦਰ ਦੀ ਫੋਟੋਗ੍ਰਾਫੀ ਕਰਦੇ ਹਨ। ਡੂਬਰੋਵਨਿਕ ਦੇ ਨੇੜੇ ਹੀ ਇੱਕ ਲੋਕਰਮ ਬੀਚ ਹੈ, ਜਿੱਥੇ ਮਿਊਜ਼ੀਅਮ ਵੀ ਹੈ, ਜਿੱਥੇ 'ਗੇਮਜ਼ ਆਫ ਥਰੋਨਜ' ਵਿੱਚ ਫਿਲਮਾਇਆ 'ਲੋਹੇ ਦਾ ਤਖ਼ਤ' ਅਸਲੀ ਰੂਪ ਵਿੱਚ ਪਿਆ ਹੈ।ਜਿੱਥੇ ਲੋਕ ਤਖ਼ਤ 'ਤੇ ਬੈਠ ਫੋਟੋ ਖਿਚਵਾ ਕੇ ਰਾਜੇ ਦੀ ਫੀਲਿੰਗ ਲੈਂਦੇ ਹਨ।ਸੁੰਦਰ ਬਾਗ ਤੇ ਬੀਚ ਹਨ, ਜਿੱਥੇ ਲੋਕ ਸੈਰ ਤੇ ਤੈਰਾਕੀ ਕਰਦੇ ਹਨ ਤੇ ਸੁਆਦੀ ਖਾਣਿਆਂ ਦਾ ਆਨੰਦ ਮਾਣਦੇ ਹਨ।ਸਫਰ ਦੇ ਅੰਤਲੇ ਦਿਨ ਕੈਵੀਟਾਟ ਬੀਚ ਦਾ ਆਨੰਦ ਮਾਣਿਆ।ਡੂਬਰੋਵਨਿਕ ਤੋਂ ਕੈਵੀਟਾਟ ਸਮੁੰਦਰੀ ਜਹਾਜ਼ ਰਾਹੀਂ ਘੰਟੇ ਕੁ ਦਾ ਸਫਰ ਕਰਕੇ ਪੁੱਜੇ।ਸਾਫ ਸਮੁੰਦਰ ਵਿੱਚ ਤੈਰਨਾ ਸਵਿਮਿੰਗ ਪੂਲਾਂ ਨੂੰ ਮਾਤ ਪਾਉਂਦਾ ਸੀ ।ਡੂਬਰੋਵਨਿਕ ਦਾ ਏਅਰਪੋਰਟ ਇੱਥੇ ਹੀ ਹੈ, ਜਹਾਜ਼ ਫੜ ਵਾਪਸ ਬਰਲਿਨ ਨੂੰ ਚਾਲੇ ਪਾਏ। ਰਾਤ ਬਰਲਿਨ ਕੱਟ ਅਗਲੇ ਦਿਨ ਐਰਫਰਟ ਸੋਹਣੀਆਂ ਅਦਭੁੱਤ ਯਾਦਾਂ ਲੈ ਪੁੱਜੇ।

—ਵਿਧੂ ਸ਼ੇਖਰ ਭਾਰਦਵਾਜ
ਫੋਨ-98720-36192

ਸਫ਼ਾ 3 ਦੀ ਬਾਕੀ

## ਸਮਾਜਿਕ ਸਰੋਕਾਰਾਂ ਵਾਲੇ ਬਿਰਤਾਂਤ ਨਾਲ ਸੰਵਾਦ...

ਵਿੱਚੋਂ ਬੋਲਦਾ ਹੈ। ਕਹਾਣੀ ਬਿਰਤਾਂਤ ਦੇ ਪਿਛੋਕੜ ਵਿਚ ਸੁਆਰਥੀ ਚਾਲਾਂ ਅਤੇ ਜਾਤੀਵਾਦੀ ਮਾਨਸਿਕਤਾ ਦਾ ਕੋਝ ਪ੍ਰਤੱਖ ਨਜ਼ਰ ਆਉਂਦਾ ਹੈ।

'ਅਖ਼ਬਾਰ' ਕਹਾਣੀ ਗਲ਼ੀ-ਮੁਹੱਲੇ ਦੇ ਕੁੜੀ-ਮੁੰਡੇ ਦੀ ਹੌਲੀ ਉਮਰ ਵਿਚ ਸ਼ੁਰੂ ਹੋਈ ਮੁਹੱਬਤ ਦੁਆਲੇ ਘੁੰਮਦੀ ਹੈ। ਰੋਜ਼ਾਨਾ ਅਖ਼ਬਾਰ ਦੇ ਬਹਾਨੇ ਪਿਆਰੋ ਤੇ ਦੇਵ ਨਿੱਤ ਮਿਲਣ ਦਾ ਬਹਾਨਾ ਬਣਾਉਂਦੇ ਹਨ। ਪਿਆਰੋ ਦਰੀਆਂ ਬੁਣਨ, ਸਿੱਖਣ ਤੇ ਕਦੇ ਹੋਰ ਕੰਮ ਦਾ ਕਹਿ ਕੇ ਦੇਵ ਦੇ ਘਰ ਜਾਂਦੀ ਹੈ। ਉਨ੍ਹਾਂ ਦੇ ਮਾਪਿਆਂ ਵੱਲੋਂ ਪਾਏ ਅੜਿੱਕੇ ਮਗਰੋਂ ਉਮਰ, ਵਿਛੋੜੇ ਤੇ ਯਾਦਾਂ ਵਿਚ ਲੰਘਦੀ ਹੈ। ਬੁਢਾਪੇ ਵਿਚ ਉਨ੍ਹਾਂ ਦਾ ਮਿਲਾਪ ਹੁੰਦਾ ਹੈ ਜਦੋਂ ਦੇਵ ਪਿਆਰੋ ਹੁਰਾਂ ਦੇ ਖੰਡਰ ਹੋਏ ਮਕਾਨ ਨੂੰ ਵੱਡੀ ਰਕਮ ਦੇ ਕੇ ਖਰੀਦ ਲੈਂਦਾ ਹੈ। ਉਸ ਵਿਚ ਲਾਇਬ੍ਰੇਰੀ ਬਣਾਉਂਦਾ ਹੈ ਅਤੇ ਵਿਧਵਾ ਹੋਈ ਪਿਆਰੋ ਤੋਂ ਉਸ ਦਾ ਉਦਘਾਟਨ ਕਰਾਉਂਦਾ ਹੈ। ਅਖ਼ਬਾਰਾਂ ਮੇਜ਼ਾਂ ਉਤੇ ਦੇਖ ਸਾਰੀ ਉਮਰ ਅਣਵਿਆਹੇ ਰਹੇ ਦੇਵ ਨੂੰ ਉਹ ਕਹਿੰਦੀ ਹੈ, "...ਹੁਣ ਤੇਰੀ ਪਿਆਰੋ ਨੂੰ ਕਿਸੇ ਦੇ ਘਰੋਂ ਅਖ਼ਬਾਰ ਮੰਗਣ ਦੀ ਲੋੜ ਨਹੀਂ ਪੈਣੀ।"

ਇਉਂ ਹੀ 'ਮੇਰਾ ਜਮਾਤੀ ਗੇਜੂ' ਕੱਚੀ ਉਮਰ ਦੇ ਸਕੂਲੀ ਬਚਪਨ ਨਾਲ ਜੁੜੀ ਕਹਾਣੀ ਹੈ, ਜਿਹੜੀ ਵੱਡੀ ਉਮਰ ਤੱਕ ਯਾਦ ਵਜੋਂ ਜਿਉਂਦੀ ਰਹਿੰਦੀ ਹੈ।

'ਕੀ ਕਦੇ ਏਦਾਂ ਵੀ...' ਕਹਾਣੀ ਵਿਚ ਭਾਰਤੀ ਮੂਲ ਦਾ ਪਾਤਰ ਕ੍ਰਿਸ਼ਨਾ ਕੈਨੇਡਾ ਵਿਚ ਆਪਣੇ ਦਫ਼ਤਰ ਦੀ ਕਾਰਗੁਜ਼ਾਰੀ ਨੂੰ ਵਧੇਰੇ ਤਰਕ ਸੰਗਤ ਜੁਗਤ ਨਾਲ ਚਲਾਉਣ ਲਈ ਮੈਨੇਜਮੈਂਟ ਮੀਟਿੰਗਾਂ ਵਿਚ ਸੁਝਾਅ ਦਿੰਦਾ ਹੈ ਕਿ ਹੋਰ ਮੁਲਾਜ਼ਮ ਭਰਤੀ ਕੀਤੇ ਜਾਣ, ਤਾਂ ਕਿ ਕੰਮ ਕਰਦੇ ਮੁਲਾਜ਼ਮਾਂ ਉਤੇ ਬੋਝ ਅਤੇ ਮਾਨਸਿਕ ਤਣਾਅ ਘੱਟ ਹੋਵੇ। ਇਸ ਦੌਰਾਨ ਦਫ਼ਤਰੀ ਗੁੱਟਬੰਦੀ ਨਵੀਂ ਚਾਲ ਚੱਲਦੀ ਹੈ ਅਤੇ ਮਿਹਨਤੀ, ਸੱਚੇ-ਸੁੱਚੇ ਕਿਰਦਾਰ ਵਾਲੇ ਕ੍ਰਿਸ਼ਨਾ ਦੀ ਸਿਹਤ ਖਰਾਬੀ ਨੂੰ ਮਕਾਰੀ, ਝੂਠਾ ਤੇ ਬਹਾਨਾ ਬਣਾ ਕੇ ਸਾਬਤ ਕਰਨ ਵਿਚ ਕਸਰ ਨਹੀਂ ਛੱਡਦੀ। ਨਤੀਜੇ ਵਜੋਂ, ਕ੍ਰਿਸ਼ਨਾ ਨੂੰ ਬਾਹਰਲਾ ਬੂਹਾ ਦਿਖਾ ਦਿੱਤਾ ਜਾਂਦਾ ਹੈ।

ਸਾਹਿਤਕਾਰ ਸੁਰਿੰਦਰ ਗੀਤ ਦੇ ਮਾਨਵੀ ਨਜ਼ਰੀਏ ਬਾਰੇ ਇਕ ਹੋਰ ਨੁਕਤਾ ਸਾਂਝਾ ਕਰਨਾ ਉਚਿਤ ਹੋਵੇਗਾ। ਉਹ ਜਾਤਪਾਤ, ਵਰਣ-ਧਰਮ ਨੂੰ ਰੰਗ-ਭੇਤ ਤੇ ਨਸਲਵਾਦ ਦਾ ਹੀ ਰੂਪ ਮੰਨਦੀ ਹੈ। ਇਸ ਦ੍ਰਿਸ਼ਟੀ ਤੋਂ ਉਸ ਦੀ ਸ਼ਾਹਕਾਰ ਕਹਾਣੀ 'ਤਾਏ ਕੇ-ਚੋਰ ਉਚੱਕੇ ਨਹੀਂ', ਕੈਨੇਡਾ ਦੇ ਮੂਲ ਨਿਵਾਸੀਆਂ (ਰੈੱਡ ਇੰਡੀਅਨ) ਬਾਰੇ ਹੈ। ਦਰਅਸਲ, ਏਸ਼ੀਆਈ ਲੋਕਾਂ ਨੇ ਉਨ੍ਹਾਂ ਵਿੱਚੋਂ ਆਪਣਾ ਮੁਹਾਂਦਰਾ ਤਲਾਸ਼ਿਆ, ਉਨ੍ਹਾਂ ਦੇ ਨੈਣ-ਨਕਸ਼, ਸ਼ਕਲ-ਸੂਰਤ ਤੇ ਰੰਗ-ਢੰਗ ਤੋਂ ਸਾਡੇ ਭਾਰਤੀ ਲੋਕਾਂ ਨੂੰ ਆਪਣੇ-ਆਪਣੇ ਲੱਗਦੇ ਹਨ। ਗੋਰੇ 'ਤਾਏ ਕੇ' ਵਰਗੇ ਮੂਲ ਨਿਵਾਸੀਆਂ (ਫਸਟ ਨੇਸ਼ਨ) ਦੀਆਂ ਜ਼ਮੀਨਾਂ ਉਤੇ ਕਾਬਜ਼ ਹੋਏ ਤੇ ਨਾਲ ਹੀ ਉਨ੍ਹਾਂ ਦੀਆਂ ਔਰਤਾਂ ਨੂੰ ਵੀ ਕਬਜ਼ਾ ਲਿਆ। ਉਨ੍ਹਾਂ ਨੂੰ 'ਸਭਿਅਕ' ਬਣਾਉਣ ਦੇ ਬਹਾਨੇ ਕ੍ਰਿਸਚੈਨਿਟੀ ਦੇ ਧਰਮ-ਖੇਤਰ ਹੇਠ ਲਿਆਉਣ, ਸਕੂਲਾਂ ਵਿਚ ਉਨ੍ਹਾਂ ਦੇ ਬੱਚੇ ਪੜ੍ਹਾਉਣ ਲਈ ਵਿੱਢੇ ਗਏ 'ਧਰਮ-ਯੁੱਧ' ਦੇ ਫ਼ਰਜ਼ ਨਿਭਾਉਂਦਿਆਂ ਬੱਚਿਆਂ ਨੂੰ ਜਿਉਂਦੇ ਜੀਅ ਦਫ਼ਨਾਉਣ ਦਾ ਕਹਿਰ ਕਮਾਇਆ। ...'ਤਾਏ ਕੇ, ਚੋਰ ਉਚੱਕੇ ਨਹੀਂ" ਦਾ ਮੁੱਖ ਪਾਤਰ ਮਾਈਕਲ ਫ਼ੋਨਟੈਨ ਤੇ 'ਮੈਂ' ਪਾਤਰ ਵਿਚਾਲੇ ਸੰਵੇਦਨਸ਼ੀਲ ਸੰਵਾਦ ਹੈ, ਜਿਸ ਵਿੱਚੋਂ 'ਵੇਦਣ ਕਹੀਏ ਕਿਸ' ਵਾਲੀ ਸਥਿਤੀ ਉਪਜਦੀ ਹੈ। 'ਮੈਂ' ਪਾਤਰ ਅਪਾਹਜ ਕੀਤੇ ਗਏ ਮਾਈਕਲ ਤੋਂ ਉਸ ਦੇ ਪਰਵਾਰਕ ਪਿਛੋਕੜ ਦੇ ਵੇਰਵੇ ਤੇ ਬਿਰਤਾਂਤ ਸੁਣ-ਸੁਣ ਦਹਿਲ ਜਾਂਦੀ ਹੈ। ਉਹ ਦੱਸਦਾ ਹੈ ਕਿ ਸਰਕਾਰੀ ਅਮਲਾ ਮੂਲ ਨਿਵਾਸੀਆਂ ਦੇ ਬੱਚਿਆਂ ਨੂੰ ਉਨ੍ਹਾਂ ਤੋਂ ਜ਼ਬਰਦਸਤੀ ਖੋਹ-ਖਿੱਚ ਤੇ ਧੂਅ ਕੇ ਲਿਜਾਂਦਾ ਰਿਹਾ। ਨਾਬਰੀ ਤੇ ਵਿਰੋਧ ਕਰਨ ਵਾਲਿਆਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ। ਮਾਈਕਲ ਪਰਵਾਰ ਨਾਲ ਵੀ ਅਜਿਹਾ ਦੁਖਾਂਤ ਵਾਪਰਿਆ। ਕਹਾਣੀ 'ਬਿਰਤਾਂਤ' ਵਿਚ ਭੈਣ-ਭਰਾ ਦੇ ਵਿਛੋੜੇ, ਸਰੀਰਕ ਅਪਾਹਜਤਾ, ਦਿਮਾਗ਼ੀ ਸੰਤੁਲਨ 'ਚ ਖਰਾਬੀਆਂ ਦੇ ਵੇਰਵੇ ਦਿਲ ਨੂੰ ਡੋਬੂ ਪਾਉਂਦੇ ਹਨ। ...ਤੇ ਨਿੱਤ ਦੇਖਿਆ ਜਾਂਦਾ ਮਾਈਕਲ ਮੰਗਤਾ ਅਚਾਨਕ ਲਾਪਤਾ ਹੋ ਜਾਂਦਾ ਹੈ। ਮਗਰੋਂ, ਇਕ ਹੋਰ ਮੰਗਤਾ 'ਮੈਂ' ਪਾਤਰ ਨੂੰ ਦੱਸਦਾ ਹੈ ਕਿ ਮਾਈਕਲ ਆਪਣੀ ਪਾਗਲਾਂਹਾਰ ਹੋਈ ਭੈਣ ਨੂੰ ਲੱਭਣ ਗਿਆ ਸੀ। ਭੈਣ ਨਾਲ ਉਹਦੀ ਮੁਲਾਕਾਤ ਹੋ ਗਈ ਸੀ, ਪਰ ਹੁਣ ਉਹ ਖ਼ੁਦ ਸਦੀਵੀ ਤੌਰ 'ਤੇ ਵਿਛੋੜਾ ਦੇ ਗਿਆ। ਇਹ ਸੁਣ ਕੇ 'ਮੈਂ' ਪਾਤਰ ਦੇਰ ਤੱਕ ਕੰਬਦੀ ਰਹੀ, ਜਿਵੇਂ ਪੰਛੀ ਦੇ ਉੱਡਣ ਮਗਰੋਂ ਟਾਹਣੀ।

'ਰੰਗਾਂ ਦੀ ਖੇਡ' ਤੇ 'ਤੋਹਫ਼ਾ' ਕਹਾਣੀ ਸੰਗ੍ਰਹਿਆਂ ਬਾਰੇ ਸੰਖੇਪ ਵਿੱਚ ਆਖਿਆ ਜਾ ਸਕਦਾ ਹੈ ਕਿ ਉਹ ਯਥਾਰਥ ਦਾ ਝਾਉਲਾ ਪਾਉਂਦੀਆਂ ਹਨ। ਕਹਾਣੀਆਂ ਦੀ ਪੜ੍ਹਤ ਤੋਂ ਇਉਂ ਪ੍ਰਤੀਤ ਹੁੰਦਾ ਕਿ ਸੁਰਿੰਦਰ ਗੀਤ ਦਾ ਤਨ ਕੈਨੇਡਾ ਤੇ ਮਨ ਪੰਜਾਬ (ਭਾਰਤ) ਵਿਚ ਵੱਸਦਾ ਹੈ। ਦੂਜਾ ਤੱਥ, ਕਹਾਣੀਆਂ ਸਵੈ-ਜੀਵਨੀ ਮੂਲਕ ਜੁਗਤ ਵਿਧੀ ਦੇ ਬਿਰਤਾਂਤ ਵਿਚ ਲਿਖੀਆਂ ਹੋਈਆਂ ਹੋਣ ਕਾਰਨ ਉਨ੍ਹਾਂ ਵਿਚਲੇ ਪਾਤਰ ਯਥਾਰਥ ਸੰਗ ਖਹਿ ਕੇ ਤੁਰਦੇ ਨਜ਼ਰੀਂ ਪੈਂਦੇ ਹਨ। ਬਿਰਤਾਂਤ, ਸੰਵਾਦ, ਵਾਕ-ਬੁਣਤਰ ਦੇ ਵੇਰਵੇ ਏਨੇ ਸਹਿਜ ਹਨ ਕਿ ਲੇਖਕਾ ਦੀ ਮਾਨਵਵਾਦੀ ਦ੍ਰਿਸ਼ਟੀ ਉੱਭਰ ਕੇ ਸਾਹਮਣੇ ਆਉਂਦੀ ਹੈ। ਸ਼ਾਇਦ ਏਹੋ ਵਜ੍ਹਾ ਹੈ ਉਸ ਦੇ ਕਹਾਣੀ ਸੰਗ੍ਰਹਿ ਨੂੰ ਅੰਗਰੇਜ਼ੀ ਤੇ ਹਿੰਦੀ ਦੇ ਨਾਮੀ ਪਬਲਿਸ਼ਰਾਂ, ਕ੍ਰਮਵਾਰ 'ਦਿ ਗਿਫਟ ਐਂਡ ਅਦਰ ਸਟੋਰੀਜ਼' ਦੇ ਨਾਂਅ ਹੇਠ LG Publisher Distributars ਦਿੱਲੀ ਨੇ ਅਤੇ ਵਾਣੀ ਪ੍ਰਕਾਸ਼ਨ ਨੇ 'ਤੋਹਫਾ ਔਰ ਤੋਹਫ਼ਾ' ਦੇ ਨਾਂਅ ਹੇਠ ਛਾਪਿਆ ਹੈ। ਇਨ੍ਹਾਂ ਦਿਨਾਂ 'ਚ ਹੀ ਉਸ ਦੀਆਂ ਕਵਿਤਾਵਾਂ ਦਾ ਅਨੁਵਾਦ 'Where the Heart Dwells ਨਾਂਅ ਹੇਠ ਛਪਿਆ ਹੈ।

ਕਹਿਣਾ ਉਚਿੱਤ ਹੋਵੇਗਾ ਕਿ ਸੁਰਿੰਦਰ ਗੀਤ-ਸਾਹਿਤ ਸਦਕਾ, ਖ਼ਾਸ ਤੌਰ 'ਤੇ ਪੰਜਾਬੀ ਪਰਵਾਸੀ ਸਾਹਿਤ ਅਮੀਰ ਹੋਇਆ ਹੈ। ਨੇੜ-ਭਵਿੱਖ ਵਿਚ ਉਸ ਵੱਲੋਂ ਹੋਰ ਵਿਲੱਖਣ ਤੇ ਮੁੱਲਵਾਨ ਕ੍ਰਿਤਾਂ ਦੀ ਉਮੀਦ ਕੀਤੀ ਜਾ ਰਹੀ ਹੈ। ਇਸ ਲਈ ਕਿ ਉਸ ਕੋਲ ਸਮਾਜਿਕ ਸਰੋਕਾਰਾਂ ਵਾਲੇ ਵਿਸ਼ੇ ਹਨ, ਜਿਵੇਂ ਧਰਮ ਦੇ ਹਾਂ-ਪੱਖੀ ਨੁਕਤਿਆਂ ਨੂੰ ਅੱਖੋਂ-ਪਰੋਖੇ ਕਰਕੇ ਅੰਧ-ਵਿਸ਼ਵਾਸ ਫੈਲਾਅ ਕੇ ਲੋਕਾਂ ਨੂੰ ਠੱਗਣਾ, ਜਾਤਪਾਤ ਰਾਹੀਂ ਸੁਆਰਥ ਸਿੱਧੇ ਕਰਨੇ, ਨਫ਼ਰਤ ਦੇ ਬੀ ਬੀਜ ਦੇ ਸਮਾਜ ਦੀ ਸਮੂਹਕ ਤਰੱਕੀ ਤੇ ਏਕਤਾ ਵਿਚ ਅੜਿੱਕੇ ਖੜ੍ਹੇ ਕਰਨੇ, ਵਿਦੇਸ਼ ਜਾਣ ਲਈ ਧੀਆਂ ਨੂੰ ਜ਼ਰੀਆ ਬਣਾਉਣਾ, ਜਗੀਰੂ ਰੁਚੀਆਂ ਅਤੇ ਪੂੰਜੀਵਾਦੀ ਵਰਤਾਰੇ ਦਾ ਬਿਰਤਾਂਤ ਸਿਰਜਦੀਆਂ ਹਨ। ਵਿਲੱਖਣ ਨੁਕਤਾ ਇਹ ਹੈ ਕਿ ਸੁਰਿੰਦਰ ਗੀਤ ਕੋਲ ਮਲਵਈ ਭਾਸ਼ਾ ਦੀ ਪੁੱਠ ਵਾਲਾ ਮੁਹਾਵਰਾ ਹੈ। ਕਹਾਣੀਆਂ ਵਿਚ ਸਰਲਤਾ ਤੇ ਸਹਿਜਤਾ ਇਸ ਦਾ ਹਾਸਲ ਹੈ।

ਸੰਪਰਕ-93505-48100

ਸਫ਼ਾ 1 ਦੀ ਬਾਕੀ

## ਪੰਜਾਬੀ ਚਿੰਤਨ ਅਤੇ ਖੋਜ ਦੇ ਖੇਤਰ 'ਚ ਸੰਵਾਦਕਾਰੀ ਦਾ ਝੰਡਾਬਰਦਾਰ...

ਉਸ ਦਾ ਸਾਰਾ ਵਿਕਾਸ ਜਮਾਤੀ ਰਿਸ਼ਤਿਆਂ 'ਤੇ ਆਧਾਰਤ ਹੈ। ਉਸ ਅਨੁਸਾਰ ਮਨੁੱਖ ਦਾ ਸਮਾਜ ਨਾਲ ਦਵੰਦਮਈ ਰਿਸ਼ਤਾ ਹੋਣ ਕਰਕੇ ਮਨੁੱਖ ਬਾਕੀ ਜਾਨਵਰਾਂ ਵਾਂਗ ਆਪਣੀਆਂ ਸਰੀਰਕ ਰੁਚੀਆਂ ਅਨੁਸਾਰ ਨਹੀਂ ਜਿਉਂਦਾ, ਬਲਕਿ ਸਮਾਜ-ਸੱਭਿਆਚਾਰ ਦੀਆਂ ਲੋੜਾਂ ਅਨੁਸਾਰ ਜਿਉਂਦਾ ਹੈ।

ਪ੍ਰੋ. ਕਿਸ਼ਨ ਸਿੰਘ ਇਸ ਪੁਸਤਕ ਵਿਚ ਲਾਤੀਨੀ ਅਮਰੀਕਾ ਵਰਗੀ 'ਲਿਬਰੇਸ਼ਨ ਥਿਆਲੋਜੀ' ਲਹਿਰ ਦੀ ਲੋੜ 'ਤੇ ਫੋਕਸ ਕਰਦਾ ਹੈ। 'ਲਿਬਰੇਸ਼ਨ ਬਿਆਲੋਜੀ' (Liberation Theology) ਇੱਕ ਇਸਾਈ ਧਾਰਮਿਕ ਅੰਦੋਲਨ ਸੀ, ਜੋ 1960-70 ਦੇ ਦਹਾਕੇ ਵਿੱਚ ਲਾਤੀਨੀ ਅਮਰੀਕਾ ਵਿੱਚ ਉੱਭਰਿਆ। ਇਸ ਦਾ ਮੁੱਖ ਉਦੇਸ਼ ਬਾਈਬਲ ਦੇ ਸੰਦੇਸ਼ ਨੂੰ ਇਸ ਤਰ੍ਹਾਂ ਸਮਝਣਾ ਹੈ ਕਿ ਉਹ ਲੋਕਾਂ ਨੂੰ ਸਮਾਜਿਕ, ਰਾਜਨੀਤਕ ਅਤੇ ਆਰਥਿਕ ਜ਼ੁਲਮ ਤੋਂ ਮੁਕਤੀ ਦਾ ਸੱਦਾ ਦੇਵੇ।

ਕਿਸ਼ਨ ਸਿੰਘ ਦਾ ਭਾਵ ਇਹ ਹੈ ਕਿ ਬੁਰਜੂਆ ਸਥਾਪਤੀ ਦੇ ਵਿਰੁੱਧ, ਇਨਕਲਾਬੀ ਜੱਦੋ-ਜਹਿਦ, ਚੇਤਨਤਾ ਵਸੋਂ ਦੇ ਉਸ ਖਿੱਤੇ ਵਿੱਚੋਂ ਵੀ ਉੱਠ ਰਹੀ ਹੈ, ਜਿੱਥੇ ਸਮਾਜਿਕ ਮਨੁੱਖੀ ਅਮਲ ਦੀ ਪ੍ਰੇਰਨਾ ਦਾ ਮੂਲ ਰੂਪ ਵਿਚ ਮਜ਼ਬੀ ਹੈ।

ਪੁਨਰ ਪ੍ਰਕਾਸ਼ਨ ਅਧੀਨ ਸਾਹਮਣੇ ਆਈ ਚੌਥੀ ਪੁਸਤਕ 'ਅਜ਼ਾਦ ਔਰਤ' ਹੈ, ਜਿਸ ਦੀ ਸੰਪਾਦਨਾ ਡਾ. ਜਸਬੀਰ ਕੇਸਰ ਨੇ ਕੀਤੀ ਹੈ। ਇਸ ਪੁਸਤਕ ਦੇ ਪਾਠ ਵਿੱਚੋਂ ਸਪੱਸ਼ਟ ਹੁੰਦਾ ਹੈ ਕਿ ਪ੍ਰੋ. ਕਿਸ਼ਨ ਸਿੰਘ ਹਰ ਸਮਾਜਵਾਦੀ ਮਾਰਕਸਵਾਦੀ ਸੋਚ ਰੱਖਣ ਵਾਲੇ ਚਿੰਤਕਾਂ ਵਾਂਗ ਔਰਤ ਨੂੰ ਸਮੁੱਚੇ ਮਨੁੱਖ ਤੋਂ ਵੱਖਰੀ ਕੋਈ ਅਜਿਹੀ ਹਸਤੀ ਨਹੀਂ ਮੰਨਦੇ, ਜਿਸ ਨੇ ਜ਼ਾਤੀ ਤੌਰ 'ਤੇ ਸੁਤੰਤਰ ਹੋਣਾ ਹੈ। ਉਹ ਇਸ ਪੁਸਤਕ ਦੇ ਲੇਖਾਂ ਵਿਚ ਇਹ ਸੁਆਲ ਉਠਾਉਂਦਾ ਹੈ ਕਿ ਸਰਮਾਏ ਦੇ ਦੌਰ ਵਿਚ ਜੇਕਰ ਹਰ ਮਨੁੱਖ ਗੁਲਾਮ ਹੈ ਤਾਂ ਔਰਤ ਆਪਣੇ ਤੌਰ 'ਤੇ ਇਕੱਲੀ ਕਿਵੇਂ ਆਜ਼ਾਦ ਹੋ ਸਕਦੀ ਹੈ।ਉਹ ਇਸ ਧਾਰਨਾ ਨੂੰ ਇਹ ਕਹਿ ਕੇ ਹੋਰ ਸਪੱਸ਼ਟ ਕਰਦਾ ਹੈ ਕਿ ਸਰਮਾਏਦਾਰੀ ਨਿਜ਼ਾਮ ਵਿਚ ਪੈਸਾ ਸਭ ਤੋਂ ਵੱਡੀ ਚਾਲਕ ਸ਼ਕਤੀ ਹੈ ਅਤੇ ਸਮੁੱਚਾ ਸਮਾਜ ਪੈਸੇ ਜਾਂ ਸਰਮਾਏ ਦਾ ਗੁਲਾਮ ਹੈ। ਉਸ ਮੁਤਾਬਕ ਇਹ ਸਮਝਣਾ ਮੂਰਖਤਾ ਹੈ ਕਿ ਧਨਵਾਨ ਆਜ਼ਾਦ ਹੁੰਦਾ ਹੈ ਤੇ ਗਰੀਬ ਗੁਲਾਮ। ਗਰੀਬ ਧਨਵਾਨ ਦਾ ਗੁਲਾਮ ਹੈ, ਧਨਵਾਨ ਸਰਮਾਏ ਦਾ ਕਿਉਂਕਿ ਆਪੋ ਆਪਣੀ ਥਾਂ ਦੋਵੇਂ ਹੀ ਇਨਸਾਨੀਅਤ ਤੇ ਆਜ਼ਾਦੀ ਤੋਂ ਵਿਰਵੇ ਹੋ ਜਾਂਦੇ ਹਨ।

ਇਸੇ ਲੜੀ ਦੇ ਤੀਜੇ ਲੇਖ (ਉਪ ਸਿਰਲੇਖ 'ਗੁਲਾਮ ਔਰਤ') ਵਿਚ ਪ੍ਰੋ. ਕਿਸ਼ਨ ਸਿੰਘ ਸਰਮਾਏ ਦੇ ਇਸ ਦੌਰ ਵਿਚ ਔਰਤ ਦੀ ਦੂਹਰੀ ਗੁਲਾਮੀ ਦੀ ਗੱਲ ਵੀ ਕਰਦਾ ਹੈ। ਉਹ ਕਹਿੰਦਾ ਹੈ ਕਿ ਔਰਤ ਵੀ ਕਿਉਂਕਿ ਮਨੁੱਖ ਹੈ ਇਸ ਲਈ ਗੁਲਾਮੀ ਵਾਲੇ ਸਮਾਜ ਵਿਚ ਉਹ ਵੀ ਮਰਦ ਵਾਂਗ ਗੁਲਾਮ ਹੈ, ਪਰ ਉਸ ਦੀ ਗੁਲਾਮੀ ਦੋਹਰੀ ਹੋ ਜਾਂਦੀ ਹੈ ਕਿਉਂਕਿ ਉਸ ਦੀ ਕਿਰਤ-ਸ਼ਕਤੀ ਤਾਂ ਵਿਕਦੀ ਹੀ ਹੈ, ਉਸ ਦੀ ਜਿਨਸ ਜਾਂ ਜਿਨਸੀ ਅੰਗ ਵੀ ਵਿਕਦਾ ਹੈ ਤੇ ਇਉਂ ਉਹ ਮਰਦ ਤੋਂ ਵੀ ਨੀਵੇਂ ਦਰਜੇ ਦੀ ਗੁਲਾਮ ਬਣ ਜਾਂਦੀ ਹੈ। ਉਹ ਕਹਿੰਦਾ ਹੈ ਕਿ ਜਮਾਤੀ ਸਮਾਜ ਨੇ ਔਰਤ ਨੂੰ ਪਹਿਲਾਂ ਜਿਨਸ ਐਲਾਨਿਆ ਤੇ ਫੇਰ ਉਸ ਨੂੰ 'ਗੰਦੀ ਜਿਨਸ' ਦਾ ਫਤਵਾ ਦੇ ਦਿੱਤਾ।

ਫਿਰ ਉਹ ਪੰਜਾਬੀ ਸਾਹਿਤ ਦੇ ਹਵਾਲੇ ਨਾਲ ਚਰਚਾ ਨੂੰ ਅੱਗੇ ਵਧਾਉਂਦਾ ਹੈ। ਮੱਧਕਾਲੀ ਸਾਹਿਤ ਦੇ ਪ੍ਰਸੰਗ ਵਿਚ ਉਹ ਸਾਕਾਰਾਤਮਕ ਟਿੱਪਣੀ ਕਰਦਾ ਹੋਇਆ ਕਹਿੰਦਾ ਹੈ ਕਿ ਲੋਕਾਂ ਨੇ ਫ਼ਿਊਡਲ ਸਮਾਜ ਤੇ ਕਲਚਰ ਵਿਰੁੱਧ ਪਲੈਬੀਅਨ (ਸਮਾਜਿਕ ਤੌਰ 'ਤੇ ਨੀਵੀਆਂ ਜਾਤਾਂ ਅਤੇ ਕੰਮੀ ਜਾਂ ਪਰੋਲੋਤਾਰੀ) ਦੇ ਪੈਂਤੜੇ ਤੋਂ ਬਗਾਵਤ ਕੀਤੀ ਅਤੇ ਮੱਧਕਾਲੀ ਲੇਖਕਾਂ (ਗੁਰਬਾਣੀ, ਸੂਫੀ ਕਾਵਿ ਅਤੇ ਕਿੱਸਾ ਸਾਹਿਤ) ਨੇ ਸਰਬੱਤ ਦੀ ਅਜ਼ਾਦੀ ਦਾ ਨਾਹਰਾ ਬੁਲੰਦ ਕੀਤਾ।

ਫਿਰ ਉਹ ਆਧੁਨਿਕ ਦੌਰ ਦੇ ਪੰਜਾਬੀ ਲੇਖਨ ਦਾ ਆਲੋਚਨਾਤਮਕ ਅਧਿਐਨ ਕਰਦਾ ਹੋਇਆ ਆਪਣੀ ਇਹ ਧਾਰਨਾ ਪੇਸ਼ ਕਰਦਾ ਹੈ ਕਿ ਸਾਡੇ ਲੇਖਕ ਨੇ ਫ਼ਿਊਡਲ ਕਲਚਰ ਦਾ ਵਿਰੋਧ ਤਾਂ ਕੀਤਾ, ਪਰ ਆਪਣੇ ਆਪ ਨੂੰ ਮਾਰਕਸਵਾਦੀ ਸਮਝਣ ਵਾਲੇ ਲੇਖਕਾਂ ਨੇ ਵੀ ਸਰਮਾਏਦਾਰੀ ਕਲਚਰ ਜਾਂ ਬੁਰਜੂਆ ਕਲਚਰ ਦੇ ਪੈਂਤੜੇ ਤੋਂ ਹੀ ਮਨੁੱਖ ਦੀ ਆਜ਼ਾਦੀ ਦੇ ਮਸਲੇ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ। ਸੰਸਾਰ ਪੱਧਰ 'ਤੇ ਬਿਖਰ ਰਹੀ ਅਤੇ ਸਥਾਨਕ ਸਰਮਾਏਦਾਰੀ ਦੀ ਫਿਰਕੂ ਸ਼ਕਲ ਨੂੰ ਸਮਝਣ ਵਿਚ ਸਾਡਾ ਲੇਖਕ ਨਾਕਾਮ ਰਿਹਾ ਹੈ।' ਉਹ ਕਹਿੰਦਾ ਹੈ ਕਿ ਸਾਡੇ ਲੇਖਕਾਂ ਦੀ ਜ਼ਹਿਨੀਅਤ ਕਲੋਨੀਅਲ ਹੈ ਤੇ ਔਰਤ ਮਰਦ ਦੇ ਰਿਸ਼ਤੇ ਨੂੰ ਵੀ ਉਹ ਕਲੋਨੀਅਲ ਦ੍ਰਿਸ਼ਟੀ ਤੋਂ ਹੀ ਦੇਖਦੇ-ਸਮਝਦੇ ਹਨ।

ਤੀਜੀ ਪੁਸਤਕ 'ਕਲਚਰਲ ਇਨਕਲਾਬ' ਹੈ, ਜਿਸ ਦੀ ਸੰਪਾਦਨਾ ਡਾ. ਜਸਵਿੰਦਰ ਸਿੰਘ ਨੇ ਕੀਤੀ ਹੈ। ਕਲਚਰਲ ਇਨਕਲਾਬ ਦਾ ਇਹ ਸੰਕਲਪ ਭਾਵੇਂ ਮਾਰਕਸਵਾਦੀ ਚਿੰਤਨ ਦਾ ਇਕ ਅਹਿਮ ਸਰੋਕਾਰ ਸੀ।ਖੁਦ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਨੇ ਇਸ ਬਾਰੇ ਭਰਪੂਰ ਅੰਤਰ-ਦ੍ਰਿਸ਼ਟੀਆਂ ਦਿੱਤੀਆਂ ਪਰ ਮਗਰੋਂ ਰੂਸ ਅਤੇ ਚੀਨ ਵਿਚ ਆਏ ਸਮਾਜਵਾਦੀ ਇਨਕਲਾਬਾਂ ਨੇ ਜਿਸ ਪ੍ਰਕਾਰ ਦੇ ਨਵੇਂ ਸਮਾਜੀ-ਮਨੁੱਖੀ ਬਣਤਰ, ਕਿਰਤ-ਪੈਦਾਵਾਰ ਦੇ ਰਿਸ਼ਤੇ ਅਤੇ ਸਿਆਸੀ ਸਿਸਟਮ ਸਿਰਜਿਆ ਜਾਂ ਉਸਾਰਨ ਦਾ ਯਤਨ ਕੀਤਾ, ਉਸ ਦੇ ਅੰਦਰਵਾਰ ਅਤੇ ਆਰ-ਪਾਰ ਕੁੱਝ ਅਹਿਮ ਮਸਲੇ-ਮੁੱਦੇ ਨਿਰੰਤਰ ਵਾਦ-ਵਿਵਾਦ ਦਾ ਕੇਂਦਰ ਬਣੇ ਰਹੇ। ਲੈਨਿਨ ਤੋਂ ਮਗਰੋਂ ਇਨ੍ਹਾਂ ਦਾ ਖੁੱਲ੍ਹ ਕੇ ਪਹਿਲੀ ਵਾਰ ਐਲਾਨ ਅਤੇ ਵਿਸ਼ਲੇਸ਼ਣ ਮਾਉ-ਜੇ-ਤੁੰਗ ਨੇ ਕੀਤਾ।

ਡਾ. ਜਸਵਿੰਦਰ ਸਿੰਘ ਅਨੁਸਾਰ ਪ੍ਰੋ: ਕਿਸ਼ਨ ਸਿੰਘ ਦੀ ਪੁਸਤਕ ਦੇ ਲੇਖ 'ਮਾਰਕਸਵਾਦੀ ਫ਼ਲਸਫ਼ੇ ਦੀ ਲੋਅ' ਵਿਚ ਉਸਾਰੇ ਜਾ ਰਹੇ ਜਾਂ ਉਸਾਰੇ ਜਾਣ ਵਾਲੇ ਸਮਾਜਵਾਦੀ ਸਮਾਜੀ ਆਰਥਿਕ-ਸਿਆਸੀ ਮਾਡਲ ਦੇ ਅੰਦਰਵਾਰ ਉਸ ਨਵੇਂ ਸਮਾਜ, ਨਵੇਂ ਮਨੁੱਖ, ਨਵੇਂ ਮਨੋਰਥ, ਨਵੇਂ ਹਿੱਤ, ਨਵੀਆਂ ਪ੍ਰੇਰਨਾਵਾਂ ਅਤੇ ਲੋੜਦੀਆਂ ਸਮੂਹਿਕ ਸਰਗਰਮੀਆਂ ਦਾ ਪੜਚੋਲਵਾਂ ਤਰਕ ਪ੍ਰਸਤੁਤ ਕੀਤਾ ਗਿਆ ਹੈ।

ਇਹ ਸੱਭਿਆਚਾਰਕ ਇਨਕਲਾਬ ਕੀ ਹੈ?

ਕਿਸੇ ਵੀ ਖਿੱਤੇ ਵਿਚ ਸਮਾਜਵਾਦੀ ਲਹਿਰ ਦੇ ਤਹਿਤ ਆਏ ਇਨਕਲਾਬ ਤੋਂ ਬਾਅਦ ਅਖ਼ਤਿਆਰ ਕੀਤਾ ਗਿਆ ਉਹ ਰਾਹ ਹੈ, ਜਿਸ ਰਾਹੀਂ ਸੱਚਮੁੱਚ ਦੇ ਸੱਭਿਅਕ ਸਮਾਜ ਦੀ ਉਸਾਰੀ ਹੋਣੀ ਹੈ, ਜਿਸ ਵਿਚ ਸਰਮਾਏਦਾਰੀ ਨਿਜ਼ਾਮ ਦੀਆਂ ਅਲਾਮਤਾਂ ਨਾ ਰਹਿਣ। ਜਮਾਤੀ ਵੰਡਾਂ ਦੇ ਤਹਿਤ ਪਈ ਕੁੜੱਤਣ, ਮੁਨਾਫੇ ਦੀ ਹਵਸ, ਮੰਡੀ ਸੱਭਿਆਚਾਰ, ਨਿੱਜਵਾਦੀ ਰੁਝਾਨ ਹੌਲੀ-ਹੌਲੀ ਖ਼ਤਮ ਹੋਵੇ ਅਤੇ ਉਸਾਰੂ ਕਦਰਾਂ-ਕੀਮਤਾਂ ਦੇ ਆਧਾਰ 'ਤੇ ਸੱਚਮੁੱਚ ਦਾ ਬਰਾਬਰੀ ਦਾ ਸਮਾਜ ਸਿਰਜਿਆ ਜਾਵੇ।

ਪ੍ਰੋ. ਕਿਸ਼ਨ ਸਿੰਘ ਦੇ ਮੁਤਾਬਿਕ ਸਮਾਜਵਾਦੀ ਇਨਕਲਾਬ ਆ ਜਾਣ ਦੇ ਨਾਲੋ-ਨਾਲ ਆਪਣੇ ਆਪ ਨਵਾਂ ਸਮਾਨਤਾ ਭਰਿਆ ਸਮਾਜ ਉਸਰ ਨਹੀਂ ਜਾਂਦਾ, ਸਗੋਂ ਸਰਮਾਏਦਾਰੀ ਨਿਜ਼ਾਮ ਦੀਆਂ ਬਲਸ਼ਾਲੀ ਖੁਦਗਰਜ਼ ਅਲਾਮਤਾਂ ਇਸ ਨੂੰ ਨਿਰੰਤਰ ਖੋਰਾ ਲਾਈ ਰੱਖਦੀਆਂ ਹਨ, ਜੇ ਇਨ੍ਹਾਂ ਦੇ ਖ਼ਾਤਮੇ ਨੂੰ ਠੀਕ ਤਰ੍ਹਾਂ ਵਿਉਂਤਿਆ ਤੇ ਨਜਿੱਠਿਆ ਨਾ ਜਾਵੇ ਤਾਂ ਇਹ ਮੁੜ ਕਾਬਜ਼ ਹੋ ਜਾਂਦੀਆਂ ਹਨ। ਇਉਂ ਕਿਸ਼ਨ ਸਿੰਘ ਦਾ ਕਲਚਰਲ ਇਨਕਲਾਬ ਸਮਾਜਵਾਦੀ ਰਵਾਇਤਾਂ ਉੱਪਰ ਆਧਾਰਤ ਨਵੇਂ ਮਨੁੱਖ ਅਤੇ ਨਵੇਂ ਸਮਾਜ ਦੀ ਉਸਾਰੀ ਦਾ ਅਵਾਮੀ ਮਾਡਲ ਹੈ।

ਇਸ ਲੜੀ ਦੀਆਂ ਅਗਲੀਆਂ ਦੋ ਪੁਸਤਕਾਂ ਡਾ. ਸਰਬਜੀਤ ਸਿੰਘ ਦੁਆਰਾ ਸੰਪਾਦਿਤ 'ਸਿੱਖ ਲਹਿਰ' ਅਤੇ 'ਗੁਰਬਾਣੀ ਦਾ ਸੱਚ' ਹਨ।ਹੈ। ਇਹਨਾਂ ਦੋਵਾਂ ਪੁਸਤਕਾਂ ਰਾਹੀਂ ਪ੍ਰੋ. ਕਿਸ਼ਨ ਸਿੰਘ ਦੀਆਂ ਕਈ ਮਹੱਤਵਪੂਰਨ ਧਾਰਨਾਵਾਂ ਸਾਹਮਣੇ ਆਉਂਦੀਆਂ ਹਨ। ਪਹਿਲੀ ਧਾਰਨਾ ਇਹ ਹੈ ਕਿ ਸਿੱਖ ਲਹਿਰ ਸਿਰਫ਼ ਧਾਰਮਿਕ ਲਹਿਰ ਨਹੀਂ ਸੀ, ਜੋ ਮਹਿਜ਼ ਅਧਿਆਤਮਕਤਾ ਦੀ ਜੰਗ ਲੜ ਰਹੀ ਹੋਵੇ, ਸਗੋਂ ਉਹ ਸਿੱਖ ਲਹਿਰ ਨੂੰ ਮੱਧਕਾਲ ਵਿੱਚ ਉੱਠੀ ਲੋਕ ਹਿੱਤ ਦੇ ਪੈਂਤੜੇ ਵਾਲੀ ਲੋਕ ਲਹਿਰ ਵਜੋਂ ਪਛਾਣਦਾ ਹੈ। ਉਸ ਦਾ ਬੁਨਿਆਦੀ ਮੱਤ ਹੈ ਕਿ ਗੁਰਮਤਿ ਦਰਸ਼ਨ ਆਪਣੇ ਮੂਲ ਸੁਭਾਅ ਵਜੋਂ ਕਰਾਂਤੀਕਾਰੀ ਹੈ, ਕਿਉਂਕਿ ਉਹ ਜਗੀਰੂ ਸਮਾਜ ਦੇ ਮੁਕਾਬਲੇ ਉਪਰ ਅਵਾਮੀ ਸਮਾਜ ਦੀ ਸਿਰਜਣਾ ਦਾ ਸੁਪਨਾ ਲੈਂਦਾ ਹੈ ਅਤੇ ਉਸ ਨੂੰ ਵਿਹਾਰਕ ਰੂਪ ਵਿੱਚ ਯਥਾਰਥਕ ਬਣਾਉਣ ਲਈ ਸੰਘਰਸ਼ ਦਾ ਰਾਹ ਅਪਣਾਉਂਦਾ ਹੈ।

ਅਗਲੀ ਧਾਰਨਾ ਇਹ ਹੈ ਕਿ ਪ੍ਰੋ. ਕਿਸ਼ਨ ਸਿੰਘ ਕੋਲ ਇਸ ਵਰਤਾਰੇ ਦੀ ਡੂੰਘੀ ਸਮਝ ਸੀ ਕਿ ਭਾਰਤ ਵਿਚ ਜਾਤ ਦੇ ਸਵਾਲ ਨੂੰ ਹੱਲ ਕੀਤੇ ਬਗੈਰ ਜਮਾਤ ਦਾ ਮਸਲਾ ਤਣ-ਪੱਤਣ ਨਹੀਂ ਲੱਗਣਾ। ਉਹ ਲਿਖਦਾ ਹੈ, 'ਹਿੰਦੂ ਸਮਾਜਿਕ ਬਣਤਰ ਵਿੱਚ, ਜਮਾਤ ਨੇ ਜਾਤ ਦਾ ਰੂਪ ਧਾਰਿਆ ਹੋਇਆ ਹੈ। ਜਾਤ ਵਿੱਚ ਤਿੰਨ ਚੀਜ਼ਾਂ ਹਨ। ਇੱਕ, ਕੰਮ ਦੀ ਵੰਡ, ਦੂਜੇ ਆਰਥਿਕ-ਸਮਾਜਿਕ ਸਿਆਸੀ ਅਰਥਾਂ ਵਿੱਚ ਜਮਾਤ, ਜਮਾਤੀ ਹਿੱਤ ਅਤੇ ਤੀਜੇ ਜਮਾਤ ਦੀ ਮੈਂਬਰੀ ਜਾਤ ਦੇ ਆਧਾਰ ਉੱਤੇ। ਕੋਈ ਇੱਕੜ-ਦੁੱਕੜ ਬੰਦਾ ਜੇ ਆਪਣੀ ਕੋਸ਼ਿਸ਼ ਨਾਲ ਆਪਣੀ ਜਾਤ ਦੇ ਕਿੱਤੇ ਨੂੰ ਛੱਡ ਹੋਰ ਕੰਮ ਕਰਕੇ ਜਾਂ ਕਿਸੇ ਹੋਰ ਤਰੀਕੇ ਨਾਲ, ਆਪਣੀ ਜਾਤ ਵਿੱਚੋਂ ਨਿਕਲਣਾ ਚਾਹੁੰਦਾ ਤਾਂ ਨਿਕਲ ਨਹੀਂ ਸੀ ਸਕਦਾ। ਪ੍ਰੋ. ਕਿਸ਼ਨ ਸਿੰਘ ਇਸ ਜਾਤੀ ਵੰਡ ਦੇ ਵਿਰੋਧ ਵਿਚ ਉੱਸਰੇ ਸਿੱਖ ਲਹਿਰ ਦੇ ਮਾਡਲ ਨੂੰ ਇਕ ਬਦਲ ਵਜੋਂ ਪੇਸ਼ ਕਰਦਾ ਹੈ।

ਇਸ ਪ੍ਰਸੰਗ ਵਿਚ ਇਕ ਹੋਰ ਅਹਿਮ ਨੁਕਤਾ ਜੋ ਇਸ ਪੁਸਤਕ ਰਾਹੀਂ ਉੱਭਰਦਾ ਹੈ, ਉਹ ਇਹ ਹੈ ਕਿ ਇਸ ਰਾਹੀਂ ਪ੍ਰੋ. ਕਿਸ਼ਨ ਸਿੰਘ ਬੰਦਾ ਬਹਾਦਰ ਤੱਕ ਦੇ ਸਿੱਖੀ ਦੇ ਢਾਈ ਸੌ ਸਾਲਾਂ ਦੇ ਵਿਕਾਸ ਨੂੰ ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲੋਂ ਨਿਖੇੜਦਾ ਹੋਇਆ ਇਹਨਾਂ ਨੂੰ ਫਿਊਡਲ ਰਿਆਸਤਾਂ ਕਹਿੰਦਾ ਹੈ।

'ਗੁਰਬਾਣੀ ਦਾ ਸੱਚ' ਵਿਚ ਪ੍ਰੋ. ਕਿਸ਼ਨ ਸਿੰਘ ਗੁਰਬਾਣੀ ਦੇ ਸੁਹਜ, ਗੁਰਬਾਣੀ ਦੀ ਧਾਰਮਿਕਤਾ ਅਤੇ ਸਮਾਜਿਕਤਾ ਨੂੰ ਵੱਖ ਵੱਖ ਨਜ਼ਰੀਏ ਤੋਂ ਸਮਝਣ ਦੀ ਕੋਸ਼ਿਸ਼ ਕਰਦਾ ਹੋਇਆ ਇਸ ਨੂੰ ਸ਼ੁੱਧ ਸੰਕਲਪਾਂ ਦੀ ਪੇਸ਼ਕਾਰੀ ਤੋਂ ਨਿਖੇੜ ਕੇ ਚਿੰਤਨ ਦੀ ਸੁਹਜਾਤਮਕ ਪੇਸ਼ਕਾਰੀ ਨਾਲ ਜੋੜਦਾ ਹੈ। ਵਿਸ਼ੇਸ਼ ਤੌਰ 'ਤੇ ਗੁਰਬਾਣੀ ਵਿਚ ਪੇਸ਼ 'ਰੱਬ' ਦੇ ਸੰਕਲਪ ਨੂੰ ਪਰਿਭਾਸ਼ਿਤ ਕਰਦਾ ਹੈ।

ਉਹ ਸੁਆਲ ਖੜ੍ਹਾ ਕਰਦਾ ਹੈ ਕਿ ਕੀ ਰੱਬ ਸਥਾਪਤ ਪ੍ਰਬੰਧ ਦੇ ਅਨੁਸਾਰੀ ਵਿਸ਼ਵਾਸਾਂ 'ਤੇ ਟਿਕਿਆ ਰੱਬ ਹੈ ਜਾਂ ਇਸ ਦਾ ਸਰੂਪ ਅਤੇ ਹੋਂਦ ਵੱਖਰੀ ਤਰ੍ਹਾਂ ਦੀ ਹੈ? ਪ੍ਰੋ. ਕਿਸ਼ਨ ਸਿੰਘ ਅਨੁਸਾਰ ਗੁਰਬਾਣੀ ਦਾ ਰੱਬ ਕੁੱਲ ਸ਼ਕਤੀਆਂ ਦਾ ਸੋਮਾ ਹੈ, ਸ੍ਰਿਸ਼ਟੀ ਦੇ ਕੁੱਲ ਪਸਾਰੇ ਦਾ ਰਚਣ ਵਾਲਾ ਹੈ, ਸਰਬ ਸ਼ਕਤੀਮਾਨ ਹੈ, ਸਰਬ ਪ੍ਰਵੇਸ਼ਕ ਹੈ। ਰੱਬ ਦਾ ਇਹ ਚਿੱਤਰ ਜਮਾਤੀ ਚਿੱਤਰ ਹੈ। ਇਸ ਦਾ ਰੋਲ ਲੋਕ ਹਿਤੀ ਹੈ। ਰੱਬ ਦਾ ਸਰਬ ਪ੍ਰਵੇਸ਼ਕ ਅੰਗ, 'ਮਾਨਸ ਕੀ ਜਾਤ ਸਭੇ ਏਕ ਹੀ ਪਹਿਚਾਨਬੋ' ਦੀ ਪੁਜ਼ੀਸ਼ਨ ਦੀ ਉਸਾਰੀ ਕਰਦਾ ਹੈ।' ਗੁਰਮਤਿ ਦਰਸ਼ਨ ਦਾ ਰੱਬ, ਵਿਹੂਣਿਆਂ ਦਾ ਰੱਬ ਹੈ। ਸ਼ਾਇਦ ਇਸੇ ਕਰਕੇ ਗੁਰਬਾਣੀ ਵਿੱਚ ਵਿਸ਼ੇਸ਼ ਅਧਿਕਾਰਾਂ ਵਾਲੀ ਜਮਾਤ ਭਾਵੇਂ ਉਹ ਕੋਈ ਵੀ ਹੋਵੇ ਉਸ ਦਾ ਨਿਖੇਧ ਮਿਲਦਾ ਹੈ ਅਤੇ ਜਿੱਥੇ-ਜਿੱਥੇ ਵੀ ਸਥਾਪਤੀ ਪੱਖੀ ਰੱਬ ਦੇ ਵਿਰੋਧ ਵਿੱਚ ਰੱਬੀ ਚੇਤਨਾ ਵਾਲੀ ਬਾਣੀ ਮਿਲੀ, ਉਸ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਬਰਾਬਰ ਥਾਂ ਦਿੱਤੀ ਗਈ।

ਡਾ. ਸੁਰਜੀਤ ਸਿੰਘ ਭੱਟੀ ਨੇ 'ਗੁਰਬਾਣੀ ਦਾ ਇਨਕਲਾਬੀ ਵਿਰਸਾ' ਪੁਸਤਕ ਦਾ ਸੰਪਾਦਨ ਕੀਤਾ ਹੈ। ਇਸ ਪੁਸਤਕ ਦੀ ਸੰਪਾਦਕੀ ਵਿਚ ਡਾ. ਸੁਰਜੀਤ ਭੱਟੀ ਪ੍ਰੋ. ਕਿਸ਼ਨ ਸਿੰਘ ਦੀ ਇਸ ਪੁਸਤਕ ਦਾ ਬੁਨਿਆਦੀ ਨੁਕਤਾ ਫੜਦੇ ਹੋਏ ਕਹਿੰਦਾ ਹੈ ਕਿ ਪ੍ਰੋ. ਕਿਸ਼ਨ ਸਿੰਘ ਦੇ ਚਿੰਤਨ ਦੀ ਬੁਨਿਆਦ ਇਹ ਵਿਚਾਰ ਹੈ ਕਿ ਗੁਰਬਾਣੀ ਭਾਵੇਂ 'ਰੱਬ' ਦੇ ਸੰਕਲਪ ਰਾਹੀਂ ਆਪਣੀ ਵਿਚਾਰਧਾਰਾ ਨੂੰ ਪੇਸ਼ ਕਰਦੀ ਹੈ, ਇਸ ਦੇ ਬਾਵਜੂਦ ਗੁਰਬਾਣੀ ਉਸ ਵੇਲੇ ਦੀ ਜਾਗੀਰੂ ਸੱਤਾ ਦੇ ਵਿਰੋਧ ਵਿੱਚ ਇੱਕ ਸੱਭਿਆਚਾਰਕ ਕ੍ਰਾਂਤੀ ਲੈ ਕੇ ਆਉਂਦੀ ਹੈ।ਇਹ ਜਾਗੀਰੂ ਉਪਜ ਦੇ ਰਿਸ਼ਤਿਆਂ ਉੱਪਰ ਪ੍ਰਚਲਿਤ ਸਮਾਜ ਵਿੱਚ ਕਿਰਤੀ ਕਿਸਾਨਾਂ ਦੀ ਲੁੱਟ ਨੂੰ ਮੁੱਢੋਂ ਰੱਦ ਕਰਦੀ ਹੈ ਅਤੇ ਇਹ ਵਿਚਾਰਨਯੋਗ ਤੌਰ 'ਤੇ ਕੰਮੀਆਂ ਕਿਸਾਨਾਂ ਦੀ ਇੱਕ ਇਨਕਲਾਬੀ ਲਹਿਰ ਦੇ ਰੂਪ ਵਿੱਚ ਜੱਥੇਬੰਦ ਹੋ ਕੇ, ਉਸ ਵੇਲੇ ਦੇ ਫ਼ਿਊਡਲ ਕਲਚਰ ਅਤੇ ਜਾਗੀਰਦਾਰੀ ਉਤਪਾਦਨ ਵਿਧੀ ਦਾ ਡਟ ਕੇ ਵਿਰੋਧ ਕਰਦੀ ਹੈ।

ਇਹੀ ਧਾਰਨਾ ਹੈ ਜੋ ਉਸ ਨੂੰ ਪੰਜਾਬੀ ਮਾਰਕਸਵਾਦੀ ਆਲੋਚਨਾ ਦੀ ਇਸ ਤੋਂ ਪਹਿਲਾਂ ਦੀ ਧਾਰਾ ਤੋਂ ਨਿਖੇੜਦੀ ਹੈ। ਕਿਸ਼ਨ ਸਿੰਘ ਆਪਣਾ ਮੌਲਿਕ ਵਿਜ਼ਨ ਪੇਸ਼ ਕਰਦੇ ਹੋਏ ਕਹਿੰਦਾ ਹੈ ਕਿ ਗੁਰਬਾਣੀ ਵਿੱਚ ਪੇਸ਼ ਰੱਬ, ਗੁਰਮੁਖਿ, ਮਨਮੁਖਿ, ਮਾਇਆ, ਕਿਰਤੀ, ਮੁਕਤੀ ਆਦਿ ਜਿੰਨੇ ਵੀ ਸੰਕਲਪ ਹਨ, ਇਨ੍ਹਾਂ ਸਾਰੇ ਸੰਕਲਪਾਂ ਦੇ ਸਮਾਜਿਕ ਮਨੁੱਖੀ ਸਾਰ ਜਾਂ ਸਮਾਜਿਕ ਵਸਤੂ ਨੂੰ ਸਮਝੇ ਬਿਨਾਂ ਅਸੀਂ ਮੱਧਕਾਲ ਵਿੱਚ ਰਚੀ ਗੁਰਬਾਣੀ ਦੀ ਸਮੁੱਚੀ ਸਮਾਜਿਕ, ਸੱਭਿਆਚਾਰਕ, ਇਤਿਹਾਸਕ ਦੇਣ ਬਾਰੇ ਕਦੇ ਵੀ ਸਹੀ ਨਤੀਜਿਆਂ ਉੱਪਰ ਨਹੀਂ ਪੁੱਜ ਸਕਦੇ। ਉਹ ਕਹਿੰਦਾ ਹੈ ਕਿ ਗੁਰਮੁਖਿ ਗੁਰੂ ਦੇ ਦੱਸੇ ਰਾਹ ਉਪਰ ਚੱਲਦਿਆਂ, ਨਾਮ ਜਪਦਿਆਂ, ਕਿਰਤ ਕਰਦਿਆਂ, ਸਰਬੱਤ ਦੀ ਆਜ਼ਾਦੀ ਅਤੇ ਸਰਬੱਤ ਦੇ ਭਲੇ ਲਈ ਜੀਵਨ ਜਿਉਂਦਾ ਹੈ। ਇਸ ਦੇ ਉਲਟ ਮਨਮੁਖਿ ਗੁਰੂ ਦੀ ਸਿੱਖਿਆ ਦੇ ਉਲਟ ਜਾ ਕੇ ਕਿਰਤ ਕਰਨ ਦੀ ਥਾਂ ਕਿਰਤ ਲੁੱਟ, ਹਉਮੈ, ਧੌਂਸ ਅਤੇ ਨਿਰੋਲ ਆਪਣੇ ਨਿੱਜੀ ਲੋਭ, ਲਾਲਚ ਅਤੇ ਜਾਇਦਾਦ ਉਪਰ ਕਬਜ਼ੇ ਜਮਾਉਣ ਤੀਕ ਸੀਮਿਤ ਹੋ ਜਾਂਦਾ ਹੈ।

ਇਸੇ ਤਰ੍ਹਾਂ ਉਹ 'ਮਾਇਆ' ਦੀ ਮਾਇਆ ਨੂੰ ਗੁਰਬਾਣੀ ਦੇ ਹਵਾਲੇ ਨਾਲ ਸਮਝਦਿਆਂ ਹੋਇਆਂ ਇਸ ਦਾ ਨਿਖੇਧ ਪੇਸ਼ ਕਰਦਾ ਹੈ। ਉਸ ਅਨੁਸਾਰ ਮਾਇਆ ਮਨਮੁਖਤਾ ਦਾ ਲੱਛਣ ਹੈ। ਉਹ ਕਹਿੰਦਾ ਹੈ ਕਿ ਮਾਇਆ ਦੀ ਤਰਜ਼ੇ-ਜ਼ਿੰਦਗੀ ਦਾ ਮੂਲ ਕਬਜ਼ਾ ਹੈ ਅਤੇ ਇਸ ਦੀ ਆਰਥਿਕ ਨੀਂਹ ਪ੍ਰਾਈਵੇਟ ਜਾਇਦਾਦ ਦੀ ਸੰਸਥਾ ਉੱਪਰ ਟਿਕੀ ਹੋਈ ਹੈ।ਇਹਨਾਂ ਨੌਂ ਪੁਸਤਕਾਂ ਵਿਚ ਦੋ ਪੁਸਤਕਾਂ 'ਵਾਰ ਮਲਾਰ ਕੀ ਮਹਲਾ ੧ ਅਤੇ ਆਸਾ ਦੀ ਵਾਰ' (ਸੰਪਾਦਕ ਡਾ. ਗੁਰਇਕਬਾਲ ਸਿੰਘ) ਅਤੇ ਵਾਰ ਮਾਝ ਅਤੇ ਸਿਧ ਗੋਸ਼ਟਿ (ਸੰਪਾ. ਡਾ. ਹਰਵਿੰਦਰ ਸਿੰਘ) ਗੁਰੂ ਨਾਨਕ ਦੇਵ ਜੀ ਦੀਆਂ ਚਾਰ ਰਚਨਾਵਾਂ ਦਾ ਅਧਿਐਨ ਪੇਸ਼ ਕਰਦੀਆਂ ਹਨ।

'ਵਾਰ ਮਲਾਰ ਕੀ ਮਹਲਾ ੧ ਅਤੇ ਆਸਾ ਦੀ ਵਾਰ' ਪੁਸਤਕ ਨੂੰ ਡਾ. ਗੁਰਇਕਬਾਲ ਸਿੰਘ 'ਬੱਦ-ਚੇਤਨਾ ਅਤੇ ਸੱਚ-ਚੇਤਨਾ ਦਾ ਦਵੰਦ' ਦੇ ਥੀਮ ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਪ੍ਰੋ. ਕਿਸ਼ਨ ਸਿੰਘ ਦੀ ਇਸ ਪੁਸਤਕ ਦੇ ਹਵਾਲੇ ਨਾਲ ਡਾ. ਗੁਰਇਕਬਾਲ ਆਪਣੀ ਸੰਪਾਦਕੀ ਵਿਚ ਆਪਣੀ ਇਸ ਧਾਰਨਾ ਨੂੰ ਦਰਜ ਕਰਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਮੁੱਖ ਮੁੱਦਾ 'ਮਲ੍ਹਾਰ ਦੀ ਵਾਰ' ਅਤੇ 'ਆਸਾ ਦੀ ਵਾਰ' ਰਾਹੀਂ 'ਸੱਚ-ਚੇਤਨਾ' ਦੇ ਅੰਤਰਗਤ ਅਧਿਆਤਮਕ ਨਾਇਕ ਦੀ ਸੂਰਮਗਤੀ ਰਾਹੀਂ 'ਬਦ-ਚੇਤਨਾ' ਦੀ ਸੱਤਾ ਨੂੰ ਤੋੜ ਕੇ ਸਮਾਜ ਦੇ ਅਸਲੀ ਮਾਲਕ ਲੋਕਾਂ ਨੂੰ ਸ਼ਕਤੀ/ਸੱਤਾ ਸੌਂਪਣਾ ਸੀ। ਪ੍ਰੋ. ਕ੍ਰਿਸ਼ਨ ਸਿੰਘ ਦੀਆਂ ਗੁਰੂ ਨਾਨਕ ਬਾਣੀ ਬਾਰੇ ਧਾਰਨਾਵਾਂ ਇਸੇ ਨੁਕਤੇ ਦੇ ਅੰਤਰਗਤ ਪ੍ਰਗਟ ਹੋ ਰਹੀਆਂ ਹਨ। ਗੁਰਬਾਣੀ ਵਿੱਚ 'ਬੱਦ-ਚੇਤਨਾ' ਨੂੰ ਮਾਇਆਵੀ ਰੂਪ ਕਿਹਾ ਗਿਆ ਹੈ। ਬਹੁਤੇ ਵਿਚਾਰਵਾਨ ਇਸ ਨੁਕਤੇ 'ਤੇ ਸਹਿਮਤ ਹਨ, ਪਰ ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿੱਚ ਮਾਇਆਵੀ ਰੂਪ ਦੀ ਥਾਂ ਇਸ ਨੂੰ ਸੱਚ ਮੰਨਦੇ ਹਨ। ਉਹਨਾਂ ਅਨੁਸਾਰ ਰੱਬ ਵੀ ਸੱਚ ਹੈ ਅਤੇ ਇਸ ਦਾ ਪਾਸਾਰਾ ਵੀ ਸੱਚ ਹੈ। 'ਬੱਦ-ਚੇਤਨਾ' ਇਸੇ 'ਸੱਚ' ਦਾ ਸੰਤਾਪਮਈ ਰੂਪ ਹੈ।

'ਵਾਰ ਮਾਝ ਅਤੇ ਸਿਧ ਗੋਸ਼ਟਿ' ਡਾ. ਹਰਵਿੰਦਰ ਸਿੰਘ ਦੁਆਰਾ ਸੰਪਾਦਿਤ ਪੁਸਤਕ ਹੈ। ਇਸ ਪੁਸਤਕ ਦੇ ਆਰੰਭ ਵਿਚ ਪ੍ਰੋ. ਕਿਸ਼ਨ ਸਿੰਘ ਵਾਰ ਸਾਹਿਤ ਰੂਪ ਦੇ ਖਾਸੇ ਨੂੰ ਤੈਅ ਕਰਦੇ ਹੋਏ ਇਸ ਨੂੰ ਦੋ ਮਨੁੱਖਾਂ/ਧਿਰਾਂ ਦੀ ਟੱਕਰ ਦੇ ਰੂਪ ਵਿਚ ਪਰਿਭਾਸ਼ਿਤ ਕਰਦੇ ਹਨ। ਕਿਸ਼ਨ ਸਿੰਘ ਅਨੁਸਾਰ 'ਵਾਰ ਮਾਝ' ਵਿਚ ਮਨਮੁਖ ਅਤੇ ਗੁਰਮੁਖ ਦੀ ਟੱਕਰ ਹੈ। ਇਸ ਟਕਰਾਅ ਰਾਹੀਂ ਉਸ ਵੇਲੇ ਦੇ ਸਮਾਜ ਦੀ ਡਾਇਲੈਕਟਿਕ ਦਾ ਅਤੇ ਇਨਕਲਾਬ ਦਾ ਮਸਲਾ ਮੂਰਤੀਮਾਨ ਹੈ। ਉਹ ਗੁਰਮੁਖ ਤੇ ਮਨਮੁਖ ਦਾ ਖਾਕਾ ਉਘਾੜਦੇ ਹੋਏ ਅਖੀਰ 'ਤੇ ਮਨਮੁਖ ਦੇ ਮੁਕਾਬਲੇ ਗੁਰਮੁਖ ਨੂੰ ਨਾਇਕ ਦਾ ਦਰਜਾ ਦਿੰਦੇ ਹੋਏ ਕਹਿੰਦੇ ਹਨ ਕਿ ਜਿਸ ਨੇ ਗੁਰੂ ਦੀ ਸਿੱਖਿਆ ਲੈ ਕੇ ਆਪਣਾ ਚਿੱਤ ਰੱਬ ਵੱਲ ਲਾ ਲਿਆ, ਉਹ ਗੁਰਮੁਖ ਹੋ ਗਿਆ।ਉਹ ਲਿਖਦੇ ਹਨ ਕਿ ਮਨਮੁਖ ਤੋਂ ਗੁਰਮੁਖ ਹੋਣ ਨਾਲ ਹੀ ਰੱਬ ਦਾ ਦਰ ਖੁੱਲ੍ਹਦਾ ਹੈ। ਇਸ ਤਬਦੀਲੀ ਨਾਲ ਹੀ ਨਵੀਂ ਕਿਸਮ ਦਾ ਇਨਸਾਨ ਬਣਦਾ ਹੈ, ਨਵੀਂ ਕਿਸਮ ਦਾ ਸਮਾਜ ਉਸਰਦਾ ਹੈ, ਨਵੀਂ ਤਰਜ਼ੇ-ਜ਼ਿੰਦਗੀ, ਨਵੀਂ ਸੱਭਿਅਤਾ ਤੇ ਸੰਸਕ੍ਰਿਤੀ ਵਜੂਦ ਵਿਚ ਆਉਂਦੀ ਹੈ।

ਇਸ ਪੁਸਤਕ ਦੇ ਦੂਜੇ ਹਿੱਸੇ ਵਿਚ ਉਹ 'ਸਿਧ ਗੋਸ਼ਟਿ' ਰਚਨਾ ਨੂੰ ਪੜਚੋਲਦਿਆਂ ਆਦਰਸ਼ ਤਰਜ਼ੇ-ਜ਼ਿੰਦਗੀ ਦੇ ਫ਼ਲਸਫੇ ਨਾਲ ਜੋੜ ਕੇ ਦੇਖਦੇ ਹਨ। ਇਸ ਦੇ ਦੋ ਰਾਹ ਹਨ। ਪਹਿਲਾ ਰਾਹ ਗੁਰਬਾਣੀ ਵਾਲਾ ਹੈ ਅਤੇ ਦੂਜਾ ਰਾਹ ਜੋਗ ਮੱਤ ਵਾਲਾ ਹੈ। ਪ੍ਰੋ. ਕਿਸ਼ਨ ਸਿੰਘ ਅਨੁਸਾਰ ਬਾਣੀ ਜੋਗ ਮੱਤ ਦੁਆਰਾ ਦਰਸਾਈ ਜੀਵਨ ਜੁਗਤ ਨੂੰ ਰੱਦ ਕਰਦੀ ਹੈ । ਕਿਉਂਕਿ ਜੋਗ ਮੱਤ ਅਨੁਸਾਰ ਜੋਗੀਆਂ ਨੇ ਜਿਸ ਤਰ੍ਹਾਂ ਦੀ ਤਰਜ਼ੇ-ਜ਼ਿੰਦਗੀ ਧਾਰਨ ਕੀਤੀ ਹੋਈ ਹੈ, ਉਸ ਨਾਲ ਮਾਇਆ ਵਾਲੀ ਸੱਭਿਅਤਾ ਤੋਂ ਛੁਟਕਾਰਾ ਹਾਸਲ ਨਹੀਂ ਹੋ ਸਕਦਾ। ਛੁਟਕਾਰਾ ਸਦੀਵੀ ਸੱਚ ਤੋਂ ਨਿਰਲੇਪ ਹੋਣ ਵਿਚ ਨਹੀਂ, ਸਗੋਂ ਉਸ ਦਾ ਸਾਹਮਣਾ ਕਰਨ ਨਾਲ ਹੋਣਾ ਹੈ।ਉਸ ਅਨੁਸਾਰ 'ਸਿਧ ਗੋਸ਼ਟਿ' ਦੀ ਇਹ ਬਾਣੀ ਮਨੁੱਖ ਨੂੰ ਆਜ਼ਾਦੀ ਹਾਸਲ ਕਰਨ ਲਈ ਇਨਕਲਾਬ ਲਿਆਉਣ ਦੀ ਚੇਤਨਤਾ ਪ੍ਰਦਾਨ ਕਰਦੀ ਹੈ। ਉਸ ਦੇ ਸ਼ਬਦਾਂ ਵਿਚ 'ਸਿਧ ਗੋਸ਼ਟਿ' ਦੀ ਇਹ ਬਾਣੀ 'ਇਨਕਲਾਬ ਵਾਸਤੇ ਵਿਚਾਰਧਾਰਕ ਤਿਆਰੀ, ਉਸ ਵਾਸਤੇ ਦਿਲ ਦਿਮਾਗ ਦੀ ਹੀ ਰਿਹਰਸਲ ਹੈ। ਸਮਾਜਿਕ ਨਿਜ਼ਾਮ ਵਿਚ ਤਬਦੀਲੀ ਲਿਆਉਣ ਲਈ ਸਮਾਜਿਕ ਮਨੁੱਖੀ ਚੇਤਨਤਾ ਵਿਚ ਤਬਦੀਲੀ ਬੁਨਿਆਦੀ ਸ਼ਰਤ ਹੈ। ਏਸੇ ਲਈ ਇਹ ਬਾਣੀ ਇਸ ਪੱਖ ਉੱਪਰ ਵਿਸ਼ੇਸ਼ ਬਲ ਦੇਂਦੀ ਹੈ ਕਿ 'ਮਨੁੱਖਾਂ ਦੀ ਚੇਤਨਤਾ ਪਲਟਿਆਂ ਬਗੈਰ ਸਮਾਜਿਕ ਨਿਜ਼ਾਮ ਨਹੀਂ ਪਲਟੇ ਜਾ ਸਕਦੇ।

ਇਸ ਪ੍ਰਕਾਰ ਇਹ ਨੌਂ ਪੁਸਤਕਾਂ ਨੇ ਨਾ ਕੇਵਲ ਪ੍ਰੋ. ਕਿਸ਼ਨ ਸਿੰਘ ਦੇ ਸਮਕਾਲ ਵਿਚ ਨਵਾਂ ਸੰਵਾਦ ਛੇੜਦਿਆਂ ਸਿਧਾਂਤ, ਵਿਹਾਰ, ਦਰਸ਼ਨ, ਆਲੋਚਨਾ, ਮੱਧਕਾਲੀ ਅਤੇ ਆਧੁਨਿਕ ਸਾਹਿਤ ਬਾਰੇ ਆਪਣੀਆਂ ਧਾਰਨਾਵਾਂ ਬੇਬਾਕੀ ਅਤੇ ਸਪੱਸ਼ਟਤਾ ਨਾਲ ਦਿੱਤੀਆਂ, ਬਲਕਿ ਇਹਨਾਂ ਸਾਰੀਆਂ ਧਾਰਨਾਵਾਂ ਦਾ ਅੱਜ ਦੇ ਦੌਰ ਵਿਚ ਇਸ ਤੋਂ ਵੀ ਵੱਡਾ ਮਹੱਤਵ ਹੈ। ਡਾ. ਜਸਬੀਰ ਕੌਰ ਕੇਸਰ 'ਆਜ਼ਾਦ ਔਰਤ' ਦੀ ਭੂਮਿਕਾ ਵਿਚ ਕਹਿੰਦੀ ਹੈ ਕਿ ਪ੍ਰੋ. ਕਿਸ਼ਨ ਸਿੰਘ ਨੇ ਖੁੱਲ੍ਹੀ ਮੰਡੀ ਵਿੱਚ ਕਾਮੇ ਦੀ ਕਿਰਤ ਸ਼ਕਤੀ ਅਤੇ ਔਰਤ ਦੀ ਜਿਨਸ ਦੇ ਵਿਕਾਊ ਮਾਲ ਹੋਣ ਨੂੰ ਆਪੋ ਵਿਚ ਖਲਤ ਮਲਤ ਕਰਕੇ ਵੇਸਵਾ ਨੂੰ ਸੈਕਸ ਵਰਕਰ ਦੇ ਤੌਰ 'ਤੇ ਪਰਵਾਨ ਕਰਨ ਦੀ ਪੂੰਜੀਵਾਦੀ ਚਾਲ ਨੂੰ 35 ਸਾਲ ਪਹਿਲਾਂ ਹੀ ਭਾਂਪ ਲਿਆ ਸੀ। ਇਹੀ ਕਿਸੇ ਲੇਖਕ ਦੀ ਦੂਰ-ਦ੍ਰਿਸ਼ਟੀ ਅਤੇ ਵਿਚਾਰਧਾਰਕ ਸਪੱਸ਼ਟਤਾ ਹੁੰਦੀ ਹੈ ਕਿ ਉਹ 'ਸਮੇਂ ਤੋਂ ਬਹੁਤ ਪਹਿਲਾਂ' 'ਸਮੇਂ ਤੋਂ ਬਹੁਤ ਬਾਅਦ' ਦਾ ਸੱਚ ਸਮਝ ਲੈਂਦਾ ਹੈ। ਇਸੇ ਤਰ੍ਹਾਂ ਅੱਜ ਜਿਸ ਰੂਪ ਵਿਚ ਬਹੁਤ ਸਾਰੀਆਂ ਧਿਰਾਂ ਇਕ ਵੱਡੀ ਸਾਜ਼ਿਸ਼ ਤਹਿਤ 'ਕਾਮਰੇਡ ਬਨਾਮ ਸਿੱਖ' ਦਾ ਬਿਰਤਾਂਤ ਸਿਰਜ ਰਹੀਆਂ ਹਨ, ਅਜਿਹੇ ਦੌਰ ਵਿਚ ਪ੍ਰੋ. ਕਿਸ਼ਨ ਸਿੰਘ ਨੂੰ ਮੁੜ ਪੜ੍ਹਿਆ ਤੇ ਪੜ੍ਹਾਇਆ ਜਾਣਾ ਵਕਤ ਦੀ ਬਹੁਤ ਵੱਡੀ ਲੋੜ ਹੈ ਅਤੇ ਇਸੇ ਲੋੜ ਦੇ ਪ੍ਰਸੰਗ ਵਿਚ ਪੰਜਾਬੀ ਸਾਹਿਤ ਅਕਾਡਮੀ ਦੁਆਰਾ ਉਸ ਦੀਆਂ ਨੌਂ ਪੁਸਤਕਾਂ ਦਾ ਪੁਨਰ-ਪ੍ਰਕਾਸ਼ਨ ਵੱਡੇ ਮਹੱਤਵ ਦਾ ਧਾਰਨੀ ਬਣਦਾ ਹੈ। ਮੈਂ ਨਿੱਜੀ ਤੌਰ 'ਤੇ ਅਕਾਡਮੀ ਨੂੰ ਇਸ ਵਡੇਰੇ ਕਾਰਜ ਲਈ ਬਹੁਤ-ਬਹੁਤ ਮੁਬਾਰਕਾਂ ਦਿੰਦਾ ਹਾਂ ਅਤੇ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਲਈ ਪੁਰਜ਼ੋਰ ਅਪੀਲ ਕਰਦਾ ਹਾਂ।

ਮੋਬਾ. 98768-20600

ਭਾਈ ਬਾਲੇ ਦੀ ਹੋਂਦ-ਅਣਹੋਂਦ (ਕਿਸ਼ਤ-2)

# ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ

ਡਾ. ਜਸਵਿੰਦਰ ਸਿੰਘ ਭੁੱਲਰ

ਇਤਿਹਾਸ ਵੱਲ ਵੇਖੀਏ ਤਾਂ ਵੇਦਾਂ, ਉਪਨਿਸ਼ਦਾਂ ਤੇ ਬ੍ਰਾਹਮਣੀ ਗ੍ਰੰਥਾਂ ਵਿੱਚੋਂ ਕਿਤੇ ਭਗਵਾਨ ਸ੍ਰੀ ਰਾਮ ਦਾ ਵੀ ਜ਼ਿਕਰ ਨਹੀਂ ਆਉਂਦਾ। ਪਾਨਿਨੀ ਦੀ 'ਅਸ਼ਟ ਅਧਿਆਇ' ਅਤੇ 'ਪਾਤੰਜਲੀ' ਵਿੱਚ ਵੀ ਸ੍ਰੀ ਰਾਮ ਦਾ ਜ਼ਿਕਰ ਨਹੀਂ। ਸ੍ਰੀ ਰਾਮ ਤੇ ਕ੍ਰਿਸ਼ਨ ਦਾ ਜ਼ਿਕਰ ਲੰਮਾ ਸਮਾਂ ਬਾਅਦ ਵਿਆਸ ਅਤੇ ਬਾਲਮੀਕ ਆਪਣੀਆਂ ਰਚਨਾਵਾਂ ਵਿੱਚ ਕਰਦੇ ਹਨ। ਹੋਰਨਾਂ ਜਨਮ ਸਾਖੀਆਂ ਨਾਲੋਂ ਬਾਲੇ ਵਾਲੀ ਜਨਮ ਸਾਖੀ ਦੀ ਵੱਖਰਤਾ ਇਸ ਦੇ ਰਲਾਅ ਦਾ ਕਾਰਣ ਤਾਂ ਹੈ ਪਰ ਇਸ ਵਿੱਚ ਕਈ ਅਜਿਹੀਆਂ ਸਾਖੀਆਂ ਵੀ ਹਨ, ਜੋ ਕਿਸੇ ਹੋਰ ਖਰੜੇ ਵਿੱਚ ਨਹੀਂ। ਸ਼ੁਰੂਆਤ ਵਿੱਚ ਹੀ ਬਾਲੇ ਦਾ ਦਾਖਲਾ, ਹੰਦਾਲ ਨੂੰ ਇਕ ਉੱਚ ਅਧਿਆਤਮਕ ਬਾਬੇ ਦੇ ਰੂਪ ਵਿੱਚ ਅਵਤਰਿਤ ਕਰਨਾ, ਗੁਰੂ ਸਾਹਿਬ ਦੇ ਬਰਾਬਰ ਉੱਚਤਾ ਦਿਖਾਉਣੀ, ਗੁਰੂ ਸਾਹਿਬ ਦੇ ਪਿਛਲੇ ਜਨਮ ਨੂੰ ਫਰੋਲਣਾ ਤੇ ਨੀਵਾਂ ਸਿੱਧ ਕਰਨਾ, ਰੰਘੜਾਂ ਦੀ ਮੰਞੋਤ ਨੂੰ ਅਮਾਨਤ ਕਹਿ ਕੇ ਸਪੁਰਦ ਕਰਨ ਲਈ ਜ਼ੋਰ ਦੇਣਾ, ਸਹਜ ਵਿੱਚ ਕੁਸਹਜ ਦੇ ਪ੍ਰਸੰਗਾਂ ਨੂੰ ਜੋੜਨਾ ਇਸ ਦੀ ਵੱਖਰਤਾ ਦੇ ਮੁੱਖ ਆਧਾਰ ਹਨ, ਜਿਥੋਂ ਬਾਲੇ ਦੀ ਨੀਚ ਮੰਨਸ਼ਾ ਦੀ ਅਸਲੀਅਤ ਦੀ ਪੋਲ ਖੁੱਲ੍ਹਦੀ ਹੈ। ਇਹ ਗੱਲ ਤਾਂ ਸ਼ੀਸ਼ੇ ਵਾਂਗ ਸਾਫ ਹੈ ਕਿ ਉਦਾਸੀਆਂ 'ਤੇ ਜਾਣ ਵੇਲੇ ਸਿਰਫ ਮਰਦਾਨਾ ਹੀ ਗੁਰੂ ਸਾਹਿਬ ਦੇ ਨਾਲ ਸੀ। ਪ੍ਰਮਾਣ ਰੂਪ ਵਿੱਚ ਸੀਹੋਂ ਉਪਲ, ਭਾਈ ਬੂਲਾ, ਸੈਦੋ ਘੇਹੋ, ਮਿਹਰਬਾਨ, ਅਬਰੋਲ ਦੀਆਂ ਸਾਖੀਆਂ ਵਿੱਚ ਕਿਧਰੇ ਬਾਲੇ ਦੀ ਹਾਜ਼ਰੀ ਨਹੀਂ ਦਿਸਦੀ। 'ਗੁਰੂ ਨਾਨਕ ਬੰਸ ਪ੍ਰਕਾਸ਼' ਜੋ ਸੁਖਵਾਸੀ ਰਾਏ ਨੇ ਲਿਖਿਆ, ਵਿੱਚ ਵੀ ਕਿਤੇ ਬਾਲਾ ਨਹੀਂ। ਸੁਖਵਾਸੀ ਬੇਦੀਆਂ ਦੇ ਵੰਸ਼ ਵਿੱਚੋਂ ਹੈ। ਪ੍ਰੋ. ਗੁਰਮੁਖ ਸਿੰਘ ਬਾਲੇ ਦੀ ਅਣਹੋਂਦ 'ਤੇ ਠੱਪਾ ਲਗਾਉਂਦੇ ਹਨ। ਕਰਮ ਸਿੰਘ ਹਿਸਟੋਰੀਅਨ ਬਾਲੇ ਦੀ ਜਨਮ ਸਾਖੀ ਨੂੰ ਜਾਅਲੀ, ਬਨਾਉਟੀ, ਝੂਠੀ, ਨਿੰਦਿਆ ਨਾਲ ਭਰਪੂਰ ਦੱਸਦੇ ਹਨ।

ਗਿਆਨੀ ਵਿਸਨ ਸਿੰਘ ਨੇ 1828 ਈ. ਵਿੱਚ 'ਗਿਆਨ ਰਤਨਾਗਰ' ਨਾਮੀ ਟੀਕਾ ਲਿਖਿਆ। ਉਸ ਦੇ ਟੀਕੇ ਅਨੁਸਾਰ ਬਾਲੇ ਵਾਲੀ ਜਨਮ ਸਾਖੀ ਦੀ ਰਚਨਾ ਬਾਬਾ ਹੰਦਾਲ ਦੇ ਪੁੱਤਰ ਬਿਧੀ ਚੰਦ (1660-1715 ਬਿਕਰਮੀ) ਨੇ ਕੀਤੀ। ਇਸ ਨੇ ਕੇਸੋ ਦਾਸ ਬ੍ਰਾਹਮਣ ਦੇ ਰਾਹੀਂ ਮਿਹਰਬਾਨ ਦੀ ਪੋਥੀ 'ਹਰਿਜੀ' ਵਿੱਚ ਰੰਘੜੀ (ਮੰਞੋਤ) ਅਤੇ 'ਸਹਜ ਵਿਚ ਕੁਸਹਜ' ਨਾਮੀ ਅਸ਼ਲੀਲ ਪ੍ਰਸੰਗ ਹਰਿਜੀ ਦੀ ਮੌਤ ਤੋਂ ਬਾਅਦ ਵਾੜਿਆ:-

"ਬਿਧੀ ਚੰਦ ਮੰਜੋਤ ਪ੍ਰਸੰਗਾ। ਲਿਖੇ ਗੁਰ ਧਾਰੀ ਹਿਤ ਸੰਗਾ।"

ਉਕਤ ਅਯੋਗ ਪ੍ਰਸੰਗਾਂ ਤੋਂ ਪਹਿਲਾਂ ਪਾਠਕ ਨੂੰ ਸੁਚੇਤ ਕਰਦੇ ਹਨ ਕਿ ਅੱਗੇ ਗੁਰੂ ਸਾਹਿਬ ਦੀ ਸਾਖੀ ਨਹੀਂ ਹੈ:-

ਆਗੇ ਗੁਰ ਕੀ ਸਾਖੀ ਨਾਹੀ। ਰਚੀ ਨਿੰਦਾ ਬਿਧ ਬਹੁਤ ਬਨਾਈ।

ਬਾਲੇ ਅੰਗਦ ਕੋ ਧਰ ਨਾਮਾ। ਪ੍ਰਥਮੇ ਹੀ ਝੂਠਾ ਕੀਓ ਕਾਮਾ।"

ਬਾਲੇ ਵੱਲੋਂ ਗੁਰੂ ਅੰਗਦ ਦਾ ਨਾਂਅ ਲੈ ਕੇ ਕੀਤੇ ਝੂਠੇ ਕੰਮ ਤੋਂ ਪਰਦਾ ਉਠਾਉਂਦੀਆਂ ਹਨ ਇਹ ਸਤਰਾਂ। ਇਸ ਜਨਮ ਸਾਖੀ ਵਿੱਚ ਕੁਝ ਅਜਿਹੇ ਸ਼ਬਦ ਆਏ ਹਨ, ਜਿਨ੍ਹਾਂ ਤੋਂ ਸਿੱਧ ਹੋ ਜਾਏਗਾ ਕਿ ਇਹ ਗੁਰੂ ਅੰਗਦ ਦੇਵ ਜੀ ਵੇਲੇ ਨਾ ਲਿਖੀ ਤੇ ਨਾ ਲਿਖਵਾਈ ਗਈ। ਇਹ ਸ਼ਬਦ 'ਮੰਜੀ', 'ਮਸੰਦ', 'ਵਾਹਗੁਰੂ/ਵਾਹਿਗੁਰ', 'ਸਿੰਘ' ਅਤੇ ਬਾਣੀ ਹੈ, ਜੋ ਗੁਰੂ ਅੰਗਦ ਸਾਹਿਬ ਸਮੇਂ ਉੱਚਾਰੀ ਨਹੀਂ ਗਈ ਸੀ ਅਤੇ ਉਕਤ ਸ਼ਬਦ ਉਸ ਵੇਲੇ ਪ੍ਰਚਲਿਤ ਜਾਂ ਹੋਂਦ ਵਿੱਚ ਹੀ ਨਹੀਂ ਸਨ। 'ਝੰਡੇ ਬਾਢੀ ਨੂੰ ਮੰਜੀ ਦਿੱਤੀ' ਸਾਖੀ ਵਿੱਚ 'ਤਾ ਗੁਰੂ ਨਾਨਕ ਝੰਡੇ ਬਾਢੀ ਨੂ ਮੰਜੀ ਸਉਪੀ' ਦਾ ਜ਼ਿਕਰ ਹੈ। ਗੁਰੂ ਅਮਰਦਾਸ ਜੀ ਵੇਲੇ ਕਿਸੇ ਸ਼ਰਧਾਵਾਨ ਸਿੱਖ ਨੂੰ ਗੁਰਮਤਿ ਦੇ ਪ੍ਰਚਾਰਹਿੱਤ 'ਮੰਜੀ' ਬਖਸ਼ੀ ਜਾਂਦੀ ਸੀ। ਸੋ ਗੁਰੂ ਅੰਗਦ ਸਾਹਿਬ ਵੇਲੇ 'ਮੰਜੀ' ਸ਼ਬਦ ਪ੍ਰਚਲਿਤ ਨਹੀਂ ਸੀ। ਬਾਲੇ ਵਾਲੀ ਜਨਮ ਸਾਖੀ ਦੇ ਲਗਭਗ ਸਾਰੇ ਐਡੀਸ਼ਨਾਂ ਵਿੱਚ 'ਦੇਵਲੂਤ' ਵਾਲੀ ਜਨਮ ਸਾਖੀ ਦਾ ਜ਼ਿਕਰ ਆਇਆ ਹੈ। ਸਾਖੀ ਵਿੱਚ "ਤਾਂ ਗੁਰੂ ਨਾਨਕ ਕਹਿਆ ਰਾਜਾ ਦੇਵਲੂਤ ਤੈਨੂ ਅਸਾ ਏਥੋ ਦਾ ਮਸੰਦ ਕੀਤਾ" ਕਹਿ ਕੇ ਦੇਵਲੂਤ ਨੂੰ 'ਮਸੰਦ' ਥਾਪਦੇ ਹਨ। ਦਰਅਸਲ ਮਸੰਦ ਪ੍ਰਥਾ ਗੁਰੂ ਰਾਮਦਾਸ ਜੀ ਵੇਲੇ ਹੀ ਸ਼ੁਰੂ ਹੋਈ ਸੀ, ਜਿਸ ਦੀ ਤਸਦੀਕ ਭਾਈ ਸੰਤੋਖ ਸਿੰਘ 'ਸੂਰਜ ਪ੍ਰਕਾਸ਼' ਗ੍ਰੰਥ ਵਿੱਚ ਕਰਦੇ ਹਨ। ਇਸ ਤਰ੍ਹਾਂ ਕਾਲ ਦਾ ਵੀ ਕਾਫੀ ਫਰਕ ਆ ਜਾਂਦਾ ਹੈ। ਫਿਰ ਇਹ ਕਿਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਦੇ ਸਮੇਂ ਰਚੀ ਗਈ? ਵਿਚਾਰ ਅਧੀਨ ਜਨਮ ਸਾਖੀ ਵਿੱਚ 'ਵਾਹਿਗੁਰੂ' ਜਾਂ 'ਵਾਹਗੁਰੂ' ਸ਼ਬਦ ਵੀ ਵਾਰ-ਵਾਰ ਆਉਂਦਾ ਹੈ। ਜਿਵੇਂ ਹਰ ਸਾਖੀ ਦੇ ਅੰਤ ਵਿੱਚ 'ਬੋਲਹੁ ਭਾਈ ਵਾਹਗੁਰੂ ਜੀ, 'ਵਾਹਿਗੁਰੂ ਦੀ ਕ੍ਰਿਪਾ ਹੋਵੇ।' ਦਰਅਸਲ 'ਵਾਹਿਗੁਰੂ' ਸ਼ਬਦ ਗੁਰੂ ਰਾਮਦਾਸ ਜੀ ਵੇਲੇ ਪ੍ਰਚਲਿਤ ਨਹੀਂ ਸੀ। ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਭਾਈ ਗੁਰਦਾਸ ਜੀ ਦੀ ਵਾਰ ਵਿੱਚ 'ਵਾਹਿਗੁਰੂ' ਸ਼ਬਦ ਦਾ ਜ਼ਿਕਰ ਆਇਆ ਹੈ। 'ਵਾਹਿਗੂਰੂ' ਸਬਦ ਭਟਾਂ ਦੇ ਸਵਈਏ ਮਹਲੇ ਚਉਥੇ ਕੇ (ਭਟ ਗਯੰਦ) ਜੋ 'ਆਦਿ ਗ੍ਰੰਥ' ਵਿੱਚ ਸ਼ਾਮਿਲ ਸਨ, ਭਟ ਗਯੰਦ ਨੇ ਵਰਤਿਆ। ਗੁਰੂ ਰਾਮਦਾਸ ਜੀ ਦੀ ਉਸਤਤਿ ਵਿੱਚ ਲਿਖਿਆ ਇਹ ਸਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੪੦੨ 'ਤੇ ਅੰਕਿਤ ਹੈ:-

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥

ਸੋ 'ਵਾਹਿਗੁਰੂ' ਸਬਦ 'ਆਦਿ ਗ੍ਰੰਥ' ਦੀ ਸੰਪਾਦਨਾ ਤੋਂ ਬਾਅਦ ਆਮ ਹੋਇਆ। ਇਥੋਂ ਇਹ ਤਾਂ ਪੱਕਾ ਹੋ ਗਿਆ ਕਿ ਬਾਲੇ ਵਾਲੀ ਜਨਮ ਸਾਖੀ ਗੁਰੂ ਅੰਗਦ ਦੇਵ ਜੀ ਵੇਲੇ ਨਹੀਂ ਲਿਖੀ ਗਈ ਬਲਕਿ ਪੰਜਵੇਂ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਦੀ ਲਿਖੀ ਹੈ ਪਰ ਕਰਮ ਸਿੰਘ ਹਿਸਟੋਰੀਅਨ ਬਾਲੇ ਵਾਲੀ ਜਨਮ ਸਾਖੀ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਦੱਸਦੇ ਆਏ ਹਨ। ਉਨ੍ਹਾਂ ਦਾ ਇਹ ਦਾਅਵਾ ਸ਼ਾਇਦ ਧਰਮ ਸਿੰਘ ਨਾਂਅ ਦੇ ਨਾਲ 'ਸਿੰਘ' ਸ਼ਬਦ ਦਾ ਇਸਤੇਮਾਲ ਕਉਲ ਨੈਨ ਵਾਲੀ ਸਾਖੀ ਕਰਕੇ ਹੋਵੇਗਾ। ਇਸ ਸਾਖੀ ਵਿੱਚ ਗੁਰੂ ਸਾਹਿਬ ਸੁਵਰਨਪੁਰ ਦੇ ਰਾਜੇ ਕਉਲ ਨੈਨ ਪਾਸ ਗਏ। ਸੁਵਰਨਪੁਰ ਇਕ ਟਾਪੂ ਹੈ, ਜੋ ਪੱਛਮੀ ਇੰਡੋਨੇਸ਼ੀਆ ਦੇ ਸੁਮਾਤਰਾ 'ਚ ਪੈਂਦਾ ਹੈ। ਉਥੇ ਮਰਦਾਨਾ ਧਰਮ ਸਿੰਘ ਨਾਮੀ ਇਕ ਸੱਜਣ ਕੋਲੋਂ ਨਗਰ ਤੇ ਉਸ ਦੇ ਰਾਜੇ ਦਾ ਨਾਂਅ ਪੁੱਛਦਾ ਹੈ। ਧਰਮ ਸਿੰਘ ਨਾਂਅ ਦਾ ਵਿਅਕਤੀ ਰਾਜਪੂਤ ਤਾਂ ਹੋ ਸਕਦਾ ਹੈ ਪਰ ਸਿੱਖ ਬਿਲਕੁਲ ਨਹੀਂ, ਕਿਉਂ ਜੋ ਸਿੱਖੀ ਵਿੱਚ 'ਸਿੰਘ' ਸ਼ਬਦ ਨੂੰ ਨਾਂਅ ਦੇ ਨਾਲ ਜੋੜਨਾ ੧੬੯੯ ਈਸਵੀ ਦੀ ਵਿਸਾਖੀ ਵੇਲੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਛਕਾਉਣ ਤੋਂ ਬਾਅਦ ਹੀ ਪ੍ਰਚਲਿਤ ਹੋਇਆ ਜਦਕਿ ਇਸ ਸਾਖੀ ਦਾ ਉਤਾਰਾ ਤਾਂ ਅੰਮ੍ਰਿਤ ਛਕਾਉਣ ਤੋਂ ਪਹਿਲਾਂ ਹੋ ਚੁੱਕਾ ਸੀ। ਵੱਡੀ ਗੱਲ ਬਾਲੇ ਵਾਲੀ ਸਾਖੀ ਦਾ ੧੬੫੮ ਈ. ਵਾਲਾ ਉਤਾਰਾ ਸਾਡੇ ਪਾਸ ਉਪਲੱਬਧ ਹੈ। ਪਰ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਹੁਣ ਤੱਕ ਪ੍ਰਾਪਤ ਹੋਰ ਕਈ ਸਾਖੀਆਂ ਦੇ ਉਤਾਰਾਕਾਰ ਤੇ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਨ। ਭਾਈ ਮਨੀ ਸਿੰਘ ਵਾਲੀ ਸਾਖੀ ਵੀ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੌਰਾਨ ਲਿਖੀ ਗਈ। ਇਹ ਵੀ ਗੱਲ ਦਰੁੱਸਤ ਹੈ ਕਿ ਉੱਤਰਵਰਤੀ ਉਤਾਰਿਆਂ ਵਿੱਚ ਲਿਖਾਰੀਆਂ ਨੇ ਕਈ ਹੋਰ ਪਾਤਰ ਤੇ ਸਾਖੀਆਂ ਸ਼ਾਮਲ ਕਰਕੇ ਗਿਣਤੀ ਵਧਾ ਦਿੱਤੀ। ਸੁਵਰਨਪੁਰ ਦਾ ਰਾਜਾ ਕਉਲ ਨੈਨ ਵੀ ਇਕ ਕਾਲਪਨਿਕ ਪਾਤਰ ਹੈ। ਸਾਖੀਆਂ ਦੇ ਬਹੁਤਿਆਂ ਉਤਾਰਿਆਂ ਵਿੱਚ ਮੰਞੋਤ ਦੀ ਸਾਖੀ ਤਾਂ ਹੈ ਪਰ ਸਹਜ ਕੁਸਹਜ ਵਾਲੀ ਸਾਖੀ ਨਹੀਂ ਮਿਲਦੀ। ਇਕ ਹੋਰ ਵੱਡੇ ਨੁਕਤੇ ਤੋਂ ਗੱਲ ਸਪੱਸ਼ਟ ਕਰਦੇ ਹਾਂ ਕਿ ਜੇਕਰ ਭਾਈ ਬਾਲੇ ਵਾਲੀ ਜਨਮ ਸਾਖੀ ਗੁਰੂ ਅੰਗਦ ਵੇਲੇ ਲਿਖੀ ਸੀ ਤਾਂ ਉਸ ਵਿੱਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸ਼ਬਦ ਕਿਸ ਤਰ੍ਹਾਂ ਲਿਖਾ ਦਿੱਤੇ ਗਏ। ਜਿਵੇਂ 'ਕੌਡਾ ਰਾਖਸ਼' ਵਾਲੀ ਸਾਖੀ ਵਿੱਚ ਬਾਣੀ ਨਾਲ ਘੋਰ ਛੇੜ-ਛਾੜ ਕਰਕੇ ਮਾਰੂ ਮਹਲਾ ੧ ਦੇ ਤਹਿਤ:-



ਭਾਰਾ ਚੂਕਾ ਕਰਮ ਕਾ ਹੋਏ ਨਿਹ ਕ੍ਰਮਾ ॥
ਭੈ ਜਲ ਤੇ ਕੰਧੀ ਚੜੇ ਗੁਰ ਕੀਨੇ ਧਰਮਾ ॥੧॥
ਬਾਬਾ ਮੇਰਾ ਆਵਣ ਜਾਣੁ ਰਹਿਆ ॥
ਤਪਤ ਕੜਾਹਾ ਬੁਝਿ ਗਇਆ ਗੁਰ ਸੀਤਲ ਨਾਮੁ ਦੀਆ ॥ਰਹਾਉ॥
ਆਂਡਾ ਫੂਟਾ ਭਰਮ ਕਾ ਗੁਰ ਰਿਦੇ ਕੀਆ ਪਰਗਾਸਾ ॥
ਬੇੜੀ ਕਾਟੀ ਪਗੋ ਕੀ ਗੁਰ ਕੀਨੀ ਬੰਦ ਖਲਾਸਾ ॥੨॥

ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਇਹ ਸ਼ੁੱਧ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ-1002 'ਤੇ ਮਾਰੂ ਮਹਲਾ ੫ ਤਹਿਤ ਇਸ ਤਰ੍ਹਾਂ ਅੰਕਿਤ ਹੈ:-

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣ ਰਹਿਓ ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ਰਹਾਉ॥

ਇਸ ਤਰ੍ਹਾਂ ਬਾਲੇ ਨੇ ਬਾਣੀ ਨਾਲ ਵੀ ਘੋਰ ਛੇੜ-ਛਾੜ ਕੀਤੀ ਹੈ। ਉਸ ਦੀ ਲਿਖਵਾਈ ਸਾਖੀ ਵਿੱਚ ਇਸ ਤਰ੍ਹਾਂ ਦੀਆਂ ਕਈ ਹੋਰ ਉਦਾਹਰਣਾਂ ਵੀ ਮਿਲਦੀਆਂ ਹਨ। ਦੂਸਰੇ ਗੁਰੂ ਪਾਤਸ਼ਾਹੀਆਂ ਦੀ ਬਾਣੀ ਦੇ ਸ਼ਬਦ ਗੁਰੂ ਨਾਨਕ ਦੇਵ ਜੀ ਦੇ ਮੂੰਹੋਂ ਉੱਚਰਵਾਏ, ਪਰ ਇਸ ਬਾਰੇ ਬਾਲੇ ਨੇ ਕੋਈ ਸੰਕੇਤ ਨਹੀਂ ਦਿੱਤੇ। ਗੁਰੂ ਅਰਜਨ ਕਾਲ 1638 ਬਿਕਰਮੀ/ 1581 ਈ. ਤੋਂ 1663 ਬਿਕਰਮੀ/1606 ਈ. ਤੱਕ ਦਾ ਹੈ। ਉਹਨਾਂ 1604 ਵਿੱਚ 'ਆਦਿ ਗ੍ਰੰਥ' ਦੀ ਸਥਾਪਨਾ ਕੀਤੀ। ਇੱਥੋਂ ਇਸ ਦਾ ਰਚਨਾ ਕਾਲ ਸਪੱਸ਼ਟ ਹੁੰਦਾ ਹੈ ਕਿ ਬਾਲੇ ਵਾਲੀ ਜਨਮ ਸਾਖੀ 1604 ਈ. ਤੋਂ ਬਾਅਦ ਦੇ ਕਿਸੇ ਸਮੇਂ ਦੀ ਹੈ। ਉਪਰੋਕਤ ਤੱਥਾਂ ਤੋਂ ਪਰਿਪੂਰਣ ਸੱਚਾਈ ਨਿਕਲਦੀ ਹੈ ਕਿ ਇਹ ਜਨਮ ਸਾਖੀ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿੱਚ ਬਿਲਕੁੱਲ ਨਹੀਂ ਲਿਖੀ ਗਈ। ਇਹ ਸੋਚੋ ਕਿ ਅਨੇਕਾਂ ਵਰ੍ਹਿਆਂ ਤੋਂ ਇਸੇ ਜਨਮ ਸਾਖੀ ਦੀ ਕਥਾ ਵੱਖ-ਵੱਖ ਗੁਰਦੁਆਰਿਆਂ ਵਿੱਚ ਅਸ਼ੁੱਧ ਬਾਣੀ ਨਾਲ ਹੁੰਦੀ ਆਈ ਹੈ ਅਤੇ ਹੁਣ ਵੀ ਹੁੰਦੀ ਹੋਵੇਗੀ। ਭਰੋਸਾ ਕਰਕੇ ਵਜ੍ਹਾ ਸਿਰਫ ਇਹ ਪ੍ਰਚਾਰੀ ਕਿ ਇਸ ਨੂੰ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿੱਚ ਇਸ ਨੂੰ ਲਿਖਵਾਇਆ ਗਿਆ। ਅਗਰ ਭਾਸ਼ਾਈ ਪੱਖ ਤੋਂ ਗੱਲ ਕਰੀਏ ਤਾਂ ਇਹ ਵੀ ਨੁਕਤਾ ਭਾਈ ਬਾਲੇ ਦੇ ਹੱਕ 'ਚ ਨਹੀਂ ਜਾਂਦਾ ਕਿਉਂਕਿ ਭਾਈ ਬਾਲੇ ਵਾਲੀ ਜਨਮ ਸਾਖੀ ਵਿਚਲੀ ਗੁਰਮੁਖੀ ਉਸ ਦੌਰ ਦੀ ਨਾ ਹੋ ਕੇ ਆਧੁਨਿਕ ਦੇ ਜ਼ਿਆਦਾ ਕਰੀਬ ਹੈ, ਅਰਥਾਤ ਇਹ ਗੁਰੂ ਅੰਗਦ ਦੇਵ ਜੀ ਦੇ ਸਮੇਂ ਦੀ ਹੈ ਹੀ ਨਹੀਂ। ਦਰਅਸਲ ਬਾਲੇ ਵਾਲੀ ਜਨਮ ਸਾਖੀ ਤੋਂ ਪਹਿਲਾਂ ਮਿਹਰਬਾਨ ਨੇ 'ਸਚਖੰਡ' ਪੋਥੀ ੧੬੪੦ ਈ. ਵਿੱਚ ਲਿਖਵਾਈ। ਮਿਹਰਬਾਨ ਦੀ ਮੌਤ ਤੋਂ ਬਾਅਦ 'ਹਰਿ ਜੀ' (੧੬੫੦ ਈ.) ਤੇ 'ਚਤਰਭੁਜ' (੧੬੫੧ ਈ.) ਪੋਥੀਆਂ ਉਸ ਦੇ ਪੁੱਤਰਾਂ ਹਰਿ ਜੀ ਤੇ ਚਤਰਭੁਜ ਨੇ ਕੇਸੋ ਦਾਸ ਬ੍ਰਾਹਮਣ ਕੋਲੋਂ ਲਿਖਵਾਈਆਂ। ਇਨ੍ਹਾਂ ਦਾ ਰਚੈਤਾ ਵੀ ਮਿਹਰਬਾਨ ਸੀ। ਬਿਧੀ ਚੰਦ ਨੇ 'ਜਨਮ ਪਤ੍ਰੀ ਨਾਨਕ ਵੇਦੀ ਕੀ' ਗੋਰਖ ਦਾਸ ਕੋਲੋਂ ਲਿਖਵਾਈ ਪਰ ਇਸ ਸਾਖੀ ਨੂੰ ਉਸ ਨੇ ਅਯੋਗ ਪ੍ਰਸੰਗਾਂ ਤੋਂ ਮੁਕਤ ਰੱਖਿਆ। 'ਜਨਮ ਪਤ੍ਰੀ ਨਾਨਕ ਵੇਦੀ ਕੀ' ਤੋਂ ਬਾਅਦ ਹੰਦਾਲੀ ਭਰਾਵਾਂ ਬਿਧੀ ਚੰਦ ਤੇ ਬਾਲ ਚੰਦ ਨੇ ਆਪਣੇ ਵਿਭਚਾਰ ਲੁਕਾਉਣ ਲਈ ਲਾਲਾ ਪੰਨੂ ਨਾਲ ਮਿਲ ਕੇ ਸਾਜ਼ਿਸ਼ ਘੜੀ। ਲਾਲਾ ਪੰਨੂ ਜਾਤ ਜੱਟ ਲਾਹੌਰ ਦੇ ਮੁਜੰਗਾਂ ਦਾ ਰਹਿਣ ਵਾਲਾ ਸੀ। ਬਿਧੀ ਚੰਦ ਨਾਲ ਉਸ ਦੇ ਨੇੜਲੇ ਸੰਬੰਧ ਸਨ। ਰੜੇ ਮੁਹੱਲੇ ਲਾਹੌਰ 'ਚ ਰਹਿਣ ਵਾਲੇ ਗੋਰਖ ਦਾਸ ਦਾ ਵੀ ਉਹ ਬਹੁਤ ਕਰੀਬੀ ਸੀ। ਜਨਮ ਸਾਖੀ ਲਿਖਵਾਉਣ ਪਿੱਛੇ ਉਨ੍ਹਾਂ ਦਾ ਮੁੱਖ ਮਕਸਦ ਆਪਣੀਆਂ ਕਰਤੂਤਾਂ 'ਤੇ ਪਰਦਾ ਪਾਉਣਾ ਸੀ। ਪਰਦਾਪੋਸ਼ੀ ਦੀ ਇਸ ਸਾਜ਼ਿਸ਼ ਤਹਿਤ ਗੋਰਖ ਦਾਸ ਨੇ ਕਾਲਪਨਿਕ ਅਯੋਗ ਪ੍ਰਸੰਗ ਸਿਰਜ ਕੇ ਨਵੀਂ ਸਾਖੀ ਵਿੱਚ ਲਿਖ ਮਾਰੇ ਤੇ ਨਾਂਅ ਦੇ ਦਿੱਤਾ ਬਾਲੇ ਵਾਲੀ ਜਨਮ ਸਾਖੀ, ਜੋ ਬਾਅਦ ਵਿੱਚ ਇਸ ਦੇ ਨਾਂਅ ਨਾਲ ਮਸ਼ਹੂਰ ਹੋ ਗਈ। ਆਓ ਜਾਣੀਏ ਕਿ ਸਾਜ਼ਿਸ਼ ਕਰਤਾ ਹੰਦਾਲੀਏ ਜਾਂ ਨਿਰੰਜਣੀਏ ਕੌਣ ਹਨ? ਹੰਦਾਲ ਦਾ ਜਨਮ ਸੰਮਤ ੧੬੩੦ ਨੂੰ ਪਿਤਾ ਗਾਜੀ ਮਿਰਜਾ ਦੇ ਘਰ ਮਾਤਾ ਸੁੱਖੋ ਦੀ ਕੁੱਖੋਂ ਹੋਇਆ। ਹੰਦਾਲ ਦਾ ਵਿਆਹ ਹਮਜੇ ਚਾਹਲ ਦੀ ਧੀ ਉਤਮੀ ਨਾਲ ਹੋਇਆ। ਦਰਅਸਲ ਹੰਦਾਲ ਗੁਰੂ ਘਰ ਦਾ ਸਿੱਖ ਸੇਵਕ ਸੀ, ਜੋ ਲੰਗਰ ਵਿੱਚ ਸੇਵਾ ਕਰਨ ਵਾਲਾ ਇਕ ਲਾਂਗਰੀ ਸੀ। ਹੰਦਾਲ ਆਪ ਤਾਂ ਸ਼ੁਰੂ ਵਿੱਚ ਗੁਰੂ ਘਰ ਦਾ ਅਨਿਨ ਸੇਵਕ ਸੀ, ਪਰ ਉਸ ਦੀ ਔਲਾਦ ਵਿੱਚ ਬਾਲ ਚੰਦ ਅਤੇ ਬਿਧੀ ਚੰਦ ਕਪਟੀ ਚਰਿੱਤਰ ਦੇ ਮਾਲਕ ਸਨ।

ਗੁਰੂ ਅਮਰਦਾਸ ਜੀ ਨੇ ਹੰਦਾਲ ਦੀ ਸੇਵਾ ਤੋਂ ਖੁਸ਼ ਹੋ ਕੇ ਉਸ ਨੂੰ 'ਮੰਜੀ' ਦੀ ਬਖਸ਼ਿਸ਼ ਕਰਕੇ ਸਿੱਖੀ ਦਾ ਪ੍ਰਚਾਰ ਕਰਨ ਲਈ ਭੇਜਿਆ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੱਕ ਬਾਬਾ ਹੰਦਾਲ ਗੁਰੂ ਘਰ ਦਾ ਵਫਾਦਾਰ ਰਿਹਾ। ਇਸੇ ਵਫਾਦਾਰੀ ਕਰਕੇ ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਜੰਡਿਆਲੇ ਦਾ 'ਮਸੰਦ' ਥਾਪਿਆ। ਮਸੰਦਾਂ ਦਾ ਕੰਮ ਗੁਰਸਿੱਖਾਂ ਕੋਲੋਂ ਦਸਵੰਧ ਕਾਰਾਂ-ਭੇਟਾ ਦੇ ਰੂਪ ਵਿੱਚ ਇਕੱਠਾ ਕਰਨਾ ਸੀ, ਜੋ ਧਰਮ ਪ੍ਰਚਾਰ, ਧਰਮਸ਼ਾਲਾ, ਨਗਰਾਂ, ਬਾਉਲੀਆਂ ਦੇ ਨਿਰਮਾਣ ਕਾਰਜਾਂ ਵਿੱਚ ਖਰਚ ਕੀਤਾ ਜਾਂਦਾ ਸੀ ਪਰ ਗੁਰੂ ਹਰਿਗੋਬਿੰਦ ਜੀ ਦੇ ਜੰਗਾਂ, ਯੁੱਧਾਂ ਦੇ ਵੇਲੇ ਹੰਦਾਲ ਨੇ ਪਾਲਾ ਬਦਲ ਲਿਆ ਅਤੇ ਇਕੱਠੀ ਕੀਤੀ ਜਾਂਦੀ ਦਸਵੰਧ ਵਿੱਚ ਉਸ ਦਾ ਈਮਾਨ ਡੋਲ ਗਿਆ ਤੇ ਕਾਰਾਂ ਭੇਟਾ ਜਮਾ ਕਰਵਾਉਣ ਤੋਂ ਮੁਨਕਰ ਹੋ ਗਿਆ। ਹੰਦਾਲੀਏ ਨੇ ਕਾਰਾਂ ਭੇਟਾ ਤੋਂ ਇਕੱਤਰ ਹੁੰਦੀ ਦਸਵੰਧ 'ਚੋਂ ਮੋਟੀ ਰਕਮ ਖਰਚਦਿਆਂ ਤਿੰਨ ਪਰਗਨਿਆਂ ਦੀ ਚੌਧਰ ਹਾਸਿਲ ਕਰਕੇ ਮੁਗ਼ਲਾਂ ਨਾਲ ਨਾਤਾ ਜੋੜ ਲਿਆ। ਹੁਣ ਉਹ ਸਿੱਖੀ ਉਭਾਰ ਦੇ ਵਿਰੋਧ ਵਿੱਚ ਖੜ੍ਹੇ ਹੋ ਗਏ। ਹੰਦਾਲੀ ਭਰਾਵਾਂ ਦੀ ਇਸ ਜੁੰਡਲੀ ਦੀਆਂ ਗਤੀਵਿਧੀਆਂ ਕਰਕੇ ਗੁਰੂ ਹਰਿਗੋਬਿੰਦ ਜੀ ਕੀਰਤਪੁਰ ਆ ਟਿਕੇ। ਹੰਦਾਲੀਆਂ ਨੇ ਮੁਗ਼ਲਾਂ ਨਾਲ ਖੜ੍ਹਦਿਆਂ, ਸਰਕਾਰੇ-ਦਰਬਾਰੇ ਆਪਣੀ ਚੜ੍ਹਤ ਵੇਖਦਿਆਂ ਆਪਣਾ ਵੱਖਰਾ ਨਿਰੰਜਣੀ ਪੰਥ ਚਲਾਇਆ। ਗੁਰੂ ਘਰ ਨਾਲ ਆਢਾ ਲਗਾਉਂਦਿਆਂ ਆਪ ਗੁਰੂ ਬਣ ਬੈਠੇ ਤੇ ਆਪਣੀ ਉਸਤਤਿ ਵਿੱਚ 'ਪ੍ਰਚੀ ਹੰਦਾਲ' (੧੬੫੫ ਈ.) ਲਿਖਵਾਈ। ਗੁਰੂ ਘਰ ਵਿਰੋਧੀ ਹਰਕਤਾਂ ਦੀ ਵਜ੍ਹਾ ਹੀ ਸੀ ਕਿ ਭਾਈ ਗੁਰਦਾਸ ਜੀ ਨੇ ਉਸ ਨੂੰ ਸ੍ਰੇਸ਼ਟ ਸਿੱਖਾਂ ਦੀ ਕਤਾਰ ਵਿੱਚੋਂ ਬਾਹਰ ਲਿਆ ਖੜ੍ਹਾ ਕੀਤਾ। ਹੰਦਾਲ ਨੇ ਆਪਣਾ ਵੱਖਰਾ ਪੰਥ 'ਨਿਰੰਜਣੀ' ਚਲਾ ਲਿਆ। 'ਨਿਰੰਜਨ' ਸ਼ਬਦ ਦਾ ਜਾਪ ਕਰਨ ਕਰਕੇ ਇਹਨਾਂ ਨੂੰ ਨਿਰੰਜਣੀ ਕਿਹਾ ਜਾਂਦਾ ਹੈ। ਹੰਦਾਲ ਦੀ ਮੌਤ ਤੋਂ ਬਾਅਦ ੧੭੦੫ ਬਿ. (੧੬੪੮ ਈ.) ਵਿੱਚ ਬਿਧੀ ਚੰਦ ਇਸ ਦੀ ਗੱਦੀ 'ਤੇ ਬੈਠਾ। ਉਸ ਦੇ ਜਾਣ ਤੋਂ ਬਾਅਦ 'ਨਿਰੰਜਣੀ' ਪੰਥ ਨੂੰ ਚੱਲਦਿਆਂ ਰੱਖਣਾ ਸੀ ਅਤੇ ਆਪਣੀ ਗੱਦੀ ਵੀ ਕਾਇਮ ਰੱਖਣੀ ਸੀ। ਲਿਹਾਜ਼ਾ ਉਨ੍ਹਾਂ ਨੇ 'ਹੰਦਾਲ ਪ੍ਰਕਾਸ਼' ਤੇ 'ਜਨਮ ਸਾਖੀ' ਲਿਖਵਾਏ ਜਾਣ ਦਾ ਮਨ ਬਣਾਇਆ। ਇਸ ਸਾਖੀ ਵਿੱਚ ਬਿਧੀ ਚੰਦ ਤੇ ਬਾਲ ਚੰਦ ਦੇ ਤਿੰਨ ਮਨੋਰਥ ਨਜ਼ਰ ਆਉਂਦੇ ਹਨ; ਪਹਿਲਾ, ਆਪਣੇ ਪਿਤਾ ਬਾਬਾ ਹੰਦਾਲ ਨੂੰ ਗੁਰੂ ਦੱਸ ਕੇ ਉਸ ਦਾ ਕੱਦ ਉੱਚਾ ਚੁੱਕਣਾ ਤੇ ਆਪਣੇ ਆਪ ਨੂੰ ਗੱਦੀ ਦਾ ਵਾਰਿਸ ਐਲਾਨਣਾ। ਦੂਜਾ, ਆਪਣੇ ਵਿਭਚਾਰਾਂ ਨੂੰ ਲੁਕਾਉਣਾ ਤੇ ਤੀਜਾ ਗੁਰੂ ਨਾਨਕ ਦੇਵ ਜੀ ਦੀ ਕਿਰਦਾਰਕੁਸ਼ੀ ਕਰਨੀ। ਇਨ੍ਹਾਂ ਦੋਵੇਂ ਹੰਦਾਲੀ ਭਰਾਵਾਂ ਨੇ ਜਨਮ ਸਾਖੀ ਵਿੱਚ ਗੁਰੂ ਜੀ ਦੇ ਸਦਾਚਾਰਕ ਚਰਿੱਤਰ ਨੂੰ ਕਲੰਕਿਤ ਕਰਨ ਦਾ ਪੂਰਾ ਟਿੱਲ ਲਾਇਆ। ਇਸ ਵਿੱਚ ਗੁਰੂ ਸਾਹਿਬ ਨੂੰ ਰਾਜੇ ਜਨਕ ਅਤੇ ਕਬੀਰ ਦਾ ਚੇਲਾ ਦੱਸਿਆ ਗਿਆ ਹੈ, ਪਰ ਫਿਰ ਵੀ ਪੌਰਾਣਿਕਤਾ ਦੇ ਲਬਾਦੇ ਵਿੱਚ ਲਪੇਟੀ ਬਾਲੇ ਵਾਲੀ ਜਨਮ ਸਾਖੀ ਦੇ ਸ਼ਰਧਾਵਾਨ ਪਾਠਕ ਇਤਿਹਾਸ ਤੇ ਮਿਥਿਹਾਸ, ਕੱਥ ਅਕੱਥ ਵਿੱਚ ਅੰਤਰ ਕਰਨਾ ਹੀ ਨਹੀਂ ਲੋਚਦੇ, ਅੱਖਾਂ ਮੀਟੀ ਸੱਚ ਸਮਝ ਕੇ ਸ਼ਰਧਾਵੱਸ ਸਵੀਕਾਰਦੇ ਆ ਰਹੇ ਹਨ। ਸੋ ਅਸਲ ਵਿੱਚ ਬਾਲਾ ਉਰਫ ਬਾਲ ਚੰਦ, ਬਿਧੀ ਚੰਦ ਦਾ ਵੱਡਾ ਭਰਾ ਹੈ। ਬਾਲ ਚੰਦ ਤੇ ਬਿਧੀ ਚੰਦ ਬਾਬਾ ਹੰਦਾਲ ਦੀ ਵਿਗੜੀ ਔਲਾਦ ਹਨ। ਜਨਮ ਸਾਖੀਆਂ ਵਿੱਚ ਭੰਬਲਭੂਸੇ ਅਤੇ ਰਲਾਅ ਪਾਉਣ ਦਾ ਕੰਮ ਇਨ੍ਹਾਂ ਹੰਦਾਲੀਆਂ ਨੇ ਹੀ ਕੀਤਾ। ਜਨਮ ਸਾਖੀਆਂ ਦੀ ਸ਼ੁਰੂਆਤ ਵਿੱਚ ਗੋਰਖ ਦਾਸ ਬੜੀ ਵਿਉਂਤ ਨਾਲ ਮਰਦਾਨੇ ਦਾ ਸਾਥੀ ਦੱਸ ਕੇ ਬਾਲੇ ਨਾਂਅ ਦੇ ਪਾਤਰ ਨੂੰ ਜਨਮ ਸਾਖੀ ਵਿੱਚ ਵਾੜਦਾ ਹੈ। ਸ਼ੁਰੂਆਤ ਵਿੱਚ ਹੀ ਉਹ ਲਿਖਾਉਂਦਾ ਹੈ, "ਭਾਈ ਬਾਲਾ ਅਤੇ ਮਰਦਾਨਾ ਰਬਾਬੀ ਨਾਲਿ ਫਿਰੇ ਆਹੇ।" ਇਥੇ ਉਹ ਆਪਣੇ ਨਾਂਅ ਨਾਲ ਆਪ 'ਭਾਈ' ਪਦ ਲਗਾ ਕੇ ਮਰਦਾਨੇ ਨਾਲੋਂ ਉੱਚਾ ਸਾਬਿਤ ਕਰਦਾ ਹੈ। ਬਾਲੇ ਵਾਲੀ ਜਨਮ ਸਾਖੀ ਵਿੱਚ ਬਾਲਾ ਜਗ੍ਹਾ-ਜਗ੍ਹਾ ਆਪਣੀ ਲੋੜੋਂ ਵੱਧ ਸਵੈ ਉਸਤਤਿ ਕਰਦਾ ਹੈ, ਆਪਣਾ ਨਾਂਅ ਵੀ ਵਾਰ-ਵਾਰ ਵਰਤਦਾ ਹੈ। ਉਸ ਦੀ ਸਾਖੀ ਵਿੱਚ ਉਸ ਦਾ ਆਪਣਾ ਨਾਂਅ ਪੰਜ ਸੌ ਤੋਂ ਵੱਧ ਵਾਰ ਆਉਂਦਾ ਹੈ। ਮਰਦਾਨੇ ਨੂੰ ਉਹ ਕਾਫੀ ਪਿਛਾਂਹ ਰੱਖਦਾ ਹੈ। ਬਾਲ ਚੰਦ ਜਾਤ ਜੱਟ ਗੋਤ ਘਣਗਸ, ਸਾਖੀ ਵਿੱਚ ਆਪਣੇ ਆਪ ਲਈ ਕਈ ਵਾਰ ਜੱਟ, ਸੰਧੂ, ਜਟੇਟਾ, ਬਾਲਾ ਸੰਧੂ ਸ਼ਬਦ ਇਸਤੇਮਾਲ ਕਰਦਾ ਹੈ। ਉਹ ਜਨਮ ਸਾਖੀ ਦੇ ਮੂਲ ਪਾਠ ਵਿੱਚ ਵਾਰ-ਵਾਰ ਆਪਣੇ ਸੰਧੂ ਜੱਟ ਹੋਣ ਦਾ ਮਾਣ ਮਹਿਸੂਸ ਕਰਦਾ ਹੈ। 'ਬਾਲੇ ਸੰਧੂ ਜਟੇਟੇ ਨਾਲਿ', 'ਬਾਲੇ ਸੰਧੂ ਸੁਣਿਆ', 'ਬਾਲਾ ਸੰਧੂ ਗੁਰੂ ਅੰਗਦ ਦੇ ਦਰਸਨਿ ਆਇਆ', 'ਏਹ ਗੱਲ ਜਾ ਬਾਲੇ ਸੰਧੂ ਆਖੀ' 'ਤਾ ਬਾਲਾ ਸੰਧੂ ਆਇਆ', 'ਤਾ ਬਾਲੇ ਸੰਧੂ ਅਤੇ ਇਕ ਸਿਖ ਹੋਰ ਸਾਥ ਨੂੰ ਹੋਆ', 'ਤਾ ਬਾਲੇ ਸੰਧੂ ਅਰਦਾਸਿ ਕੀਤੀ' ਆਦਿ ਏਨੇ ਵਾਕ ਸਿਰਫ ਇਕ ਸਾਖੀ ਦੇ ਪਹਿਲੇ ਤਿੰਨ ਪੰਨਿਆਂ ਦੇ ਹਨ। ਇਕ ਜਗ੍ਹਾ ਤਾਂ ਬਾਲਾ ਸਭ ਹੱਦਾਂ ਪਾਰ ਕਰ ਜਾਂਦਾ ਕਹਿੰਦਾ ਹੈ ਕਿ ਗੁਰੂ ਨਾਨਕ ਮੇਰੇ ਕੋਲੋਂ ਕੋਈ ਪਰਦਾ ਨਹੀਂ ਰੱਖਦਾ। ਬਾਲਾ ਪੈੜੇ ਮੋਖੇ ਨੂੰ ਲਿਖਾਉਂਦਾ ਹੈ:-

"ਸ੍ਰੀ ਗੁਰੂ ਨਾਨਕ ਅਤੇ ਤਉ ਵਿਚਿ ਭਿੰਨ ਭੇਦੁ ਕੁਛ ਨਾਹੀ॥
ਅਤੇ ਗੁਰੂ ਨਾਨਕ ਮੈਥੋ ਪੜਦਾ ਕੋਈ ਨਾਹਾ ਰਖਦਾ॥"

'ਜਨਮ ਪਤ੍ਰੀ ਬਾਬੇ ਜੀ ਕੀ' ਦੇ ਅੰਤਲੇ ਪੰਨੇ ੨੦੫ 'ਤੇ ਗੁਰੂ ਅੰਗਦ ਦੇਵ ਜੀ ਦੇ ਮੂੰਹੋਂ ਪੈੜੇ ਨੂੰ ਇਹ ਲਿਖਾਉਂਦਾ ਆਪੂੰ ਗੁਰੂ ਬਣ ਬੈਠਾ ਕਹਿੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਤੇ ਭਾਈ ਬਾਲੇ ਵਿਚਕਾਰ ਕੋਈ ਫਰਕ ਨਹੀਂ। ਉਸ ਦੀਆਂ ਲਿਖਵਾਈਆਂ ਸਤਰਾਂ ਵੱਲ ਧਿਆਨ ਦਿਓ:-

"ਤਾ ਗੁਰੂ ਅੰਗਦ ਜੀ ਆਖਿਆ ਭਾਈ ਸਿਖੋ॥
ਭਾਈ ਬਾਲੇ ਅਤੇ ਗੁਰੂ ਨਾਨਕ ਵਿਚਿ ਭਿੰਨਿ ਭੇਦੁ ਕੁਛ ਨਾਹੀ ਸੀ॥
ਏਹੋ ਗੁਰੂ ਅਤੇ ਸਿਖ ਦਾ ਭੇਦ ਸੀ॥ ਬੋਲੋ ਭਾਈ ਜੀ ਵਾਹਿਗੁਰੂ ਜੀ॥
ਪੋਥੀ ਪੂਰੀ ਹੋਈ॥"

ਗੁਰੂ ਬਾਲੇ ਕੋਲੋਂ ਕੋਈ ਪਰਦਾ ਨਹੀਂ ਰੱਖਦਾ, ਦੋਵਾਂ ਦਰਮਿਆਨ ਕੋਈ ਫਰਕ ਨਹੀਂ, ਕੁਫਰ ਨਹੀਂ ਤਾਂ ਹੋਰ ਕੀ ਹੈ? ਜਨਮ ਸਾਖੀ ਦੀ ਰਚਨਾ ਪਿੱਛੇ ਹੰਦਾਲੀ ਭਰਾਵਾਂ ਦਾ ਮਕਸਦ ਹੀ ਇਹੋ ਸੀ ਕਿ ਬਾਲ ਚੰਦ ਉਰਫ ਬਾਲੇ ਨੂੰ ਗੁਰੂ ਬਾਬੇ ਬਰਾਬਰ ਲਿਆ ਖੜ੍ਹਾ ਕਰਨਾ ਅਤੇ ਆਪਣੇ ਪਿਤਾ ਹੰਦਾਲ ਦੇ ਕੱਦ ਨੂੰ ਉੱਚਾ ਚੁੱਕਣਾ ਤੇ ਉੱਚੀ ਪਦਵੀ ਦਾ ਹੱਕਦਾਰ ਹੋਣਾ। ਇੱਥੋਂ ਹੰਦਾਲੀਆਂ ਦੀ ਹੀ ਕਿਰਤ ਹੋਣ ਨੂੰ ਹੋਰ ਬਲ ਮਿਲਦਾ ਹੈ। ਸਾਡੀ ਜਾਚੇ ਬਿਧੀ ਚੰਦ ਦੀ 'ਪ੍ਰਚੀ ਬਾਬਾ ਹੰਦਾਲ' (੧੬੫੫ ਈ.) ਤੋਂ ਪਿੱਛੋਂ ਬਾਲੇ ਵਾਲੀ ਜਨਮ ਸਾਖੀ ਹੋਂਦ ਵਿੱਚ ਆਈ। ਇਹ ਮੱਤ ਠੀਕ ਪ੍ਰਤੀਤ ਹੁੰਦਾ ਹੈ ਕਿਉਂਕਿ ਬਾਲੇ ਵਾਲੀ ਜਨਮ ਸਾਖੀ 'ਪ੍ਰਚੀ ਬਾਬਾ ਹੰਦਾਲ' ਤੋਂ ਕਾਫੀ ਪ੍ਰਭਾਵਿਤ ਹੈ। ਇਸ ਤਰ੍ਹਾਂ ਬਾਲੇ ਵਾਲੀ ਜਨਮ ਸਾਖੀ ਦਾ ਰਚਨਾਕਾਲ ੧੬੫੬ ਤੋਂ ੧੬੫੭ ਈ. ਬਣਦਾ ਹੈ। ੧੬੫੮ ਈ. ਦਾ ਉਤਾਰਾ ਤਾਂ ਸਾਡੇ ਸਾਹਮਣੇ ਹੀ ਹੈ। 'ਪ੍ਰਚੀ ਬਾਬਾ ਹੰਦਾਲ ਜੀ' ਗੋਰਖ ਦਾਸ ਨੇ ਲਿਖੀ ਪਰ ਜਾਣ-ਬੁੱਝ ਕੇ ਆਪਣਾ ਨਾਂਅ ਜਾਂ ਆਪਣੇ ਆਕਾ ਦਾ ਨਾਂਅ ਇਸ ਲਈ ਨਹੀਂ ਦਿੱਤਾ, ਕਿਉਂਕਿ ਬਾਲਾ ਸਾਖੀ ਵਿੱਚ ਆਪਣੇ ਆਕਾ (ਬਾਲੇ) ਦਾ ਨਾਂਅ ਜੁ ਦੇਣਾ ਸੀ। ਪ੍ਰਚੀ ਤੇ ਸਾਖੀ ਦਾ ਲਿਖਾਰੀ ਇਕ ਹੋਣ ਕਰਕੇ ਕਈ ਪੱਖਾਂ ਤੋਂ ਪਾਠ ਸਮੇਤ ਆਪਸੀ ਸਮਰੂਪਤਾ ਸਾਫ ਝਲਕਦੀ ਹੈ। ਨਿਰਸੰਦੇਹ ਬਾਲਾ ਇਤਿਹਾਸਕ ਤੱਥਾਂ ਦੀ ਭੰਨ-ਤੋੜ ਕਰਕੇ ਉਲਝਾਉਣ, ਉਲਟਾਉਣ, ਗੁਰੂ ਸਾਹਿਬ ਪ੍ਰਤੀ ਮਾੜੇ ਬੋਲ ਦੂਜੇ ਦੇ ਮੂੰਹ ਵਿੱਚ ਪਾਉਣ ਅਤੇ ਅਯੋਗ ਪ੍ਰਸੰਗਾਂ ਦੀ ਸਿਰਜਣਾ ਦਾ ਅਹਿਮ ਦੋਸ਼ੀ ਹੈ। ਉਹ ਕਈ ਥਾਂ ਆਪਣੀ ਤੁਕਬੰਦੀ ਨੂੰ 'ਨਾਨਕ' ਮੁਹਰ ਹੇਠਾਂ ਲਿਖਦਾ ਹੈ, ਜਿਸ ਨੂੰ ਵਧੀਕ ਬਾਣੀ ਮੰਨ ਲੈਣ ਦਾ ਖਦਸ਼ਾ ਪੈਦਾ ਹੁੰਦਾ ਹੈ। ਇਸ ਤਰ੍ਹਾਂ ਗੋਰਖ- ਲਾਲਾ-ਬਿਧ-ਬਾਲਾ ਚਉਕੜੀ ਗੁਰੂ ਸਾਹਿਬ ਪ੍ਰਤੀ ਕੁਹਜ ਬਿਰਤਾਂਤ ਸਿਰਜਣ ਵਿੱਚ ਲੱਗੀ ਰਹੀ।ਬਾਲੇ ਵਾਲੀ ਪੂਰੀ ਜਨਮ ਸਾਖੀ ਵਿੱਚ ਬਾਲੇ ਦੇ ਪ੍ਰਤੀ ਪ੍ਰਸ਼ੰਸਾਤਮਕ ਸੁਰ ਹੀ ਉੱਭਰਦੀ ਹੈ। ਸਾਖੀਆਂ ਵਿੱਚ ਉਹ ਕਈ ਵਾਰ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਬਰਾਬਰ ਦੱਸਦਾ ਹੈ। ਕਦੀ ਵੀ ਬਾਲਾ ਆਪਣੇ ਆਪ ਨੂੰ ਗਿਆਨ ਤੇ ਅਧਿਆਤਮ ਵਿੱਚ ਨੀਵਾਂ ਨਹੀਂ ਦਰਸਾਉਂਦਾ। ਬਾਲੇ ਵਾਲੀ ਸਾਖੀ ਵਿੱਚ ਕਬੀਰ ਦਾ ਕੱਦ ਗੁਰੂ ਸਾਹਿਬ ਨਾਲੋਂ ਉੱਚਾ ਅਤੇ ਉਨ੍ਹਾਂ ਦੀ ਪਦਵੀ 'ਤੇ ਹੰਦਾਲੀ ਬੈਠਣਗੇ, ਇਹ ਦੱਸਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਸਾਖੀ 'ਚ ਇੰਝ ਲਿਖਿਆ ਹੈ:- 'ਸੌ ਸਾਲ ਬਾਅਦ ਵਟਾਲੇ ਕਬੀਰ ਦੀ ਪਦਵੀ 'ਤੇ ਇਕ ਜੱਟ ਬੈਠਾ ਹੋਵੇਗਾ'। 'ਮੀਨਾ ਪਰਬਤ' ਵਾਲੀ ਇਸ ਸਾਖੀ ਵਿੱਚ ਇਹ ਜੱਟ ਕੋਈ ਹੋਰ ਨਹੀਂ, ਬਲਕਿ 'ਹੰਦਾਲ' ਹੀ ਹੈ, ਜੋ ਸਭਨਾਂ ਤੋਂ ਉੱਪਰ ਹੈ। ਕਬੀਰ ਦੀ ਅਜਿਹੀ ਉਸਤਤਿ ਤੋਂ ਵੀ ਇਸ ਕੰਮ ਵਿੱਚ ਹੰਦਾਲੀਆਂ ਦੇ ਹੋਣ ਦੇ ਸ਼ੰਕੇ ਹੋਰ ਪੁਖਤਾ ਹੁੰਦੇ ਹਨ। ਪ੍ਰਹਿਲਾਦ ਭਗਤ ਦੀ ਸਾਖੀ 'ਅਲਲਾਚੀਨ ਪਰਬਤ' ਵਿੱਚ ਫਿਰ ਪ੍ਰਹਿਲਾਦ ਭਗਤ ਦੇ ਮੂੰਹੋਂ ਹੰਦਾਲ ਜਟੇਟੇ ਦੇ ੧੦੦ ਵਰ੍ਹਿਆਂ ਮਗਰੋਂ ਪੈਦਾ ਹੋਣ ਦੀ ਭਵਿੱਖ ਬਾਣੀ ਕਰਵਾਉਂਦਾ ਲਿਖਵਾਉਂਦਾ ਹੈ ਕਿ ਵਟਾਲੇ ਦਾ ਜੱਟ ਹੀ ਨਾਨਕ ਤਪੇ ਤੋਂ ਵੱਡਾ ਭਗਤ ਹੋਵੇਗਾ। ਸਾਖੀ ਵਿੱਚ ਲਿਖਿਆ ਕਥਨ ਇਸ ਪ੍ਰਕਾਰ ਹੈ:-

"ਤਾ ਪ੍ਰਹਲਾਦ ਭਗਤ ਕਹਿਆ ਸੁਣਿ ਭਾਈ ਕਲਿਜੁਗਿ ਵਿਚ ਹੋਵੇਗਾ ਅਤੇ ਜਦਿ ਨਾਨਕ ਤਪਾ ਦੇਹ ਛਡੇਗਾ ਇਸ ਤੇ ਸਉ ਵਰਿਆ ਪਿਛੇ ਪੈਦਾ ਹੋਵੇਗਾ॥ ਪਰ ਵਡਾ ਭਗਤੁ ਹੋਸੀ ਅਤੇ ਨਾਨਕ ਤਪੇ ਨਾਲੋ ਭੀ ਉਪਰਿ ਹੋਵੇਗਾ॥ ਅਤੇ ਇਨ ਤ੍ਰਿਹ ਦੇ ਤੁਲਿ ਹੋਰੁ ਭਗਤੁ ਨਾਹੀ॥ ਫੇਰਿ ਮਰਦਾਨੇ ਪੁਛਿਆ ਜੀ ਤ੍ਰੈ ਕੇਹੜੇ ਕੇਹੜੇ॥ ਫੇਰਿ ਪ੍ਰਹਿਲਾਦ ਭਗਤ ਕਹਿਆ ਸੁਣਿ ਭਾਈ॥ ਅਗੇ ਕੰਬੀਰ ਭਗਤੁ ਹੋਇਆ ਹੈ॥ ਅਤੇ ਹੁਣਿ ਨਾਨਕ ਤਪਾ ਹੋਇਆ ਹੈ॥ ਅਤੇ ਪਿਛੋ ਉਸ ਹੋਵਣਾ॥ ਤਾ ਫੇਰਿ ਮਰਦਾਨੇ ਪੁਛਿਆ ਜੀ ਕਬੀਰ ਤਾ ਜੁਲਾਹਾ ਆਹਾ॥ ਅਤੇ ਨਾਨਕ ਤਪਾ ਖਤ੍ਰੀ ਹੋਇਆ॥ ਦਿਖਾ ਜੀ ਉਹ ਕਿਸ ਵਰਨ ਵਿਚਿ ਹੋਇਆ॥ ਅਤੇ ਕੇਹੜੀ ਧਰਤੀ ਕੇਹੜੇ ਸਹਰ ਹੋਵੇਗਾ॥ ਤਾ ਪ੍ਰਹਲਾਦਿ ਭਗਤ ਕਹਿਆ ਸੁਣਿ ਭਾਈ ਧਰਤੀ ਪੰਜਾਬ ਕੀ ਸਹਰ ਵਟਾਲੇ ਵਿਚਿ ਅਤੇ ਵਰਨ ਜਟ ਦਾ॥" ਇਕ ਹੋਰ ਸਾਖੀ ਵਿੱਚ ਬਾਲਾ ਹੰਦਾਲ ਜਟੇਟੇ ਦੇ ਪੈਦਾ ਹੋਣ ਦੀ ਭਵਿੱਖਬਾਣੀ ਫੇਰ ਛੇੜ ਲੈਂਦਾ ਹੈ; "ਗੁਰੂ ਨਾਨਕ ਕਹਿਆ ਮਰਦਾਨਾ ਹਿਕੁ ਜਟੇਟਾ ਹੋਸੀ ਅਸਾਥੋ ਪਿਛੇ ਪਰ ਉਹੁ ਅਸਾਡੀ ਆਨਿ ਰਖਸੀ ਸਉ ਵਰਾ ਅਸੀ ਦੇਹ ਛਡੀਏਗੇ ਤਾ ਪਿਛੋ ਹੋਵੇਗਾ॥ ਫਿਰਿ ਮਰਦਾਨੇ ਆਖਿਆ ਜੀ ਜੇ ਤੁਸਾਥੋ ਵਧਿ ਹੋਵੇਗਾ ਤਾਂ ਤੁਸਾਡੀ ਆਨਿ ਕਿਉ ਰਖੇਗਾ॥ ਤਾ ਗੁਰੂ ਨਾਨਕ ਕਹਿਆ ਮਰਦਾਨਾ ਇਸ ਵਾਸਤੇ ਮੰਨੇਗਾ ਜੋ ਗੁਰੂ ਅਸਾਨੂ ਮਿਲਿਆ ਸੋ ਉਸ ਨੂ ਭੀ ਓਹੋ ਮਿਲੇਗਾ॥ ਤਾ ਫੇਰ ਮਰਦਾਨੇ ਪੁਛਿਆ ਜੀ ਕੇਹੜੇ ਥਾਇ ਕੇਹੜੇ ਮੁਲਖ ਹੋਵੇਗਾ ਤਾ ਗੁਰੂ ਨਾਨਕ ਕਹਿਆ ਮਰਦਾਨਾ ਵਟਾਲੇ ਦੇ ਪਰਗਨੇ ਵਿਚਿ ਹੋਵੇਗਾ॥ ਤਾ ਫੇਰ ਮਰਦਾਨੇ ਆਖਿਆ ਜੀ ਤੁਸਾਂ ਜਿਹਾ ਹੋਸੀ॥ ਤਾ ਗੁਰੂ ਨਾਨਕ ਕਹਿਆ ਮਰਦਾਨਾ ਅਸਾਥੋ ਭੀ ਵਧਿ ਹੋਸੀ ਪਰ ਵਡਾ ਗੁਰਮੁਖਿ ਹੋਸੀ ਗੁਰਭਾਈ ਕਹਿ ਕੇ ਆਨਿ ਮੰਨਸੀ॥" ਇਸ ਤਰ੍ਹਾਂ ਧ੍ਰੂ ਪ੍ਰਹਿਲਾਦ ਦੀ ਸਾਖੀ, ਸਿਧਾਂ ਵਾਲੀ ਸਾਖੀ, ਪੰਡਤ ਦੀਨਾ ਨਾਥ ਵਾਲੀ ਸਾਖੀ, ਘੋਹੇ ਜਟ ਵਾਲੀ ਸਾਖੀ ਵਿੱਚ ਬਾਰ-ਬਾਰ ਦ੍ਰਿੜ ਕਰਾਉਂਦਾ ਹੈ ਕਿ ਗੁਰੂ ਨਾਨਕ ਤੋਂ ਬਾਅਦ ਵੱਡ ਪ੍ਰਤਾਪੀ ਹੰਦਾਲ ਪੈਦਾ ਹੋਵੇਗਾ। ਇਥੋਂ ਸਾਖੀ ਲਿਖਣ ਦਾ ਖੜਯੰਤਰ ਨੰਗਾ ਹੋ ਜਾਂਦਾ ਹੈ। ਖੜਯੰਤਰ ਦੇ ਮੁੱਖ ਸੂਤਰਧਾਰ ਬਾਲੇ ਨੇ ਭਵਿੱਖਬਾਣੀ ਕੀਤੀ ਹੈ ਕਿ ਗੁਰੂ ਨਾਨਕ ਦੇ ਦੇਹ ਛੱਡਣ ਦੇ ੧੦੦ ਵਰ੍ਹਿਆਂ ਮਗਰੋਂ ਨਾਨਕ ਤੋਂ ਵੀ ਵੱਡਾ ਭਗਤ ਵਟਾਲੇ 'ਚ ਜੱਟ (ਹੰਦਾਲ) ਪੈਦਾ ਹੋਵੇਗਾ। ਅਗਰ ਇਹ ਭਵਿੱਖਬਾਣੀ ਬਾਲੇ ਨੇ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿੱਚ ਲਿਖਵਾਈ ਸੀ ਤਾਂ ੧੦੦ ਵਰ੍ਹੇ ਪਿੱਛੋਂ ਕਿਹੜਾ ਸਹਰ ਵਟਾਲੇ ਦਾ ਜਟੇਟਾ ਹੋਇਆ? ਜੋ ਗੁਰੂ ਨਾਨਕ ਨਾਲੋਂ ਵੀ ਵਡੇਰਾ ਸੀ। ਅਸੀਂ ਤਾਂ ਬਾਲੇ ਦੇ ਸਮਕਾਲੀ ਨਹੀਂ, ਜਿਹੜਾ ਸਾਨੂੰ ਭਵਿੱਖ ਵਿੱਚ ਜਾ ਕੇ ਪਤਾ ਲੱਗੇਗਾ ਜਾਂ ਆਉਣ ਵਾਲੇ ਸਾਲਾਂ ਵਿੱਚ ਇਸ ਕਥਨ/ਭਵਿੱਖ ਬਾਣੀ ਦੀ ਪੁਸ਼ਟੀ ਹੋਣੀ ਹੈ। ੧੦੦ ਵਰ੍ਹੇ ਤਾਂ ਕੀ ੪੯੬ ਵਰ੍ਹੇ ਬੀਤ ਗਏ, ਕੋਈ ਨਹੀਂ ਇਸ ਧਰਤੀ 'ਤੇ ਗੁਰੂ ਨਾਨਕ ਤੋਂ ਵੱਡਾ ਆਇਆ, ਜਿਹੜੇ ਹੰਦਾਲ ਬਾਰੇ ਬਾਲੇ ਨੇ ਆਪਣੀ ਸਾਖੀ ਵਿੱਚ ਕਿਹਾ ਸੀ। ਜਿਸ ਹੰਦਾਲ ਬਾਰੇ ਬਾਲਾ ਲਿਖਵਾ ਰਿਹਾ ਸੀ, ਉਸ ਦਾ ਅਜਿਹਾ ਕੱਦ/ਰੁਤਬਾ ਨਹੀਂ ਸੀ, ਜਿਸ ਦੀ ਉਸਤਤਿ ਕਰਦਿਆਂ ਤਿੰਨ ਸਾਖੀਆਂ ਵਿੱਚ ਗੁਰੂ ਨਾਨਕ ਤੇ ਭਗਤਾਂ ਦੇ ਮੂੰਹੋਂ ਇਹ ਸ਼ਬਦ ਅਖਵਾਏ ਸਨ। ਇਥੇ ਵੀ ਚਲਾਕ ਬਾਲਾ ਮਾਰ ਖਾ ਗਿਆ ਕਿਉਂਕਿ ਗੁਰੂ ਸਾਹਿਬ ਦੇ ਜੋਤੀ ਜੋਤਿ ਤੇ ਹੰਦਾਲ ਦੇ ਪੈਦਾ ਹੋਣ ਵਿੱਚ ਸਿਰਫ ੩੫ ਕੁ ਵਰ੍ਹਿਆਂ ਦਾ ਅੰਤਰ ਹੈ ਨਾ ਕਿ ੧੦੦ ਵਰ੍ਹਿਆਂ ਦਾ। ਇਥੋਂ ਉਸ ਦੇ ਝੂਠ ਦਾ ਪਰਦਾਫਾਸ਼ ਹੁੰਦਾ ਹੈ। ਇਸ ਝੂਠ ਦੇ ਬਾਵਜੂਦ ਬਾਲਾ ਭਗਤ ਕਬੀਰ ਅਤੇ ਨਿਰੰਕਾਰ ਦੋਵਾਂ ਵਿੱਚ ਕੋਈ ਭੇਦ, ਫਰਕ ਨਹੀਂ ਦੱਸਦਾ, ਕਬੀਰ ਨੂੰ ਨਿਰੰਕਾਰ ਦੀ ਨਿਆਈਂ ਜਾਣਦਾ ਹੈ: "ਨਿਰੰਕਾਰ ਦਾ ਦਰਸ਼ਨ ਦੇਹ ਵਿਚ ਕਿਸੇ ਨੂੰ ਨਾਹੀ ਹੋਇਆ, ਇਕ ਸੇ ਕਬੀਰ ਭਗਤ ਨੂੰ ਹੋਇਆ ਦਰਸ਼ਨ, ਇਸ ਵਾਸਤੇ ਕਬੀਰ ਵੱਡਾ ਭਗਤ ਹੈ... ਕਬੀਰ ਅਤੇ ਨਿਰੰਕਾਰ ਵਿਚ ਭੇਦ ਨਾਹੀ।" ਬਾਲਾ ਗੁਰੂ ਨਾਨਕ ਦੇਵ ਜੀ ਦੀ ਭਗਤੀ ਅਤੇ ਸ਼ਖਸੀਅਤ ਉੱਤੇ ਕਿੰਤੂ ਤਾਂ ਕਰਦਾ ਹੀ ਹੈ ਪਰ ਭਗਤ ਕਬੀਰ ਨੂੰ ਪੂਰਨ ਦੱਸਦਾ ਹੈ ਕਿ ਉਸ ਵਿੱਚ ਕੋਈ ਕਸਰ ਨਹੀਂ। ਗੁਰੂ ਅੰਗਦ ਦੇਵ ਜੀ ਦੇ ਸਾਹਮਣੇ ਜਨਮ ਸਾਖੀ ਲਿਖਵਾਉਂਦਾ ਬਾਲਾ, ਗੁਰੂ ਨਾਨਕ ਦੇਵ ਜੀ ਦੇ ਮੂੰਹੋਂ ਇਹ ਸ਼ਬਦ ਕਹਾਉਂਦਾ ਹੈ: "ਅਸਾਂ ਵਿਚ ਕਾਈ ਕਸਰ ਰਹਿ ਗਈ ਹੋਈ, ਪਰ ਉਸ ਵਿਚ ਕਾਈ ਮੀਨ ਮੇਖ ਰਹੀ ਨਾਹੀ।" ਪਰ ਵਿਡੰਬਨਾ ਦੇਖੋ ਅੱਗੇ ਚਲ ਕੇ 'ਕਉਲਾਸ ਪਰਬਤ' ਵਾਲੀ ਸਾਖੀ ਵਿੱਚ ਬਾਲੇ ਨੇ ਹੰਦਾਲ ਨੂੰ ਵੀ ਗੁਰੂ ਸਾਹਿਬ ਅਤੇ ਕਬੀਰ ਦੇ ਬਰਾਬਰ ਲਿਆ ਖੜ੍ਹਾ ਕੀਤਾ ਹੈ। ਧ੍ਰੂ ਭਗਤ ਨਾਨਕ ਗੋਸਟਿ ਮੌਕੇ ਗੁਰੂ ਨਾਨਕ ਵਾਚ ਵਿੱਚ ਗੁਰੂ ਨਾਨਕ ਦੇਵ ਜੀ ਦੇ ਮੂੰਹੋਂ ਫਿਰ ਅਖਵਾਇਆ ਹੈ:-

"ਏਕ ਕਬੀਰਾ ਨਾਨਕ ਦੋਇ।
ਤੀਜਾ ਹੋਇ ਹੰਦਾਲ ਜਟੇਟਾ।"

ਹੁਣ ਉਹ ਇਨ੍ਹਾਂ ਤਿੰਨਾਂ ਨੂੰ ਹੰਦਾਲ ਦੇ ਚਲਾਏ 'ਨਿਰੰਜਨ ਪੰਥ' ਨੂੰ ਮੰਨਣ ਵਾਲੇ ਦੱਸਦਾ ਹੈ:-

"ਇਕ ਭਗਤ ਕਬੀਰ ਦੂਜਾ ਨਾਨਕ ਤੀਜਾ ਹੰਦਾਲ ਜਟੇਟਾ, ਜੋ ਇਕ ਨਿਰੰਜਨ ਦਾ ਹੀ ਉਪਾਸ਼ਕ ਹੋਵੇਗਾ।"

('ਹੰਦਾਲ ਪ੍ਰਕਾਸ਼' ਵਿੱਚੋਂ)

ਕਬੀਰ ਦੀ ਉਸਤਤਿ ਕਰਨ ਪਿੱਛੇ ਇਥੇ ਵਿਦਵਾਨਾਂ ਦੀ ਇਹ ਧਾਰਨਾ ਫਿੱਕੀ ਪੈ ਜਾਂਦੀ ਹੈ ਕਿ ਇਸ ਜਨਮ ਸਾਖੀ ਵਿੱਚ ਰਲਾਅ ਕਰਨ ਵਾਲਿਆਂ ਵਿੱਚ ਕਬੀਰ ਪੰਥੀਆਂ ਦਾ ਵੀ ਹੱਥ ਸੀ। ਅਗਰ ਇਹ ਕੰਮ ਕਬੀਰ ਪੰਥੀਆਂ ਦਾ ਹੁੰਦਾ ਤਾਂ ਉਹ ਕਬੀਰ ਨੂੰ ਹੰਦਾਲ ਜਟੇਟੇ ਤੋਂ ਵੀ ਉੱਚਾ ਦੱਸਦੇ। 'ਹੰਦਾਲ ਪ੍ਰਕਾਸ਼' ਦੇ ਪੰਨਾ ਨੰਬਰ ੨੭ 'ਤੇ ਦਰਜ ਹੈ, "ਜੋ ਅੱਜ-ਕੱਲ੍ਹ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਲਿਖਿਆ ਹੋਇਆ ਅਸੀਂ ਵੇਖ ਰਹੇ ਹਾਂ, ਇਸ ਦਾ ਮੁੱਢ ਬਾਬਾ ਬਿਧੀ ਚੰਦ ਨੇ ਬੱਧਾ ਸੀ।" 'ਜੋ ਅੱਜ-ਕੱਲ੍ਹ' ਲਿਖੇ ਸ਼ਬਦਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਬਾਲੇ ਵਾਲੀ ਜਨਮ ਸਾਖੀ ਵਿੱਚ ਲਿਖਿਆ ਕੂੜ-ਕਬਾੜ ਬਿਧੀ ਚੰਦ ਨੇ ਦਰਜ ਕਰਾਇਆ ਹੈ। ਇਸੇ ਸਾਖੀ ਵਿੱਚ ਬਾਲਾ ਕਬੀਰ ਨੂੰ ਵਡਿਆਉਂਦਿਆਂ ਗੁਰੂ ਨਾਨਕ ਤੇ ਬਾਬੇ ਹੰਦਾਲ ਤਿੰਨਾਂ ਨੂੰ ਬਰਾਬਰ ਦੱਸਦਾ ਹੈ। ਬਾਲੇ ਵਾਲੀ ਤੋਂ ਇਲਾਵਾ ਹੋਰਨਾਂ ਕਈ ਸਾਖੀਆਂ ਵਿੱਚ ਹੰਦਾਲ ਦਾ ਮਹਿਮਾ ਮੰਡਲ ਉਵੇਂ ਹੀ ਹੈ, ਜਿਵੇਂ 'ਪ੍ਰਚੀ ਬਾਬਾ ਹੰਦਾਲ' ਤੇ 'ਹੰਦਾਲ ਪ੍ਰਕਾਸ਼' ਵਿੱਚ। ਇਥੋਂ ਸਿੱਧ ਹੁੰਦਾ ਹੈ ਕਿ ਬਾਲੇ ਵਾਲੀ ਸਾਖੀ ਦਾ ਵੱਡ ਆਕਾਰੀ ਰੂਪ (ਕਪੂਰ ਵਾਲੀ) ਹੰਦਾਲੀਆਂ ਦੀ ਹੀ ਕਿਰਤ ਹੈ। ਇਕ ਗੱਲ ਤਾਂ ਪੱਕੀ ਹੈ ਕਿ ਬਾਲੇ ਵਾਲੀ ਜਨਮ ਸਾਖੀ 'ਪ੍ਰਚੀ ਬਾਬਾ ਹੰਦਾਲ' ਦੇ ਪੂਰਨ ਅਸਰ ਹੇਠ ਲਿਖੀ ਗਈ ਹੈ। 'ਗੁਰੂ ਹੰਦਾਲ ਪ੍ਰਕਾਸ਼' ਵੀ ਇਸੇ ਕੜੀ ਦਾ ਹਿੱਸਾ ਹੈ। ਇਹ ਵੀ ਸਪੱਸ਼ਟ ਹੁੰਦਾ ਹੈ ਕਿ ਇਹ ਸਾਖੀ ਚਤੁਰਾਈ ਨਾਲ ਹੰਦਾਲੀਆਂ ਵੱਲੋਂ ਘੜੀ ਗਈ। ਹੰਦਾਲੀਆਂ ਦਾ ਗੁਣਗਾਨ ਕਰਦਿਆਂ ਉਨ੍ਹਾਂ ਨੂੰ ਦੈਵੀ ਸ਼ਕਤੀਆਂ ਦਾ ਮਾਲਕ ਦੱਸਦੇ ਹੋਏ ਗੁਰੂ ਨਾਨਕ ਦੇਵ ਜੀ ਦਾ ਪਿਛਲੇ ਜਨਮ ਵਿੱਚ ਭਰਾ ਦੱਸਿਆ ਹੈ। ਸਪੱਸ਼ਟ ਹੈ ਕਿ ਉਪਰੋਕਤ ਸਾਖੀਆਂ ਵਿੱਚ 'ਹੰਦਾਲ' ਦੀ ਵਡਿਆਈ ਕਰਨ ਲਈ, ਉਸ ਦਾ ਕੱਦ ਉੱਚਾ ਚੁੱਕਣ ਅਤੇ ਮਹਾਨਤਾ ਦਰਸਾਉਣ ਖ਼ਾਤਰ ਭਗਤ ਰਵਿਦਾਸ, ਕਬੀਰ ਤੇ ਗੁਰੂ ਨਾਨਕ ਦੀ ਤੁਲਨਾ ਵਿੱਚ ਉਸ ਨੂੰ ਲਿਆ ਖੜ੍ਹਾ ਕੀਤਾ ਹੈ। ਉਹ ਤਾਂ ਹਰ ਹੀਲੇ 'ਹੰਦਾਲ' ਨੂੰ ਉੱਚਾ ਦੇਖਣਾ ਚਾਹੁੰਦਾ ਹੈ। ਬਕੌਲ ਬਾਲਾ "ਸੁਣਿ ਭਾਈ ਭਾਵੇ ਕੋਈ ਰੰਜੁ ਹੋਵੇ ਭਾਵੇ ਕੋਈ ਖੁਸੀ ਹੋਵੇ ਉਹੁ ਕਬੀਰ ਅਤੇ ਨਾਨਕ ਤੋਂ ਵਧਿ ਹੋਸੀ।" ਸੋ ਜਨ ਸਾਧਾਰਣ ਵਿੱਚ ਉਸ ਦੀ ਮਾਨਤਾ ਦ੍ਰਿੜ੍ਹ ਕਰਾਉਣ ਲਈ ਭਗਤਾਂ ਕੋਲੋਂ ਅਜਿਹੇ ਕਥਨ ਅਖਵਾਏ ਹਨ। ਇੱਥੋਂ ਇਹ ਪੂਰਾ ਯਕੀਨ ਹੁੰਦਾ ਹੈ ਕਿ ਹੰਦਾਲ ਦੀਆਂ ਪ੍ਰਸ਼ੰਸਾਤਮਕ ਸਾਖੀਆਂ ਦਾ ਰਚਨਹਾਰਾ, ਬਾਬੇ ਹੰਦਾਲ ਦਾ ਪੁੱਤਰ ਬਿਧੀ ਚੰਦ ਤੇ ਉਸ ਦਾ ਵੱਡਾ ਭਰਾ ਬਾਲ ਚੰਦ ਹੈ, ਉਹ ਵੀ ਗੁਰੂ ਘਰ ਦਾ ਵੱਡਾ ਦੋਖੀ ਸੀ। ਬਿਧੀ ਚੰਦ ਨੇ ਹੀ ਬਾਲ ਚੰਦ ਨੂੰ 'ਬਾਲਾ' ਬਣਾ ਕੇ ਪੇਸ਼ ਕੀਤਾ ਹੈ। ਬਾਲ ਚੰਦ ਨੇ ਆਪ ਹੀ ਬਾਲਾ ਬਣ ਕੇ ਗੁਰੂ ਸਾਹਿਬ ਦਾ ਕੱਦ ਛੁਟਿਆਉਣ ਲਈ ਇਹ ਕਾਰਾ ਕੀਤਾ ਹੈ। ਨਾਂਅ ਦੇ ਨਾਲ ਸੰਧੂ ਜਟੇਟਾ ਲਗਾ ਕੇ ਆਪਣੀ ਪਛਾਣ ਲੁਕਾਉਣ ਅਤੇ ਤੌਖਲਾ ਪੈਦਾ ਕਰਨ ਲਈ ਅਜਿਹਾ ਕੀਤਾ ਹੈ। 'ਪ੍ਰਚੀ ਬਾਬਾ ਹੰਦਾਲ ਦੀ' ਵਿੱਚ ਇਕ ਜਗ੍ਹਾ ਦੋਵੇਂ ਭਰਾਵਾਂ ਦਾ ਹਵਾਲਾ ਇਸ ਪ੍ਰਕਾਰ ਹੈ, ਜਿੱਥੋਂ ਗੱਲ ਪੂਰੀ ਸਪੱਸ਼ਟ ਹੋ ਜਾਵੇਗੀ:-

"ਬਿਧੀ ਚੰਦ ਅਰ ਬਾਲਾ ਦੋਇ॥ ਇਨ ਹੀ ਕੇ ਸੰਗ ਪ੍ਰਚੈ ਤੋਇ॥"

'ਪੰਥ ਪ੍ਰਕਾਸ਼' ਵਿੱਚ ਰਤਨ ਸਿੰਘ ਭੰਗੂ ਦੀਆਂ ਇਹਨਾਂ ਪੰਗਤੀਆਂ ਤੋਂ ਗੱਲ ਸ਼ੀਸ਼ੇ ਵਾਂਗ ਸਾਫ਼ ਹੋ ਜਾਂਦੀ ਹੈ ਕਿ:-

"ਜਹਾ ਨ ਪਹੁੰਚਯੋ ਪ੍ਰਹਲਾਦ ਧ੍ਰੂ
ਹਿੰਦਾਲ ਪਹੁੰਚਯੋ ਲਿਖਵਾਇ॥"

ਸੋ ਸਪੱਸ਼ਟ ਹੈ ਕਿ ਬਾਲੇ ਵਾਲੀ ਜਨਮ ਸਾਖੀ ਦੇ ਘਾੜੇ ਹੰਦਾਲੀਆਂ ਦੇ ਪੁੱਤਰ ਬਿਧੀ ਚੰਦ ਤੇ ਬਾਲ ਚੰਦ ਹਨ, ਜਿਨ੍ਹਾਂ ਨੇ ਸਾਰਾ ਪ੍ਰਪੰਚ ਰਚਿਆ। ਬਾਲ ਚੰਦ ਦੀ ਨਿੰਦਕ ਬਿਰਤੀ ਦੀ ਭਵਿੱਖ ਬਾਣੀ ਤਾਂ ਉਨ੍ਹਾਂ ਦੇ ਪਿਤਾ ਹੰਦਾਲ ਨੇ ਉਸ ਦੇ ਜੰਮਦਿਆਂ ਹੀ ਕਰ ਦਿੱਤੀ ਸੀ, ਜੋ ਇਸ ਪ੍ਰਕਾਰ ਹੈ:-

"ਤਾਂ ਬਾਬੇ ਹੰਦਾਲ ਜੀ ਨਾਉ ਰਖਿਆ ਬਾਲ ਚੰਦੁ।
ਪਰ ਬਾਬੇ ਹੰਦਾਲ ਆਖਿਆ ਏਹੁ ਨੀਚ ਬੁਧਿ ਹੋਵੇਗਾ। ਨਿੰਦਕੁ ਹੋਵੇਗਾ॥"


ਮੋਬਾ. 98106-02915

(ਬਾਕੀ ਅਗਲੇ ਐਤਵਾਰਤਾ 'ਚ)


## ਬਾਲ ਕੋਨਾ














ਇਹ ਸਾਰੀਆਂ ਪੇਂਟਿੰਗਜ਼ ਖੁਸ਼ਪ੍ਰੀਤ ਕੌਰ, ਦਸਵੀਂ, ਬਾਬਾ ਫ਼ਰੀਦ ਪਬਲਿਕ ਸਕੂਲ, ਫ਼ਰੀਦਕੋਟ ਦੀਆਂ ਹਨ।